read more on:
www.parwazparkashan.com

ISSN 2321- 4449

# ਕਹਾਣੀ ਧਾਰਾ 51



ਅਕਤੂਬਰ-ਦਸੰਬਰ,2018

40/-

Year:13 Issue No.51
'KAHANI DHARA'(PUNJABI QUARTERLY) Oct.-Dec.,2018 R.N.I. Regd No. PUN PUN 2006/19971


## ਨੈਸ਼ਨਲ ਬੁੱਕ ਟਰਸਟ, ਇੰਡੀਆ


ਦੀਆਂ ਹਰ ਵਰਗ ਲਈ ਪੁਸਤਕਾਂ ਦੀ ਵਿਸ਼ਾਲ ਦੁਨੀਆਂ ਨਾਲ ਸਾਂਝ ਪਾਓ




ਹਿੰਦੁਸਤਾਨ ਪਾਕਿਸਤਾਨ ਵੰਡ ਦੀਆਂ ਕਹਾਣੀਆਂ
ਮੂਲ ਪੰਜਾਬੀ
ਸੰਪਾਦਕ:ਬਲਦੇਵ ਸਿੰਘ ਬੱਦਨ
ਇਹ ਪੁਸਤਕ ਦੇਸ਼ ਦੀ ਵੰਡ ਨਾਲ ਸਬੰਧਿਤ ਚਰਚਿਤ ਕਹਾਣੀਆਂ ਦਾ ਸਾਂਭਣਯੋਗ ਦਸਤਾਵੇਜ਼ ਹੈ।
ਕੀਮਤ: 355 ਰੁ. ISBN 978-81-237-7026-0



ਪੰਜਾਬ ਦੇ ਚੋਣਵੇਂ ਖਿਡਾਰੀ
(ਮੂਲ ਪੰਜਾਬੀ)
ਪ੍ਰਿੰ. ਸਰਵਣ ਸਿੰਘ
ਇਸ ਪੁਸਤਕ ਵਿਚ ਵੱਖ ਵੱਖ ਖੇਡਾਂ ਦੇ ਚੋਣਵੇਂ ਖਿਡਾਰੀਆਂ ਦੀਆਂ ਪ੍ਰਾਪਤੀਆਂ ਚਿਤਰਾਂ ਸਮੇਤ ਦਰਜ ਹਨ।
ਕੀਮਤ: 80 ਰੁ. ISBN 978-81-237-5088-X



ਸੰਤ ਸਿੰਘ ਸੇਖੋਂ ਦੀਆਂ ਚੋਣਵੀਆਂ ਕਹਾਣੀਆਂ
ਮੂਲ ਪੰਜਾਬੀ
ਸੰਪਾਦਕ:
ਡਾ. ਤੇਜਵੰਤ ਸਿੰਘ ਗਿੱਲ
ਇਸ ਪੁਸਤਕ ਚ ਸੇਖੋਂ ਦੀਆਂ ਚੋਣਵੀਆਂ ਕਹਾਣੀਆਂ ਸ਼ਾਮਿਲ ਹਨ।
ਕੀਮਤ: 95 ਰੁ. ISBN 978-81-237- 6268-5



ਸਾਡੀ ਨਿਆਂ ਪਾਲਿਕਾ
(ਅਨੁਵਾਦਿਤ)
ਲੇਖਕ-ਬਾਲ ਮੁਕੰਦ ਅਗਰਵਾਲ
ਅਨੁਵਾਦ- ਓਮ ਪ੍ਰਕਾਸ਼ ਆਨੰਦ
ਭਾਰਤ ਦੀ ਨਿਆਂ ਪ੍ਰਣਾਲੀ ਦਾ ਸਰਲ ਭਾਸ਼ਾ ਵਿਚ ਵਰਨਣ ਕਰਦੀ ਪੁਸਤਕ
ਕੀਮਤ: 40 ਰੁ. ISBN 978-81-237- 2489-6



ਅੱਗ ਦਾ ਦਰਿਆ (ਉਰਦੂ)
ਲੇਖਕ: ਕੁਰਤੁਲਐਨ ਹੈਦਰ
ਅਨੁਵਾਦ: ਸੁਖਬੀਰ
ਇਹ ਨਾਵਲ ਭਾਰਤੀ ਇਤਿਹਾਸ ਨੂੰ ਪੂਰੀ ਸਮੱਗਰਤਾ ਨਾਲ ਪੇਸ਼ ਕਰਦਾ ਹੈ।
ਕੀਮਤ: 26.25 ਰੁ.



ਪੰਜਾਬ ਦੀ ਲੋਕਧਾਰਾ
(ਮੂਲ ਪੰਜਾਬੀ)
ਸੋਹਿੰਦਰ ਸਿੰਘ ਵਣਜਾਰਾ ਬੇਦੀ
ਅਨੁਵਾਦ: ਸੁਖਬੀਰ
ਪੁਸਤਕ ਵਿਚ ਪੰਜਾਬ ਦੀ ਲੋਕਧਾਰਾ ਦਾ ਵਰਨਣ ਰੌਚਕ ਢੰਗ ਨਾਲ ਕੀਤਾ ਗਿਆ ਹੈ।
ਕੀਮਤ: 120 ਰੁ. ISBN 978-81-237-2859-9

ਪੰਜਾਬੀ ਪੁਸਤਕਾਂ 'ਤੇ 20% ਦੀ ਵਿਸ਼ੇਸ਼ ਛੋਟ

ਅੱਜ ਹੀ ਖਰੀਦੋ

ਖਰੀਦਣ ਲਈ ਹੇਠ ਲਿਖੇ ਪਤੇ 'ਤੇ ਸੰਪਰਕ ਕਰੋ:-
ਨੈਸ਼ਨਲ ਬੁੱਕ ਟਰਸਟ, ਇੰਡੀਆ
nbt.india
ਨਹਿਰੂ ਭਵਨ, 5 ਇੰਸਟੀਚਿਊਸ਼ਨਲ ਏਰੀਆ, ਫੇਸ 2, ਵਸੰਤ ਕੁੰਜ, ਨਵੀਂ ਦਿੱਲੀ-110070
ਸੰਪਰਕ- 011-26707700 ਫੈਕਸ- 011-26121883
ਈ ਮੇਲ- office.nbt@nic.in ਵੈਬਸਾਇਟ : www.nbtindia.gov.in

ਨਵੀਂ ਦਿੱਲੀ । ਮੁੰਬਈ । ਬੈਂਗਲੂਰੂ । ਕੋਲਕਾਤਾ । ਚੇਨਈ । ਹੈਦਰਾਬਾਦ । ਗੁਹਾਟੀ । ਅਗਰਤਲਾ । ਪਟਨਾ । ਕਟਕ । ਅਰਨਾਕੁਲਮ

**ਅਕਤੂਬਰ-ਦਸੰਬਰ,2018 ਅੰਕ :51**

**KAHANI DHARA (Punjabi Quarterly)**
**R.N.I.Regd No.PUN PUN/2006/19971**
**IÚÚN 2321-4449**

**e-mail:**
kahanidhara@gmail.com
bhagwantraúulpuri@gmail.com

**ਸੰਪਾਦਕ**
**ਭਗਵੰਤ ਰਸੂਲਪੁਰੀ**

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:

Editor:
**KAHANI DHARA**
Vill. Dharampur, P.O. Khambra,
Diútt. Jalandhar-144026, Pb.
Mob. 94170-64350

**ਚੰਦੇ: ਇਕ ਅੰਕ:40 ਰੁ.,10 ਅੰਕ:400 ਰੁ.,**
**(ਕਾਲਜ ਲਾਇਬਰੇਰੀ ਲਈ 500/-)**
**10 ਅੰਕ: ਡਾਲਰ:50, ਤੇ ਪੌਂਡ: 40**
**ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ**
**ਕੇਵਲ ‘KAHANI DHARA’ ਦੇ ਨਾਂ ਭੇਜੇ ਜਾਣ।**

**ਸੰਪਾਦਕੀ**

ਹਾਸ਼ੀਏ ਤੇ ਜਾ ਰਿਹਾ ਪੁਸਤਕ ਸੱਭਿਆਚਾਰ-2

**ਕਹਾਣੀਆਂ**

1. ਉਪਰਲੀ ਅਦਾਲਤ/-ਸਰੂਪ ਸਿਆਲਵੀ-6
2. ਬੇਟੀ ਕਾ ਬਾਪ / - ਕੇਸਰਾ ਰਾਮ-11
3. ਹਵਾ-ਹਵਾਈ / - ਗੋਵਰਧਨ ਗੱਬੀ-20
4. ਰੇਗਿਸਤਾਨ ਦਾ ਹੰਝੂ /-ਪਰਮਜੀਤ ਮਾਨ-31
5. ਕੀ ਹੁਕਮ ਐ...? / -ਸ਼੍ਰੀ ਧਰਮ-40

**ਸਵੈ-ਕਥਨ**

1. ਮੁੱਛਲਾਂ ਦਾ ਬੋਹੜ / - ਜਰਨੈਲ ਸੇਖਾ-53

**ਅਧਿਐਨ**

1. ਸ਼ਹਿਰ ਵਿਚ ਸਾਨ੍ਹ ਹੋਣ ਦਾ ਮਤਲਬ -ਤਸਕੀਨ-59
2. ਇੱਥੋਂ ਰੇਗਿਸਤਾਨ ਦਿਸਦਾ ਹੈ - ਜਗਵਿੰਦਰ ਜੋਧਾ-68
3. ਪੰਡੋਰੀ ਪ੍ਰਿਹਿਤਾਂ- ਪ੍ਰੋ ਜੇ ਬੀ ਸੇਖੋਂ-72
4. ਨਿਰੰਜਣ ਬੋਹਾ-79
5. ਮਮਤਾ ਰਾਣੀ-87
6. ਕੁਲਵਿੰਦਰ ਸਿੰਘ-97
7. ਡਾ. ਜਸਵਿੰਦਰ ਕੌਰ ਬਿੰਦਰਾ-103

**ਸੰਵਾਦ:‘ਕਹਾਣੀਧਾਰਾ’**

- ਡਾ.ਭੁਪਿੰਦਰ ਕੌਰ-106
- ਪਰਮਜੀਤ ਸਿੰਘ-115
- ਸਰਬਜੀਤ-117
-ਸੋਹਜ ਦੀਪ-121

**ਮੇਰਾ ਸਟੱਡੀ ਟੇਬਲ**

-ਭਗਵੰਤ ਰਸੂਲਪੁਰੀ-122

**ਤੁਸੀਂ ਚੰਦੇ ਬੈਂਕ ’ਚ ਵੀ ਜ਼ਮਾ ਕਰਵਾ ਸਕਦੇ ਹੋ**
Account Name
**Kahani Dhara**
Current Account: 30111525066
IFS Code: SBIN0002394
State Bank of India
Khurla Kingra, Jalandhar

**ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ Bright Printing Press, Mohalla Kirhanpura, Jalandhar ਤੋਂ ਪ੍ਰਕਾਸ਼ਤ ਕਰਕੇ ਦਫ਼ਤਰ ‘ਕਹਾਣੀ ਧਾਰਾ’ ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ (ਪ੍ਰਕਾਸ਼ਨ ਮਿਤੀ 10 ਅਕਤੂਬਰ, 2018) ਟਾਇਟਲ ਪੇਂਟਿੰਗ: ਸਵੀ ਸਵਰਕਰ**



**ਸੰਪਾਦਕੀ**

# ਹਾਸ਼ੀਏ ਤੇ ਜਾ ਰਿਹਾ ਪੁਸਤਕ ਸੱਭਿਆਚਾਰ

*ਮੌਜੂਦਾ ਸਮੇਂ ਵਿਚ ਪੰਜਾਬੀ ਵਿਚ ਪੁਸਤਕਾਂ ਪ੍ਰਕਾਸਨ ਦਾ ਕੰਮ ਮੰਦੇ ਵਿਚ ਜਾ ਰਿਹਾ ਹੈ। ਪੰਜਾਬੀ ਦੀਆਂ ਕਿਤਾਬਾਂ ਪ੍ਰਕਾਸ਼ਤ ਕਰਨ ਵਾਲੇ ਇਸ ਵੇਲੇ ਪੰਜ ਦੇ ਕਰੀਬ ਵੱਡੇ ਪ੍ਰਕਾਸ਼ਨ ਅਦਾਰੇ ਹਨ। ਅਤੇ 30 ਦੇ ਕਰੀਬ ਦਰਮਿਆਨੇ ਤੇ ਛੋਟੇ ਅਦਾਰੇ ਹਨ। ਵੀਹ ਕੁ ਹੋਰ ਹੋਣਗੇ ਜਿਹੜੇ ਨਾਂ ਦੇ ਪ੍ਰਕਾਸ਼ਨ ਅਦਾਰੇ ਚਲਾਉਂਦੇ ਹਨ ਜਾਂ ਕਹਿ ਲਓ ਨਿੱਜੀ ਅਦਾਰੇ ਜੋ ਆਪ ਪੁਸਤਕਾਂ ਛਾਪ ਕੇ ਵੰਡ ਦਿੰਦੇ ਹਨ। ਪ੍ਰਕਾਸ਼ਕ ਜਦੋਂ ਕੋਈ ਨਵੀਂ ਕਿਤਾਬ ਛਾਪਦਾ ਹੈ ਤਾਂ ਉਹਦਾ ਅਧਾਰ ਹੁੰਦਾ ਹੈ ਕਿ ਤਕਰੀਬਨ 100-200 ਕੁ ਕਾਪੀ ਸਰਕਾਰੀ ਜਾਂ ਗੈਰ ਸਰਕਾਰੀ ਸੰਸਥਾ ਵੱਲੋਂ ਖਰੀਦੀ ਜਾਵੇ ਜਾਂ ਲਾਇਬਰੇਰੀਆਂ ਵਿਚ ਚਲੀ ਜਾਵੇ। ਬਾਕੀ ਦੋ-ਚਾਰ ਕੁ ਮਹੀਨੇ ਵਿਚ ਏਨੀ ਕੁ ਕਾਪੀ ਵਿਕ ਜਾਵੇ। ਪੰਜਾਬੀ ਵਿਚ ਆਲੋਚਨਾ ਦੀ ਘੱਟ ਤੋਂ ਘੱਟ ਸੌ ਤੇ ਵੱਧ ਤੋਂ ਵੱਧ ਦੋ ਸੌ ਕਿਤਾਬ ‘ਮੈਸੂਰ’ ਵਾਲੇ ਲੈ ਲੈਂਦੇ ਸਨ। ਜਿਸ ਨਾਲ ਪ੍ਰਕਾਸ਼ਕ ਦਾ ਖਰਚਾ ਪੂਰਾ ਹੋ ਜਾਂਦਾ ਸੀ। ਕੁਝ ਕਿਤਾਬਾਂ ਉਹ ਨਿੱਜੀ ਰਸੂਖ ਨਾਲ ਕਾਲਜਾਂ ਯੂਨੀਵਰਸਿਟੀ ਵਿਚ ਵੇਚ ਲੈਂਦਾ ਸੀ। ਬਾਕੀ ਹੌਲੀ ਹੌਲੀ ਵਿਕ ਜਾਂਦੀ ਸੀ। ਹੋਇਆ ਕੀ ਇਸ ਅਦਾਰੇ ਨੇ ਕਿਤਾਬਾਂ ਖਰੀਦਣੀਆਂ ਬੰਦ ਕਰ ਦਿੱਤੀਆਂ ਹਨ। ਕਾਲਜਾਂ ਨੂੰ ਯੂ. ਜੀ. ਸੀ. ਦੀ ਗ੍ਰਾਂਟ ਬਹੁਤ ਘੱਟ ਗਈ ਹੈ ਜਿਸ ਕਾਰਨ ਕਾਲਜਾਂ ਦੀਆਂ ਲਾਇਬਰੇਰੀਆਂ ਵਿਚ ਕਿਤਾਬਾਂ ਜਾਣੀਆਂ ਬਹੁਤ ਘੱਟ ਗਈਆਂ ਹਨ। ਸਕੂਲਾਂ ਦੀਆਂ ਲਾਇਬਰੇਰੀਆਂ ਵਿਚ ਦੋ ਚਾਰ ਸਾਲ ਬਾਅਦ ਗ੍ਰਾਂਟ ਆਉਂਦੀ ਹੈ ਤੇ ਕਿਤਾਬਾਂ ਵੇਚਣ ਵਾਲਿਆਂ ਦੀ ਸਕੂਲਾਂ ਵਿਚ ਕਿਤਾਬਾਂ ਡੰਪ ਕਰਨ ਦੀ ਦੌੜ ਲੱਗ ਜਾਂਦੀ ਹੈ। ਕਿਤਾਬਾਂ ਵਿਕਣ ਦਾ ਇਕ ਹੋਰ ਸਾਧਨ ਪੰਜਾਬ ਸਰਕਾਰ ਵੱਲੋਂ ਚੱਲ ਰਹੀਆਂ ਜ਼ਿਲ੍ਹਾਂ ਲਾਇਬੇਰਰੀਆਂ ਸਨ ਜਿਨ੍ਹਾਂ ਵਿਚ ਕਿਤਾਬਾਂ ਜਾਣੀਆਂ ਹੁਣ ਬੰਦ ਹੋ ਗਈਆਂ ਹਨ। ਪੰਜਾਬ ਦੀਆਂ ਜ਼ਿਲ੍ਹਾ ਲਾਇਬਰੇਰੀਆਂ ਦਾ ਬੁਰਾ ਹਾਲ ਏ। ਮੁਲਾਜ਼ਮਾਂ ਦੀ ਗਿਣਤੀ ਲਗਾਤਾਰ ਘੱਟ ਰਹੀ ਏ ਤੇ ਪਾਠਕ ਵੀ ਨਾ ਮਾਤਰ ਰਹਿ ਗਏ ਹਨ। ਕਿਤਾਬਾਂ ’ਤੇ ਲਗਾਤਾਰ ਧੂੜ ਚੜ੍ਹ ਰਹੀ ਹੈ। ਅੱਗੇ ਸਿਤਮ ਦੀ ਗੱਲ ਏ ਕਿ ਪੰਜਾਬ ਸਰਕਾਰ ਅਜੇ ਤੱਕ ਲਾਇਬ੍ਰੇਰੀ ਐਕਟ ਪਾਸ ਨਹੀਂ ਕਰ ਸਕੀ।*

*ਲਾ ਪਾ ਕੇ ਪ੍ਰਕਾਸ਼ਕਾਂ ਕੋਲ ਹੁਣ ਪਾਠਕ ਹੀ ਰਹਿ ਗਏ ਹਨ। ਜਿਨ੍ਹਾਂ ਨੇ ਉਨ੍ਹਾਂ ਦੀਆਂ ਕਿਤਾਬਾਂ ਖਰੀਦਣੀਆਂ ਹੁੰਦੀਆਂ ਹਨ। ਦੂਜੇ ਪਾਸੇ ਲੇਖਕ ਵੱਲੋਂ ਪੈਸੇ ਖਰਚ ਕੇ ਛਪਵਾਈ ਕਿਤਾਬ ਵਿਕਦੀ ਨਹੀਂ। ਵਿਕਣ ਵਾਲੀ ਕਿਤਾਬ ਜੇਕਰ ਖੁਦ ਪ੍ਰਕਾਸ਼ਕ ਪੈਸੇ ਲਾ ਕੇ ਵੇਚਦਾ ਹੈ ਤਾਂ ਉਸ ਦੀ ਵਿਕਣ ਦੀ ਸਪੀਡ ਬਹੁਤ ਮੱਧਮ ਹੈ। ਪੰਜਾਬੀ ਵਿਚ ਚੰਗੇ ਲੇਖਕਾਂ ਦੇ ਨਾਵਲ ਵਿਕਦੇ ਹਨ। ਦੂਜੀ ਥਾਂ ਕਹਾਣੀ ਹੈ ਉਹ ਵੀ ਚੰਗੇ ਪੜ੍ਹੇ ਜਾਣ ਵਾਲੇ ਲੇਖਕ ਦੀ ਵਿਕ ਜਾਂਦੀ ਹੈ। ਉਸ ਤੋਂ ਬਾਅਦ ਸਮਾਜਿਕ ਮੁੱਦਿਆਂ ’ਤੇ, ਦਲਿਤ ਮੁੱਦਿਆਂ ’ਤੇ, ਅਦਿਵਾਸੀ-ਕਬੀਲਿਆਂ ’ਤੇ ਕਿਤਾਬਾਂ, ਇਤਿਹਾਸ, ਦਰਸ਼ਨ ਤੇ ਸਮਾਜ ਵਿਗਿਆਨ ਦੀਆਂ ਕਿਤਾਬਾਂ ਵਿਕ ਜਾਂਦੀਆਂ ਹਨ। ਇਹ ਕਿਤਾਬਾਂ ਵਧੇਰੇ ਕਰਕੇ ਅਨੁਵਾਦ ਹੁੰਦੀਆਂ ਹਨ। ਪੰਜਾਬੀ ਵਿਚ ਇਸ ਕਿਸਮ ਦੀਆਂ ਕਿਤਾਬਾਂ ਲਿਖਣ ਵਾਲੇ ਵਿਦਵਾਨ ਆਟੇ ’ਚ ਲੂਣ ਬਰਾਬਰ ਹਨ। ਪੰਜਾਬ ਵਿਚ ਐਨ. ਬੀ. ਟੀ. ਸਰਕਾਰੀ ਅਦਾਰਾ ਪੁਸਤਕ ਮੇਲੇ ਲਗਾ ਕੇ ਪੁਸਤਕ ਸਭਿਆਚਾਰ ਪੈਦਾ ਕਰਦਾ ਰਿਹਾ ਹੈ। ਉਨ੍ਹਾਂ ਮੇਲਿਆਂ ਵਿਚ ਵੱਡੀ ਗਿਣਤੀ ਵਿਚ ਕਿਤਾਬਾਂ ਪਾਠਕਾਂ ਤੱਕ ਪਹੁੰਚ ਜਾਂਦੀਆਂ ਸਨ। ਪਿਛਲੇ ਦੋ ਕੁ ਸਾਲਾਂ ਦੌਰਾਨ ਨਿੱਜੀ ਪੱਧਰ ਤੇ ਪ੍ਰਕਾਸ਼ਕਾਂ ਨੇ ਪੁਸਤਕ ਮੇਲੇ ਲਗਾਏ ਹਨ। ਉਨ੍ਹਾਂ ਵਿਚ ਵੀ*

*ਕਿਤਾਬਾਂ ਦੀ ਵਿਕਰੀ ਘੱਟੀ ਹੈ। ਕਿਤਾਬਾਂ ਤੋਂ ਪਾਠਕ ਦੂਰ ਹੋਈ ਜਾ ਰਹੇ ਹਨ ਇਹਦੇ ਕਈ ਕਾਰਨ ਹੋ ਸਕਦੇ ਹਨ। ਇਕ ਕਾਰਨ ਇਹ ਵੀ ਹੈ ਕਿ ਪੰਜਾਬੀ ਪਾਠਕਾਂ ਵਿਚ ਨੌਜਵਾਨ ਵੱਡੀ ਗਿਣਤੀ ਵਿਚ ਹੈ। ਇਹ ਉਹ ਹਨ ਜਿਨ੍ਹਾਂ ਕੋਲ ਜਾਂ ਤਾਂ ਕੋਈ ਸਥਾਈ ਰੋਜਗਾਰ ਨਹੀਂ ਜਾਂ ਉਹ ਬੇਰੁਜਗਾਰ ਹਨ। ਉਨ੍ਹਾਂ ਕੋਲ ਐਨੀ ਪੂੰਜੀ ਨਹੀਂ ਜਿਨ੍ਹਾਂ ਨਾਲ ਉਹ ਕਿਤਾਬਾਂ ਖਰੀਦ ਸਕਣ। ਮੁਬਾਇਲ ਉਨ੍ਹਾਂ ਦੇ ਸਾਰੇ ਮੰਨੋਰੰਜਨ ਤੇ ਜਾਣਕਾਰੀ ਦੇ ਸਾਧਨ ਪੂਰੇ ਕਰਨ ਲੱਗ ਪਿਆ ਹੈ। ਦੂਜੇ ਪਾਸੇ ਪ੍ਰਕਾਸ਼ਕ ਵੱਖ ਰੋ ਰਹੇ ਹਨ। ਵੱਡੇ ਪ੍ਰਕਾਸ਼ਕਾਂ ਨੂੰ ਮੁਲਾਜ਼ਮਾ ਦੇ ਖਰਚੇ ਅਤੇ ਸਟੋਰਾਂ ਤੇ ਦੁਕਾਨਾਂ ਦੇ ਕਿਰਾਏ ਦੇਣੇ ਮੁਸ਼ਕਲ ਹੋਈ ਜਾ ਰਹੇ ਹਨ। ਇਹਦੇ ਨਾਲ ਕਿਤਾਬਾਂ ਦੀ ਛਪਣ ਗਿਣਤੀ ਬਹੁਤ ਘੱਟ ਗਈ ਹੈ। ਸੂਤਰਾਂ ਤੋਂ ਪਤਾ ਲੱਗਦਾ ਹੈ ਕਿ ਪੰਜਾਬੀ ਵਿਚ ਵੱਡੇ ਨਾਮਵਰ ਲੇਖਕ ਦਾ ਨਾਵਲ/ਕਹਾਣੀ ਜਾਂ ਹੋਰ ਵਿਧਾ ਦੀ ਕਿਤਾਬ 500 ਸੌ ਤੋਂ ਵੱਧ ਨਹੀਂ ਛਪਦੀ। ਦੂਜੇ ਦਰਮਿਆਨੇ ਲੇਖਕ ਦੀ ਕਿਤਾਬ ਤਿੰਨ ਸੌ ਤੋਂ ਦੋ ਤੱਕ ਰਹਿ ਗਈ ਹੈ। ਦਾਅਵੇ ਜਿੰਨੇ ਮਰਜ਼ੀ ਕਰੀ ਜਾਣ। ਕਵਿਤਾ ਦਾ ਹੋਰ ਮਾੜਾ ਹਾਲ ਹੈ। ਚਾਰ ਪੰਜ ਨਾਂ ਹਨ ਜਿਨ੍ਹਾਂ ਦੇ ਪਾਠਕ ਹਨ, ਨਹੀਂ ਤਾਂ ਪ੍ਰਕਾਸ਼ਕ ਪੁੱਛ ਲੈਂਦਾ ਹੈ ਲੇਖਕ ਨੂੰ ਕਿ ਤੂੰ ਕਿੰਨੀ ਕਿਤਾਬ ਖਰੀਦੇਗਾ ਉਹ ਤੋਂ ਕੁਝ ਗਿਣਤੀ ਵਿਚ ਵੱਧ ਕਿਤਾਬਾਂ ਛਾਪ ਲੈਂਦਾ ਹੈ। ਦੋ ਸਾਲ ਬਾਅਦ ਉਹਦੇ ਸਟੋਰ ਤੋਂ ਉਹ ਕਿਤਾਬ ਮਿਲਦੀ ਨਹੀਂ। ਪ੍ਰਕਾਸ਼ਕਾਂ ਨੇ ਇਸ ਕੰਮ ਨਾਲ ਹੋਰ ਕੰਮ ਸ਼ੁਰੂ ਕਰ ਦਿੱਤੇ ਹਨ। ਸਟੋਰਾਂ 'ਚ ਡੰਪ ਹੋ ਰਹੀਆਂ ਕਿਤਾਬਾਂ ਵੇਖ ਕੇ ਉਨ੍ਹਾਂ ਦੇ ਸਾਹ ਸੂਤੇ ਜਾ ਰਹੇ ਹਨ।*

*ਦੇਸ਼ ਭਗਤ ਯਾਦਗਾਰ ਹਾਲ ਵਿਚ ਲੱਗਦੇ .ਗਦਰੀ ਬਾਬਿਆਂ ਦੇ ਮੇਲੇ ਤੇ ਤਿੰਨ ਦਿਨ ਦਾ ਪੁਸਤਕ ਮੇਲਾ ਵੀ ਲੱਗਦਾ ਹੈ। ਜਿਹਦੇ ਵਿਚ ਪੰਜਾਬ ਭਰ ਤੋਂ ਕਿਤਾਬਾਂ ਵੇਚਣ ਵਾਲੇ ਤਕਰੀਬਨ 70-80 ਸਟਾਲ ਲੱਗਦੇ ਹਨ। ਇਹ ਮੇਲਾ ਵੀ ਪੁਸਤਕ ਸਭਿਆਚਾਰ ਪੈਦਾ ਕਰਨ ਵਿਚ ਅਹਿਮ ਯੋਗਦਾਰ ਪਾ ਰਿਹਾ ਹੈ। ਮਜ਼ੇ ਦੀ ਗੱਲ ਇਹ ਹੈ ਇਸ ਮੇਲੇ ਦੇ ਪ੍ਰਬੰਧਕ ਕਿਤਾਬਾਂ ਵੇਚਣ ਵਾਲੇ ਤੋਂ ਕਿਰਾਇਆ ਵਸੂਲ ਨਹੀਂ ਕਰਦੇ ਨਾਂ ਹੀ ਟੇਬਲਾਂ ਦੇ ਖਰਚਾ ਲੈਂਦੇ ਹਨ। ਉਨ੍ਹਾਂ ਦਾ ਮੁੱਖ ਮਕਸਦ ਪਾਠਕਾਂ ਤੱਕ ਉਸਾਰੂ ਸਾਹਿਤ ਪੁੱਜਦਾ ਕਰਨਾ ਹੈ। ਸੂਤਰ ਦੱਸਦੇ ਨੇ ਕਿ ਇਸ ਵਾਰ ਮੇਲੇ ਵਿਚ 10 ਲੱਖ ਤੋਂ ਵੱਧ ਕਿਤਾਬਾਂ ਵਿਕੀਆਂ ਹਨ। ਇਹ ਵੇਖਣ ਵਿਚ ਆਇਆ ਕਿ ਇਸ ਵਾਰ ਮੇਲੇ ਵਿਚ ਕਿਤਾਬਾਂ ਦੀ ਵਿਕਰੀ ਘਟੀ ਹੈ। ਪਾਠਕਾਂ ਦਾ ਕਿਤਾਬਾਂ ਪ੍ਰਤੀ ਰੁਝਾਨ ਘੱਟਿਆ ਹੈ ਦੂਜਾ ਇਹ ਵੀ ਕਾਰਨ ਹੈ ਕਿ ਇਸ ਵਾਰ ਮੇਲੇ ਵਿਚ ਸਰੋਤਿਆਂ ਤੇ ਪੁਸਤਕਾਂ ਪ੍ਰੇਮੀ ਘੱਟ ਗਿਣਤੀ ਵਿਚ ਪਹੁੰਚੇ।*

*ਦੂਜੇ ਪਾਸੇ ਭਾਰਤੀ ਪੱਧਰ ਤੇ ਕਿਤਾਬਾਂ ਦਾ ਕਾਰੋਬਾਰ ਵੱਧਿਆ ਹੈ। ਮੇਰੇ ਸਾਹਮਣੇ ਇਕ ਸਰਵੇ ਪਿਆ ਹੈ ਜਿਹੜਾ ਇਹ ਕਹਿੰਦਾ ਹੈ ਕਿ ਭਾਰਤ ਵਿਚ ਕਿਤਾਬ ਕਾਰੋਬਾਰ 2020 ਤੱਕ 739 ਅਰਬ ਤਕ ਪੁੱਜਣ ਦਾ ਅਨੁਮਾਨ ਹੈ। ਉਸ ਨੇ ਹੈਰਾਨੀ ਪੈਦਾ ਕਰਨ ਵਾਲੇ ਅੰਕੜੇ ਦਿੱਤੇ ਹਨ। ਇਹ ਖੁਲਾਸਾ ਐਸੋਸੀਏਸ਼ਨ ਆਫ ਪਬਲਿਸ਼ਰਜ਼ ਇਨ ਇੰਡੀਆ (ਏ ਪੀ ਆਈ) ਅਤੇ ਫੈਡਰੇਸਨ ਆਫ ਇੰਡੀਅਨ ਪਬਲਿਸ਼ਰਜ਼ (ਐਫ ਪੀ ਆਈ) ਵੱਲੋਂ ਕੀਤੇ ਸਰਵੇ ਦੇ ਅਧਾਰ ਤੇ ਕੀਤਾ ਗਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਭਾਰਤ ਵਿਚ ਮੌਜੂਦਾ ਦੌਰ ਵਿਚ 261 ਅਰਬ ਦੇ ਕਿਤਾਬ ਕਾਰੋਬਾਰ ਦਾ ਸਾਲ 2020 ਤੱਕ 739 ਅਰਬ ਤੱਕ ਪਹੁੰਚਣ ਦੀ ਸੰਭਾਵਨਾ ਹੈ। ਇਸ ਸਮੇਂ ਭਾਰਤ ਕਿਤਾਬਾਂ ਦੀ ਵਿਕਰੀ ਦੇ ਮਾਮਲੇ ਵਿੱਚ ਵਿਸ਼ਵ ਵਿੱਚ ਛੇਵੇਂ ਜਦੋਂ ਕਿ ਅੰਗਰੇਜ਼ੀ ਕਿਤਾਬਾਂ ਦੀ ਵਿਕਰੀ ਦੇ ਮਾਮਲੇ ਵਿੱਚ ਦੂਜੇ ਸਥਾਨ ਤੇ ਹੈ।*

*'ਨੀਲਸਨ ਇੰਡੀਆ ਬੁੱਕ ਮਾਰਕੀਟ ਰਿਪੋਰਟ 2015 ਅੰਡਰਸਟੈਂਡਿੰਗ ਦਿ ਇੰਡੀਅਨ ਬੁੱਕ ਮਾਰਕੀਟ' ਵਿੱਚ ਭਾਰਤੀ ਕਿਤਾਬ ਬਾਜ਼ਾਰ ਨੂੰ ਦਰਪੇਸ਼ ਮੁਸ਼ਕਲਾਂ ਅਤੇ ਇਸ ਦੇ ਭਵਿੱਖ ਬਾਰੇ ਗੱਲ ਕੀਤੀ ਗਈ ਹੈ।*



*ਸਰਵੇ ਰਿਪੋਰਟ ਮੁਤਾਬਕ ਅਗਲੇ ਪੰਜ ਸਾਲਾਂ ਵਿੱਚ ਕਿਤਾਬ ਕਾਰੋਬਾਰ ਵਿੱਚ ਮਿਸ਼ਰਤ ਸਾਲਾਨਾ ਵਿਕਾਸ ਦਰ (ਸੀ ਏ ਜੀ ਆਰ) 19.3 .ਫ਼ੀਸਦ ਰਹਿਣ ਦਾ ਅਨੁਮਾਨ ਹੈ। ਰਿਪੋਰਟ ਮੁਤਾਬਕ ਭਾਰਤੀ ਕਿਤਾਬ ਬਾਜ਼ਾਰ ਵਿੱਚ ਸਰਕਾਰ ਵੱਲੋਂ ਸਿੱਧੇ ਤੌਰ 'ਤੇ ਕੋਈ ਨਿਵੇਸ਼ ਨਹੀਂ ਕੀਤਾ ਜਾਂਦਾ, ਜੋ ਵੱਡੀ ਸਮੱਸਿਆ ਹੈ। ਇਸ ਤੋਂ ਇਲਾਵਾ ਕਿਤਾਬ ਪ੍ਰਕਾਸ਼ਿਤ ਕਰਨ ਤੇ ਵੇਚਣਾ ਇਕ ਜ਼ੋਖਿਮ ਵਾਲਾ ਕੰਮ ਹੈ। ਨਕਲ ਇਕ ਵੱਡੀ ਸਮੱਸਿਆ ਹੈ ਕਿਉਂਕਿ ਦੇਸ਼ ਦੀ ਹਰੇਕ ਗਲੀ ਵਿੱਚ ਜਾਅਲੀ (ਪ੍ਰਾਇਰੇਟਡ) ਕਿਤਾਬਾਂ ਵਿਕ ਰਹੀਆਂ ਹਨ। ਇਸ ਰਿਪੋਰਟ ਮੁਤਾਬਕ ਭਾਰਤ ਅੰਗਰੇਜ਼ੀ ਕਿਤਾਬਾਂ ਦੀ ਛਪਾਈ ਵਿੱਚ 9 ਹਜ਼ਾਰ ਪਬਲਿਸ਼ਰਾਂ ਨਾਲ ਵਿਸ਼ਵ ਵਿੱਚ ਦੂਜੇ ਸਥਾਨ 'ਤੇ ਹੈ। ਇਨ੍ਹਾਂ ਵਿਚੋਂ 70 .ਫ਼ੀਸਦ ਤੋਂ ਵੱਧ ਪਬਲਿਸ਼ਰਜ਼ ਵੱਲੋਂ ਈ-ਬੁੱਕ ਦੀ ਸਹੂਲਤ ਦਿੱਤੀ ਜਾ ਰਹੀ ਹੈ। ਇਨ੍ਹਾਂ ਕਿਤਾਬਾਂ ਨੂੰ ਇੰਟਰਨੈੱਟ 'ਤੇ ਵੀ ਪੜ੍ਹਿਆ ਜਾ ਸਕਦਾ ਹੈ। ਸਭ ਤੋਂ ਵੱਧ 'ਜਨਰਲ ਤੇ ਸਾਹਿਤਕ' ਕਿਤਾਬਾਂ ਵਿਕਦੀਆਂ ਹਨ। ਭਾਰਤੀ ਪੱਧਰ ਦਾ ਸਰਵੇ ਤਾਂ ਇਹ ਕਹਿੰਦਾ ਹੈ ਕਿ ਕਿਤਾਬਾਂ ਦਾ ਕਾਰੋਬਾਰ ਬਹੁਤ ਸਿਹਤਮੰਦ ਹੈ। ਪਰ ਇਹ ਮੰਨਣਾ ਪਵੇਗਾ ਕਿ ਖੇਤਰੀ ਭਾਸ਼ਾਵਾਂ ਦਾ ਸਾਹਿਤ ਤੇ ਪੁਸਤਕ ਕਲਚਰ ਨਿਰਸੰਦੇਹ ਸੰਕਟ ਵਿਚ ਹੈ। ਉਨ੍ਹਾਂ ਦੀਆਂ ਕਿਤਾਬਾਂ ਸੰਕਟ ਵਿਚੋਂ ਗੁਜਰ ਰਹੀਆਂ ਹਨ। ਗੁਰਦਿਆਲ ਸਿੰਘ ਦਾ ਅੰਤਲਾ ਨਾਵਲ 'ਆਹਣ' 2009 ਵਿਚ ਛਪਿਆ ਪਰ ਉਸ ਦਾ ਨਵਾਂ ਐਡੀਸਨ ਅਜੇ ਤੱਕ ਨਹੀਂ ਆਇਆ। ਕਰਮਜੀਤ ਕੁੱਸਾ ਦੇ ਪੰਜ ਨਾਵਲ ਕਈ ਸਾਲਾਂ ਬਾਅਦ ਛਪੇ। ਪੰਜਾਬੀ ਵਿਚ 70 .ਫ਼ੀਸਦੀ ਕਿਤਾਬਾਂ ਇਕ ਵਾਰ ਹੀ ਛਪਦੀਆਂ ਹਨ। ਇਨ੍ਹਾਂ ਵਿਚੋਂ ਵੱਧ ਗਿਣਤੀ ਕਵਿਤਾ ਦੀਆਂ ਕਿਤਾਬਾਂ ਦੀ ਹੁੰਦੀ ਹੈ। ਪਰ ਪਾਸ਼, ਦਿਲ, ਸ਼ਿਵ ਕੁਮਾਰ , ਉਦਾਸੀ, ਆਲਮ, ਜਗਤਾਰ ਦੀਆਂ ਕਿਤਾਬਾਂ ਅਜੇ ਵੀ ਪਾਠਕ ਖਰੀਦ ਲੈਂਦੇ ਹਨ।*

*ਐਨ. ਬੀ. ਟੀ. ਆਪਣੇ ਪੁਸਤਕ ਮੇਲਿਆਂ ਵਿਚ ਇਕ ਸੈਮੀਨਾਰ 'ਪਾਠਕਾਂ ਵਿਚ ਪੜ੍ਹਨ ਦੀ ਰੁਚੀ ਦੀ ਘਾਟ' ਤੇ ਕਰਵਾਉਂਦੀ ਹੁੰਦੀ ਸੀ। ਜਿਸ ਵਿਚ ਵਿਦਵਾਨ ਆਪਣੇ ਆਪਣੇ ਵਿਚਾਰ ਦਿੰਦੇ ਸਨ। ਇਨ੍ਹਾਂ ਵਿਚ ਪ੍ਰਕਾਸ਼ਕ, ਲੇਖਕ ਤੇ ਪਾਠਕ ਤਿੰਨੇ ਆਪਣੇ ਵਿਚਾਰ ਰੱਖਦੇ ਹੁੰਦੇ ਸਨ।*

*ਜਿਨ੍ਹਾਂ ਕਿਤਾਬਾਂ ਨੂੰ ਵੱਡੇ ਇਨਾਮ ਮਿਲ ਜਾਂਦੇ ਹਨ ਉਨ੍ਹਾਂ ਦੇ ਪਾਠਕ ਵੀ ਪੈਦਾ ਹੋ ਜਾਂਦੇ ਹਨ। ਪਰ ਜੇ ਤਾਂ ਉਹ ਕਿਤਾਬ ਵਾਕਿਆ ਹੀ ਵੱਡਾ ਸਾਹਿਤ ਪੈਦਾ ਕਰਨ ਵਾਲੀ ਹੋਵੇ ਤਾਂ ਉਹ ਦੇ ਪਾਠਕ ਲਗਾਤਾਰ ਜੁੜਦੇ ਰਹਿੰਦੇ ਹਨ ਨਹੀਂ ਤਾਂ ਇਨਾਮ ਜਿੱਤਣ ਵਾਲੀਆਂ ਕਿਤਾਬਾਂ ਤੋਂ ਬਹੁਤ ਜਲਦ ਪਾਠਕਾਂ ਦਾ ਮੋਹ ਭੰਗ ਹੋ ਜਾਂਦਾ ਹੈ। ਮੈਂ ਏਥੇ ਬੁੱਕਰ ਪੁਰਸਕਾਰ ਦੀ ਚੋਣ ਕਮੇਟੀ ਦਾ ਜ਼ਿਕਰ ਕਰਨ ਚਾਹੁੰਦਾ ਹਾਂ। ਬੁੱਕਰ ਪੁਰਸਕਾਰ ਦੀ ਚੋਣ ਕਰਨ ਦੇ ਲਈ 'ਬੁੱਕਰ ਪ੍ਰਾਈਜ਼ ਫਾਊਂਡੇਸ਼ਨ' ਵੱਲੋਂ ਇਕ ਅਡਵਾਈਜਰੀ ਕਮੇਟੀ ਬਣਾਈ ਜਾਂਦੀ ਹੈ ਜਿਸ 'ਚ ਇਕ ਲੇਖਕ, ਦੋ ਪ੍ਰਕਾਸ਼ਕ, ਇਕ ਸਾਹਿਤਕ ਏਜੰਟ, ਇਕ ਬੁਕ ਸੇਲਰ, ਇਕ ਲਾਈਬਰੇਰੀਅਨ, ਇਕ ਚੇਅਰ ਪਰਸ਼ਨ ਹੁੰਦਾ ਹੈ। ਇਹ ਕਮੇਟੀ ਹੀ ਅੱਗੋਂ ਜੱਜਾ ਦਾ ਇਕ ਪੈਨਲ ਚੁਣਦੀ ਹੈ ਜਿਸ ਨੇ ਇਨਾਮ ਵਾਸਤੇ ਕਿਤਾਬ ਦੀ ਚੋਣ ਕਰਨੀ ਹੁੰਦੀ ਹੈ। ਕਿਰਨ ਦਿਸਾਈ ਨੂੰ ਜਦੋਂ 35 ਸਾਲਾ ਦੀ ਉਮਰ ਵਿਚ ਬੁਕਰ ਪੁਰਸਕਾਰ ਮਿਲਦਾ ਹੈ ਤਾਂ ਉਸ ਦੇ ਪਾਠਕ ਇਕ ਦਮ ਵੱਧ ਜਾਂਦੇ ਹਨ।*

*ਪੰਜਾਬੀ ਵਿਚ ਜਦੋਂ ਕਿਸੇ ਰਚਨਾ ਨੂੰ ਵੱਡਾ ਇਨਾਮ ਮਿਲਦਾ ਹੈ ਤਾਂ ਉਸ ਦੇ ਪਾਠਕਾਂ ਦੀ ਪੜ੍ਹਨ ਦੀ ਰੁਚੀ ਵੱਧ ਜਾਂਦੀ ਹੈ। ਅਜਿਹਾ ਸਾਹਿਤ ਅਕੈਡਮੀਆਂ ਦੀਆਂ ਇਨਾਮ ਪ੍ਰਾਪਤ ਪੁਸਤਕਾਂ ਨਾਲ ਹੁੰਦਾ ਹੈ। ਭਾਸ਼ਾ ਵਿਭਾਗ ਦੇ ਇਨਾਮ ਵੀ ਪਾਠਕਾਂ ਨੂੰ ਪ੍ਰਭਾਵਿਤ ਕਰਦੇ ਹਨ। ਰਾਮ ਸਰੂਪ ਅਣਖੀ ਦੇ ਨਾਵਲ 'ਕੋਠੇ ਖੜਕ ਸਿੰਘ' ਨੂੰ ਇਨਾਮ ਮਿਲਣ ਉਪਰੰਤ ਉਸ ਦੇ ਨਾਵਲ ਦੇ ਪਾਠਕ ਇਕ ਦਮ ਵੱਧ ਗਏ ਸਨ। ਦੂਜੇ ਪਾਸੇ ਅਜਿਹੇ ਵੀ ਲੇਖਕ ਹਨ ਜਿਨ੍ਹਾਂ ਨੂੰ ਇਸ ਕਿਸਮ ਦੇ ਵਕਾਰੀ ਇਨਾਮ ਨਹੀਂ ਮਿਲੇ ਪਰ ਉਨ੍ਹਾਂ ਦਾ ਅਜੇ*

*ਤੱਕ ਵਿਸ਼ਾਲ ਪਾਠਕ ਵਰਗ ਹੈ। ਤੁਸੀਂ ਕਰਮਜੀਤ ਕੁੱਸਾ, ਲਾਲ ਸਿੰਘ ਦਿਲ, ਅਵਤਾਰ ਸਿੰਘ ਪਾਸ਼, ਉਦਾਸੀ ਤੇ ਆਲਮ ਅਤੇ ਹੋਰ ਕੁਝ ਨਾਂ ਲੈ ਸਕਦੇ ਹੋ। ਨਾਨਕ ਸਿੰਘ, ਜਸਵੰਤ ਸਿੰਘ ਕੰਵਲ ਦੇ ਪਾਠਕ ਪਹਿਲਾਂ ਹੀ ਵੱਡੀ ਗਿਣਤੀ ਵਿਚ ਪੈਦਾ ਹੋ ਗਏ ਸਨ।*

*ਸਾਡੇ ਪੰਜਾਬੀਆਂ ਵਿਚ ਕਿਤਾਬੀ ਕਲਚਰ ਪੈਦਾ ਹੀ ਨਹੀਂ ਹੋ ਸਕਿਆ। ਪੰਜਾਬੀ ਘਰ ਦੇ ਰਾਸ਼ਨ ਤੇ ਹੋਰ ਬਜਟ ਵਿਚ ਕਿਤਾਬਾਂ ਦਾ ਬਜਟ ਰੱਖਦੇ ਹੀ ਨਹੀਂ ਹਨ। ਜਦ ਕਿ ਤਾਮਿਲ , ਮਰਾਠੀ ਤੇ ਤੈਲਗੂ ਭਾਸ਼ਾਵਾਂ ਦੇ ਪਾਠਕ ਆਪਣੇ ਮਹੀਨੇਵਾਰ ਬਜਟ ਵਿਚ ਕਿਤਾਬਾਂ ਖਰੀਦਣ ਦਾ ਬਜਟ ਰੱਖਦੇ ਹਨ।*

*ਦੂਜਾ ਸੰਕਟ ਇਹ ਹੈ ਕਿ ਪਾਠਕ ਨੂੰ ਨਵੀਂ ਛਪੀ ਕਿਤਾਬ ਦਾ ਕਿਵੇਂ ਤੇ ਕਿੱਥੋਂ ਪਤਾ ਲੱਗੇ ਕਿ ਆਹ ਜਿਹੜੀ ਕਿਤਾਬ ਆਈ ਇਹ ਵਾਕਿਆ ਹੀ ਚੰਗੀ ਹੈ ਤੇ ਇਸ ਵਿਚ ਪੇਸ਼ ਸਮੱਗਰੀ ਕਿਸ ਕਿਸਮ ਦੀ ਹੈ ਤੇ ਇਹਦਾ ਮਿਆਰ ਕਿੰਨਾ ਕੁ ਉੱਚ ਪੱਧਰ ਦਾ ਹੈ। ਭਾਵ ਕਿ ਆਮ ਪਿੰਡਾਂ ਵਿਚ ਬੈਠੇ ਪਾਠਕ ਨੂੰ ਕਿਵੇਂ ਪਤਾ ਲੱਗੇ ਕਿ ਫਲਾਨੀ ਕਿਤਾਬ ਕਿਸ ਵਿਸ਼ੇ ਦੀ ਹੈ ਤੇ ਇਹ ਕਿੱਥੋਂ ਤੇ ਕਿਵੇਂ ਮਿਲਦੀ ਹੈ। ਇਹਦਾ ਇਕੋ ਇਕ ਸਾਧਨ ਕਿਤਾਬਾਂ ਦੇ ਛਪਦੇ ਰੀਵਿਊ ਹਨ। ਜਿਸ ਤੋਂ ਪਤਾ ਲੱਗਦਾ ਹੈ ਪਾਠਕਾਂ ਨੂੰ। ਇਹਦੇ ਲਈ ਰੋਜ਼ਾਨਾ ਅਖ਼ਬਾਰਾ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ। ਮੈਂ ਆਪਣੇ ਨਿੱਜੀ ਤਜਰਬੇ ਨਾਲ ਕਹਿੰਦਾ ਹਾਂ ਕਿ ਜਦੋਂ ਅਖ਼ਬਾਰ ਵਿਚ ਮੇਰੀ ਕਿਤਾਬ ਜਾਂ ਮੇਰੇ ਪ੍ਰਕਾਸ਼ਨ ਅਦਾਰੇ ਵੱਲੋਂ ਛਪੀ ਕਿਤਾਬ ਦਾ ਰੀਵਿਊ ਛਪਦਾ ਹੈ ਤਾਂ ਬਹੁਤ ਸਾਰੇ ਪਾਠਕ ਮੇਰੇ ਕੋਲੋਂ ਕਿਤਾਬਾਂ ਡਾਕ ਰਾਹੀ ਮੰਗਵਾਉਂਦੇ ਹਨ। ਕਿਉਂਕਿ ਉਨ੍ਹਾਂ ਨਾਲ ਲੇਖਕ ਦਾ ਮੁਬਾਇਲ ਫੋਨ ਲਿਖਿਆ ਹੁੰਦਾ ਹੈ। ਪਰ ਕਈ ਵਾਰ ਹੁੰਦਾ ਇਹ ਕਿ ਰੀਵਿਊ ਲਿਖਣ ਵਾਲੇ ਨੇ ਕਿਤਾਬਾਂ ਦੀ ਝੂਠੀ ਤਰੀਫ਼ ਕੀਤੀ ਹੁੰਦੀ ਹੈ ਜਦੋਂ ਇਹੋ ਜਿਹਾ ਰੀਵਿਊ ਪੜ੍ਹ ਕੇ ਪਾਠਕ ਕਿਤਾਬ ਖਰੀਦ ਲੈਂਦਾ ਹੈ ਤਾਂ ਉਹਨੂੰ ਉਹ ਸਮੱਗਰੀ ਪੜ੍ਹਨ ਨੂੰ ਨਹੀਂ ਮਿਲਦੀ ਜਿਹੜੀ ਰੀਵਿਊਕਾਰ ਨੇ ਦੱਸੀ ਹੁੰਦੀ ਹੈ ਤਾਂ ਪਾਠਕ ਦਾ ਕਿਤਾਬਾਂ ਤੋਂ ਮੋਹ ਭੰਗ ਹੋ ਜਾਂਦਾ।*

*ਹਰੇਕ ਪੁਸਤਕ ਦਾ ਆਪਣਾ ਆਪਣਾ ਪਾਠਕ ਵਰਗ ਹੈ। ਹੁਣ ਪੰਜਾਬੀ ਵਿਚ ਪ੍ਰਕਾਸ਼ਕ ਬਜਾਰ ਨੂੰ ਮੁੱਖ ਰੱਖ ਕੇ ਕਿਤਾਬਾਂ ਲਿਖਵਾ ਵੀ ਰਹੇ ਹਨ ਤੇ ਛਾਪ ਵੀ ਰਹੇ ਹਨ। ਇਹ ਆਪਣੀ ਕਿਸਮ ਦਾ ਸਾਹਿਤ ਹੈ। ਬਜ਼ਾਰ ਦੀ ਮੰਗ ਅਨੁਸਾਰ ਕਿਤਾਬਾਂ ਛਪਣ ਲੱਗੀਆਂ ਹਨ। ਆਪਣੇ ਆਪ ਨੂੰ ਮਾਰਕੀਟ ਵਿਚ ਰੱਖਣ ਲਈ ਪ੍ਰਕਾਸ਼ਕ ਹਰ ਹੀਲਾ ਵਰਤ ਰਹੇ ਹਨ। ਇਹ ਜ਼ਰੂਰੀ ਵੀ ਹੈ। ਇਸ ਦੇ ਬਾਵਜੂਦ ਪੰਜਾਬੀ ਵਿਚ ਪੁਸਤਕ ਪ੍ਰਕਾਸ਼ਨ ਤੇ ਸੰਕਟ ਆ ਰਿਹਾ ਹੈ। ਨਾਮਵਰ ਲੇਖਕਾਂ ਨੂੰ ਜੋ ਪ੍ਰਕਾਸ਼ਕ ਪਹਿਲਾਂ ਉਨ੍ਹਾਂ ਦੀ ਨਵੀਂ ਮੌਲਿਕ ਕਿਤਾਬ ਜਾਂ ਅਨੁਵਾਦ ਕੀਤੀ ਪੁਸਤਕ ਦਾ ਉਕਾ-ਪੁੱਕਾ ਵੀਹ ਹਜ਼ਾਰ ਰੁਪਏ ਦਿੰਦਾ ਸੀ ਉਹ ਵੀ ਹੱਥ ਖੜੇ ਕਰ ਗਏ ਹਨ। ਪਾਠਕ ਨਿਸਚੇ ਹੀ ਦਿਨ ਪਰ ਦਿਨ ਘਟ ਰਹੇ ਹਨ। ਇੰਟਰਨੈੱਟ, ਮੁਬਾਇਲ ਦਾ ਮਾਇਆ ਜਾਲ਼ ਤੇ ਹੋਰ ਸਾਧਨ ਭਾਵੇਂ ਕਿ ਵਕਤੀ ਰੁਕਾਵਟਾ ਹਨ। ਪਰ ਮੌਜੂਦਾ ਸਮੇਂ ਵਿਚ ਪੁਸਤਕ ਨੂੰ ਜਿਉਂਦਾ ਰੱਖਣ ਦੀ ਗੱਲ ਅਹਿਮ ਹੈ। ਚੰਗੀ ਪੁਸਤਕ ਵੱਧ ਤੋਂ ਵੱਧ ਪਾਠਕਾਂ ਤੱਕ ਪਹੁੰਚਾਉਣ ਦਾ ਮਸਲਾ ਹੈ। ਪੁਸਤਕਾਂ ਉਸੇ ਗਤੀ ਵਿਚ ਛਪੀ ਜਾ ਰਹੀਆਂ ਹਨ। ਪ੍ਰਕਾਸ਼ਕਾਂ ਦੇ ਸਟੋਰ ਭਰੀ ਜਾ ਰਹੇ ਹਨ। ਕਨਸੋਆਂ ਇਹ ਵੀ ਮਿਲਦੀਆਂ ਹਨ ਕਿ ਜੋ ਕਿਤਾਬਾਂ ਡੰਪ ਹੋ ਜਾਂਦੀਆਂ ਉਨ੍ਹਾਂ ਨੂੰ ਪ੍ਰਕਾਸ਼ਕ ਰੱਦੀ ਵਿਚ ਚੁਕਵਾਉਣ ਲਈ ਬੇਵੱਸ ਹੋ ਜਾਂਦੇ ਹਨ ਤਾਂ ਕਿ ਸਟੋਰਾਂ ਦੀ ਕੀਮਤੀ ਸਪੇਟ ਖਾਲੀ ਹੋ ਜਾਵੇ। ਇਹ ਤਾਂ ਮੰਨਣਾ ਹੀ ਪਵੇਗਾ ਕਿ ਕਿਤਾਬਾਂ ਨੂੰ ਖਰੀਦਣ ਵਾਲੇ ਘਟੀ ਜਾ ਰਹੇ ਹਨ ਇਹ ਸਾਡੇ ਸਾਰਿਆਂ ਲਈ ਚਿੰਤਾ ਦਾ ਵਿਸ਼ਾ ਹੈ।*

***-ਭਗਵੰਤ ਰਸੂਲਪੁਰੀ***



## ਕਹਾਣੀ / ਉਪਰਲੀ ਅਦਾਲਤ/ -ਸਰੂਪ ਸਿਆਲਵੀ

ਧਰਮ ਰਾਜ ਨੇ ਪੁੱਛਿਆ, "ਨਿਆਂ ਮੰਤਰੀ ਜੀ ! ਮੈਂ ਪਰਲੋਕ ਦੇ ਹੋਰ ਮੰਤਰਾਲਿਆਂ ਦੇ ਨਾਲ-ਨਾਲ ਥੁਆਡੇ 'ਨਿਆ ਮੰਤਰਾਲੇ'ਦਾ ਵੀ ਚੱਕਰ ਲਾ ਕੇ ਆਇਆ ਹਾਂ। ਥੁਆਡੇ ਮੰਤਰਾਲੇ ਵਿੱਚ ਪੈਂਡਿੰਗ ਕੇਸਾਂ ਦੇ ਢੇਰ ਲੱਗੇ ਪਏ ਨੇ। ਜਦਕਿ ਤੁਸੀਂ ਦੱਸਦੇ ਰਹਿੰਦੇ ਓ... ਕਿ ਥੁਆਡੇ ਮੰਤਰਾਲੇ ਵਿਚ... ਕਿਸੇ ਵੀ ਪਰਲੋਕਵਾਸੀ ਦਾ ਕੇਸ ਪੈਂਡਿੰਗ ਨਹੀਂ।"

ਨਿਆਂ ਮੰਤਰੀ ਨੇ ਧਰਮ ਰਾਜ ਅੱਗੇ ਸਿਰ ਉੱਤੇ ਲਏ ਹੀਰੇ ਮੋਤੀ ਜੜੇ ਮੁਕਟ ਨੂੰ ਝੁਕਾਇਆ ਤੇ ਉਸ ਨਾਲੋਂ ਨੀਵੇਂ ਸਿੰਘਾਸਣ ਉੱਤੇ ਬੈਠ ਗਿਆ ਸੀ। ਤੇ ਮੰਦ ਮੰਦ ਮੁਸਕਾਦਿਆਂ ਉਹਦੀ ਗੱਲ ਦਾ ਜਵਾਬ ਦੇਣ ਲੱਗਿਆ, "ਧਰਮ ਰਾਜ ਜੀ ! ਮਾਤ ਲੋਕ ਦੇ ਤੇਤੀ ਕਰੋੜ ਦੇਵੀ ਦੇਵਤਿਆਂ ਨੂੰ ਮੰਨਣ ਵਾਲੇ ਇਕ ਦੇਸ਼ ਦੇ ਕੋਰਟਾਂ ਕਚਹਿਰੀਆਂ ਵਿਚ ਲੱਖਾਂ ਦੀ ਗਿਣਤੀ ਵਿਚ ਕੋਰਟ ਕੇਸ ਪੈਂਡਿੰਗ ਪਏ ਨੇ। ਇਨਸਾਫ ਨਾ ਮਿਲਣ ਕਰਕੇ, ਕੇਸਾਂ ਨਾਲ ਸਬੰਧਤ ਪੀੜਤ ਲੋਕ ਡਿਪਰੈਸ਼ਨ ਦਾ ਸ਼ਿਕਾਰ ਹੋਏ ਮਾਨਸਿਕ ਕਸ਼ਟ ਭੋਗ ਰਹੇ ਨੇ... ਅਣਆਈ ਮੌਤੇ ਮਰ ਰਹੇ ਨੇ ... ਆਤਮ-ਹੱਤਿਆਵਾਂ ਕਰ ਰਹੇ ਨੇ। ਅਜਿਹੇ ਕੁਝ ਲੋਕ ਪਰਲੋਕ ਵਿਚ ਆ ਕੇ ਵੀ ਮਾਤਲੋਕ ਵਿਚ ਚੱਲਦੇ... ਉਨ੍ਹਾਂ ਦੇ ਕੇਸਾਂ ਵਿਚ ਇਨਸਾਫ ਦੇਣ ਦੀ ਮੰਗ ਕਰਦੇ ਨੇ। ਕਿਉਂਕਿ ਪਰਲੋਕ ਵਿਚ ਹਰ ਪਰਲੋਕ ਵਾਸੀ ਨੂੰ ਇਨਸਾਫ ਦਿੱਤਾ ਜਾਂਦਾ ਏ। ਇਸ ਲਈ ਉਨ੍ਹਾਂ ਦੇ ਕੇਸਾਂ ਦੀਆਂ ਫਾਈਲਾਂ ਦੀ... ਪਰਲੋਕ ਨੂੰ ਮਿਲੀਆ ਆਦ੍ਰਿਸ਼ ਸ਼ਕਤੀਆਂ ਨਾਲ ਨਕਲ ਤਿਆਰ ਕਰ ਲਈ ਜਾਂਦੀ ਏ। ਤੇ ਮਾਤਲੋਕ ਤੋਂ ਪਰਲੋਕ ਵਿਚ ਪੁੱਜੇ ਵਿਅਕਤੀਆਂ ਨੂੰ ਤੁਰੰਤ ਇਨਸਾਫ ਦਿੰਦਿਆਂ ਉਨ੍ਹਾਂ ਨੂੰ ਪ੍ਰਤਾੜਿਤ ਕਰਨ ਵਾਲਿਆਂ ਨੂੰ... ਜਮਦੂਤਾਂ ਦੁਆਰਾ ਨਰਕ ਵਿਚ ਸੁਟ ਕੇ ਬਣਦੀਆਂ ਸਜ਼ਾਵਾਂ ਦਿੱਤੀਆਂ ਜਾਂਦੀਆਂ ਨੇ।"

ਧਰਮ ਰਾਜ ਦੇ ਦਰਬਾਰ ਵਿਚ ਬੈਠੇ ਮੰਤਰੀਆਂ, ਸੰਤਰੀਆਂ ਤੇ ਕਰਮਚਾਰੀਆਂ ਦੀਆਂ ਨਜ਼ਰਾਂ ਨਿਆਂ ਮੰਤਰੀ ਵੱਲ ਉੱਠੀਆਂ ਕਿ ਫਿਰ ਥੁਆਡੇ ਮੰਤਰਾਲੇ ਵਿਚ ਕੋਰਟ ਕੇਸਾਂ ਦੇ ਢੇਰ ਕਿਉਂ ਲੱਗੇ ਪਏ ਨੇ? ਪਰਲੋਕ ਦਾ ਨਿਆਂ ਮੰਤਰੀ ਚਿੰਤਿਤ ਹੁੰਦਿਆਂ ਦੱਸਣ ਲੱਗਿਆ, "ਜਿਵੇਂ ਮੈਂ ਕਿਹਾ ਕਿ ਮਾਤਲੋਕ ਦੀਆਂ ਅਦਾਲਤਾਂ ਤੋਂ ਇਨਸਾਫ ਦਾ ਮਿਲਣ ਕਰਕੇ, ਪੀੜਤ ਵਿਅਕਤੀ, ਜਦ ਮਰਨ ਉਪਰੰਤ ਪਰਲੋਕ ਵਿਚ ਆਉਂਦੇ ਨੇ... ਤਾਂ ਉਹਨਾਂ ਦੁਆਰਾ ਮੰਗ ਕਰਨ ਉੱਤੇ ਉਹਨਾਂ ਦੇ ਕੋਰਟ ਕੇਸ ਆਦ੍ਰਿਸ਼ ਸਕਤੀ ਨਾਲ ਪਰਲੋਕ ਵਿਚ ਮੰਗਵਾ ਲਏ ਜਾਂਦੇ ਨੇ। ਪਰ ਜਦ ਤੱਕ ਕੇਸ ਨਾਲ ਸਬੰਧਤ ਸਾਰੇ ਵਿਅਕਤੀ ਪਰਲੋਕ ਵਿਚ ਨਹੀਂ ਆਉਂਦੇ... ਉਦੋਂ ਤੱਕ ਉਹਨਾਂ ਦੇ ਕੇਸ ਪੈਂਡਿੰਗ ਰੱਖਣੇ ਪੈਂਦੇ ਨੇ। ਤੇ ਅਜਿਹੇ ਪੈਂਡਿੰਗ ਕੇਸਾਂ ਦੇ ਪਰਲੋਕ ਦੇ ਨਿਆਂ ਮੰਤਰਾਲੇ ਵਿਚ ਢੇਰ ਲੱਗੇ ਪਏ ਨੇ। ਤੇ ਜਿਵੇਂ ਜਿਵੇਂ ਮਾਤਲੋਕ ਦੀਆਂ ਅਦਾਲਤਾਂ ਵਿਚ ਪੈਂਡਿੰਗ ਕੇਸ ਵਧਦੇ ਜਾ ਰਹੇ ਨੇ... ਉਸਦੇ ਨਾਲ ਨਾਲ ਪਰਲੋਕ ਵਿਚ ਆਏ ਪੀੜਤ ਵਿਅਕਤੀਆਂ ਦੇ ਪਰਲੋਕ ਦੇ ਨਿਆਂ ਮੰਤਰਾਲੇ ਵਿਚ ਵੀ ਪੈਂਡਿੰਗ ਕੇਸ ਵਧਦੇ ਜਾ ਰਹੇ ਨੇ।"

ਧਰਮ ਰਾਜ ਨੇ ਅਚੰਭਿੰਤ ਹੁੰਦਿਆਂ ਕਿਹਾ, "ਪਰ ਕੇਸਾਂ ਦੀ ਗਿਣਤੀ ਵਧਣ ਦੇ ਨਾਲ ਨਾਲ ਕੇਸਾਂ ਦਾ ਆਕਾਰ ਵੀ ਵਧਦਾ ਜਾ ਰਿਹਾ ਏ... ਆਹ ਜਿਹੜੇ ਕੇਸ ਦੀ ਫਾਈਲ ਮੈਂ ਚੁੱਕ ਕੇ ਲਿਆਇਆ ਹਾਂ... ਇਕ ਹਜ਼ਾਰ ਪੰਨੇ ਦੀ ਹੋਵੇਗੀ? " ਧਰਮ ਰਾਜ ਦੀ ਗੱਲ ਸੁਣਕੇ, ਪਰਲੋਕ ਦਾ ਨਿਆਂ ਮੰਤਰੀ ਉੱਚੀ ਉੱਚੀ ਹੱਸਣ ਲੱਗਿਆ, "ਧਰਮ ਰਾਜ ਜੀ ! ਮੈਂ ਵੀ ਆਕਾਰ ਵਿਚ ਮੋਟੀ ਫਾਈਲ ਦੇਖ ਕੇ ਹੀ ਚੁੱਕ ਕੇ ਪੜ੍ਹਨ ਲੱਗਿਆ ਸੀ, "ਪਰ ਪੁੱਟਿਆ ਪਹਾੜ ਤੇ ਨਿਕਲਿਆ ਚੂਹਾ' ਵਾਲੀ ਗੱਲ ਹੋਈ।"

ਹੁਣ ਧਰਮ ਰਾਜ ਦੇ ਨਾਲ ਨਾਲ ਉਹਦੇ ਦਰਬਾਰ ਵਿਚ ਬੈਠੇ ਮੰਤਰੀਆਂ ਸੰਤਰੀਆਂ ਤੇ ਅਹਿਲਕਾਰਾਂ ਦੀ ਉਤਸੁਕਤਾ ਵੀ ਬਹੁਤ ਵਧ ਗਈ ਸੀ। ਤੇ ਉਹ ਅੱਖਾਂ ਟੱਡ ਕੇ ਇਹ ਜਾਣਨ ਲਈ ਉਤਾਵਲੇ ਹੋ ਰਹੇ

ਸਨ...ਕਿ ਦੇਖੋ ਭਲਾ ਇਹ ਕਿੰਨਾ ਗੁੰਝਲਦਾਰ ਕੇਸ ਹੋਵੇਗਾ... ਜਿਸਦਾ ਮਾਤਲੋਕ ਦੀ ਅਦਾਲਤ ਵਿਚ ਅਠਾਰਾਂ ਵੀਹ ਸਾਲਾਂ ਵਿਚ ਵੀ ਫੈਸਲਾ ਨਹੀਂ ਹੋ ਰਿਹਾ।

"ਕੇਸ ਕੀ ਸੀ? " ਪਰਲੋਕ ਦੇ ਨਿਆਂ ਮੰਤਰੀ ਨੇ ਫਿਰ ਹੱਸਦਿਆਂ ਹੋਇਆ ਦੱਸਿਆ, 'ਪਿੰਡ ਦੀ ਸਰਪੰਚੀ ਦਾ ਧੜਾ, ਚੋਣ ਹਾਰੇ ਸਰਪੰਚ ਦੇ ਧੜੇ ਨੂੰ ਨੀਵਾਂ ਦਿਖਾਉਣਾ ਚਾਹੁੰਦਾ ਸੀ। ਪੁਰਾਣੇ ਸਰਪੰਚ ਨੇ ਪਿੰਡ ਦੀ ਇਕ ਵਿੰਗੀ ਵਲ਼ ਖਾਂਦੀ ਗਲੀ ਦੀ ਥਾਂ... ਸਿੱਧੀ ਗਲੀ ਬਣਾਉਣ ਲਈ ਆਪਣੀ ਪੰਚੈਤ ਦਾ ਮਤਾ ਪਾਸ ਕਰਕੇ... ਮਹਿਕਮੇ ਤੋਂ ਮਨਜ਼ੂਰੀ ਲੈ ਕੇ ਵਿੰਗੀ ਗਲੀ ਦੀ ਥਾਂ ਸਿੱਧੀ ਗਲੀ ਬਣਾ ਦਿੱਤੀ ਸੀ।"

"ਪਰ ਹੁਣ ਨਵੀਂ ਪੰਚੈਤ...।" ਪਰਲੋਕ ਦਾ ਨਿਆ ਮੰਤਰੀ ਦੱਸਣ ਲੱਗਿਆ, "ਪੁਰਾਣੀ ਪੰਚੈਤ ਦੇ ਧੜੇ ਨੂੰ ਨੀਵਾਂ ਦਿਖਾਉਣ ਲਈ ਸਿੱਧੀ ਗਲੀ ਦੀ ਥਾਂ ਮੁੜ ਵਿੰਗੀ ਗਲੀ ਚਾਲੂ ਕਰਨਾ ਚਾਹੁੰਦੀ ਸੀ। ਨਵੀਂ ਪੰਚੈਤ ਨੇ... ਸਿੱਧੀ ਗਲੀ ਦੀ ਥਾਂ... ਮੁੜਕੇ ਵਿੰਗੀ ਗਲੀ ਬਣਾਉਣ ਦਾ ਮਤਾ ਪਾਸ ਕਰਕੇ... 'ਲੜਾਈ ਝਗੜੇ ਕਰਵਾਕੇ ਪਿੰਡਾਂ ਦੇ ਕੇਸ ਕਮਿਸ਼ਨ ਲੈ ਕੇ ਹਾਈ ਕੋਰਟ ਦੇ ਵਕੀਲ ਨੂੰ ਲੜਨ ਲਈ ਦੇਣ ਵਾਲੇ' ਵਕੀਲ ਦੇ ਦੱਲੇ, ਦਿਲਾਵਰ ਨੂੰ ਦੇ ਦਿੱਤਾ ਸੀ।"

ਹਾਈ ਕੋਰਟ ਦਾ ਵਕੀਲ , ਵਿਕਾਸ ਦੋ ਵਾਰ ਪਿੰਡ ਆ ਕੇ ਮੌਕਾ ਦੇਖਕੇ ਗਿਆ ਸੀ। ਵਕੀਲ ਦੇ ਚਮਚੇ , ਦਿਲਾਵਲ ਨੇ ਹਿੱਕ ਥਾਪੜ ਕੇ ਕਿਹਾ ਸੀ,

"ਹੁਣ ਦੇਖਿਓ ਮੇਰਾ ਵਕੀਲ ਕੇਸ ਨੂੰ ਕਿਵੇਂ ਉਲਝਾਉਂਦਾ ਏ।" ਉਹਦਾ ਕਿਹਾ ਸੱਚ ਹੋਇਆ ਸੀ। ਵਕੀਲ ਨੇ 'ਪੁਰਾਣੀ ਪੰਚੈਤ ਦੇ ਨਵੀਂ ਸਿੱਧੀ ਗਲੀ ਬਣਾਉਣ ਦੇ ਮਤੇ' ਉੱਤੇ ਰੋਕ ਲਾਉਣ ਲਈ ... ਤੇ 'ਪੰਜਾਬ ਸਰਕਾਰ' ਤੇ 'ਡਾਇਰੈਕਟਰ' ਪੰਚੈਤ ਦੇ ਆਰਡਰਾਂ ਉੱਤੇ ਸਟੇਅ ਦੇਣ ਲਈ... ਕੇਸ ਤਿਆਰ ਕਰਕੇ ਹਾਈ ਕੋਰਟ ਵਿਚ ਪਾ ਦਿੱਤਾ ਸੀ। ਤੇ ਸੀਨੀਅਰ ਵਕੀਲ ਵਿਕਾਸ ਆਪਣੇ ਜੂਨੀਅਰ ਵਕੀਲਾਂ ਨਾਲ ਮਿਲਕੇ ਆਪਣੇ ਕੇਸ ਦੇ ਪੱਕ ਵਿਚ ਬਹਿਸ ਕਰਕੇ... ਹਾਈ ਕੋਰਟ ਤੋਂ 'ਪੁਰਾਣੀ ਪੰਚੈਤ ਦੇ ਸਿੱਧੀ ਗਲੀ ਬਣਾਉਣ ਦੇ ਮਤੇ ਅਤੇ 'ਪੰਜਾਬ ਸਰਕਾਰ' ਤੋਂ 'ਡਾਇਰੈਕਟਰ ਪੰਚੈਤ' ਦੇ ਆਰਡਰ ਉੱਤੇ ਸਟੇਅ ਲੈਣ ਵਿਚ ਕਾਮਯਾਬ ਹੋ ਗਿਆ ਸੀ। ਨਵੀਂ ਪੰਚੈਤ ਨੇ ਪਿੰਡ ਵਿਚ ਆ ਕੇ ਰੌਲਾ ਪਾ ਦਿੱਤਾ ਸੀ, "ਹੁਣ ਹਾਈ ਕੋਰਟ ਵਿਚ ਕੇਸ ਚੱਲ ਪਿਆ ਏ... ਨਵੀਂ ਪੰਚੈਤ ਪੁਰਾਣੀ ਪੰਚੈਤ ਦੀ ਬਣਾਈ ਸਿੱਧੀ ਗਲੀ ਦੀ ਥਾਂ... ਮੁੜਕੇ ਪੁਰਾਣੀ ਵਿੰਗੀ ਗਲੀ ਚਾਲੂ ਕਰਕੇ ਰਹੇਗੀ।"

ਪਰਲੋਕ ਦਾ ਨਿਆਂ ਮੰਤਰੀ, ਧਰਮ ਰਾਜ ਦੇ ਭਰੇ ਦਰਬਾਰ ਵਿਚ ਦੱਸਣ ਲੱਗਿਆ, "ਜਦ ਹੋਰ ਕੇਸਾਂ ਨਾਲ ਇਸ ਕੇਸ ਦੀ ਫਾਈਲ, ਪਰਲੋਕ ਦੇ ਨਿਆਂ ਮੰਤਰਾਲੇ ਵਿਚ ਆ ਹੀ ਗਈ ਏ। ਤਾਂ ਅਸੀਂ ਇਸ ਕੇਸ ਬਾਰੇ ਵਿਚਾਰ-ਚਰਚਾ ਕਰੇ ਬਿਨਾਂ ਰਹਿ ਨਹੀਂ ਸਕਦੇ। ਇਸ ਕੇਸ ਵਿਚ ਨਵੀਂ ਪੰਚੈਤ ਨੇ, ਉਸ ਵਿਅਕਤੀ ਨੂੰ ਵੀ ਪਾਰਟੀ ਬਣਾਇਆ ਏ... ਜਿਸਦੀ ਥਾਂ ਵਿਚ ਨੂੰ ਨਵੀਂ ਸਿੱਧੀ ਗਲੀ ਬਣਾ ਕੇ ਉਹਨੂੰ ਪੁਰਾਣੀ ਵਿੰਗੀ ਗਲੀ ਵਾਲੀ ਥਾਂ ਦੇ ਦਿੱਤੀ ਗਈ ਸੀ। ਜਦ ਉਹਨੂੰ ਹਾਈ ਕੋਰਟ ਤੋਂ ਇਸ ਕੇਸ ਦੇ ਸੰਮਨ ਮਿਲੇ... ਤਾਂ ਉਹਦੀ ਹਾਲਤ ਪਾਗਲਾਂ ਵਰਗੀ ਹੋ ਗਈ ਸੀ। ਉਸਨੂੰ ਕੁਝ ਵੀ ਸੁਝ ਨਹੀਂ ਸੀ ਰਿਹਾ, ਉਹਦੀ ਸੋਝੀ ਮਾਰੀ ਗਈ ਸੀ, ਕਿ ਆਖਰ ਉਸ ਉੱਤੇ ਇਹ ਕੇਸ ਪਾ ਕਿਉਂ ਦਿੱਤਾ ਗਿਆ?"

"ਇਹੀ ਵਿਅਕਤੀ ਇਸ ਕੇਸ ਤੋਂ ਪੀੜਤ ਵਿਅਕਤੀ ਹੈ। ਅਸੀਂ ਇਸਨੂੰ ਆਪਣਾ ਕਲਾਈਂਟ (ਪਰਲੋਕ ਦੀ ਅਦਾਲਤ ਵਿਚ ਕੇਸ ਪਾਉਣ ਵਾਲਾ) ਸਮਝ ਲੈਂਦੇ ਹਾਂ ਤੇ ਮਾਤਲੋਕ ਦੀਆਂ ਰਵਾਇਤਾਂ ਅਨੁਸਾਰ ਕਿ ਇਸਦੇ ਅਸਲੀ ਨਾਂ ਦਾ ਪਤਾ ਨਾ ਲੱਗੇ।" ਇਸਦਾ ਨਾਂ 'ਕਲਾਈਂਟ ਕੁਲਵੰਤ' ਰੱਖ ਲੈਂਦੇ ਹਾਂ। ਕਲਾਈਂਟ ਕੁਲਵੰਤ ਦੀ ਥਾਂ ਵਿਚ ਨੂੰ ਪੁਰਾਣੀ ਪੰਚੈਤ ਨੇ ਸਿੱਧੀ ਗਲੀ ਬਣਾ ਦਿੱਤੀ ਸੀ। ਤੇ ਨਵੀਂ ਪੰਚੈਤ ਨੇ ਉਹਨੂੰ ਤਬਾਦਲੇ ਵਿਚ ਵਿੰਗੀ ਗਲੀ ਵਾਲੀ ਥਾਂ ਉਹਨੂੰ ਦੇਣ ਉੱਤੇ ਕੋਰਟ ਰਾਹੀਂ ਰੋਕ ਲਾ ਦਿੱਤੀ ਏ। ਇਸ ਤਰ੍ਹਾਂ ਨਾਲ ਉਹਦੇ ਹੱਥੋਂ ਗਲੀਆਂ ਵਾਲੀ ਥਾਂ ਨਿਕਲ ਗਈ ਏ। ਪਰ ਕਲਾਈਂਟ ਕੋਲ ਘਰ ਦੀ ਥਾਂ ਵੀ ਕਿੰਨੀ ਕੁ ਏ... ਮਸਾਂ ਤਿੰਨ ਚਾਰ ਮਰਲੇ। ਤੇ ਉਸਦੇ ਘਰ ਨੂੰ ਲਗਦੀ ਗਲੀ ਦੀ ਇਕ ਮਰਲਾ ਥਾਂ ਝਗੜੇ



ਵਿਚ ਆਉਣ ਕਰਕੇ... ਉਹਦਾ ਜੀਣਾ ਮੁਹਾਲ ਹੋ ਗਿਆ ਏ। ਉਹਦਾ ਪਰਵਾਰ ਹੁਣ 'ਵਿੰਗੀ ਜਾਂ ਸਿੱਧੀ' ਗਲੀ ਦੀ ਸਫ਼ਾਈ ਵੀ ਨਹੀਂ ਕਰਨ ਦਿੰਦੇ... ਕਿ ਇਸ ਉੱਤੇ ਮਾਨਯੋਗ ਹਾਈ ਕੋਰਟ ਨੇ 'ਸਟੇਅ' ਦਿੱਤੀ ਹੋਈ ਏ। ਕੋਈ ਇਸਨੂੰ ਉਂਗਲੀ ਵੀ ਨਹੀਂ ਲਾ ਸਕਦਾ। ਪੰਚੈਤ ਦੇ ਚੱਕੇ, ਉਹਦੇ ਗੁਆਂਢੀ ਉਹਨੂੰ ਅਲੱਗ ਤੰਗ ਕਰ ਰਹੇ ਹਨ। ਕਲਾਈਂਟ ਕੁਲਵੰਤ ਦੇ ਪਰਵਾਰ ਦਾ ਨੱਕ ਵਿਚ ਦਮ ਆ ਗਿਆ। ਇਹੀ ਤਾਂ ਨਵੀਂ ਪੰਚੈਤ ਵਾਲੇ ਚਾਹੁੰਦੇ ਸਨ।"

ਧਰਮ ਰਾਜ ਦੇ ਦਰਬਾਰ ਵਿਚ ਬੈਠੇ ਮੰਤਰੀ-ਸੰਤਰੀ ਤੇ ਅਹਿਲਕਾਰ ... ਆਪਣੇ ਕਲਾਈਂਟ ਕੁਲਵੰਤ ਨਾਲ ਡਾਢੀ ਹਮਦਰਦੀ ਪ੍ਰਗਟ ਕਰ ਰਹੇ ਨੇ। ਜਦਕਿ ਪਰਲੋਕ ਤੋਂ ਉਹ ਮਾਤਲੋਕ ਦੀਆਂ ਅਦਾਲਤਾਂ ਵਿਚ ਚਲਦੀ ਕਾਰਵਾਈ ਨੂੰ ਵੀ ਦੇਖਦੇ ਰਹਿੰਦੇ ਨੇ... ਕਿ ਜਦ ਦੋਸ਼ੀਆਂ ਨੂੰ ਸਜ਼ਾਵਾਂ ਹੋਣ ਦੀ ਥਾਂ... ਪੈਸੇ ਦੇ ਜ਼ੋਰ ਨਾਲ ਸਾਫ਼ ਛੁੱਟ ਜਾਂਦੇ ਨੇ... ਤਾਂ ਪੀੜਤ ਕਲਾਈਂਟ ਰੋਂਦੇ ਕੁਰਲਾਂਦੇ ਨੇ। ਪਰ ਉਨ੍ਹਾਂ ਨਾਲ ਕਿਸੇ ਨੂੰ ਵੀ ਹਮਦਰਦੀ ਨਹੀਂ ਹੁੰਦੀ। ਸਗੋਂ ਵਕੀਲ, ਮੁਣਸ਼ੀ ਤੇ ਅਦਾਲਤਾਂ ਦੇ ਕਰਮਚਾਰੀ ਉਨ੍ਹਾਂ ਨੂੰ ਤੰਗ ਪਰੇਸ਼ਾਨ ਕਰਕੇ... ਆਨੀਂ ਬਹਾਨੀਂ ਵੱਧ ਤੋਂ ਵੱਧ ਪੈਸੇ ਵਸੂਲਦੇ ਰਹਿੰਦੇ ਨੇ। ਜਿਵੇਂ ਜਾਇਜ਼-ਨਜ਼ਾਇਜ ਢੰਗ ਨਾਲ ਪੈਸਾ ਕਢਵਾਉਣਾ ਹੀ ਮਾਤਲੋਕ ਦੇ ਵਾਸੀਆਂ ਦਾ ਮਕਸਦ ਰਹਿ ਗਿਆ ਹੋਵੇ। ਤੇ ਨਵੀਂ ਪੰਚਾਇਤ ਦਾ ਮਕਸਦ ਏ ਪਿੰਡ ਵਿਚ ਪੁਰਾਣੀ ਪੰਚੈਤ ਦੀ ਬਣਾਈ ਸਿੱਧੀ ਗਲੀ ਬੰਦ ਕਰਵਾ ਕੇ... ਤੇ ਪੁਰਾਣੀ ਵਿੰਗੀ ਗਲੀ ਮੁੜ ਚਾਲੂ ਕਰਕੇ... ਪਿੰਡ ਵਿਚ ਆਪਣੀ ਭੱਲ ਬਣਾਉਣੀ... ਐਂਠ ਕਾਇਮ ਕਰਨੀ... ਤੇ ਉੱਚਤਾ ਦਿਖਾਉਣੀ। ਤੇ ਨਵੀਂ ਪੰਚੈਤ ਨੇ ਕਲਾਈਂਟ ਕੁਲਵੰਤ ਨੂੰ ਪਰ੍ਹਿਆ ਵਿਚ ਬੁਲਾ ਕੇ ਕਿਹਾ, "ਤੂੰ ਪੰਚੈਤ ਨੂੰ ਤੰਗ ਪ੍ਰੇਸ਼ਾਨ ਕਰਨ ਕਰਕੇ... ਤੁਰੰਤ 20,000 ਰੁਪਏ ਡੰਨ ਦੇ। ਤੇ ਪੁਰਾਣੀ ਵਿੰਗੀ ਗਲੀ ਪੱਕੀ ਕਰਕੇ ਦੇ।"

ਕਲਾਈਂਟ ਕੁਲਵੰਤ ਸੋਚ ਵਿਚਾਰ ਕਰਕੇ ਫੈਸਲਾ ਕਰਨ ਲਈ ਪੰਚੈਤ ਵਿਚੋਂ ਉੱਠ ਆਇਆ ਸੀ। ਉਹ ਸਕੂਲ ਵਿਚ ਇਕ ਅਧਿਆਪਕ ਦੀ ਮਾਮੂਲੀ ਜਿਹੀ ਨੌਕਰੀ ਕਰਦਾ ਏ। ਤੇ ਉਹ ਵਿਦਿਆਰਥੀਆਂ ਨੂੰ ਸਵੈ-ਮਾਨ ਨਾਲ ਜਿਉਣਾ ਦੀ ਜੀਵਨ ਜਾਚ ਸਿਖਾਉਂਦਾ ਏ। ਫਿਰ ਉਹ ਆਪ ਆਪਣੇ ਸਵੈ ਮਾਨ ਨੂੰ ਠੇਸ ਪਹੁੰਚਾਉਣ ਵਾਲਾ ਫੈਸਲਾ ਕਿਵੇਂ ਮੰਨ ਸਕਦਾ। ਉਹਨੇ ਪੰਚੈਤ ਦਾ ਫੈਸਲਾ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਤੇ ਹਾਈ ਕੋਰਟ ਵਿਚ ਕੇਸ ਲੜਨ ਦੀ ਤਿਆਰੀ ਕਰਨ ਲੱਗ ਪਿਆ ਸੀ।

ਪਰ ਹਾਈ ਕੋਰਟ ਵਿਚ ਕੇਸ ਲੜਨਾ ਪੈਸੇ ਵਾਲੇ ਬੰਦਿਆਂ ਦਾ ਕੰਮ ਏ। ਕਲਾਈਂਟ ਕੁਲਵੰਤ ਦੀ ਤਨਖਾਹ ਨਾਲ ਤਾਂ ਮਸਾਂ ਉਹਦੇ ਘਰਦਾ ਗੁਜ਼ਾਰਾ ਚਲਦਾ ਸੀ। ਕੇਸ ਲੜਦਿਆਂ ਉਹ ਆਪਣੀ ਡਾਇਰੀ ਵਿਚ ਖਰਚਾ ਨੋਟ ਕਰੀ ਜਾਂਦਾ ਸੀ। ਪਰਲੋਕ ਤੋਂ ਨਿਆਂ ਮੰਤਰੀ ਨੇ ਉਹਦੀ ਡਾਇਰੀ ਦੇ ਖੁੱਲ੍ਹੇ ਪੰਨਿਆਂ ਉੱਤੇ ਨਜ਼ਰ ਮਾਰੀ। ਪਹਿਲਾਂ ਉਹ ਉਹਦੇ ਆਪਣੇ ਵਰਗੇ ਗਰੀਬ ਰਿਸ਼ਤੇਦਾਰਾਂ ਤੇ ਦੋਸਤਾਂ ਮਿੱਤਰਾਂ ਤੋਂ ਦਸ ਦਸ ਵੀਹ ਵੀਹ ਹਜ਼ਾਰ ਰੁਪਏ ਉਧਾਰ ਚੁਕਦਾ ਰਿਹਾ। ਫਿਰ ਉਹਨੇ ਮਸਾਂ ਢਿੱਡ ਨੂੰ ਗੱਠ ਦੇ ਕੇ ਖਰੀਦਿਆਂ ਚਾਰ ਮਰਲੇ ਦਾ ਵਾੜਾ ਅੱਧ ਮੁੱਲ ਵਿਚ ਵੇਚਿਆ ਤੇ ਫਿਰ ਉਹਨੂੰ ਕੋਰਟ ਕੇਸ ਦਾ ਢਿੱਡ ਭਰਨ ਲਈ ਪਤਨੀ ਦੇ ਗਹਿਣੇ ਤੱਕ ਵੇਚਣ ਪਏ ਸਨ। ਤੇ ਉਹਨੂੰ ਪਤਨੀ ਦੇ ਨਹੋਰੇ ਅੱਡ ਸੁਣਨੇ ਪੈਂਦੇ ਸਨ। ਮਾਤਲੋਕ ਵਿਚ ਕਹਾਵਤ ਮਸ਼ਹੂਰ ਏ ਕਿ 'ਕੋਰਟਾਂ ਦੀਆਂ ਤਾਂ ਕੰਧਾਂ ਵੀ ਪੈਸੇ ਮੰਗਦੀਆਂ ਨੇ।"

ਉਹਦੇ ਹਾਈ ਕੋਰਟ ਦੇ ਵਕੀਲ, ਵੀਰਪਾਲ ਨੇ ਉਹਨੂੰ ਕੋਰਟ ਕੇਸ ਦਿਖਾਇਆ। ਉਹਦਾ ਕਸੂਰ ਕੇਵਲ ਏਨਾ ਸੀ, ਜਿਸਦਾ ਉਹ ਖਮਿਆਜਾ ਭਗਤ ਰਿਹਾ ਸੀ ਕਿ ਉਹਨੇ ਪੁਰਾਣੀ ਪੰਚੈਤ ਦੇ ਕਹਿਣ ਉੱਤੇ ਹਲਫ਼ੀਆਂ ਬਿਆਨ ਦਿੱਤਾ ਸੀ। 'ਇਹ ਕਿ ਪੰਚਾਇਤ ਦੇ ਕਹਿਣ ਅਨੁਸਾਰ ਮੈਂ ਕੂਚਾ ਗਲੀ ਨੂੰ ਸਿੱਧੀ ਕਰਨ ਲਈ ਆਪਣੇ ਵਿਹੜੇ ਵਿਚ ਨੂੰ ਪਿਛੋਂ ਆਉਂਦੀ ਗਲੀ ਜਿੰਨੀ ਚੌੜੀ ਤੇ ਸਿੱਧੀ ਗਲੀ ਦੇਣ ਨੂੰ ਤਿਆਰ ਹਾਂ ਤੇ ਇਸਦੇ ਬਦਲੇ ਵਿੰਗ ਤੜਿੰਗੀ ਗਲੀ ਵਾਲੀ ਥਾਂ ਲੈਣ ਨੂੰ ਵਿਆਰ ਹਾਂ। ਤੇ ਪੰਜਾਬ ਸਰਕਾਰ ਦੇ ਡਾਇਰੈਕਟਰ ਪੰਚੈਤ ਨੇ ਪੁਰਾਣੀ ਪੰਚੈਤ ਦੀ ਬਣਾਈ ਸਿੱਧੀ ਗਲੀ ਨੂੰ ਕਾਇਮ ਰੱਖਣ ਸਬੰਧੀ

ਆਰਡਰ ਕੀਤੇ ਸਨ। ਪਰ ਮਾਨਯੋਗ ਹਾਈ ਕੋਰਟ ਇਹਨਾਂ ਆਰਡਰਾਂ ਨੂੰ ਪਤਾ ਨਹੀਂ ਕਿਉਂ ਮੰਨ ਨਹੀਂ ਸੀ ਰਿਹਾ।

ਪਰ ਪੰਚੈਤ ਦਾ ਵਕੀਲ ਵਿਕਾਸ, ਹਾਈ ਕੋਰਟ ਵਿਚ ਪਤਾ ਨਹੀਂ ਕੀ ਕੀ ਜਿਰਾਹ ਕਰਦਾ ਸੀ ਕਿ ਹਾਈ ਕੋਰਟ ਵਿਚ ਇਸ ਵਿੰਗੀ ਗਲੀ ਦੇ ਕੇਸ ਦੀਆਂ ਛੇ ਛੇ ਮਹੀਨੇ ਦੀਆਂ ਲੰਬੀਆਂ ਤਰੀਕਾਂ ਪੈਣ ਲੱਗੀਆਂ ਸਨ ਤੇ ਤਰੀਕਾਂ ਵੀ ਬਦਲ ਬਦਲ ਕੇ ਵੱਖ ਵੱਖ ਜੱਜਾਂ ਕੋਲ ਲਗਦੀਆਂ ਸਨ, ਇਕ ਤਰੀਕ ਉੱਤੇ ਹਾਈ ਕੋਰਟ ਦੇ ਮਾਨਯੋਗ ਜੱਜ ਨੇ ਕਿਹਾ ਸੀ, "ਦਿਅਰ ਇਜ਼ ਨਥਿੰਗ ਇਨ ਇਟ" ਭਾਵ ਕੇਸ ਵਿਚ ਕੁਝ ਵੀ ਨਹੀਂ। ਪਰ ਜਦ ਉਹ ਜੱਜ ਆਰਡਰ ਲਿਖਾਵਾਉਣ ਲੱਗਿਆ ਤਾਂ ਪੰਚੈਤ ਦਾ ਸੀਨੀਅਰ ਵਕੀਲ, ਵਿਕਾਸ ਗੈਰ ਹਾਜ਼ਰ ਸੀ ਤੇ ਅਗਲੀ ਤਰੀਕ ਉੱਤੇ ਜਿਹੜੇ ਜੱਜ ਕੋਲ ਇਹ ਕੇਸ ਲੱਗਿਆ ... ਉਹਨੂੰ ਇਸ ਕੇਸ ਵਿਚ ਪਤਾ ਨਹੀਂ ਕੀ ਨਜ਼ਰ ਆਇਆ ਉਹਨੇ ਇਸ ਕੇਸ ਨੂੰ 'ਐਡਮਿਟ' ਕਰ ਲਿਆ ਸੀ। ਕੇਸ ਹਾਈ ਕੋਰਟ ਦੇ ਰੀਕਾਰਿਡ ਵਿਚ ਜਮ੍ਹਾ ਹੋ ਗਿਆ ਸੀ। ਹੁਣ ਇਸ ਕੇਸ ਦੀ ਵਾਰੀ ਪਹਿਲਾਂ ਐਡਮਿਟ ਹੋਏ ਕੇਸਾਂ ਤੋਂ ਬਾਅਦ ਵਿਚ ਆਉਣੀ ਸੀ। ਹਾਈ ਕੋਰਟ ਵਿਚ ਪਹਿਲਾਂ ਹੀ ਲੱਖਾਂ ਕੇਸ ਪੈਂਡਿੰਗ ਪਏ ਸਨ ਤੇ ਇਹ ਕੇਸ ਵੀ ਉਹਨਾਂ ਕੇਸਾਂ ਵਿਚ ਸ਼ਾਮਿਲ ਹੋ ਗਿਆ ਸੀ।

ਧਰਮ ਰਾਜ ਦੇ ਦਰਬਾਰ ਵਿਚ ਚਰਚਾ ਹੋਣ ਲੱਗ ਪਈ ਸੀ। ਕਿ ਪੁਰਾਣੀ ਪੰਚੈਤ ਨੇ ਵਿੰਗੀ ਗਲੀ ਦੀ ਥਾਂ ਸਿੱਧੀ ਗਲੀ ਬਣਾ ਦਿੱਤੀ ਸੀ। ਪੰਜਾਬ ਸਰਕਾਰ ਤੇ ਡਾਇਰੈਕਟਰ ਪੰਚੈਤ ਨੇ ਇਸਨੂੰ ਪ੍ਰਵਾਨਗੀ ਦੇ ਦਿੱਤੀ ਸੀ ਤੇ ਫਿਰ ਇਸ ਮਮੂਲੀ ਕੇਸ ਦਾ ਹਾਈ ਕੋਰਟ ਵਿਚ ਇੰਨੇ ਲੰਮੇ ਸਮੇਂ ਤੱਕ ਫੈਸਲਾ ਕਿਉਂ ਨਹੀਂ ਸੀ ਹੋ ਰਿਹਾ? ਉਹ ਅਚੰਭਿੰਤ ਹੋ ਰਹੇ ਸਨ ਕਿ ਮਾਤ ਲੋਕ ਦੀਆਂ ਅਦਾਲਤਾਂ ਵਿਚ ਮਮੂਲੀ ਕੇਸਾਂ ਦੇ ਫੈਸਲੇ ਕਿਉਂ ਨਹੀਂ ਹੁੰਦੇ? ਤੇ ਪੈਂਡਿੰਗ ਕੇਸਾਂ ਦੀ ਗਿਣਤੀ ਲੱਖਾਂ ਵਿਚ ਵਧਦੀ ਜਾ ਰਹੀ ਏ... ਵਧਦੀ ਹੀ ਜਾ ਰਹੀ ਏ।

ਪਰ ਪਰਲੋਕ ਦਾ ਨਿਆਂ ਮੰਤਰੀ ਧਰਮ ਰਾਜ ਦੇ ਦਰਬਾਰ ਵਿਚ ਦੱਸ ਰਿਹਾ ਸੀ ਕਿ ਮਾਤਲੋਕ ਵਿਚ ਕੰਮ ਹੀ ਇਦਾਂ ਚਲਦਾ ਏ। ਜੱਜ ਆਖਦੇ ਨੇ ਕਿ ਅਦਾਲਤਾਂ ਵਿਚ ਜੱਜਾਂ ਦੀਆਂ ਅੱਧੀਆਂ ਤੋਂ ਵੱਧ ਥਾਵਾਂ ਖਾਲੀ ਪਈਆਂ ਹਨ। ਤੇ ਸਰਕਾਰ ਜੱਜਾਂ ਦੀਆਂ ਨਿਯੁਕਤੀਆਂ ਕਰਦੀ ਨਹੀਂ। ਫਿਰ ਕੋਰਟ ਕੇਸ ਪੈਂਡਿੰਗ ਹੋਣੇ ਹੀ ਹੋਏ, ਤੇ ਵਕੀਲਾਂ ਦੀ ਆਮ ਤੌਰ ਉੱਤੇ ਦਿਲਚਸਪੀ ਨਵੇਂ ਕੇਸ ਪਾਉਣ ਤੇ ਪੁਰਾਣੇ ਕੇਸ ਲਮਕਾਉਣ ਵਿਚ ਹੁੰਦੀ ਏ। ਉਹਨਾਂ ਨੂੰ ਕੇਸ ਪਾਉਣ ਦੇ ਮੂੰਹ ਮੰਗੇ ਪੈਸੇ ਜੁ ਮਿਲਦੇ ਨੇ। ਪੀੜਤ ਕਲਾਈਂਡ ਪੈਸੇ ਦਿੰਦੇ ਰੋਣ ਤਾਂ ਰੋਈ ਜਾਣ। ਕੇਸਾਂ ਦੇ ਫੈਸਲੇ ਹੋਣ ਨਾ ਹੋਣ, ਇਸਦੀ ਉਨ੍ਹਾਂ ਨੂੰ ਕੋਈ ਪਰਵਾਹ ਨਹੀਂ। ਉਹਨਾਂ ਨੂੰ ਵੀ ਤਾਂ ਆਖਰ ਪੈਸੇ ਚਾਹੀਦੇ ਨੇ... ਉੱਚ ਦਰਜੇ ਦਾ ਜੀਵਨ ਜੀਣ ਲਈ। ਜਿਹੜਾ ਕਿ ਉਨ੍ਹਾਂ ਦਾ ਜਨਮ ਸਿੱਧ ਅਧਿਕਾਰ ਏ। ਇਕ ਦਿਨ ਕਲਾਈਂਟ ਕੁਲਵੰਤ ਆਪਣੇ ਹਾਈ ਕੋਰਟ ਦੇ ਵਕੀਲ ਵੀਰਪਾਲ ਕੋਲ ਆਪਣੇ ਕੇਸ ਦਾ ਪਤਾ ਕਰਨ ਲਈ ਗਿਆ ਸੀ। ਵੀਰਪਾਲ ਨੇ ਉਹਦੀ ਜਨਮ ਮਿਤੀ ਪੁੱਛਕੇ ਕਿਹਾ, "ਅਛਿਆ ਤੇਰੀ ਉਮਰ ਸੱਠ ਸਾਲ ਤੋਂ ਉੱਤੇ ਹੋ ਗਈ ਏ, ਫੇਰ ਤਾਂ ਤੂੰ ਸੀਨੀਅਰ ਸਿਟੀਜਨ ਏਂ।" ਤੇ ਉਹਨੇ ਸੀਨੀਅਰ ਸਿਟੀਜਨ ਦਾ ਸਰਟੀਫਿਕੇਟ ਲਾ ਕੇ ਉਹਦਾ ਐਡਮਿਟ ਹੋਇਆ ਕੇਸ ਮੁੜ ਹਾਈ ਕੋਰਟ ਦੇ ਡਬਲ ਬੈਂਚ ਕੋਲ ਲਗਵਾ ਦਿੱਤਾ ਸੀ। ਪਰ ਉਸ ਡਬਲ ਬੈਂਚ ਕੋਲ ਅਜਿਹੇ ਪੈਂਡਿੰਗ ਕੇਸਾਂ ਦੇ ਢੇਰ ਲੱਗੇ ਹੋਏ ਸਨ... ਤੇ ਉਹਦਾ ਕੇਸ ਵੀ ਹਾਈ ਕੋਰਟ ਦੇ ਰੀਕਾਰਡ ਰੂਮ ਤੋਂ ਨਿਕਲ ਕੇ ਡਬਲ ਬੈਂਚ ਦੇ ਕੇਸਾਂ ਵਿਚ ਸਭ ਤੋਂ ਪਿੱਛੇ ਟੇਲ ਉੱਤੇ ਲੱਗ ਗਿਆ ਸੀ।

ਕੇਸ ਪਾਉਣ ਵਾਲੀ ਪੰਚੈਤ ਤੋਂ ਅਗਲੀ ਟਰਮ ਵਾਲੇ ਪੰਚਾਂ ਨੇ ਇਹ ਕੇਸ ਹਾਈ ਕੋਰਟ ਤੋਂ ਵਾਪਸ ਲੈਣ ਦੀ ਅਪੀਲ ਪਾ ਦਿੱਤੀ ਸੀ। ਪੰਚਾਂ ਨੇ ਕੇਸ ਵਾਪਸ ਲੈਣ ਦਾ ਕਾਰਨ ਲਿਖਿਆ ਸੀ.... ਕਿ ਪੰਚੈਤ ਨੂੰ ਇਹ ਕੇਸ ਲੜਨ ਦਾ ਕੋਈ ਫਇਦਾ ਨਹੀਂ ਹੋ ਰਿਹਾ... ਕਿਉਂਕਿ ਪੰਚੈਤ ਨੇ ਜਿੰਨੀ ਥਾਂ ਵਿੰਗੀ ਗਲੀ ਦੀ ਦਿੱਤੀ ਏ... ਮਾਲਕ ਦੀ ਉਸ ਤੋਂ ਵੱਧ ਥਾਂ ਸਿੱਧੀ ਗਲੀ ਬਣਾਉਣ ਲਈ ਲੈ ਗਈ ਏ। ਤੇ ਹਾਈ ਕੋਰਟ ਦੇ



ਮਾਨਯੋਗ ਜੱਜ ਨੇ ਮੈਜੋਰਿਟੀ ਪੰਚਾਂ ਦੀ ਅਪੀਲ 'ਮੇਨ ਕੇਸ ਨਾਲ ਸੁਣਵਾਈ ਕਰਨ ਲਈ' ਪੰਚੈਤ ਦੇ ਕੋਰਟ ਕੇਸ ਵਿਚ ਸ਼ਾਮਿਲ ਕਰ ਲਈ ਸੀ।

ਇਸ ਕੇਸ ਦੀ ਹਾਈ ਕੋਰਟ ਵਿਚ ਕੋਈ ਸੁਣਵਾਈ ਨਾ ਹੁੰਦੀ ਦੇਖ, ਉਸ ਤੋਂ ਅਗਲੀ ਟਰਮ ਵਾਲੀ ਪੰਚੈਤ ਤੇ ਮੈਜੋਰਿਟੀ ਪੰਚਾਂ ਨੇ ਫਿਰ ਇਹ ਕੇਸ ਹਾਈ ਕੋਰਟ ਵਿਚੋਂ ਵਾਪਸ ਲੈਣ ਦੀ ਅਪੀਲ ਦਾਇਰ ਕਰ ਦਿੱਤੀ ਸੀ। ਕਿਉਂਕਿ ਸਰਪੰਚ ਨੇ ਵਿਰੋਧੀ ਧੜੇ ਦਾ ਹੋਣ ਕਰਕੇ... ਕੇਸ ਵਾਪਸ ਲੈਣ ਲਈ ਪੰਚੈਤ ਦਾ ਮਤਾ ਪਾਸ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਜਿਸ ਜੱਜ ਕੋਲ ਇਹ ਕੇਸ ਲੱਗਿਆ, ਮਾਨਯੋਗ ਜੱਜ ਨੇ ਆਰਡਰ ਕੀਤੇ, "ਗਰਾਮ ਪੰਚਾਇਤ ਪਰਾਸਿਊਇੰਗ ਦਾ ਕੇਸ। (ਭਾਵ ਪੰਚੈਤ ਕੇਸ ਦੀ ਪੈਰਵੀ ਕਰ ਰਹੀ ਏ।) ਤੇ ਪ੍ਰਾਰਥਕਾਂ ਨੂੰ ਪੰਚ ਹੁੰਦਿਆਂ ਵੀ ਕੋਰਟ ਵਿਚ ਪਹੁੰਚ ਕਰਨ ਦਾ ਅਧਿਕਾਰ ਨਹੀਂ।"

ਧਰਮ ਰਾਜ ਦੇ ਲੱਗੇ ਦਰਬਾਰ ਵਿਚ ਪਰਲੋਕ ਦੇ ਨਿਆਂ ਮੰਤਰੀ ਨੇ ਗਲ ਫੜੀ, "ਮੌਜੂਦਾ ਪੰਚੈਤ ਦੇ ਬਹੁਮਤ ਪੰਚਾਂ ਨੇ ਤਾਂ ਹਾਈ ਕੋਰਟ ਵਿਚ ਕੇਸ ਵਾਪਸ ਲੈਣ ਲਈ ਅਪੀਲ ਪਾਈ ਸੀ। ਤੇ ਕੋਰਟ ਕੇਸ ਪਾਉਣ ਵਾਲੀ ਪੁਰਾਣੀ ਪੰਚੈਤ ਨੇ ਹਾਈ ਕੋਰਟ ਵਿਚ ਕੇਸ ਦੀ ਪੈਰਵੀਂ ਕੀ ਕਰਨੀ ਸੀ? ਕਿਉਂਕਿ ਕੇਸ ਪਾਉਣ ਵਾਲੀ ਪੁਰਾਣੀ ਪੰਚੈਤ ਦੀ ਮੈਜੋਰਿਟੀ ਪੰਚ ਤਾਂ ਪਰਲੋਕ ਵਿਚ ਪਹੁੰਚ ਗਏ ਨੇ।"

ਪਰਲੋਕ ਦੇ ਨਿਆਂ ਮੰਤਰੀ ਨੇ ਕਿਹਾ, "ਹੋਵੇ ਨਾ ਹੋਵੇ ਤਾਂ ਇਸ ਕੇਸ ਦੀ ਅਪੀਲ, ਪਰਲੋਕ ਵਿਚ ਪੁੱਜੇ ਪੁਰਾਣੀ ਪੰਚੈਤ ਦੇ ਮੈਜੋਰਿਟੀ ਪੰਚਾਂ ਨੇ ਹੀ ਪਰਲੋਕ ਦੀ ਅਦਾਲਤ ਵਿਚ ਛੇਤੀ ਸੁਣਵਾਈ ਲਈ ਪਾਈ ਹੋਵੇਗੀ। ਇਸੇ ਕਰਕੇ ਇਹ ਕੇਸ ਪਰਲੋਕ ਦੀ ਅਦ੍ਰਿਸ਼ ਸ਼ਕਤੀ ਰਾਹੀਂ ਪਰਲੋਕ ਦੀ ਅਦਾਲਤ ਵਿਚ ਆ ਗਿਆ ਏ। ਜਿਸ ਉੱਤੇ ਹੁਣ ਵਿਚਾਰ ਕੀਤਾ ਜਾ ਰਿਹਾ ਏ।"

ਪਰਲੋਕ ਦੇ ਨਿਆਂ ਮੰਤਰੀ ਨੇ ਚਿੰਤਿਤ ਹੁੰਦਿਆ ਕਿਹਾ, "ਪਰਲੋਕ ਵਿਚ ਤਾਂ ਕੋਈ ਜੰਮਦਾ ਤੇ ਮਰਦਾ ਨਹੀਂ, ਸਾਰੇ ਅਮਰ ਨੇ। ਪਰ ਮਾਤਲੋਕ ਵਿਚ ਇਕ ਕੁੜੀ ਜੰਮ ਕੇ ਅਠਾਰਾ ਸਾਲਾਂ ਦੀ ਹੋ ਕੇ ਵਿਆਹੁਣ ਯੋਗ ਹੋ ਜਾਂਦੀ ਏ। ਪਰ ਮਾਤਲੋਕ ਦੀ ਅਦਾਲਤ ਪਿਛਲੇ 18 ਸਾਲਾਂ ਤੋਂ 'ਵਿੰਗੀ ਗਲੀ' ਜਾਂ 'ਸਿੱਧੀ ਗਲੀ' ਵਿਚੋਂ ਕਿਸੇ ਇਕ ਦੇ ਹੱਕ ਵਿਚ ਫੈਸਲਾ ਨਹੀਂ ਕਰ ਪਾ ਰਹੀਂ... ਕਿਉਂ ਨਾ ਇਸ ਕੇਸ ਦਾ ਫੈਸਲਾ... ਪਰਲੋਕ ਦੀ ਅਦਾਲਤ ਵਿਚ ਹੁਣ ਕਰ ਦਿੱਤਾ ਜਾਵੇ।"

ਪਰਲੋਕ ਦਾ ਨਿਆ ਮੰਤਰੀ ਇਸ ਕੇਸ ਦਾ ਫੈਸਲਾ ਕਰਨ ਲਈ ਰਸਤਾ ਤਲਾਸ਼ ਕਰਨ ਲੱਗਿਆ, "ਕੇਸ ਪਾਉਣ ਵਾਲਾ ਪੁਰਾਣੀ ਪੰਚੈਤ ਦਾ ਸਰਪੰਚ ਤੇ ਮੈਜੋਰਿਟੀ ਪੰਚ ਪਰਲੋਕ ਵਿਚ ਪਹੁੰਚੇ ਹੋਏ ਨੇ। ਪੰਚੈਤ ਦਾ ਇਕ ਵਕੀਲ ਵੀ ਪਰਲੋਕ ਵਿਚ ਮੌਜੂਦ ਏ। ਤੇ ਦੂਸਰੀ ਧਿਰ ਪੀੜਤ ਧਿਰ ਦਾ ਕਲਾਈਂਟ ਕੁਲਵੰਤ ਅਤੇ ਉਹਦੇ ਇਕ ਵਕੀਲ ਨੂੰ ਰਾਤ ਨੂੰ ਸੁਪਨੇ ਦੇ ਬਹਾਨੇ ਨਾਲ ਪਰਲੋਕ ਵਿਚ ਬੁਲਾਕੇ, ਉਹਨਾਂ ਦਾ ਪੱਖ ਜਾਣ ਲਿਆ ਜਾਵੇ।" ਪਰ ਫਿਰ ਪਰਲੋਕ ਦੇ ਨਿਆਂ ਮੰਤਰੀ ਨੇ ਡਰ ਪ੍ਰਗਟ ਕੀਤਾ, "ਭਾਵੇਂ ਸੁਪਨੇ ਵਿਚ ਹੀ ਸਹੀ... ਪਰ ਪਹਿਲਾਂ ਹੀ ਇਸ ਕੇਸ ਕਰਕੇ ਸਦਮੇ ਤੇ ਡਿਪਰੈਸ਼ਨ ਵਿਚ ਰਹਿ ਰਿਹਾ... ਕਲਾਈਂਟ ਕੁਲਵੰਤ ਪਰਲੋਕ ਦੀ ਅਦਾਲਤ ਤੋਂ ਡਰਕੇ ਕਿਤੇ ਪ੍ਰਾਣ ਤਿਆਗ ਕੇ ਪਰਲੋਕ ਵਿਚ ਹੀ ਨਾ ਰਹਿ ਜਾਵੇ। ਤੇ ਫਿਰ ਪਰਲੋਕ ਵਿਚ ਸਾਨੂੰ ਉਹਦਾ ਨਵਾਂ ਕੇਸ ਖੋਲ੍ਹਣਾ ਪਵੇ।"

ਇਸ ਲਈ ਪਰਲੋਕ ਦੇ ਨਿਆਂ ਮੰਤਰੀ ਨੇ ਅਜੇ ਇਸ ਕੇਸ ਨੂੰ ਪਹਿਲਾਂ ਹੀ ਉਹਦੇ ਨਿਆਂ ਮੰਤਰਾਲੇ ਵਿਚ ਪਏ ਪੈਂਡਿੰਗ ਕੇਸਾਂ ਦੇ ਢੇਰ ਵਿਚ ਸ਼ਾਮਿਲ ਕਰ ਦਿੱਤਾ ਸੀ।

**ਪਤਾ- ਪਿੰਡ ਮਾਜਰੀ, ਡਾ. ਸਿਆਲਬਾ ਮਾਜਰੀ, ਜ਼ਿਲ੍ਹਾ ਮੁਹਾਲੀ**-140110,
**ਮੁਬਾਇਲ**-8847201454, 98881-29977

## *ਕਹਾਣੀ* / ਬੇਟੀ ਕਾ ਬਾਪ / - ਕੇਸਰਾ ਰਾਮ

ਮੈਂ ਮਰੀਜ਼ਾਂ ਦੇ ਅਲਟ੍ਰਾਸਾਉਂਡ ਕਰਨ ਵਿਚ ਰੁੱਝੀ ਹੋਈ ਸਾਂ। ਰੋਜ਼ਾਨਾ ਵਾਂਗ ਅੱਜ ਵੀ ਭੀੜ ਕਾਫੀ ਸੀ। ਸਰਕਾਰੀ ਹਸਪਤਾਲ ਵਿਚ ਜੇ ਸੁਵਿਧਾਵਾਂ ਹੋਣ ਅਤੇ ਡਾਕਟਰ ਦਾ ਮਰੀਜ਼ਾਂ ਨਾਲ ਵਤੀਰਾ ਵੀ ਚੰਗਾ ਹੋਵੇ ਤਾਂ ਮਰੀਜ਼ਾਂ ਦੀ ਕੋਈ ਕਮੀ ਨਹੀਂ ਰਹਿੰਦੀ।

ਗੇਟ 'ਤੇ ਡਿਊਟੀ ਵਾਲਾ ਬੈਰਰ ਰਾਜੂ ਲਗਾਤਾਰ ਪਰਚੀਆਂ ਲਿਆ-ਲਿਆ ਕੇ ਨੰਬਰ ਅਨੁਸਾਰ ਪਹਿਲਾਂ ਪਈਆਂ ਪਰਚੀਆਂ ਦੇ ਥੱਲੇ ਰੱਖਦਾ ਜਾ ਰਿਹਾ ਸੀ। ਅਲਟ੍ਰਾਸਾਉਂਡ ਕਰਵਾਉਣ ਵਾਲਿਆਂ ਵਿਚ ਮਰਦ ਤਾਂ ਬਹੁਤ ਘੱਟ ਹੁੰਦੇ ਹਨ। ਔਰਤਾਂ ਹੀ ਵਧ ਹੁੰਦੀਆਂ ਹਨ। ਖ਼ਾਸ ਕਰ ਕੇ ਗਰਭਵਤੀ ਔਰਤਾਂ।

ਇਕ ਤਾਂ ਖਾਣ-ਪੀਣ ਅਤੇ ਰਹਿਣ-ਸਹਿਣ ਹੀ ਅਜਿਹਾ ਹੋ ਗਿਆ ਹੈ ਕਿ ਕੰਪਲੀਕੇਸ਼ਨਸ਼ ਬਹੁਤ ਆਉਣ ਲੱਗ ਪਈਆਂ ਹਨ। ਦੂਜਾ, ਡਾਕਟਰ ਵੀ ਆਪਣੀ ਸੇਫ ਸਾਈਡ ਰੱਖਦੇ ਹਨ। ਕਿਤੇ ਕੋਈ ਕੋਰਟ 'ਚ ਹੀ ਨਾ ਪਹੁੰਚ ਜਾਵੇ ਕਿ ਦੇਖੋ ਜੀ, ਡਾਕਟਰ ਨੇ ਬਿਨਾ ਟੈਸਟ ਕੀਤੇ ਸਿਰਫ ਅੰਦਾਜ਼ੇ ਨਾਲ ਹੀ ਦਵਾਈ ਕਿਵੇਂ ਦੇ ਦਿੱਤੀ? ਤੇ ਤੀਜਾ...?

ਐਤਕੀਂ ਰਾਜੂ ਨੇ ਪਰਚੀ ਲਿਆ ਕੇ ਰੱਖੀ ਨਹੀਂ। ਮੇਰੇ ਸਾਹਮਣੇ ਕਰ ਕੇ ਬੋਲਿਆ, "ਡਾ. ਅਮਿਤ ਆਏ ਨੇ ਜੀ। ਉਹਨਾਂ ਦੀ ਮਿਸਿਜ ਦਾ ਅਲਟ੍ਰਾਸਾਉਂਡ ਹੈ।"

ਡਾ. ਅਮਿਤ ਇਸੇ ਹਸਪਤਾਲ ਵਿਚ ਮੈਡਿਸਿਨ ਵਿਸ਼ੇਸ਼ੱਗ ਹਨ। ਉਹਨਾਂ ਦੀ ਪਤਨੀ ਕਾਲਜ ਵਿਚ ਲੈਕਚਰਰ ਹੈ। ਮੈਂ ਉਹਨਾਂ ਦੀ ਪਤਨੀ ਨੂੰ ਜਾਣਦੀ ਹਾਂ। ਇਕ ਫੰਕਸ਼ਨ ਵਿਚ ਮਿਲੀ ਹੋਈ ਹਾਂ।

ਮੈਂ ਚੱਲ ਰਿਹਾ ਅਲਟ੍ਰਾਸਾਉਂਡ ਵਿਚਾਲੇ ਛੱਡ ਕੇ ਬਾਹਰ ਆਈ ਅਤੇ, "ਆਓ ਡਾ. ਸਾਹਬ, ਅੰਦਰ ਆ ਜਾਓ।" ਕਹਿੰਦਿਆਂ ਉਹਨਾਂ ਦੀ ਪਤਨੀ ਪ੍ਰੋ. ਮੰਜੂ ਨੂੰ ਵੀ ਵਿਸ਼ ਕੀਤੀ।

"ਨਹੀਂ ਡੌਕ ਸਾਹਬ, ਤੁਸੀਂ ਕਰੋ ਕੰਮ। ਮੈਡਮ ਬੈਠੇ ਨੇ, ਕਰਾ ਲੈਣਗੇ।" ਕਹਿੰਦਿਆਂ ਡਾ. ਅਮਿਤ ਵਾਪਸ ਚਲੇ ਗਏ। ਮੈਨੂੰ ਪਤਾ ਹੈ, ਮੈਡਿਸਿਨ ਵਿਚ ਤਾਂ ਭੀੜ ਹੀ ਬਹੁਤ ਹੁੰਦੀ ਹੈ।

ਬਾਹਰ ਬੈਂਚਾਂ 'ਤੇ ਆਪਣੀ ਵਾਰੀ ਦੀ ਉਡੀਕ ਵਿਚ ਬੈਠੀਆਂ ਔਰਤਾਂ ਨੇ ਮੇਰੇ ਵੱਲ ਸਵਾਲੀਆਂ ਨਜ਼ਰਾਂ ਨਾਲ ਤੱਕਿਆ। ਜੋ ਲੱਗਭਗ ਪੂਰੇ ਦਿਨਾਂ ਤੋਂ ਸਨ, ਕਈ ਤਾਂ ਵਿਚਾਰੀਆਂ ਕਾਫੀ ਪਰੇਸ਼ਾਨ ਤੇ ਔਖੀਆਂ ਬੈਠੀਆਂ ਸਨ।

ਪ੍ਰੋ. ਮੰਜੂ ਨੂੰ ਆਪਣੇ ਰੂਮ ਵਿਚ ਬਿਠਾ ਕੇ ਮੈਂ ਨਾਲ ਦੀ ਨਾਲ ਰਾਜੂ ਨੂੰ ਅਗਲਾ ਪੇਸ਼ੰਟ ਬੁਲਾਉਣ ਲਈ ਕਹਿ ਦਿੱਤਾ ਤਾਂਕਿ ਉਹਨਾਂ ਨੂੰ ਕੁਝ ਤਾਂ ਤਸੱਲੀ ਹੋਵੇ ਕਿ ਵਾਰੀ ਸਿਰ ਹੀ ਸੱਦਿਆ ਜਾ ਰਿਹਾ ਹੈ।

ਕਈ ਵਾਰੀ ਕਿਸੇ ਨੂੰ ਵਾਰੀ ਤੋੜ ਕੇ ਵੀ ਦੇਖਣਾ ਪੈ ਜਾਂਦਾ ਹੈ।

ਇੰਤਜ਼ਾਰ ਕਰ ਕਰ ਕੇ ਥੱਕੇ ਹੋਏ ਮਰੀਜ਼ ਅਕਸਰ ਰੌਲ਼ਾ ਵੀ ਪਾ ਦਿੰਦੇ ਨੇ ਕਿ ਜਾਣ-ਪਛਾਣ ਵਾਲੇ ਅਤੇ ਸਿਫਾਰਸ਼ੀਆਂ ਨੂੰ ਹੀ ਪਹਿਲਾਂ ਦੇਖ ਰਹੇ ਨੇ ਭਾਈ, ਮ੍ਹਾਤੜ ਗ਼ਰੀਬਾਂ ਨੂੰ ਕਿਹੜਾ ਪੁੱਛਦੈ! ਤੇ ਫੇਰ ਉਹਨਾਂ ਨੂੰ ਸੰਭਾਲਣਾ ਔਖਾ ਹੋ ਜਾਂਦਾ ਹੈ। ਸੋ ਝੱਟ ਅਗਲੇ ਮਰੀਜ਼ ਲਈ ਆਵਾਜ਼ ਪੈ ਜਾਣ ਤੋਂ ਬਾਅਦ ਸ਼ਾਂਤੀ ਬਣੀ ਰਹੀ।

ਆਉਣ ਵਾਲੀ ਮਰੀਜ਼ ਪੱਚੀ ਕੁ ਸਾਲਾਂ ਦੀ ਦਰਮਿਆਨੀ ਕੱਦ-ਕਾਠੀ ਦੀ ਸਧਾਰਣ ਜਿਹੀ ਔਰਤ ਸੀ। ਰੰਗ ਸਾਫ। ਚੰਗੇ ਸਾਫ-ਸੁਥਰੇ ਕਪੜੇ ਪਾਏ ਹੋਏ। ਪਰ ਉਦਾਸ ਅਤੇ ਲਿੱਸਾ ਜਿਹਾ ਚਿਹਰਾ। ਝੱਪ-ਝੱਪ ਝੰਮਕਦੀਆਂ ਅੱਖਾਂ ਵਿਚ ਡਰ, ਖ਼ੱਦਸ਼ਾ ਪਰ ਕਿਤੇ ਨਾ ਕਿਤੇ ਮੱਧਮ ਜਿਹੀ ਆਸ ਦਾ ਭਾਵ ਵੀ। ਮੈਂ ਪਰਚੀ 'ਚੋਂ ਪੜ੍ਹਿਆ- ਪਹਿਲਾਂ ਉਸ ਦੇ ਦੋ ਲੜਕੀਆਂ ਸੀ। ਪੇਡੂ ਤੋਂ ਲੈ ਕੇ ਬੱਚੇਦਾਨੀ ਦੇ ਆਲ਼ੇ-ਦੁਆਲੇ ਪੇਟ ਦੁਖਣ ਦੀ ਉਸਨੂੰ ਸ਼ਿਕਾਇਤ ਸੀ।



ਅਲਟ੍ਰਾਸਾਉਂਡ ਕਰਦਿਆਂ ਮੈਂ ਪੁੱਛਿਆ, "ਤਕਲੀਫ ਕਿੱਥੇ ਕੁ ਹੈ?"

ਉਹ ਬੋਲੀ, "ਤਕਲੀਫ ਤਾਂ ਮੇਰੇ ਕਰਮਾਂ ਵਿਚ ਹੈ ਡਾਕਟਰਨੀ ਜੀ।" ਅਤੇ ਰੋਣ ਲੱਗ ਪਈ।

ਇਹਨਾਂ ਦਿਨਾਂ ਦੌਰਾਨ ਥੋੜ੍ਹੀ ਬਹੁਤ ਡਿਪਰੈਸ਼ਨ ਵਰਗੀ ਹਾਲਤ ਵਿਚ ਕਈ ਔਰਤਾਂ ਅਕਸਰ ਇਉਂ ਕਰਨ ਲੱਗ ਪੈਂਦੀਆਂ ਹਨ, ਸੋਚਦਿਆਂ ਮੈਂ ਕਿਹਾ, "ਕੋਈ ਗੱਲ ਨਹੀਂ, ਹੁਣ ਇਥੇ ਆ ਗਈ ਐਂ ਤਾਂ ਸਭ ਠੀਕ ਹੋਜੂ। ਰੋ ਨਾ।" ਅਤੇ ਕੀ-ਬੋਰਡ ਨਾਲ ਯੂ.ਐਸ.ਜੀ. ਦੀ ਇੰਟੈਂਸਿਟੀ ਸੈੱਟ ਕਰਨ ਲੱਗੀ।

ਮੇਰੇ ਇੰਨਾ ਕਹਿਣ ਦੀ ਦੇਰ ਸੀ ਕਿ ਝੱਟ ਰੋਣਾ ਬੰਦ ਕਰ ਕੇ ਉਸ ਨੇ ਮੇਰੇ ਵੱਲ ਆਸ ਭਰੀਆਂ ਨਜ਼ਰਾਂ ਨਾਲ ਤੱਕਿਆ ਅਤੇ ਪੁੱਛਿਆ, "ਕੀ ਹੈ, ਡਾਕਟਰਨੀ ਜੀ?"

"ਕੋਈ ਬਿਮਾਰੀ ਨਹੀਂ ਹੈ ਤੈਨੂੰ। ਮੈਂ ਦੇਖ ਲਿਐ... ਸਭ ਕੁਝ ਨਾਰਮਲ।"

"ਨਹੀਂ, ਊਂ ਕੀ ਐ?"

"ਊਂ ਵੀ ਨਾਰਮਲ ਹੈ, ਬੱਚੇ ਦੀ ਗ੍ਰੋਥ, ਮੈਚਿਉਰਿਟੀ, ਧੜਕਨ, ਫਲਿਊਡ, ਡਿਫੋਰਮਿਟੀ, ਆਲ ਓਕੇ।"

"ਮੇਰੇ ਪੇਟ ਵਿਚ ਕੀ ਹੈ?" ਕਹਿ ਕੇ ਉਹ ਬੁਸਕਣ ਲੱਗ ਪਈ।

"ਤੇਰੇ ਪੇਟ ਵਿਚ ਤੇਰਾ ਅੰਸ਼ ਹੈ, ਹੋਰ ਕੀ ਹੈ?"

"ਅੰਸ਼ ਨਹੀਂ, ਮੇਰਾ ਕਾਲ਼ ਹੈ।" ਕਹਿੰਦਿਆਂ ਉਸਨੇ ਮੇਰਾ ਹੱਥ ਫੜ ਲਿਆ ਅਤੇ ਪਹਿਲਾਂ ਵਾਂਗ ਹੀ ਹਟਕੋਰੇ ਲੈਂਦੀ ਰਹੀ।

"ਓਹੋ! ਦੇਖ," ਮੈਂ ਪਰਚੀ 'ਚੋਂ ਉਸ ਦਾ ਨਾਂ ਦੇਖ ਕੇ ਕਿਹਾ, "ਕੰਚਨ, ਸਿਆਣੀ ਬਣ। ਪਹਿਲਾਂ ਕਿੰਨੇ ਬੱਚੇ ਨੇ ਤੇਰੇ?"

"ਦੋ ਕੁੜੀਆਂ ਨੇ।" ਉਸ ਨੇ ਦੱਸਿਆ।

"ਉਹ ਤੈਨੂੰ ਕਾਲ਼ ਲੱਗਦੀਆਂ ਨੇ?"

ਕੋਈ ਜਵਾਬ ਨਾ ਦੇ ਕੇ ਉਹ ਅਲਟ੍ਰਾਸਾਉਂਡ ਮੋਨੀਟਰ ਵੱਲ ਦੇਖਣ ਲੱਗੀ। ਕੁਝ ਪਲਾਂ ਦੇ ਵਕਫ਼ੇ ਮਗਰੋਂ ਛੱਤ ਵੱਲ ਦੇਖਦਿਆਂ ਬੋਲੀ, "ਸੱਸ ਨੂੰ ਪੋਤਾ ਚਾਹੀਦੈ। ਉਹਨੇ ਮੈਨੂੰ ਜੀਉਣ ਨਹੀਂ ਦੇਣਾ। ਡਾਕਟਰਨੀ ਜੀ, ਮੈਂ ਮਰਜੂੰਗੀ, ਕੁਸ ਖਾ ਕੇ।"

"ਕੁਝ ਨ੍ਹੀਂ ਖਾਣ ਦੀ ਲੋੜ। ਪੰਜੀਰੀ ਖਾ ਤੇ ਸਿਹਤ ਬਣਾ। ਠੀਕ ਐ ਨਾ!" ਮੈਂ ਉਸਨੂੰ ਨਾਰਮਲ ਕਰਨ ਦੀ ਗਰਜ਼ ਨਾਲ ਕਿਹਾ।

"ਕੁੜੀਆਂ ਦੀ ਮਾਂ ਨੂੰ ਕੋਈ ਨ੍ਹੀਂ ਪੰਜੀਰੀ ਦਿੰਦਾ।" ਉਸਨੇ ਬੁਸਕਦਿਆਂ ਕਿਹਾ।

"ਪਹਿਲੀਆਂ ਕੁੜੀਆਂ ਵੇਲੇ ਨਹੀਂ ਮਿਲੀ ਸੀ?"

"ਸਿਰਫ ਪਹਿਲੀ ਇਕ ਵੇਲੇ ਈ ਮਿਲੀ ਸੀ।" ਉਸਨੇ ਸਹਿਜ ਹੀ ਕਿਹਾ।

ਸੁਣ ਕੇ ਮੈਨੂੰ ਹੰਸੀ ਆ ਗਈ, "ਲੈ, ਤੂੰ ਤਾਂ ਪੰਜੀਰੀ ਖਾਣ ਲਈ ਮਰੀ ਜਾਨੀਐਂ! ਮੋਟੀ ਹੋਜੇਂਗੀ।"

ਰਿਪੋਰਟ ਪ੍ਰਿੰਟ ਕਰਦਿਆਂ ਮੈਂ ਕਿਹਾ, "ਚੱਲ ਨਾ ਦੇਣ ਪੰਜੀਰੀ। ਵਿਦੇਸ਼ਾਂ ਵਿਚ ਜਾਪੇ ਵਾਲੀਆਂ ਕਿਹੜਾ ਪੰਜੀਰੀ ਖਾਂਦੀਆਂ ਨੇ। ਫਿਰ ਵੀ ਦੇਖ ਲੈ ਕਿਵੇਂ ਸਾਰੀਆਂ ਈ ਲਾਲ ਟਮਾਟਰ ਵਰਗੀਆਂ ਹੁੰਦੀਆਂ ਨੇ। ਮੁੰਡੇ-ਕੁੜੀ ਦਾ ਵੀ ਕੋਈ ਚੱਕਰ ਨਹੀਂ ਉਥੇ ਤਾਂ।"

ਉਸਨੇ ਮੇਰੇ ਵੱਲ ਇਉਂ ਦੇਖਿਆ ਜਿਵੇਂ ਮੈਂ ਉਸਨੂੰ ਵਰਿਆਉਣ ਲਈ ਝੂਠ ਬੋਲ ਰਹੀ ਹੋਵਾਂ।

"ਅੱਜਕਲ੍ਹ ਏਨੇ-ਏਨੇ ਜਵਾਕਾਂ ਨੂੰ ਕੋਈ ਪੁੱਗਦੈ ਭਲਾ? ਸਾਰਾ ਲਾਣਾ ਈ ਬਸ ਕੇਰਾਂ ਹੋਰ ਦੇਖ ਲੈ, ਕੇਰਾਂ ਹੋਰ ਦੇਖ ਲੈ, ਕਹਿ ਕੇ ਪਿੱਛੇ ਪਿਆ ਹੋਇਐ..." ਕਹਿੰਦਿਆਂ ਉਸਨੇ ਮੇਰੇ ਦੋਵੇਂ ਹੱਥ ਫੜ ਲਏ ਅਤੇ ਮਿੰਨਤਾਂ ਕਰਨ ਲੱਗੀ, "ਮੈਨੂੰ ਬਚਾ ਲਓ ਡਾਕਟਰਨੀ ਜੀ। ਮੇਰਾ ਕੁੱਝ ਵੀ ਨ੍ਹੀਂ ਦੁੱਖਦਾ, ਬਸ ਤੁਸੀਂ ਏਨਾ ਦੱਸ ਦਿਓ ਬਈ ਮੇਰੇ ਪੇਟ ਵਿਚ ਕੀ ਐ?"

ਲੱਗਿਆ ਜਿਵੇਂ ਚਾਣਚੱਕ ਉਸ ਵਿਚ ਬੜਾ ਭਾਰੀ ਜੋਸ਼ ਆ ਗਿਆ ਹੋਵੇ। ਕਰੋ ਜਾਂ ਮਰੋ ਵਾਲੀ ਸਥਿਤੀ।

"ਦੇਖ ਕੰਚਨ, ਨਾਸਮਝਾਂ ਵਾਲੀਆਂ ਗੱਲਾਂ ਨਾ ਕਰ। ਇਉਂ ਕਰਨਾ ਗ਼ੈਰਕਾਨੂਨੀ ਹੈ। ਤੈਨੂੰ ਸਜ਼ਾ ਹੋ ਸਕਦੀ ਹੈ। ਤੇਰੇ ਨਾਲ ਕੌਣ ਆਇਐ?" ਕਹਿੰਦਿਆਂ ਮੈਂ ਬੈੱਲ ਮਾਰ ਦਿੱਤੀ।

"ਨਾਲ ਤਾਂ ਘਰਵਾਲਾ ਐ।" ਉਸਨੇ ਦੱਸਿਆ।

ਤਦੇ ਰਾਜੂ ਆ ਖੜ੍ਹਾ ਹੋਇਆ।

"ਕੰਚਨ ਦੇ ਨਾਲ ਕੌਣ ਹੈ, ਬੁਲਾਓ।" ਮੈਂ ਰਾਜੂ ਨੂੰ ਕਿਹਾ।

ਉਸ ਦੇ ਘਰਵਾਲੇ ਨੂੰ ਮੈਂ ਖ਼ੂਬ ਡਾਂਟਿਆ ਅਤੇ ਸਮਝਾਇਆ ਕਿ ਇਹ ਗ਼ੈਰਕਾਨੂਨੀ ਹੈ। ਉਂਝ ਵੀ ਅੱਜ ਦੇ ਜ਼ਮਾਨੇ ਵਿਚ ਮੁੰਡੇ-ਕੁੜੀ ਵਿਚ ਫ਼ਰਕ ਕਰਨ ਦਾ ਕੀ ਮਤਲਬ?

ਉਹ ਹੱਥ ਜੋੜ ਕੇ ਬੋਲਿਆ, "ਮੈਨੂੰ ਤਾਂ ਏਨਾ ਨ੍ਹੀਂ ਹੈ ਜੀ। ਬਸ ਬੀਬੀ ਈ ਕਰਦੀ ਐ ਖ਼ਰਾਬ।"

"ਬੀਬੀ ਨੂੰ ਸਮਝਾ ਬੀ ਹੁਣ ਜ਼ਮਾਨਾ ਬਦਲ ਗਿਐ। ਅਜਿਹੀਆਂ ਗੱਲਾਂ ਨਾਲ ਤੇਰੀਆਂ ਕੁੜੀਆਂ 'ਤੇ ਵੀ ਗਲਤ ਅਸਰ ਪਊ ਤੇ ਤੇਰੀ ਘਰਵਾਲੀ ਦੀ ਸਿਹਤ 'ਤੇ ਵੀ। ਸਮਝ ਰਿਹੈਂ ਨਾ? ਫਿਲਹਾਲ ਇਹ ਇਕਦਮ ਤੰਦਰੁਸਤ ਹੈ। ਬਾਕੀ ਡਾਕਟਰ ਸਾਹਬ ਦੇਖ ਲੈਣਗੇ।" ਉਸਨੂੰ ਰਿਪੋਰਟ ਫੜਾਉਂਦਿਆਂ ਮੈਂ ਕਿਹਾ, "ਇਹਦਾ ਨਾਂ ਹੀ ਕੰਚਨ ਨਹੀਂ, ਊਂ ਵੀ ਕੰਚਨ ਹੈ ਇਹ ਤੇਰੇ ਲਈ, ਜੇ ਸਮਝੇਂ ਤਾਂ।"

ਪ੍ਰੋ. ਮੰਜੂ ਨੂੰ ਵੀ ਦੇਖਣਾ ਸੀ, ਸੋ ਰਾਜੂ ਨੂੰ ਡਾ. ਅਮਿਤ ਨੂੰ ਬੁਲਾਉਣ ਲਈ ਕਹਿ ਦਿੱਤਾ।

ਮੰਜੂ ਨੂੰ ਲਿਟਾ ਕੇ ਪੇਟ 'ਤੇ ਜੈਲੀ ਲਾਈ। ਪਰਚੀ ਤੋਂ ਡਿਟੇਲ ਪੜ੍ਹ ਰਹੀ ਸਾਂ ਕਿ ਡਾ. ਅਮਿਤ ਆ ਗਏ।

ਪਰਚੀ ਵਿਚ ਲਿਖਿਆ ਹੋਇਆ ਸੀ- ਫ਼ਸਟ ਈਸ਼ੂ: ਫੀਮੇਲ। ਉਮਰ: ਪੰਜ ਸਾਲ। ਝੱਟ ਉਸ ਬੱਚੀ ਦੀ ਸ਼ਕਲ ਯਾਦ ਆ ਗਈ। ਪਿਆਰੀ ਜਿਹੀ ਗੁੜੀਆ। ਸਕੂਲ ਜਾਣ ਲੱਗ ਪਈ ਸੀ। ਪਿੱਛੇ ਇਕ ਫੰਕਸ਼ਨ ਵਿਚ ਸਾਰਿਆਂ ਦੀ ਖਿੱਚ ਦਾ ਕੇਂਦਰ ਬਣੀ ਰਹੀ ਸੀ। ਫਿਲਹਾਲ ਉਸ ਦਾ ਨਾਂ ਯਾਦ ਨਹੀਂ ਆ ਰਿਹਾ ਸੀ।

ਮੰਜੂ ਦਾ ਅਲਟ੍ਰਾਸਾਉਂਡ ਕਰਦਿਆਂ ਮੈਂ ਦੋਨਾਂ ਨੂੰ ਸਾਂਝੇ ਤੌਰ 'ਤੇ ਸੰਬੋਧਤ ਹੋਈ, "ਚੰਚਲ, ਚੁਲਬੁਲੀ ਗੁੜੀਆ ਦੇ ਕੀ ਹਾਲ ਨੇ?"

"ਜੀ ਬਿਲਕੁਲ ਠੀਕ। ਸਕੂਲ ਗਈ ਹੋਈ ਹੈ।" ਡਾ. ਅਮਿਤ ਨੇ ਚਹਿਕਦਿਆਂ ਜਵਾਬ ਦਿੱਤਾ। ਜਿਵੇਂ ਕਿ ਚੰਚਲ, ਚੁਲਬੁਲੀ ਗੁੜੀਆ ਦਾ ਜ਼ਿਕਰ ਆਉਣ ਸਾਰ ਉਸਨੂੰ ਤਾਜ਼ਗੀ ਦਾ ਅਹਿਸਾਸ ਹੋਇਆ ਹੋਵੇ।

ਮੰਜੂ ਵੀ ਜਿਵੇਂ ਖਿੜ ਉੱਠੀ ਹੋਵੇ, "ਸ਼ਰਾਰਤੀ ਬਹੁਤ ਹੈ। ਤੁਸੀਂ ਤਾਂ ਦੇਖੀ ਹੀ ਸੀ।"

"ਹਾਂ, ਬਹੁਤ ਪਿਆਰੀ ਬੱਚੀ ਹੈ।" ਮੈਂ ਕਿਹਾ ਤੇ ਪ੍ਰੋਬ ਮੰਜੂ ਦੇ ਪੇਟ 'ਤੇ ਘੁਮਾਉਂਦਿਆਂ ਮੋਨੀਟਰ ਵੱਲ ਗ਼ੌਰ ਨਾਲ ਦੇਖਣ ਲੱਗੀ।

ਚੌਦਾਂ ਹਫਤਿਆਂ ਦਾ ਗਰਭ। ਭਰੂਣ ਦੀ ਗ੍ਰੋਥ ਵਗ਼ੈਰਾ, ਸਾਰਾ ਕੁਝ ਨਾਰਮਲ ਨਜ਼ਰ ਆ ਰਿਹਾ ਸੀ।

ਮੈਂ ਮੰਜੂ ਵੱਲ ਦੇਖਿਆ, ਅੱਖਾਂ ਮੀਚ ਕੇ ਲੇਟੀ ਹੋਈ ਸੀ। ਚਿਹਰੇ 'ਤੇ ਦਰਦ ਦੀ ਹਲਕੀ ਜਿਹੀ ਪਰਤ। ਮੈਨੂੰ ਇਕ ਦਮ ਕੁਝ ਦੇਰ ਪਹਿਲਾਂ ਮੇਰੇ ਹੱਥ ਫੜ ਕੇ ਹਟਕੋਰੇ ਲੈਂਦੀ, ਮਿੰਨਤਾਂ ਕਰ ਰਹੀ ਕੰਚਨ ਯਾਦ ਆ ਗਈ, "ਮੇਰਾ ਕੁੱਝ ਨ੍ਹੀਂ ਦੁੱਖਦਾ, ਬਸ ਏਨਾ ਦੱਸ ਦਿਓ ਕਿ..."

ਹੋ ਸਕਦਾ ਹੈ ਇਹ ਰੁਟੀਨ ਚੈੱਕਅੱਪ ਲਈ ਆਏ ਹੋਣ ਅਤੇ ਜ਼ਰੂਰੀ ਨਹੀਂ ਕਿ ਦਰਦ ਦਾ ਹਰ ਕਾਰਣ ਅਲਟ੍ਰਾਸਾਉਂਡ ਵਿਚ ਨਜ਼ਰ ਵੀ ਆਵੇ। ਮੈਂ ਸੋਚਿਆ, ਮੈਂ ਕਿਉਂ ਸ਼ੱਕ ਕਰਾਂ?



ਪਰ ਰੁਟੀਨ ਚੈੱਕਅੱਪ ਤਾਂ ਛੇ ਤੋਂ ਨੌਂ ਹਫਤੇ ਦੌਰਾਨ ਹੋਇਆ ਸੀ ਅਤੇ ਅੱਗੇ ਅਠਾਰਾਂ ਤੋਂ ਬਾਈ ਹਫਤੇ ਦੌਰਾਨ ਕਰਵਾਇਆ ਜਾਣਾ ਸੀ? ਮੇਰੇ ਸ਼ੱਕ ਦੀ ਸੂਈ ਉੱਥੇ ਹੀ ਅਟਕੀ ਹੋਈ ਸੀ।

ਮੇਰੇ ਦਿਮਾਗ਼ ਵਿਚ ਪ੍ਰੋ. ਮੰਜੂ, ਉਸ ਦੀ ਪਿਆਰੀ ਜਿਹੀ ਗੁੜੀਆ ਅਤੇ ਡਾ. ਅਮਿਤ ਘੁੰਮਣ ਲੱਗੇ। ਇਹਨਾਂ ਦਾ ਪਰਵਾਰਕ ਪਿਛੋਕੜ। ਜਾਤ। ਇਹਨਾਂ ਦਾ ਦੇਸਾਂ ਮੈਂ ਦੇਸ ਅਨੋਖਾ ਵੀਰ ਦੇਸ ਹਰਿਆਣਾ!

ਉਂਝ ਤਾਂ ਸਿਰਫ ਹਰਿਆਣਾ ਹੀ ਨਹੀਂ, ਅੱਜਕਲ੍ਹ ਤਾਂ ਹਰ ਕਿਤੇ ਬੁਰਾ ਹਾਲ ਹੈ। ਲਿੰਗ ਅਨੁਪਾਤ ਉੱਤਰੀ ਭਾਰਤ ਵਿਚ ਤਾਂ ਬਿਲਕੁਲ ਹੀ ਗੜਬੜਾ ਚੁੱਕਾ ਹੈ। ਪੰਜਾਬ-ਰਾਜਸਥਾਨ, ਭਾਵੇਂ ਯੂਪੀ-ਬਿਹਾਰ ਘਰ-ਘਰ ਇਹੀ ਅੱਗ।

ਜਿੰਨੀ ਤੇਜ਼ੀ ਨਾਲ ਵਿਚਾਰ ਦਿਮਾਗ਼ ਵਿਚ ਘੁੰਮ ਰਹੇ ਸੀ ਓਨੀ ਹੀ ਤੇਜ਼ੀ ਨਾਲ ਪ੍ਰੋ. ਮੰਜੂ ਦੇ ਪੇਟ 'ਤੇ ਫਿਰ ਰਿਹਾ ਸੀ।

"ਡੌਕ ਸਾਹਬ, ਯੂ.ਐਸ.ਜੀ. ਤਾਂ ਨਾਰਮਲ ਹੈ।" ਮੈਂ ਮੋਨੀਟਰ ਵੱਲ ਇਸ਼ਾਰਾ ਕਰਦਿਆਂ ਡਾ. ਅਮਿਤ ਨੂੰ ਕਿਹਾ।

"ਓਕੇ ਡਾਕ ਸਾਹਬ।"

"ਹੋਰ ਦੱਸੋ ਜੀ?" ਜਿਵੇਂ ਕਿ ਮੈਨੂੰ ਸ਼ੱਕ ਸੀ ਅਤੇ ਇਕ ਸੀਨੀਅਰ ਕਲੀਗ ਹੋਣ ਦੇ ਨਾਤੇ ਮੈਂ ਡਾ. ਅਮਿਤ ਨੂੰ ਸ਼ਰਮਿੰਦਾ ਨਹੀਂ ਹੋਣ ਦੇਣਾ ਚਾਹੁੰਦੀ ਸੀ, ਸੋ ਮੈਂ ਹੀ ਉਸ ਦਾ ਰਾਹ ਥੋੜ੍ਹਾ ਜਿਹਾ ਪੱਧਰਾ ਕੀਤਾ।

"ਬੱਸ ਥੈਂਕਸ ਡਾਕ ਸਾਹਬ।" ਕਹਿੰਦਿਆਂ ਡਾਕਟਰ ਅਮਿਤ ਮੁਸਕਰਾ ਪਿਆ।

ਮੈਂ ਸੋਚਿਆ, ਮੰਜੂ ਤਾਂ ਚਲ ਪ੍ਰੋਫੈਸਰ ਹੈ, ਆਉਣ ਵਾਲੇ ਬੱਚੇ ਲਈ ਇਸਨੇ ਤਾਂ ਕੀ ਸਲਾਈਆਂ ਬੁਣਨੀਆਂ ਨੇ, ਪਰ ਇਸ ਦੀ ਸੱਸ, ਬੱਚੇ ਦੀ ਦਾਦੀ, ਤਾਂ ਜਰੂਰ ਬੜੀ ਬੇਸਬਰੀ ਨਾਲ ਪੋਤੇ ਦਾ ਇੰਤਜ਼ਾਰ ਕਰ ਰਹੀ ਹੋਵੇਗੀ।

ਦਾਦੀ ਯਾਨੀ ਡਾ. ਅਮਿਤ ਦੀ ਮਾਂ ਨੇ ਤਾਂ ਐਲਾਨ ਵੀ ਕਰ ਦਿੱਤਾ ਹੋਣਾ, "ਭਈ ਅਮਿਤ, ਇਬਕੈ ਮੰਨੈ ਹਰ ਹਾਲ ਮੇਂ ਪੋਤਾ ਹੀ ਚਾਹੀਏ। ਪਹਿਲਯਾਂ ਕੀ ਤਰ੍ਹਾਂ ਪੱਥਰ ਕਤਈ ਮਨਜੂਰ ਨਾ ਸੈ।"

ਇਸ ਦੀ ਮਾਂ ਲਈ ਖ਼ੁਸ਼ਖ਼ਬਰੀ ਕਨਫਰਮ ਕਰਨ ਦੀ ਗਰਜ਼ ਨਾਲ ਦੁਬਾਰਾ ਪ੍ਰੋ. ਮੰਜੂ ਦੇ ਪੇਟ 'ਤੇ ਰੱਖਦਿਆਂ ਮੈਂ ਇਸ਼ਾਰੇ ਨਾਲ ਪੁੱਛਿਆ, "ਹਾਂ ਜੀ, ਡੌਕ ਸਾਹਬ?"

"ਨੋ ਡਾਕ ਸਾਹਬ। ਇਹ ਕੰਮ ਤਾਂ ਅਸੀਂ ਸੋਚ ਵੀ ਨਹੀਂ ਸਕਦੇ।"

"ਵੈਰੀ ਗੁੱਡ! ਸੀਨੀਅਰ ਹੋਣ ਦੇ ਨਾਤੇ ਔਕਵਰਡ ਸਿਚੁਏਸ਼ਨ 'ਚੋਂ ਕੱਢਣ ਲਈ ਹੀ ਮੈਂ ਪੁੱਛਿਆ ਹੈ। ਬਾਕੀ ਤਾਂ ਨਫਾ-ਨੁਕਸਾਨ ਡਾਕਟਰ ਹੋਣ ਦੇ ਨਾਤੇ ਤੁਸੀਂ ਜਾਣਦੇ ਹੀ ਹੋ।"

"ਬਹੁਤ ਸ਼ੁਕਰੀਆ ਡਾਕ ਸਾਹਬ। ਲੱਕੀਲੀ ਸਾਡੇ ਤਾਂ ਪਰਵਾਰ ਕੀ, ਰਿਸ਼ਤੇਦਾਰੀਆਂ ਵਿਚ ਵੀ ਕਿਸੇ ਦੀ ਅਜਿਹੀ ਸੋਚ ਨਹੀਂ ਹੈ।"

"ਇਹ ਤਾਂ ਬਹੁਤ ਚੰਗੀ ਗੱਲ ਹੈ। ਅਦਰਵਾਈਜ਼... ਅਤੇ ਥੋੜੇ ਉਧਰ ਤਾਂ..." ਹਾਲੇ ਵੀ ਖ਼ਬਰੈ ਮੇਰੇ ਜ਼ਿਹਨ 'ਤੇ ਕੀ ਧੁੰਨ ਸਵਾਰ ਸੀ?

"ਹਾਂ, ਕੁਝ ਲੋਕ ਹੁੰਦੇ ਹਨ। ਐਨੀਹਾਉ, ਥੈਂਕਸ ਡਾਕ ਸਾਹਬ।" ਕਹਿੰਦਿਆਂ ਡਾ. ਅਮਿਤ ਤੇ ਮੰਜੂ ਚਲੇ ਗਏ। ਮੰਜੂ ਇਸ ਦੌਰਾਨ ਦਰਦ ਕਿੱਥੇ-ਕਿੱਥੇ ਹੈ, ਇਹ ਦੱਸਣ ਤੋਂ ਇਲਾਵਾ ਬਹੁਤਾ ਕੁਝ ਨਹੀਂ ਬੋਲੀ ਸੀ। ਦੋ-ਕੁ ਵਾਰੀ ਮੁਸਕਰਾਈ ਸੀ।

ਮੈਂ ਹੈਰਾਨ, ਚੁੱਪ ਕੁਝ ਪਲ ਲਈ ਤਾਂ ਅਗਲਾ ਪੇਸ਼ੰਟ ਬੁਲਾਉਣਾ ਹੀ ਭੁੱਲ ਗਈ। ਹੈਰਾਨੀ ਇਸ ਗੱਲ ਦੀ ਕਿ ਚਾਣਚੱਕ ਮੈਨੂੰ ਕੀ ਹੋ ਗਿਆ ਸੀ? ਪਰਚੀ ਦੇਖਣ ਸਾਰ ਮੇਰੇ ਮਨ ਵਿਚ ਸ਼ੱਕ ਪੈਦਾ ਹੋ ਗਿਆ ਸੀ

ਕਿ ਡਾ. ਅਮਿਤ ਜ਼ਰੂਰ ਲਿੰਗ ਜਾਂਚ ਕਰਾਉਣ ਆਇਆ ਹੈ ਅਤੇ ਮੈਂ ਇਹਨੂੰ ਅਜਿਹਾ ਆਇਨਾ ਦਿਖਾਵਾਂਗੀ ਕਿ ਯਾਦ ਰੱਖੇਗਾ। ਹੈਰਾਨ ਹਾਂ ਆਪਣੇ ਚਾਣਚੱਕ ਬਦਲੇ ਹੋਏ ਰਵੱਈਏ 'ਤੇ।

ਜਿਵੇਂ ਹੈਰਾਨੀ ਤਾਂ ਉਦੋਂ ਵੀ ਬਹੁਤ ਹੋਈ ਸੀ, ਜਦੋਂ ਇਹ ਗੀਤ ਸੁਣਿਆ ਸੀ,

*ਮੁੰਡਾ ਜੱਟਾਂ ਦਾ ਨੀਂ ਓ ਬੱਲੀਏ, ਤੇਰੇ ਕਰਕੇ ਗਿਟਾਰ ਸਿੱਖਦਾ...*

ਰਫਲਾਂ, ਗੰਡਾਸੀਆਂ ਦਾ ਸੌਂਕ ਛੱਡ ਕੇ ਜੱਟਾਂ ਦੇ ਮੁੰਡੇ ਗਿਟਾਰ ਸਿੱਖਣ ਲੱਗ ਪਏ?

ਕੁਝ ਸਮਾਜਕ ਰੂੜ੍ਹੀਆਂ ਅਤੇ ਕਾਰ-ਵਿਹਾਰ ਕੀ ਸਾਡੇ ਅਚੇਤ ਵਿਚ ਏਨੇ ਡੂੰਘੇ ਪੈਂਠ ਬਣਾ ਚੁੱਕੇ ਹਨ ਕਿ ਅਸੀਂ ਚਾਹ ਕੇ ਵੀ ਉਹਨਾਂ ਤੋਂ ਮੁਕਤ ਨਹੀਂ ਹੋ ਪਾਉਂਦੇ?

ਪਰ ਡਾ. ਅਮਿਤ ਤੋਂ ਵੀ ਇਹ ਉਮੀਦ ਕਿੱਥੇ ਸੀ? ਉਹ ਤਾਂ ਹਰਿਆਣੇ ਤੋਂ ਹੈ ਅਤੇ ਜਾਟ ਵੀ। ਜਿਵੇਂ ਮੈਂ ਹੁਣੇ ਉਸ 'ਤੇ ਗੁੱਝਾ ਜਿਹਾ ਵਿਅੰਗ ਕੱਸਿਆ ਸੀ- ਥੋਡੇ ਉਧਰ ਤਾਂ... ਯਾਨੀ ਥੋਡੇ ਹਰਿਆਣੇ ਵਿਚ ਤਾਂ...

ਹਰਿਆਣਾ ਹਰ ਸਮੇਂ ਦਿਮਾਗ਼ 'ਤੇ ਛਾਇਆ ਰਹਿੰਦਾ ਹੈ। ਅੰਤਰ ਵਿਰੋਧਾਂ ਨਾਲ ਘਿਰਿਆ ਹੋਇਆ ਹਰਿਆਣਾ। ਖੇਡ ਹੋਣ ਜਾਂ ਸਿੱਖਿਆ ਜਾਂ ਕੋਈ ਹੋਰ ਫੀਲਡ, ਕਿਤੇ ਆਸਮਾਨ ਦੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ ਤਾਂ ਕਿਤੇ ਨਿਵਾਣ ਦੀ ਦਲਦਲ ਵਿਚ ਧੱਸਿਆ ਪਿਆ ਹੈ। ਜਿੱਥੇ ਤਰੱਕੀ ਦੇ ਨਵੇਂ-ਨਵੇਂ ਆਯਾਮ ਛੂਹ ਰਿਹਾ ਹੈ ਉੱਥੇ ਸ਼ਰਮਸ਼ਾਰ ਕਰਨ ਵਾਲੀਆਂ ਘਟਨਾਵਾਂ ਦੇ ਵੀ ਨਵੇਂ ਤੋਂ ਨਵੇਂ ਰਿਕਾਰਡ ਬਣਾਉਂਦਾ ਰਹਿੰਦਾ ਹੈ।

ਖਾਪ ਪੰਚਾਇਤਾਂ ਵਿਚ ਪ੍ਰੇਮੀ ਜੋੜਿਆਂ ਦੀ ਜ਼ਿੰਦਗੀ ਅਤੇ ਮੌਤ ਦੇ ਫੈਸਲੇ। ਔਨਰ ਕਿਲਿੰਗ ਭਾਵ ਇੱਜ਼ਤ ਦੇ ਨਾਂ 'ਤੇ ਕਤਲ ਤਾਂ ਹਰਿਆਣੇ ਦੀ ਪਹਿਚਾਣ ਬਣ ਕੇ ਰਹਿ ਗਏ ਹਨ। ਕੁੜੀ ਦਾ ਬਾਪ ਹੋਣ ਦਾ ਅਹਿਸਾਸ ਹੀ ਮੋਢੇ ਝੁਕਾ ਦਿੰਦਾ ਹੈ, ਜਿਵੇਂ ਕਿ ਮੋਢਿਆਂ 'ਤੇ ਮਣਾਂ ਮੂੰਹੀਂ ਬੋਝ ਬੰਨ੍ਹ ਦਿੱਤਾ ਗਿਆ ਹੋਵੇ।

ਕੁੜੀ ਵਾਲਾ ਚੰਗਾ-ਭਲਾ ਪਰਵਾਰ ਵੀ ਖੁਦ ਨੂੰ ਕਮਜ਼ੋਰ ਅਤੇ ਅਸੁਰੱਖਿਅਤ ਮਹਿਸੂਸ ਕਰਨ ਲੱਗਦਾ ਹੈ। ਹਰ ਪਲ ਭੈਅ ਦੇ ਸਾਏ ਹੇਠ ਜਿਉਂਦਾ ਹੈ। ਕਈ ਵਾਰੀ ਤਾਂ ਖਾਪ ਪੰਚਾਇਤਾਂ ਵਿਚ ਅਨਪੜ੍ਹ ਦਕੀਆਨੂਸ ਬੁੱਢਿਆਂ ਦੇ ਗੁੜਗੁੜਾਉਂਦੇ ਹੁੱਕਿਆਂ ਦੇ ਧੂੰਏਂ ਵਿਚ ਤਸਵੀਰ ਇੰਨੀ ਧੁੰਦਲੀ ਹੋ ਜਾਂਦੀ ਹੈ ਕਿ... ਸਿਰਫ ਉਹਨਾਂ ਫਰਮਾਨ ਸੁਣਾਉਂਦੇ ਬੁੱਢਿਆਂ ਦੀਆਂ ਪਗੜੀਆਂ ਦੇ ਹਵਾ ਵਿਚ ਲਹਿਰਾਉਂਦੇ ਤੁਰਲੇ ਹੀ ਨਜ਼ਰ ਆਉਂਦੇ ਹਨ। ਬਾਕੀ ਸਭ ਧੂੰਆਂ-ਧੂੰਆਂ।

ਅਸੀਂ ਉਹਨਾਂ ਤੁਰਲਿਆਂ ਨੂੰ 'ਖਾਪੀ ਤੁਰਲੇ' ਕਿਹਾ ਕਰਦੀਆਂ ਸੀ। ਜਦੋਂ ਮੈਂ ਪੀ.ਜੀ.ਆਈ. ਰੋਹਤਕ ਵਿਚ ਐਮ.ਬੀ.ਬੀ.ਐਸ. ਦੀ ਇੰਟਰਨਸ਼ਿਪ ਕਰ ਰਹੀ ਸਾਂ, ਅਕਸਰ ਦੇਖਦੀਆਂ, ਅਖ਼ਬਾਰਾਂ ਦੇ ਲੋਕਲ ਪੇਜ ਅਜਿਹੀਆਂ ਖ਼ਬਰਾਂ ਨਾਲ ਭਰੇ ਪਏ ਹੁੰਦੇ। ਬਹੁਤ ਹੀ ਅਜੀਬੋ ਗਰੀਬ ਹਾਲਾਤ। ਕਹਿਣ ਨੂੰ ਭਾਵੇਂ ਪੂਰੀ ਖਾਪ ਦੇ ਤਮਾਮ ਪਿੰਡਾਂ ਦੇ ਲੋਕ ਆਪਸ ਵਿਚ ਭੈਣ-ਭਰਾ ਮੰਨੇ ਜਾਂਦੇ ਸੀ। ਇਕ ਖ਼ਾਸ ਖਾਪ ਦੇ ਚੌਵੀ-ਚੌਵੀ, ਛੱਤੀ-ਛੱਤੀ ਪਿੰਡਾਂ ਦੇ ਲੋਕਾਂ ਦਾ ਆਪਸ ਵਿਚ ਸਿਰਫ ਇਕ ਹੀ ਰਿਸ਼ਤਾ- ਭਾਈਚਾਰਾ। ਫਿਰ ਵੀ ਬਲਾਤਕਾਰ, ਗੈਂਗ ਰੇਪ, ਲੜਾਈ-ਦੰਗਿਆਂ ਦੀਆਂ ਘਟਨਾਵਾਂ ਸਮਝ ਤੋਂ ਪਰੇ ਸਨ। ਪ੍ਰੇਮ-ਵਿਆਹ ਦੇ ਮਾਮਲੇ ਵਿਚ ਔਨਰ ਕਿਲਿੰਗ ਤਾਂ, ਸਮਝ ਲਓ, ਵੱਟ 'ਤੇ ਹੀ ਪਈ ਹੁੰਦੀ ਸੀ। ਬੇਟੀ ਨੂੰ ਬੇਟੀ ਨਹੀਂ, ਖਾਨਦਾਨ ਦੀ ਸਿਰਫ ਇੱਜ਼ਤ ਜੋ ਸਮਝਿਆ ਜਾਂਦੈ।

ਉਥੋਂ ਦੀ ਲੋਕਲ ਮੇਰੀ ਇਕ ਕੁਲੀਗ ਨੇ ਦੱਸਿਆ ਸੀ ਕਿ ਇਸ ਤਰ੍ਹਾਂ ਲਿੰਗ ਅਨੁਪਾਤ ਦਾ ਫ਼ਰਕ ਤਾਂ ਵਧਦਾ ਜਾ ਹੀ ਰਿਹਾ ਹੈ, ਕਈ ਹੋਰ ਸਮੱਸਿਆਵਾਂ ਵੀ ਪੈਦਾ ਹੋ ਰਹੀਆਂ ਹਨ। ਕਿਸੇ ਇਕ ਖਾਪ ਦੇ ਪਿੰਡਾਂ ਵਿਚ ਪੜ੍ਹਾਈ ਦਾ ਰੁਝਾਨ ਬਹੁਤ ਚੰਗਾ ਤਾਂ ਕਿਸੇ ਦੂਜੀ ਖਾਪ ਦੇ ਪਿੰਡਾਂ ਵਿਚ ਪੜ੍ਹਾਈ ਆਦਿ ਦਾ ਹਾਲ ਬੁਰਾ ਵੀ ਹੁੰਦਾ ਹੈ। ਅਜਿਹੇ ਹਾਲਾਤ ਵਿਚ ਮੁੰਡਿਆਂ ਦੇ ਰਿਸ਼ਤੇ ਤਾਂ ਖ਼ੈਰ, ਦੂਜੀਆਂ ਖਾਪਾਂ ਦੇ ਪਿੰਡਾਂ ਦੀਆਂ ਘੱਟ ਪੜ੍ਹੀਆਂ-ਲਿਖੀਆਂ ਕੁੜੀਆਂ ਨਾਲ ਵੀ ਹੋ ਜਾਂਦੇ ਸੀ ਪਰ ਸਮੱਸਿਆ ਵਧ ਪੜ੍ਹੀਆਂ-



ਲਿਖੀਆਂ ਕੁੜੀਆਂ ਦੀ ਆਉਂਦੀ ਸੀ। ਬੇਮੇਲ ਰਿਸ਼ਤਾ ਕਿਵੇਂ ਹੋਵੇ? ਸੋ ਕਈ ਲੋਕ ਤਾਂ ਇਹੀ ਚਾਹੁੰਦੇ ਕਿ ਕੁੜੀਆਂ ਵਧ ਨਾ ਪੜ੍ਹਨ ਜਾਂ ਕੁੜੀਆਂ ਪੈਦਾ ਹੀ ਨਾ ਹੋਣ।

ਹੋਰ ਵੀ ਖ਼ਬਰੈ ਕੀ-ਕੀ ਸਮੱਸਿਆਵਾਂ ਲੋਕਲ ਸਮਾਜ ਦੀਆਂ ਰਹੀਆਂ ਹੋਣੀਆਂ ਕਿ ਅਖ਼ਬਾਰ ਨਾਜਾਇਜ ਮੋਬਾਇਲ-ਅਲਟ੍ਰਾਸਾਉਂਡ-ਵੈਨਾਂ ਅਤੇ ਐਮ.ਟੀ.ਪੀ. ਕਿਟਾਂ ਫੜੀਆਂ ਜਾਣ ਦੀਆਂ ਖ਼ਬਰਾਂ ਨਾਲ ਰੋਜ਼ਾਨਾ ਭਰੇ ਪਏ ਹੁੰਦੇ। ਉੱਥੇ ਤਾਂ ਇਹ ਜੁਮਲਾ ਆਮ ਹੀ ਚੱਲਦਾ ਸੀ ਕਿ ਜਿੱਥੇ ਲਿਖਿਆ ਹੋਵੇ- 'ਯਹਾਂ ਲਿੰਗ ਜਾਂਚ ਨਹੀਂ ਕੀ ਜਾਤੀ', ਉੱਥੇ ਜ਼ਰੂਰ ਕੀਤੀ ਜਾਂਦੀ ਹੈ।

ਇਕਦਮ ਡਾ. ਰਣਬੀਰ ਮਲਿਕ ਯਾਦ ਆ ਗਏ। ਔਰਥੋ ਦੇ ਮੰਨੇ-ਪਰਮੰਨੇ ਡਾਕਟਰ। ਉਹ ਪ੍ਰਸੰਗ ਕਿਵੇਂ ਭੁੱਲ ਸਕਦੀ ਹਾਂ! ਉਹਨਾਂ ਦੀ ਘਰਵਾਲੀ ਦੀ ਡਿਲੀਵਰੀ ਸੀ। ਪਲਾਂਡ ਡਿਲੀਵਰੀ।

ਡਿਲੀਵਰੀ ਲਈ ਚੰਗੇ-ਚੰਗੇ ਡਾਕਟਰਾਂ ਦੀ ਟੀਮ ਬਣਾਈ ਗਈ ਸੀ। ਗਾਇਨੀ ਦੀ ਸੀਨੀਅਰ-ਮੋਸਟ ਡਾਕਟਰ ਟੀਮ ਵਿਚ ਸੀ ਜੋ ਐਚ.ਓ.ਡੀ. ਵੀ ਸੀ। ਬੇਬੀ ਰਿਸੀਵ ਕਰਨ ਲਈ ਸੀਨੀਅਰ ਪੀਡੀਆਟ੍ਰੀਸ਼ੀਅਨ ਨੂੰ ਟੀਮ ਵਿਚ ਰੱਖਿਆ ਗਿਆ ਸੀ। ਪੀ.ਜੀ.ਆਈ. ਦੀਆਂ ਚਾਰ ਸਭ ਤੋਂ ਤਜ਼ੁਰਬੇਕਾਰ ਅਤੇ ਕਾਬਲ ਨਰਸਾਂ ਦੀ ਚੋਣ ਕੀਤੀ ਗਈ। ਮੇਨ ਓ.ਟੀ. ਵਰਤਿਆ ਗਿਆ। ਉਸ ਤੋਂ ਬਾਅਦ ਜੱਚਾ-ਬੱਚਾ ਨੂੰ ਆਈ.ਸੀ.ਯੂ. ਵਿਚ ਰੱਖਿਆ ਗਿਆ। ਸਗੋਂ ਵੀ.ਆਈ.ਪੀ. ਰੂਮ ਵਿਚ।

ਮੇਨ ਓ.ਟੀ. ਨੂੰ ਬਹੁਤ ਹੀ ਤਕਨੀਕੀ ਤਰੀਕੇ ਨਾਲ ਇੰਫੈਕਸ਼ਨ-ਫਰੀ ਕੀਤਾ ਗਿਆ। ਇੰਤਜ਼ਾਮ ਇੰਨੇ ਪੁਖ਼ਤਾ ਸਨ ਕਿ ਤੈਅ ਟੀਮ ਤੋਂ ਸਿਵਾ ਹੋਰ ਕਿਸੇ ਦੀ ਵੀ ਮੇਨ ਓ.ਟੀ. ਵਿਚ ਐਂਟਰੀ ਤੱਕ ਬੈਨ ਸੀ। ਜਿਵੇਂ ਕਿ ਅਮਰੀਕਾ ਦੇ ਰਾਸ਼ਟ੍ਰਪਤੀ ਲਈ ਇੰਤਜ਼ਾਮ ਕੀਤੇ ਗਏ ਹੋਣ।

ਸਾਰੀ ਪੀ.ਜੀ.ਆਈ. ਵਿਚ ਇਹਨਾਂ ਇੰਤਜ਼ਾਮਾਤ ਦੀ ਚਰਚਾ ਤਾਂ ਸੀ ਹੀ, ਹੋਰ ਵੀ ਖ਼ੂਬ ਖੁਸਰ-ਫੁਸਰ ਸਮਾਨਾਂਤਰ ਚੱਲ ਰਹੀ ਸੀ। ਅਜਿਹੀਆਂ ਗੱਲਾਂ ਤਾਂ ਉਂਝ ਵੀ ਬਹੁਤ ਛੇਤੀ ਫੈਲਦੀਆਂ ਹਨ।

ਪਹਿਲੀ ਖੁਸਰ-ਫੁਸਰ ਇਹ ਕਿ ਡਾ. ਮਲਿਕ ਦੇ ਪਹਿਲਾਂ ਹੀ ਦੋ ਲੜਕੀਆਂ ਹਨ। ਛੋਟੀ ਤੀਜੀ ਅਤੇ ਵੱਡੀ ਪੰਜਵੀਂ ਵਿਚ ਪੜ੍ਹਦੀ ਹੈ। ਇਹ ਤੀਜਾ ਈਸ਼ੂ ਹੈ।

ਮੇਰੀ ਸਾਥੀ ਇੰਟਰਨ ਡਾ. ਸਨੇਹਾ ਦਾ ਸਵਾਲ ਸੀ, "ਅੱਜਕਲ੍ਹ ਤਿੰਨ-ਤਿੰਨ ਬੱਚੇ? ਰਣਬੀਰ ਸਰ ਵਰਗੇ ਹਾਈਜੈਂਟਰੀ ਕਿਹੜੀ ਸਦੀ ਵਿਚ ਰਹਿ ਰਹੇ ਹਨ?"

ਸਵਾਲ ਤਾਂ ਸਵਾਤੀ ਦਾ ਵੀ ਘੱਟ ਮਹੱਤਵਪੂਰਨ ਨਹੀਂ ਸੀ, ਜੋ ਆਪਣੇ ਆਪ ਵਿਚ ਜਵਾਬ ਵੀ ਸੀ, "ਇਹ ਵੀ ਦੇਖੋ ਨਾ, ਰਣਬੀਰ ਸਰ ਹੈ ਕੌਣ? ਮਤਲਬ ਜਾਤ-ਗੋਤ। ਯਾਰ, ਇਹ ਚੀਜ਼ਾਂ ਵੀ ਬਹੁਤ ਕਾਉਂਟ ਕਰਦੀਆਂ ਨੇ। ਆਪਣਾ ਸਮਾਜ ਨਾ, ਬਹੁਤ ਹੀ ਗੁੰਝਲਦਾਰ ਬੁਝਾਰਤ ਹੈ, ਯੂ ਨੋ!"

ਸਵਾਤੀ ਵੱਲੋਂ ਉਠਾਇਆ ਗਿਆ ਸਵਾਲ ਅਸਲ 'ਚ ਆਈਸਬਰਗ ਵਾਂਗ ਸੀ।

ਹਰਿਆਣੇ ਦੇ ਸਾਰੇ ਜਾਟਾਂ ਨੂੰ ਉਂਝ ਇਕੋ ਤਕੜੀ ਵਿਚ ਨਹੀਂ ਤੋਲਿਆ ਜਾ ਸਕਦਾ। ਕਈ ਕੈਟੇਗਰੀਆਂ ਨੇ, ਜਿਵੇਂ ਹਰ ਕਿਤੇ ਹੁੰਦੀਆਂ ਨੇ। ਇਕ ਉਹ ਹਨ ਜੋ ਵਧੇਰੇ ਫੂੰ-ਫਾਂ ਨਹੀਂ ਕਰਦੇ। ਆਪਣੇ ਨਾਮ ਨਾਲ ਜਾਤ-ਗੋਤ ਵੀ ਨਹੀਂ ਲਾਉਂਦੇ। ਸ਼ਖ਼ਸੀਅਤ ਵਿਚੋਂ ਸੱਭਿਅਤਾ ਝਲਕਦੀ ਹੈ।

ਦੂਜੇ ਉਹ ਹਨ ਜੋ ਜਾਤੀ ਹੰਕਾਰ ਨਾਲ ਭਰੇ ਹੁੰਦੇ ਹਨ। ਮੌਕੇ-ਬੇਮੌਕੇ ਜਾਣ-ਬੁੱਝ ਕੇ ਹਰਿਆਣਵੀ ਬੋਲੀ ਬੋਲਣ ਲੱਗ ਜਾਂਦੇ ਹਨ। ਉਹਨਾਂ ਨੂੰ ਲੱਗਦਾ ਹੈ ਕਿ ਕਿਤੇ ਕਮਜ਼ੋਰ ਪੈਂਦੇ ਦਿੱਸੇ ਤਾਂ ਉਸ ਕਮਜ਼ੋਰੀ ਨੂੰ ਇਉਂ ਪੂਰਾ ਕਰ ਸਕਦੇ ਹਾਂ। ਹਰਿਆਣਵੀ ਇਕ ਬੋਲੀ ਹੈ। ਬੇਸ਼ੱਕ ਇਸ 'ਤੇ ਮਾਣ ਕੀਤਾ ਜਾ ਸਕਦਾ ਹੈ। ਬੋਲਣ ਵਿਚ ਵੀ ਕੋਈ ਹਰਜ਼ ਨਹੀਂ ਪਰ ਗੱਲ ਸਾਰੀ ਲਹਿਜੇ ਦੀ ਹੈ। ਉਸ ਲਹਿਜੇ ਦੀ ਜੋ ਸਾਰੀਆਂ ਦਲੀਲਾਂ ਮੁਲਤਵੀ ਕਰ ਦਿੰਦਾ ਹੈ। ਡਾ. ਰਣਬੀਰ ਦੀ ਇਮੇਜ ਸਾਡੀਆਂ ਨਜ਼ਰਾਂ ਵਿਚ ਤਾਂ ਨਿਸ਼ਚਿਤ ਹੀ ਦੂਜੀ ਕੈਟੇਗਰੀ ਵਾਲੀ ਸੀ। ਸਾਹਮਣੇ ਵਾਲਾ ਵੀ ਝੱਟ ਪਹਿਚਾਣ ਜਾਂਦਾ- ਹਰਿਆਣੇ ਕਾ ਜਾਟ!

ਹਰਿਆਣੇ ਵਿਚ ਤਾਂ ਜੇ ਕਿਸੇ ਨੂੰ ਵੈਜੀਟੇਰੀਅਨ ਤਰੀਕੇ ਨਾਲ ਮਾੜੀ-ਮੋਟੀ ਗਾਲ੍ਹ ਕੱਢਣੀ ਹੋਵੇ ਤਾਂ ਕਹਿ ਦਿੰਦੇ ਹਨ- 'ਬੇਟੀ ਕਾ ਬਾਪ!'

ਕਿੰਨਾ ਤਕਲੀਫਦੇਹ ਹੈ ਨਾ! ਤੇ ਬੁਰਾ ਵੀ ਲੱਗਦਾ ਹੈ ਕਿ ਬੇਟੀ ਦਾ ਬਾਪ ਹੋਣਾ ਸਾਡੇ ਸਮਾਜ ਵਿਚ ਤਾਅਨੇ ਵਾਂਗ ਲਿਆ ਜਾਂਦਾ ਹੈ।

ਖ਼ੈਰ, ਆਈਬਰਗ ਨੂੰ ਉਲਟ-ਪੁਲਟ ਕੇ ਦੇਖਣ ਦੀਆਂ ਕੋਸ਼ਿਸ਼ਾਂ ਪੂਰੇ ਜੋਬਨ 'ਤੇ। ਸਾਰੇ ਹਸਪਤਾਲ ਵਿਚ ਹਰ ਕਿਸੇ ਦੀ ਜ਼ਬਾਨ 'ਤੇ ਇਹੀ ਚਰਚਾ। ਜਿਸ ਵਿਚ ਮੈਂ, ਸਵਾਤੀ, ਸਪਨਾ, ਪੂਜਾ ਭਾਟੀਆ, ਸਨੇਹਾ ਯਾਨੀ ਸਾਡਾ ਸਾਰਾ ਗਰੁਪ ਐਕਟਿਵ ਤੌਰ 'ਤੇ ਸ਼ਾਮਲ ਸੀ।

ਮੈਂ ਕਈ ਵਾਰੀ ਵਧੇਰੇ ਹੀ ਮਜ਼ਾਕ ਉਡਾਉਣ ਲੱਗਦੀ ਤਾਂ ਕੋਈ ਸਹੇਲੀ ਕਹਿ ਦਿੰਦੀ, "ਸੰਗਰੂਰ ਵਾਲਿਓ, ਮਾਲਵੇ ਦੇ ਜੱਟ ਵੀ ਹਰਿਆਣਵੀਆਂ ਨਾਲੋਂ ਕੋਈ ਬਹੁਤੇ ਵੱਖਰੇ ਨਹੀਂ। ਬਸ ਸਟੇਟ ਦਾ ਬਾਡਰ ਹੀ ਪੈਂਦੈ ਵਿਚਾਲੇ!"

ਖ਼ੈਰ, ਸ਼ਰਤਾਂ ਲਗਾਉਣ ਵਰਗੀਆਂ ਗੱਲਾਂ ਕਿ ਰਣਬੀਰ ਸਰ ਨੇ ਜ਼ਰੂਰ ਆਉਣ ਵਾਲੇ ਬੱਚੇ ਦੀ ਲਿੰਗ ਜਾਂਚ ਕਰਵਾਈ ਹੋਈ ਹੈ।

"ਹਰਿਆਣੇ ਕਾ ਫੰਨੇ ਖਾਂ ਜਾਟ! ਅਰ ਦੋ-ਦੋ ਛੋਹਰੀਓਂ ਕਾ ਬਾਪ!" ਸਪਨਾ ਨੇ ਕਾਵਿਕ ਅੰਦਾਜ਼ ਵਿਚ ਜਿਵੇਂ ਕਿ ਆਈਸ ਬਰਗ ਨੂੰ ਉਲਟਾ ਕੇ ਦਿਖਾਉਣ ਦੀ ਕੋਸ਼ਿਸ਼ ਕੀਤੀ ਹੋਵੇ।

"ਕੀ ਕਹਿ ਸਕਦੇ ਹਾਂ!"

ਸਵਾਤੀ ਨੇ ਹੌਲ਼ੀ ਜਿਹੀ ਕਿਹਾ ਤਾਂ ਸਪਨਾ ਝੱਟ ਬੋਲ ਪਈ ਸੀ, "ਕੀ ਗੱਲ ਕਰ ਰਹੀਐਂ ਪਾਗਲ! ਰਣਬੀਰ ਸਰ ਹਰ ਲਿਹਾਜ ਨਾਲ ਸਮਰੱਥ ਹਨ। ਤੈਨੂੰ ਕੀ ਲੱਗਦੈ, ਏਨੀ ਧੂਮ ਧਾਮ ਨਾਲ ਸਵਾਗਤ ਦੀਆਂ ਤਿਆਰੀਆਂ ਤੀਜੀ ਬੂਜੀ ਲਈ ਹੋ ਰਹੀਆਂ ਨੇ? ਜਦੋਂ ਮਰਜ਼ੀ ਚਾਹੁਣ, ਕਿਤੋਂ ਵੀ ਟੈਸਟ ਕਰਵਾ ਸਕਦੇ ਸੀ।" ਜਿੱਥੇ ਕੁਝ ਗਲਤ ਦਿੱਸ ਰਿਹਾ ਹੋਵੇ, ਸਪਨਾ ਬਹੁਤ ਛੇਤੀ ਭੜਕ ਉੱਠਦੀ ਹੈ।

"ਅਸੀਂ ਵੀ ਇਸੇ ਦੁਨੀਆ ਵਿਚ ਰਹਿੰਦੀਆਂ ਡਾਕਟਰਨੀ ਜੀਓ! ਕੁੜੀ ਤਾਂ ਐਥੇ ਪਲੇਠੀ ਨੂੰ ਨ੍ਹੀਂ ਕੋਈ ਪੁੱਛਦਾ..."

"ਸਵੇਰੇ ਦੇਖਿਆ ਨ੍ਹੀਂ ਸੀ, ਡਾਕਟਰ ਸਾਹਬ ਦੇ ਚਿਹਰੇ 'ਤੇ ਕਿਵੇਂ ਖ਼ੁਸ਼ੀ ਅਤੇ ਚਿੰਤਾ ਦੇ ਮਿਲੇ ਜੁਲੇ ਭਾਵ ਸਨ!"

"ਪੱਕੀ ਗੱਲ ਹੈ, ਇਹ ਬੰਦਨ ਵਾਰ ਤਾਂ ਕਿਸੇ ਸ਼ਹਿਜਾਦੇ ਲਈ ਹੀ ਸਜੇ ਹੋਏ ਹਨ। ਮਤਲਬ... ਹੁਣ ਕਿਹੜਾ ਨਾਂ ਲਵਾਂ? ਮੈਨੂੰ ਤਾਂ ਇਕਦਮ ਕੋਈ ਆਦਰਸ਼ ਹਰਿਆਣਵੀ ਸਪੂਤ ਦਾ ਨਾਮ ਵੀ ਚੇਤੇ ਨਹੀਂ ਆ ਰਿਹਾ। ਕੁੜੀ ਦਾ ਨਾਂ ਲੈਣਾ ਹੁੰਦਾ ਤਾਂ ਕਲਪਨਾ ਚਾਵਲਾ ਕਹਿ ਦਿੰਦੀ, ਸਾਕਸ਼ੀ, ਪੂਜਾ, ਗੀਤਾ, ਬਬੀਤਾ ਘਣੀ ਈ ਹੈਂ।"

"ਇੰਨਾ ਤਾਮਝਾਮ ਪਤੈ ਕਿਉਂ ਹੈ? ਤੁਸੀਂ ਖ਼ੁਦ ਸਮਝ ਜਾਓ। ਜੇ ਕੋਈ ਮਿਸਹੈੱਪ ਹੋ ਜਾਵੇ, ਜੱਚਾ ਨਾ ਬਚੇ, ਬੱਚਾ ਤਾਂ ਹਰ ਹਾਲਤ ਵਿਚ ਬਚਣਾ ਚਾਹੀਦਾ ਹੈ ਨਾ! ਇਹ ਲੋਕ ਅਜਿਹੇ ਹੀ ਹੁੰਦੇ ਨੇ। ਸੋਚ ਹਾਲੇ ਵੀ ਠੇਠ ਕਬੀਲਾਈ ਪਈ ਹੈ।" ਮੇਰੇ ਮੂੰਹੋਂ ਨਿਕਲਿਆ।

ਮੈਂ ਆਪਣੇ ਸ਼ਬਦਾਂ 'ਤੇ ਦੁਬਾਰਾ ਧਿਆਨ ਦਿੱਤਾ- ਇਹ ਲੋਕ?

"ਬਹੁਤ ਗਲਤ ਗੱਲ ਹੈ ਯਾਰ ਇਹ ਤਾਂ। ਸਾਨੂੰ ਤਾਂ ਆਮ ਲੋਕਾਂ ਲਈ ਐਗਜ਼ਾਂਪਲ ਸੈੱਟ ਕਰਨੇ ਚਾਹੀਦੇ ਨੇ।" ਸਵਾਤੀ ਬੋਲੀ।

ਇਸੇ ਦੌਰਾਨ ਡਾਕਟਰ ਆਰਤੀ ਰਾਉਂਡ 'ਤੇ ਆ ਗਈ ਜਿਹਦੇ ਨਾਲ ਮੇਰੀ ਡਿਉਟੀ ਹੈ। ਡਾ. ਆਰਤੀ ਪੀ.ਜੀ. ਸਟੂਡੈਂਟ ਹੈ।



ਰਾਉਂਡ ਤੋਂ ਬਾਅਦ ਮੈਂ ਡਾ. ਰਣਬੀਰ ਬਾਰੇ ਗੱਲ ਛੋਹ ਲਈ।

"ਅੱਜ ਰਣਬੀਰ ਸਰ ਦੀ ਮਿਸਿਜ਼ ਦੀ ਡਿਲੀਵਰੀ ਡਿਊ ਹੈ?"

"ਹਾਂ।" ਡਾ. ਆਰਤੀ ਨੇ ਅਣਮੰਨੇ ਜਿਹੇ ਮਨ ਨਾਲ ਕਿਹਾ।

"ਦੋ ਕੁੜੀਆਂ ਤਾਂ ਉਹਨਾਂ ਦੇ ਪਹਿਲਾਂ ਹੀ ਹਨ!"

"ਹਾਂ। ਛੋਟੀ ਛੇ ਸਾਲ ਦੀ ਹੈ।" ਡਾਕਟਰ ਆਰਤੀ ਕੋਲ ਵੀ ਉਹੀ ਸਾਰੀ ਜਾਣਕਾਰੀ ਹੈ ਸੀ।

"ਚਲੋ, ਹੁਣ ਗੀਗਾ ਖਿਡਾ ਲੈਣਗੇ ਡਾਕਟਰ ਸਾਹਬ ਵੀ। ਥੋਨੂੰ ਕੀ ਲੱਗਦੈ ਮੈਮ, ਕਿੰਨੀਆਂ ਕੁਰਬਾਨੀਆਂ ਹੋਈਆਂ ਹੋਣੀਆਂ?" ਮੇਰੇ ਸ਼ਬਦਾਂ 'ਚੋਂ ਜ਼ਬਰਦਸਤੀ ਕੁੜੱਤਣ ਝਲਕਣ ਲੱਗ ਪਈ ਸੀ।

ਡਾ. ਆਰਤੀ ਨੇ ਇਕਦਮ ਕੋਈ ਜਵਾਬ ਨਹੀਂ ਦਿੱਤਾ। ਕੇਸ ਫਾਈਲ ਪੂਰੀ ਕਰਦੀ ਰਹੀ। ਮੈਂ ਉਸ ਵੱਲ ਦੇਖੀ ਜਾ ਰਹੀ ਸੀ। ਫੇਰ ਫਾਈਲ ਤੋਂ ਧਿਆਨ ਹਟਾਏ ਬਿਨਾ ਹੀ ਕਿਹਾ, "ਇਕ ਦਿਨ ਰਣਬੀਰ ਸਰ ਆਪਣੀ ਐਚ.ਓ.ਡੀ. ਨੂੰ ਤਾਂ ਕੁਝ ਹੋਰ ਹੀ ਦੱਸ ਰਹੇ ਸੀ ਕਿ ਬਸ ਜੀ ਕਿਆ ਬਤਾਏਂ, ਮੈਡਮ ਤਾਂ ਐਕਸੀਡੈਂਟਲੀ ਪ੍ਰੈਗਨੈਂਟ ਹੋ ਗਈ... ਫੇਰ ਕਹਿੰਦੇ, ਚਲੋ ਜੀ ਜੋ ਕੁਦਰਤ ਨੂੰ ਮਨਜ਼ੂਰ..."

"ਕੌਣ ਮੰਨ ਲਊ ਮੈਮ ਇਹਨਾਂ ਗੱਲਾਂ ਨੂੰ? ਪਰਮਾਤਮਾ ਦੀਆਂ, ਕੁਦਰਤ ਦੀਆਂ ਦੇਖੋ ਕਿੰਨੀਆਂ ਗੱਲਾਂ ਕਰਦੇ ਨੇ।" ਮੈਨੂੰ ਡਾਕਟਰ ਰਣਬੀਰ 'ਤੇ ਬਹੁਤ ਗੁੱਸਾ ਆ ਰਿਹਾ ਸੀ ਅਤੇ ਸਾਰਾ ਗੁੱਸਾ ਜਿਵੇਂ ਮੈਂ ਹੁਣੇ ਕੱਢ ਲੈਣਾ ਚਾਹੁੰਦੀ ਸਾਂ।

ਫਾਈਲਾਂ ਪੂਰੀਆਂ ਕਰਨ ਲਈ ਡਾ. ਆਰਤੀ ਦੀ ਕਲਮ ਫਟਾਫਟ ਚੱਲ ਰਹੀ ਸੀ। ਕੁਝ ਯਾਦ ਕਰਦਿਆਂ ਉਹ ਬੋਲੀ, "ਸਾਡੇ ਗਵਾਂਢ 'ਚ ਜਗਜੀਤ ਅੰਕਲ ਹੁੰਦੇ ਸੀ। ਉਹਨਾਂ ਦੇ ਦੋ ਕੁੜੀਆਂ ਸੀ। ਉਹ ਮੈਨੂੰ ਬਹੁਤ ਚੰਗੀਆਂ ਲੱਗਦੀਆਂ ਸੀ। ਰੋਜ਼ਾਨਾ ਸ਼ਾਮੀਂ ਹੋਮ ਵਰਕ ਦਾ ਕੁਝ ਪੁੱਛਣ ਦੇ ਬਹਾਨੇ ਸਾਡੇ ਘਰ ਆ ਜਾਂਦੀਆਂ ਅਤੇ ਕਿਤਾਬ-ਕਾਪੀ ਰੱਖ ਕੇ ਖੂਬ ਖੇਡਦੀਆਂ। ਆਪਣੇ ਘਰ 'ਚ ਉਹਨਾਂ ਦਾ ਖੇਡਣਾ ਲੱਗਭਗ ਮਨ੍ਹਾਂ ਹੀ ਸੀ। ਸਗੋਂ ਗੱਲ-ਗੱਲ 'ਤੇ ਡਾਂਟ ਪੈਂਦੀ ਰਹਿੰਦੀ ਸੀ। ਜਗਜੀਤ ਆਂਟੀ ਦਾ ਚਾਰ ਵਾਰ ਅਬੌਰਸ਼ਨ ਹੋਇਆ। ਹਰ ਵਾਰ ਹਸਪਤਾਲ 'ਤੋਂ ਪਰਤ ਕੇ ਉਹ ਆਪਣੀ ਗਾਥਾ ਮੇਰੀ ਮੰਮੀ ਨੂੰ ਦੱਸਦੀ ਹੁੰਦੀ ਸੀ। ਮੈਂ ਬੱਚੀਆਂ ਨੂੰ ਟੋਹੰਦੀ ਤਾਂ ਉਹ ਦੱਸਦੀਆਂ ਕਿ ਮੰਮਾ ਉਹਨਾਂ ਨੂੰ ਅਰਦਾਸ ਕਰਨ ਲਈ ਕਹਿੰਦੀ ਹੈ ਤਾਂ ਕਿ ਉਹਨਾਂ ਦੇ ਖੇਡਣ ਲਈ ਉਹਨਾਂ ਦੇ ਘਰ ਇਕ ਕਾਕਾ ਆਵੇ। ਆਖਰ ਜਦੋਂ ਮੁੰਡਾ ਹੋਇਆ ਤਾਂ ਆਂਟੀ ਨੂੰ ਪਿਛਲੇ ਸਾਰੇ ਦੁੱਖ ਭੁੱਲ ਗਏ ਅਤੇ ਉਹਨਾਂ ਨੇ ਖ਼ੁਦ ਖ਼ੁਸ਼ ਹੋ ਕੇ ਦੱਸਿਆ ਸੀ ਕਿ ਕੁਲ ਸੱਤਵੇਂ ਚਾਂਸ ਵਿਚ ਵਾਹੇਗੁਰੂ ਨੇ ਕੁੜੀਆਂ ਦੇ ਖੇਡਣ ਲਈ ਕਾਕੇ ਦੀ ਦਾਤ ਬਖ਼ਸ਼ੀ ਹੈ। ਵੱਡੀ ਕੁੜੀ ਉਦੋਂ ਨੌਂਵੀਂ ਵਿਚ ਸੀ ਅਤੇ ਸਕੂਲ ਦੀ ਹਾਕੀ ਟੀਮ ਵਿਚ ਖੇਡਦੀ ਹੁੰਦੀ ਸੀ।"

ਸ਼ਿਫਟ ਖਤਮ ਹੋਣ ਤੋਂ ਬਾਅਦ ਜਦੋਂ ਮੈਂ ਹੋਸਟਲ ਵੱਲ ਜਾ ਰਹੀ ਸੀ, ਗੈਲਰੀ ਵਿਚ ਦੋ ਨਰਸਾਂ ਵੱਡਾ ਸਾਰਾ ਡੱਬਾ ਚੁੱਕੀਂ ਬਰਫੀ ਵੰਡਦੀਆਂ ਮਿਲੀਆਂ।

ਮੈਨੂੰ ਦੇਖ ਕੇ ਕਹਿੰਦੀਆਂ, "ਡਾਕ ਸਾਬ, ਮੂੰਹ ਮਿੱਠਾ ਕਰੋ, ਡਾ. ਰਣਬੀਰ ਦੇ ਜੁਆਕ ਹੋਇਐ।"

"ਮੈਂ ਬਰਫੀ ਵੱਲ ਦੇਖੇ ਬਿਨਾ ਹੀ ਪੁੱਛਿਆ, "ਕੀ ਹੋਇਐ?"

"ਪਤਾ ਨਹੀਂ। ਸਾਨੂੰ ਕਿਹੜਾ ਕਿਸੇ ਨੇ ਉਧਰ ਜਾਣ ਦਿੱਤੈ। ਬਸ ਡੱਬਾ ਆਇਐ ਸਾਡੇ ਕੋਲ ਤਾਂ।"

ਦੋਵੇਂ ਨਰਸਾਂ ਖ਼ੁਸ਼। ਬਰਫੀ ਵੰਡੀ ਵੀ ਜਾਣ ਤੇ ਖਾਈ ਵੀ ਜਾਣ।

ਮੇਰੇ ਮਨ ਵਿਚ ਆਇਆ ਡੱਬੇ ਨੂੰ ਪੁੱਠੇ ਹੱਥ ਨਾਲ ਦੂਰ ਵਗਾਹ ਕੇ ਮਾਰਾਂ, ਜਿਵੇਂ ਫਿਲਮਾਂ ਵਿਚ ਕਰਦੇ ਹੁੰਦੇ ਨੇ। ਪਰ ਮੈਂ ਤਾਂ ਬਰਫੀ ਲੈਣ ਤੋਂ ਵੀ ਮਨ੍ਹਾਂ ਨਹੀਂ ਕਰ ਸਕਦੀ ਸੀ। ਮੈਨੂੰ ਪਤਾ ਹੈ, ਇਹ ਕਿੰਨੀਆਂ ਚੁਗਲਖੋਰ ਹੁੰਦੀਆਂ ਨੇ। ਹੁਣੇ ਗੱਲ ਫੈਲਾ ਦੇਣਗੀਆ, ਫਲਾਣੀ ਇੰਟਰਨ ਨੇ ਬਰਫੀ ਨਹੀਂ ਲਈ...

ਸੋ ਮੈਂ ਚੁੱਪਚਾਪ ਇਕ ਪੀਸ ਚੁੱਕ ਲਿਆ ਅਤੇ ਹਸਪਤਾਲ ’ਚੋਂ ਬਾਹਰ ਆ ਗਈ। ਬਰਫੀ ਦਾ ਟੁਕੜਾ ਮੂੰਹ ਵਿਚ ਪਾਉਣ ਨੂੰ ਮਨ ਨਹੀਂ ਕੀਤਾ। ਸੜਕ ਕੰਢੇ ਲੱਗੀ ਹੈੱਜ ਵਿਚ ਸੁੱਟ ਦਿੱਤਾ।

ਅਗਲੇ ਦਿਨ ਜਦੋਂ ਅਸੀ ਹੋਸਟਲ ’ਚੋਂ ਨਿਕਲੀਆਂ, ਇਹੀ ਚਰਚਾ ਫੇਰ ਚੱਲ ਪਈ, “ਏ, ਪਤਾ ਚੱਲਿਆ ਕੁਝ, ਡਾ. ਰਣਬੀਰ ਦੇ ਕੀ ਹੋਇਆ?”

ਕਿਸੇ ਨੂੰ ਵੀ ਪਤਾ ਨਹੀਂ ਸੀ।

ਸਪਨਾ ਬੋਲੀ, “ਜੋ ਹੋਣਾ ਸੀ, ਪਤਾ ਹੀ ਹੈ। ਬਰਫੀ ਵੰਡ ਤਾਂ ਰਹੇ ਸੀ। ਮੈਂ ਤਾਂ ਲਈ ਵੀ ਨਹੀਂ। ਹੁਣ ਵੀ ਜਿੰਨੇ ਦਿਨ ਇਹ ਪਾਰਟੀਆਂ ਚੱਲਣਗੀਆਂ, ਆਪਾਂ ਤਾਂ ਫਾਸਟ ਰੱਖਾਂਗੇ। ਦੋਗਲੇਪਨ ਦੀ ਵੀ ਕੋਈ ਹੱਦ ਹੁੰਦੀ ਹੈ ਕਿ ਨਾ?”

ਸਪਨਾ ਇਸ ਐਪੀਸੋਡ ਤੋਂ ਕਾਫੀ ਨਾਰਾਜ਼ ਸੀ। ਜੋ ਵੀ ਉਸ ਦੇ ਮਨ ਵਿਚ ਹੋਵੇ, ਉਹ ਤਾਂ ਅਗਲੇ ਦੇ ਮੂੰਹ ’ਤੇ ਹੀ ਕਹਿ ਦਿੰਦੀ ਹੈ।

ਹਸਪਤਾਲ ਬਿਲਡਿੰਗ ਦੇ ਗੇਟ ’ਤੇ ਨਲਿਨੀ ਮਿਲ ਗਈ ਜੋ ਇਕ ਤਜ਼ੁਰਬੇਕਾਰ ਅਤੇ ਕਾਬਲ ਨਰਸ ਦੇ ਤੌਰ ’ਤੇ ਉਸ ਸਮੇਂ ਓ.ਟੀ. ਵਿਚ ਸੀ।

ਪੂਜਾ ਭਾਟੀਆ ਨੇ ਝੱਟ ਉਸ ਤੋਂ ਪੁੱਛਿਆ, “ਸਿਸਟਰ, ਕਿਆ ਹੁਆ ਡਾਕਟਰ ਰਣਬੀਰ ਕੇ?”

“ਲੜਕੀ।” ਨਲਿਨੀ ਨੇ ਸੁਸਤ ਜਿਹੇ ਲਹਿਜੇ ਵਿਚ ਦੱਸਿਆ।

“ਸੱਚੀ?” ਸਪਨਾ, ਜਿਸਨੇ ਆਇੰਦਾ ਕੁਝ ਦਿਨ ਫਾਸਟ ਰੱਖਣ ਦਾ ਇਰਾਦਾ ਕੀਤਾ ਹੋਇਆ ਸੀ, ਚਹਿਕ ਕੇ ਬੋਲੀ।

“ਹੋਰ ਕੀ ! ਚਾਅ ਚੜ੍ਹਿਆ ਹੋਇਐ ਡਾਕ ਸਾਬ ਨੂੰ ਤਾਂ। ਸਭ ਨਾਰਮਲ ਹੋ ਗਿਐ ਨਾ।” ਕਹਿੰਦਿਆਂ ਨਲਿਨੀ ਅੰਦਰ ਚਲੀ ਗਈ।

ਅਸੀਂ ਸਾਰੀਆਂ ਉੱਥੇ ਹੀ ਸਿਰ ਜੋੜ ਕੇ ਖਾਮੋਸ਼ ਖੜ੍ਹੀਆਂ ਰਹਿ ਗਈਆਂ। ਭਾਵੁਕ ਜਿਹੀਆਂ। ਅਤੇ ਸਾਡੀਆਂ ਅੱਖਾਂ ’ਚ ਕਿਸੇ ਅਨਾਮ, ਅਣਜਾਣੀ ਖ਼ੁਸ਼ੀ ਜਿਹੀ ਦੀ ਸਿੱਲ੍ਹ।

ਸਾਡੇ ’ਚੋਂ ਖ਼ਬਰੈ ਕੀਹਦੇ ਮੂੰਹੋਂ ਨਿਕਲਿਆ, “ਹੇ ਰੱਬਾ ! ਰਣਬੀਰ ਸਰ ਬਾਰੇ ਅਸੀਂ ਕਿੰਨਾ ਗਲਤ ਸੋਚਦੇ ਰਹੇ... ਸੌਰੀ ਯਾਰ !”

ਫੇਰ ਕੁਝ ਪਲ ਸਾਡੇ ਵਿਚਾਲੇ ਖ਼ਾਮੋਸ਼ੀ ਪਸਰੀ ਰਹੀ। ਪਿਨ ਡ੍ਰੌਪ ਸਾਈਲੈਂਸ।

ਕੁਝ ਪਲਾਂ ਦੇ ਵਕਫ਼ੇ ਮਗਰੋਂ ਸਪਨਾ ਪੂਰੇ ਜੋਸ਼ ਨਾਲ ਖ਼ਾਮੋਸ਼ੀ ਭੰਗ ਕਰਦਿਆਂ ਠੇਠ ਹਰਿਆਣਵੀ ਲਹਿਜੇ ਵਿਚ ਬੋਲੀ, “ਭਈ ਯੋ ਡਾਕਟਰ ਰਣਬੀਰ ਤੋ ਘਣਾ ਬੇਟੀ ਕਾ ਬਾਪ ਨਿਲਯਾ !” ਅਤੇ ਅਸੀਂ ਸਾਰੀਆਂ ਠਹਾਕਾ ਮਾਰ ਕੇ ਹੱਸ ਪਈਆਂ।

ਸੰਘਣੇ ਹਨੇਰੇ ’ਚ ਜੁਗਨੂ ਦਾ ਵੀ ਕੁੱਝ ਤਾਂ ਮਹੱਤਵ ਹੁੰਦਾ ਹੀ ਹੈ !

**ਸੰਪਰਕ: 420, ਸੈਕਟਰ-16, ਹਿਸਾਰ-125005. ਮੋ. 94162-35210**



## ਕਹਾਣੀ/ ਹਵਾ-ਹਵਾਈ / - ਗੋਵਰਧਨ ਗੱਬੀ

‘**ਲੱਖ** ਖੁਸ਼ੀਆਂ ਪਾਤਸ਼ਾਹੀਆਂ ਜੇ ਸਤਿਗੁਰੂ ਨਦਰ ਕਰੇ ...।’

ਮੁਬਾਈਲ ਫੋਨ ਵਿਚ ਕਾਲਰ ਟਿਊਨ ਵੱਜ ਰਹੀ ਹੈ। ਕੁਝ ਦੇਰ ਬਾਅਦ ਬੰਦ ਹੋ ਜਾਂਦੀ ਹੈ।

ਫੋਨ ਫਿਰ ਮਿਲਾਇਆ ਜਾਂਦਾ ਹੈ।

“ਹੈਲੋ...ਦੀਦੀ...।”

“ਹੈਲੋ ..ਕੌਣ...ਗੁਰਜੀਤ..!”

“ਸਸਰੀਕਾਲ ਦੀਦੀ...।”

“ਸਸਰੀਕਾਲ ਜੀ ਕੀ ਹਾਲ ਵਾ...?”

“ਦੀਦੀ ਵਧੀਆ ਐ... ਤੁਸੀਂ ਸੁਣਾਉ... ਕੁਝ ਕਰਦੇ ਪਏ ਸੀ ਦੀਦੀ...ਤੁਸੀਂ ਫੋਨ ਨਹੀਂ ਚੁੱਕਿਆ...?”

“ਮੈਂਖਿਆ ਪਤਾ ਨਹੀਂ ਕਿਸਦਾ ਫੋਨ ਹੈ...ਸੋਚਿਆ ਕਿਸੇ ਬੀਮੇ ਵਾਲੀ ਕੰਪਨੀ ਦਾ ਨਾ ਹੋਵੇ...ਬੜਾ ਸਿਰ ਖਾਂਦੇ ਨੇ ਬੀਮੇ ਵਾਲੇ...ਅਖੇ-ਆਪਕੇ ਸਾਥ ਮਰਨੇ ਕੇ ਬਾਅਦ ਵੀ...ਐਵੇਂ ਹੀ ਬਕਵਾਸ ਕਰਦੇ ਆ...ਬਈ ਗੁਰਜੀਤ ਮੈਂ ਤੇ ਕਹਿਨੀਆਂ ਬਈ ਭਲੇ ਲੋਕੋ ਇਹ ਜਹਾਨ ਮਿੱਠਾ ਅਗਲਾ ਕਿੰਨੇ ਡਿੱਠਾ...।”

“ਦੀਦੀ ਤੁਸੀਂ ਮੇਰਾ ਨੰਬਰ ਸੇਵ ਨਹੀਂ ਕੀਤਾ ਹੋਇਆ...?”

“ਕੀਤਾ ਹੋਇਆ ਸੀ ਪਹਿਲਾਂ ਫਿਰ ਇੱਕ ਦਿਨ ਮੇਰਾ ਫੋਨ ਬਾਲਟੀ ਵਿਚ ਡਿੱਗ ਗਿਆ ਸੀ...ਸਾਰੇ ਨੰਬਰ ਉਡ ਗਏ...ਹੁਣ ਦੋਬਾਰਾ ਸੇਵ ਕਰ ਲੈਨੀ ਆਂ...ਇਹਦੇ ਵਿਚ ਕਿਹੜੀ ਕੋਈ ਵੱਡੀ ਗੱਲ ਐ...।”

“ਚਲੋ ਠੀਕ ਹੈ ਦੀਦੀ ਜ਼ਰੂਰ ਕਰ ਲੈਣਾ...ਹੋਰ ਸੁਣਾਓ ਕੀ ਕਰਦੇ ਪਏ ਸੀ...

“ਕਰਨਾ ਕੀ ਆ ਸ਼ਹਿਰੋਂ ਆਈਆਂ ਹੁਣੇ...ਕਪੜੇ ਬਦਲਣੇ ਸੀ...ਆ ਕਹਿੰਦਾ ਤੂੰ ਆ ਗਈ ਐਂ ਹੁਣ ਮੈਨੂੰ ਖਿਡਾਓ.....ਓਏ ਚੱਲ ਮੇਰੀ ਲੱਤ ਛੱਡ...ਦਫਾ ਹੋ...ਗੱਲ ਕਰਨ ਦੇ ਮੈਨੂੰ...।”

“ਕੌਣ ਆ ਦੀਦੀ..?”

“ਨਿੱਕਾ ਮੁੰਡੈ ਮੇਰਾ...ਪੱਪਾ.. ਬੋਲਣ ਡਿਆ ਪਈ ਮੇਰੇ ਨਾਲ ਖੇਡ... ਬਾਹਰ ਚੱਲੀ ਸੀ ਤਾਂ ਮੇਰੀ ਲੱਤ ਫੜੀ ਬੈਠਾ...ਕਹਿੰਦਾ-ਇੱਥੇ ਬਹਿਜਾ ਮੇਰੇ ਨਾਲ ਖੇਡ...ਓਏ ਪਰੇ ਜਾ ਕਿਤੇ... ਛੱਡ ਮੇਰੀ ਲੱਤ ...।”

“ਦੀਦੀ ਕੀ ਕਹਿੰਦਾ ਇਹ...?”

“ਕਹਿਣਾ ਕੀ ਐ ਏਹਨੇ...ਗੁਆਂਢੀਆਂ ਦੇ ਮੁੰਡੇ ਨਾਲ ਖੇਡਦਾ ਸੀ...ਮੈਨੂੰ ਦੇਖ ਭੱਜ ਆਇਆ ਅੰਦਰ ਨੂੰ...ਹੁਣ ਮੇਰੇ ਪਿੱਛੇ ਪਿਐ...ਮੈਨੂੰ ਦੇਖਦੇ ਹੀ ਚਾਂਬਲ ਜਾਂਦੈ ਰੋਜ਼।”

“ਅੱਛਾ...ਅੱਛਾ...ਦੀਦੀ ਹੋਰ ਸੁਣਾਓ...?”

“ਵਧੀਆ, ਵਧੀਆ ਸਭ ਵਧੀਆ...ਤੁਸੀਂ ਸੁਣਾਓ...ਕਿਵੇਂ ਚੇਤਾ ਆ ਗਿਆ ਅੱਜ ਦੀਦੀ ਦਾ...?”

“ਦੀਦੀ ਬਸ ਐਵੇਂ ਹੀ....ਮੰਮੀ ਕਹਿੰਦੇ ਪਈ ਉਹ ਹੋ ਗਈ ਆ ਗੱਲ ਸਾਲਵ...ਮੈਂਖਿਆ ਚਲੋ ਗੱਲ ਕਰ ਲੈਨੀਆਂ ਦੀਦੀ ਨਾਲ...।”

“ਵਧੀਆ...ਵਧੀਆ...ਹੋਰ ਕੀ ਐਵੇਂ ਬੇਫਾਇਦੇ ਦੀਆਂ ਟੈਨਸ਼ਨਾਂ ਪਾ ਕੇ ਬੈਠੇ ਰਹੀਦਾ ਵਾ...ਗੱਲ ਅਸਲ ਵਿਚ ਕੋਈ ਵੀ ਨਹੀਂ ਹੁੰਦੀ...ਬਸ ਐਵੇਂ ਹੀ ਇੱਧਰ ਉੱਧਰ ਦੀਆਂ ਸਾਰਾ ਕੁਝ ਵਗਾੜੀ ਜਾਂਦੀਆਂ ਨੇ...ਕੰਮ ਸੂਤ ਨ੍ਹੀ ਆਉਣ ਦਿੰਦੀਆਂ...ਚੰਗਾ ਕੀਤਾ ਤੇਰੀ ਮੰਮੀ ਨੇ...ਦੋਬਾਰਾ ਗੱਲ ਚਲਾ ਲਈ....।”

"ਦੀਦੀ ਤਦੇ ਈ ਮੈਂ ਗੱਲ ਕਰਦੀ ਪਈਆਂ...ਪਈ ਕੋਈ ਪਰੋਬਲਮ ਨਾ ਹੋਵੇ...ਹੁਣ ਅੱਗੇ ਸਾਰਾ ਕੁਝ ਸਹੀ ਹੋਵੇ...ਪਤਾ ਨਹੀਂ ਦੀਦੀ ਜਿਹੜਾ ਵੀ ਕੰਮ ਸ਼ੁਰੂ ਕਰੀਦੈ ਉਸ ਵਿਚ ਪਹਿਲਾਂ ਹੀ ਵਿਘਨ ਪੈ ਜਾਂਦੈ...ਤਦੇ ਹੀ ਮੈਂ ਤੁਹਾਨੂੰ ਫੋਨ ਕੀਤਾ ਆ...।"

"ਹਾਂ, ਓਹੀ ਤਾਂ ਹੋਰ ਕੀ...ਪਹਿਲਾਂ ਹੀ ਬਹਿਸ ਕਰ ਕਰ ਕੇ ਨਾ ਮਨ ਹੋਰ ਹੀ ਤਰ੍ਹਾਂ ਦਾ ਖਰਾਬ ਹੋ ਜਾਂਦਾ ਵਾ...ਓਏ ਕੀ ਰੌਲਾ ਪਾਇਆ ਤੂੰ ਚੱਲ ਬਾਹਰ ਜਾ... ਮੈਨੂੰ ਗੱਲ ਕਰਨ ਦੇ...ਤੂੰ ਖੇਡ ਕੇ ਆ ਜਾਈਂ...ਮੈਂ ਬਾਅਦ ਵਿਚ ਖੇਡੂੰਗੀ ਤੇਰੇ ਨਾਲ...ਮੈਨੂੰ ਗੱਲ ਕਰ ਲੈਣਦੇ...ਪੁੱਤ ਤੇਰੀ ਹੋਣ ਵਾਲੀ ਸੋਹਣੀ ਮਾਮੀ ਦਾ ਫੂਨ ਆ...ਜਾ ਮੇਰਾ ਸੋਹਣਾ ਲਾਲ...ਪੁੱਤ ਜ਼ਿੱਦ ਨਹੀਂ ਕਰਦੇ... ।"

"ਮੰਮੀ ਮੈਂ ਨਹੀਂ ਜਾਣਾ ਬਾਲ੍ਹ...ਤੁਸੀਂ ਮੇਲੇ ਨਾਲ ਖੇਲੋ....।"

ਤੋਤਲੇ ਬੋਲਦੇ ਹੋਏ ਬੱਚੇ ਦੇ ਡੁਸਕਣ ਦੀ ਆਵਾਜ਼ ਆਉਂਦੀ ਹੈ।

" ਹੈਲੋ ਦੀਦੀ...ਹੈਲੋ...ਕੀ ਕਹਿੰਦੈ ...? ਨਹੀਂ ਜਾਂਦਾ ਬਾਹਰ...?"

"ਬੜਾ ਭੈੜਾ ਵਾ ...ਆਂਦ੍ਹਾ ਪਈ ਨਹੀਂ ਜਾਣਾ...ਬਾਹਰ ਮੰਮੀ ਵਿਚਾਰੀ ਕੰਮ ਕਰਨ ਡਈ ਆ...ਮੈਖਿਆ ਮੈਂ ਆਈ ਆਂ... ਚਲੋ ਮੈਂ ਕੁਝ ਕੰਮ ਹੀ ਕਰਾਵਾਂ ਮੰਮੀ ਨਾਲ ਪਰ ਇਹ ਮੈਨੂੰ ਕੁਹ ਨਹੀਂ ਕਰਨ ਦਿੰਦਾ ਪਿਆ...ਮੇਰਾ ਕੀ ਫਾਇਦਾ ਉਹਨੂੰ ਵਿਚਾਰੀ ਨੂੰ...ਰੋਜ ਸਵੇਰੇ ਮੈਂ ਭੱਜ ਜਾਂਦੀ ਆਂ ਸ਼ਹਿਰ ਨੂੰ...ਸਵੇਰੇ ਵੀ ਕੁਝ ਨਹੀਂ ਕਰਦੀ...ਸ਼ਾਮੀ ਵੀ ਲੇਟ ਪਹੁੰਚਦੀਆਂ...ਥੱਕੀ ਹੁੰਨੀਆਂ...ਆ ਕੇ ਮਗਰਮੱਛ ਵਾਂਗ ਸਤੇੜ ਪੈ ਜਾਨੀਆਂ...ਇੱਕ ਤਾਂ ਔਤਰਾਂ ਮੇਰਾ ਭਾਰ ਤੋਰੀਆਂ ਦੀ ਵੇਲ ਵਾਂਗੂ ਰੋਜ਼ ਦਾ ਰੋਜ਼ ਕਿੱਲੋਆਂ ਦੀ ਰਫਤਾਰ ਨਾਲ ਵਧੀ ਜਾਂਦਾ...ਛੇ ਮਹੀਨੇ ਪਹਿਲਾਂ ਸਵਾਇਆ ਸੂਟ ਵੀ ਫਸਣ ਲੱਗ ਪੈਂਦੈ...ਉਧਰ ਵਿਚਾਰੀ ਮੰਮੀ ਵੀ ਠੀਕ ਨਹੀਂ ਰਹਿੰਦੀ...ਫਿਰ ਵੀ ਲੱਗੀ ਰਹਿੰਦੀ ਆ...ਕਈ ਵਾਰ ਤਾਂ ਮੈਨੂੰ ਬਹੁਤ ਤਰਸ ਆਉਂਦਾ ਵਾ ਮੰਮੀ ਉੱਪਰ...।"

"ਦੀਦੀ ਸ਼ਹਿਰ ਕੀ ਕਰਨ ਗਏ ਸੀ.....?"

"ਸ਼ਹਿਰ ਸਾਡੇ ਸੈਮੀਨਾਰ ਲਗਦੇ ਆ ਨਾ ਡੀ. ਓ. ਦੇ ਦਫਤਰ...ਕੱਲ੍ਹ ਵੀ ਗਏ ਸਾਂ, ਅੱਜ ਵੀ ਤੇ ਭਲਕੇ ਵੀ ਜਾਣਾ ਵਾ...।"

" ਦੀਦੀ ਸੈਮੀਨਾਰ ਕਾਹਦੇ ਆ....?"

"ਸੈਮੀਨਾਰ ! ਉਹੀ ਸਿਆਪਾ...ਪਈ ਸਕੂਲੇ ਚੰਗਾ ਪੜ੍ਹਾਉਣਾ ਕਿਵੇਂ ਆ ..ਇਹੀ ਦੱਸਦੇ ਆ ਹੋਰ ਦੱਸਣਾ ਵਾ ਉਹਨਾਂ ਆਪਣੀ ਮਾਂ ਦਾ ਸਿਰ...ਵੈਸੇ ਤਾਂ ਟਰੇਨਿੰਗ ਵੀ ਦਿੰਦੇ ਆ...ਸਾਰਾ ਦਿਨ ਸਿਰ ਖਾਈ ਜਾਂਦੇ ਆ ਬੋਲ ਬੋਲ ਕੇ...ਐਵੇਂ ਹੀ...ਟਕੋਸਲੇ ਜਿਹੇ ਸਰਕਾਰਾਂ ਦੇ...ਭਲਾ ਸਾਨੂੰ ਨਹੀਂ ਪਤਾ ਕਿੰਝ ਪੜ੍ਹਾਉਣੈ...ਅਸੀਂ ਉੱਲੂ ਆਂ ਭਲਾ...ਐਮ. ਏ. ਬੀ. ਐਡ ਕੀਤੀ ਆ...ਜਦੋਂ ਦੀ ਇਹ ਨਵੀਂ ਸਰਕਾਰ ਆਈ ਨਾ ਇਹਨਾਂ ਨੇ ਮਾਸਟਰਾਂ ਨੂੰ ਪੜ੍ਹਨੇ ਪਾਇਆ ਹੋਇਆ...ਇਹ ਕਰੋ...ਉਹ ਕਰੋ...ਸਫਾਈ ਰੱਖੋ...ਬੱਚਿਆਂ ਵਿਚ ਚੰਗੇ ਤੇ ਨੇਕ ਸ਼ਹਿਰੀ ਬਣਨ ਦੀ ਭਾਵਣਾ ਜਗਾਉ...ਸੁਆਹ ਜਗਾਉ...ਅਖੇ-ਦੇਸ਼ ਨੂੰ ਅੱਗੇ ਲੈ ਕੇ ਜਾਣਾ ਵਾ...ਐਵੇਂ ਹੀ ਮਾਰੀ ਜਾਂਦੇ ਆ ਭਕਾਈ...ਅਸੀਂ ਭਲਾ ਉਹਨਾਂ ਨੂੰ ਚੋਰ ਉਚੱਕੇ ਬਣਾਉਂਦੇ ਆਂ...ਐਵੇਂ ਦਿਮਾਗ ਖਰਾਬ ਐ ਸਰਕਾਰ ਦਾ...ਅਗਲੀ ਵਾਰ ਨਹੀਂ ਕੋਈ ਮਾਸਟਰ ਪਾਉਂਦਾ ਇਹਨਾਂ ਨੂੰ ਵੋਟ...।"

"ਹਾਂ, ਦੀਦੀ ਉਹ ਤਾਂ ਫਿਰ ਹੁੰਦਾ ਹੀ ਹੈ ਨਾ...ਸਰਕਾਰਾਂ ਦੇ ਕੰਮ ਏਦਾਂ ਈਂ ਚਲਦੇ ਆ...।"

"ਹੁਣ ਭਲਕੇ ਫਿਰ ਜਾਣਾ ਸ਼ਹਿਰ...ਫਿਰ ਸ਼ਨੀਵਾਰ ਆ ਜਾਣਾ ਤੇ ਐਤਵਾਰ ਨੂੰ ਰੱਖੜੀ ਆ...ਫਿਰ ਮੈਂ ਐਤਵਾਰ ਸਵੇਰੇ ਹੀ ਪਿੰਡ ਵਗ ਜਾਣਾ...ਨਣਾਨਾਂ ਨੇ ਆਉਣਾ ਰੱਖੜੀ ਬੰਨ੍ਹਣ...ਘਰ ਨਾ ਮਿਲੀ ਤਾਂ



ਉਹਨਾਂ ਕਹਿਣਾਂ-ਅਸੀਂ ਘਰ ਆਈਆਂ ਤੇ ਭਾਬੀ ਘਰੋਂ ਦੌੜ ਗਈ...ਬੜਾ ਕੁਝ ਦੇਖਣਾ ਪੈਂਦਾ ਵਾ ਗੁਰਜੀਤ...ਤੁਹਾਨੂੰ ਪਤਾ ਈ ਐ...ਨਨਾਣਾਂ ਤੇ ਸੱਸਾਂ ਭਲਾ ਖੁਸ਼ ਹੋਈਆਂ ਨੇ ਕਦੇ...ਨਿੱਕੀ ਨਿੱਕੀ ਗੱਲ ਉਪਰ ਨੁਖਸ ਕੱਢੀ ਜਾਣਗੀਆਂ...ਦਾਲ ਸਬਜ਼ੀ ਕਿਤੇ ਨਮਕ ਘੱਟ ਪੈ ਜਾਏ ਤਾਂ ਠੀਕ ਨਹੀਂ...ਵੱਧ ਪੈਜੇ ਤਾਂ ਠੀਕ ਨਹੀਂ...ਜਿੰਨੀ ਮਰਜ਼ੀ ਸੇਵਾ ਕਰੀ ਜਾਉ ਪਰ ਇਹਨਾਂ ਦੇ ਮੱਥੇ ਦੀਆਂ ਤਿਉੜੀਆਂ ਕਦੇ ਢਿੱਲੀਆਂ ਨਹੀਂ ਪੈਂਦੀਆਂ...ਸੋ ਭਾਈ ਡਰ ਲੱਗਦੈ...ਪੱਪੇ ਦਾ ਪਾਪਾ ਵੀ ਬੜਾ ਜ਼ਹਿਰੀ ਆ....ਕਹਿੰਦਾ ਸੀ ਸਵੇਰੇ ਵੇਲੇ ਸਿਰ ਪਹੁੰਚ ਜਾਈਂ..ਐਵੇਂ ਡੇਰਾ ਲਗਾ ਕੇ ਨਾ ਬੈਠ ਜਾਈਂ ਆਪਣੀ ਮਾਂ ਕੋਲੇ ਜਾ ਕੇ...ਸੋ ਭਾਈ ਮੈਂ ਸਵੇਰੇ ਜੱਸੇ ਦੇ ਰੱਖੜੀ ਬੰਨ ਕੇ ਵਗ ਜਾਣਾ ਪਿੰਡ ਨੂੰ...।"

"ਉਹ ਤਾਂ ਹੈ ਦੀਦੀ..ਨਣਾਨਾਂ ਤਾਂ ਫਿਰ ਹੁੰਦੀਆਂ ਹੀ ਏਦਾਂ ਦੀਆਂ ਨੇ...ਨਣਾਨਾਂ ਦਾ ਮਤਲਬ ਹੀ ਇਹ ਹੁੰਦਾ ਹੈ ਕਿ ਜੋ ਕਦੇ ਵੀ ਖੁਸ਼ ਨਾ ਹੋਵੇ ਭਾਵੇਂ ਜਿੰਨੀ ਮਰਜ਼ੀ ਸੇਵਾ ਕਰੀ ਜਾਉ...ਹਾਹਾਹਾਹਾ....ਦੀਦੀ ਮਜ਼ਾਕ ਕਰ ਰਹੀ ਆਂ...ਤੁਸੀਂ ਤਾਂ ਬਹੁਤ ਚੰਗੇ ਹੋ...ਜਸਬੀਰ ਬਹੁਤ ਤਾਰੀਫ ਕਰਦੈ ਤੁਹਾਡੀ...ਹਾਂ, ਦੀਦੀ, ਮੰਮਾ ਗੱਲ ਕਰਦੇ ਪਏ ਸੀ ਪਈ ਬਾਰਾਤ ਵਾਸਤੇ ਪੈਲੇਸ ਦਾ ਕੀ ਕਰਨੈ ..?"

" ਅੱਛਾ...ਅੱਛਾ...ਹਾਂ, ਪੈਲਸ ਤਾਂ ਕਰਨਾ ਹੀ ਐ...ਹੁਣ ਕਨਾਤਾਂ ਵਾਲਾ ਟੈਮ ਥੋੜਾ ਰਿਹੈ...।"

" ਮੈਖਿਆ, ਠੀਕ ਹੈ ਮੰਮਾ... ਮੈਂ ਗੱਲ ਕਰਦੀ ਆਂ ਦੀਦੀ ਨਾਲ... ਪੁੱਛਦੀਆਂ... ..ਸਲਾਹ ਕਰਦੀਆਂ...ਅੱਗੇ ਹੀ ਬੜੀ ਮੁਸ਼ਕਿਲ ਨਾਲ ਗੱਲ ਲੋਟ ਆਈ ਆ...।"

"ਅੱਛਾ...ਅੱਛਾ...ਹਾਂ ਉਹ ਤਾਂ ਪਈ ਕਰਨਾ ਹੀ ਹੁੰਦੈ...ਦੇਖਿਆ ਈ ਹੋਣਾ ਤੁਸੀਂ ਕੋਈ ਪੈਲਸ ਪੂਲਸ?"

"ਹਾਂ, ਦੀਦੀ, ਇਧਰ ਇੱਕ ਤਾਂ ਢਿੱਲੋਂ ਪੈਲੇਸ ਆ...ਉਹ ਜ਼ਰਾ ਛੋਟਾ ਆ...ਦੂਸਰਾ ਐਨ ਆਰ ਆਈ ਮੂਨ ਲਾਈਟ ਪੈਲੇਸ ਆ...ਉਹ ਬਹੁਤ ਵੱਡਾ ਐ...ਪਰ ਦੀਦੀ ਉਹ ਮਹਿੰਗਾ ਬੜਾ ਵਾ...ਮੈਂ ਪਾਪਾ ਨੂੰ ਕਹਾਂਗੀ ਕਿ ਪਤਾ ਕਰ ਆਉਣਗੇ...।"

"ਅੱਛਾ... ਅੱਛਾ...ਹਾਂ ਕੰਮ ਤਾਂ ਕਰਕੇ ਹੀ ਹੁੰਦੇ ਵਾ...।"

"ਦੀਦੀ ਤੁਸੀਂ ਤਾਂ ਦੋਨੋਂ ਦੇਖੇ ਹੋਏ ਆ...ਤੁਸੀਂ ਸਲਾਹ ਦੇ ਦਿਉ ਕਿ ਕਿਹੜਾ ਕਰੀਏ... ਮੰਮੀ ਕਹਿੰਦੀ ਪਈ ਸੀ ਕਿ ਢਿੱਲੋਂ ਠੀਕ ਆ...ਮੂਨ ਲਾਈਟ ਦਾ ਖਰਚਾ ਦੋਗੁਣਾ ਆ...?"

"ਮੈਂ ਤੇਰਾ ਚਪੇੜਾਂ ਨਾਲ ਬੂਥਾ ਤੋੜ ਸੁਟਣੈ...ਦਫਾ ਹੋ ਇੱਥੋਂ..।"

"ਕੀ ਹੋਇਆ ਦੀਦੀ....?"

"ਕੁਝ ਨਹੀਂ ਇਹ ਲੱਤਾਂ ਨੂੰ ਚਿੰਬੜੀ ਜਾਂਦਾ ਵਾ...ਬਹੁਤ ਤੰਗ ਕੀਤਾ ਵਾ ਇਸਨੇ...ਮੈਂ ਤੇਰੇ ਢੂਏ 'ਤੇ ਲੱਤ ਮਾਰਨੀ ਆ...ਚੱਲ ਦਫਾ ਹੋ...ਹਾਂ, ਮੈਂ ਦੋਵੇਂ ਵੇਖੇ ਈ ਆ...ਦੋਨੋਂ ਵਧੀਆ ਵਾ..।"

"ਹਾਂ ਦੀਦੀ, ਤਦੇ ਈ ਮੈਂ ਪੁੱਛਦੀ ਪਈ ਆਂ...ਜਿੱਦਾਂ ਤੁਸੀਂ ਕਹੋਗੇ ਅਸੀਂ ਕਰ ਲਵਾਂਗੇ... ਅੱਗੇ ਹੀ ਐਨਾ ਕੁਝ ਹੋਇਆ ਵਾ...ਏਨੀ ਪਰੋਬਲਮ ਹੋਈ ਸੀ...ਹੁਣ ਜਿਹੜਾ ਵੀ ਕੰਮ ਕਰਾਂਗੇ ਉਹ ਸਲਾਹ ਨਾਲ ਹੀ ਕਰਾਂਗੇ...।"

"ਹਾਂ... ਉਹ ਤਾਂ ਠੀਕ ਹੈ...ਸਲਾਹਾਂ ਕਰਨ ਵਾਸਤੇ ਹੀ ਹੁੰਦੀਆਂ ਨੇ...।"

"ਤਦੇ ਹੀ ਮੈਖਿਆ, ਜਿਹੜਾ ਦੀਦੀ ਹੁਰੀਂ ਕਹਿਣਗੇ ਉਸੇ ਪੈਲੇਸ ਦਾ ਪਾਪਾ ਜੀ ਪਤਾ ਕਰ ਲੈਣਗੇ..।"

"ਠੀਕ ਹੈ ਮੈਂ ਜੱਸੇ ਨੂੰ ਪੁੱਛਾਂਗੀ ਪਈ ਕੀ ਆਂਦ੍ਹੈ...ਉਹਨੇ ਵੀ ਕੀ ਕਹਿਣੈ ...ਉਹਨੇ ਤਾਂ ਪਹਿਲਾਂ ਹੀ ਕਿਹਾ ਕਿ ਦੀਦੀ ਸਾਰਾ ਕੁਝ ਤੁਸੀਂ ਹੀ ਤੈਅ ਕਰਨੈ...ਸੋ ਤੁਸੀਂ ਵੱਡਾ ਹੀ ਪੈਲਸ ਕਰੋ...ਮੂਨ ਲਾਈਟ...ਆਪਣੀ ਬਾਰਾਤ ਕਿਹੜੀ ਘੱਟ ਆਉਣੀ ਵਾ...ਹਜਾਰ ਤੋਂ ਵੀ ਜ਼ਿਆਦਾ ਹੋਊਗੀ...ਟੋਹਰ

ਬਣੂ ਤੁਹਾਡੀ ਵੀ ਤੇ ਨਾਲ ਸਾਡੀ ਵੀ... ਦੇਖੀਂ ਕਿੰਝ ਸ਼ਰੀਕਾਂ ਦੇ ਮੂੰਹ ਟੱਢੇ ਦੇ ਟੱਢੇ ਰਹਿੰਦੇ ਆ ਬਾਰਾਤ ਦੇਖ ਕੇ...।"

" ਚਲੋ ਠੀਕ ਹੈ...ਦੀਦੀ, ਵੱਡਾ ਹੀ ਕਰ ਲਵਾਂਗੇ...ਹਾਂ ਦੀਦੀ...ਮੰਮੀ ਕਹਿਣ ਡਏ ਸੀ ਤੁਸੀਂ ਗੱਡੀ ਬਾਰੇ ਵੀ ਕੁਝ ਕਹਿ ਰਹੇ ਸੀ...ਉਹਦੇ ਬਾਰੇ ਕੀ ਸਲਾਹ ਹੈ...? ਤੁਸੀਂ ਕਿਹੜੀ ਬਾਰੇ ਸੋਚਿਆ ਵਾ...? ਪਾਪਾ ਜੀ ਨੂੰ ਬੜੀ ਮੁਸ਼ਕਿਲ ਨਾਲ ਮਨਾਇਆ ਐ...ਚਲੋ ਇੱਕ ਵਾਰ ਪਤਾ ਚਲਜੇ...।"

"ਹਾਂ ਉਹ ਤਾਂ ਹੈਗਾ ਹੀ ਆ ਗੁਰਜੀਤ ਕੁਰੇ...ਹੁਣ ਸਕੂਟਰਾਂ ਮੋਟਰਾਂ ਸਾਈਕਲਾਂ ਦਾ ਜ਼ਮਾਨਾ ਥੋੜਾ ਹੈ... ਅੱਜ ਕੱਲ੍ਹ ਤਾਂ ਚੌਥੇ ਦਰਜ਼ੇ ਵਾਲੇ ਕਰਮਚਾਰੀ ਵੀ 'ਅਲਟੋ' ਤੋਂ ਘੱਟ ਗੱਲ ਨਹੀਂ ਕਰਦੇ...ਆਪਣਾ ਜੱਸਾ ਤਾਂ ਸੁਖ ਨਾਲ ਬਰਾਂਚ ਮੈਨੇਜਰ ਲੱਗੈ ਉਹ ਵੀ ਸਰਕਾਰੀ ਬੈਂਕ ਵਿਚ...ਵੱਡਾ ਅਫਸਰ ਆ...ਵੱਡੀ ਗੱਡੀ ਤਾਂ ਗੁਰਜੀਤ ਕੁਰੇ ਬਣਦੀ ਹੀ ਆ...।"

"ਹਾਂ ਦੀਦੀ, ਜਦੋਂ ਗੱਡੀ ਦੇਣੀ ਹੀ ਹੈ ਤਾਂ ਫਿਰ ਕੀਮਤ ਨਾਲ ਕੋਈ ਫਰਕ ਨਹੀਂ ਪੈਂਦਾ...ਮੈਂ ਵੀ ਉਹੀ ਕਹਿੰਦੀ ਪਈ ਸੀ... ਚਲੋ ਮੈਖਿਆ ਦੀਦੀ ਨਾਲ ਗੱਲ ਕਰ ਲੈਨਿਆਂ ਬਈ ਉਹਨਾਂ ਦੀ ਕਿਹੜੀ ਸਲਾਹ ਵਾ...ਪਸੰਦ ਵਾ...ਫਿਰ ਪਾਪਾ ਜੀ ਨੂੰ ਉੱਸੇ ਗੱਡੀ ਵਾਸਤੇ ਮਨਾਵਾਂਗੇ... ਅੱਗੇ ਹੀ ਐਨੀ ਪਰੋਬਲਮ ਹੋਈ ਸੀ...ਮੈਖਿਆ ਪਈ ਹੁਣ ਵਿਆਹ ਵੇਲੇ ਕੁਝ ਵੀ ਐਸਾ ਨਹੀਂ ਕਰਨਾ...ਬਸ ਦੀਦੀ ਰੋਕੇ ਵੇਲੇ ਅਸੀਂ ਤੁਹਾਡੇ ਨਾਲ ਸਲਾਹ ਨਹੀਂ ਕੀਤੀ.... ਉਧਰ ਤੁਸੀਂ ਸਾਨੂੰ ਦੱਸਿਆ ਨਹੀਂ ਬਈ ਰੋਕੇ ਵੇਲੇ ਏਨੇ ਲੋਕ ਆਉਣਗੇ...ਬੱਸ ਗਲਤੀ ਹੋ ਗਈ...ਤਾਂਹੀਂ ਕੁਝ ਗੜਬੜ ਹੋ ਗਈ...।"

"ਚਲੋ ਠੀਕ ਆ...ਹੁਣ ਜੋ ਹੋਣਾ ਸੀ ਉਹ ਹੋ ਗਿਆ...ਪਤਾ ਗੱਲ ਕੀ ਐ ਗੁਰਜੀਤ..ਜਿਹੜੀ ਗੱਲ ਹੋਜੇ ਨਾ...ਉਹੀ ਠੀਕ ਹੈ ਜੇ ਆਪਾਂ ਕਰ ਸਕਦੇ ਆਂ ਤਾਂ ਆਪਾ ਕਹਿ ਦਈਏ...ਨਹੀਂ ਤਾਂ ਬੰਦਾ ਜੁਆਬ ਦੇ ਦਏ...ਮੁੜ ਕੇ ਝੂਠ ਝਾਠ ਨਿਕਲ ਆਵੇ ਤਾਂ ਉਸਦੀ ਬੜੀ ਟੈਨਸ਼ਨ ਹੁੰਦੀ ਆ ਫਿਰ...।"

"ਹਾਂ ਤਦੇ ਹੀ ਦੀਦੀ ਬਾਅਦ ਵਿਚ ਬਹੁਤ ਪ੍ਰੋਬਲਮ ਹੁੰਦੀ ਐ...ਤੁਸੀਂ ਦੱਸ ਦਿਉ ਨਾ ਪਈ ਤੁਹਾਨੂੰ ਕਿਹੜੀ ਗੱਡੀ ਪਸੰਦ ਆ ਫਿਰ ਅਸੀਂ ਪਾਪਾ ਜੀ ਨੂੰ ਉਸੇ ਵਾਸਤੇ ਮਨਾ ਲਵਾਂਗੇ ਕਿਸੇ ਨਾ ਕਿਸੇ ਤਰ੍ਹਾਂ...।"

"ਪਤਾ ਕੀ ਐ...ਮੈਂ ਤਾਂ ਇਹ ਚਾਹੁੰਨੀਆਂ ਪਈ ਆ ਜਿਹੜਾ ਹੁੰਦਾ ਨਾ ਇਹ ਦੂਜਾ ਛੋਟਾ ਮੋਟਾ ਸਮਾਨ ਜਿਵੇਂ ਬੈੱਡ ਸੋਫੇ ਇਹ ਕੁਹ ਨਾ ਹੋਵੇ ਭਾਵੇਂ...ਕਿਉਂਕਿ ਗੁਰੂ ਮਹਾਰਾਜ ਦੀ ਕਿਰਪਾ ਨਾਲ ਇਹ ਉਹਨਾਂ ਦੇ ਸਾਰਾ ਕੁਹ ਹੈਗਾ...ਜਾਂ 'ਗਾਂਹ ਕਿਤੇ ਕੋਠੀ ਕਾਠੀ ਲਈ ਉਹਨਾਂ ਕੋਈ ਨਵੀਂ ਤਾਂ ਆਪੇ ਹੋਰ ਲੈ ਆਉਣਗੇ ਇੱਕ ਅੱਧਾ ਸੋਫਾ ਸੈੱਟ...ਸੋ ਇਹ ਸਮਾਨ ਨਾ ਹੋਵੇ...ਪੇਟੀਆਂ ਸੰਦੂਖ ਵੀ ਨਾ ਹੋਣ...ਬਾਕੀ ਬਾਰਾਤ ਵੇਲੇ ਜਿਹੜੀ ਮੋਟੀ ਮੋਟੀ ਚੀਜ਼ ਦੁਨੀਆ ਨੇ ਵੇਖਣੀ ਹੁੰਦੀ ਆ ਪੈਲਸ ਵਿਚ ਆਉਂਦਿਆ ਸਾਰ ਹੀ...ਉਹੋ ਚੰਗੀ ਹੋਵੇ...ਬਸ...ਮੈਂ ਤਾਂ ਇਹ ਚਾਹੁੰਨੀਆਂ...ਹੋਰ ਮੇਰੀ ਕੋਈ ਡਿਮਾਂਡ ਨਹੀਂ ਹੈਗੀ...ਅਸੀਂ ਕਿਹੜੇ ਕਿਤੇ ਗਏ ਗੁਜਰੇ ਹਾਂ...ਰੱਬ ਦਾ ਦਿੱਤਾ ਬਹੁਤ ਕੁਛ ਹੈ...।"

"ਹਾਂ ਦੀਦੀ, ਤਦੇ ਹੀ ਪੁੱਛਦੀ ਪਈ ਸੀ ਪਈ ਤੁਸੀਂ ਦੱਸ ਦਿਉ...ਫਿਰ ਪਾਪਾ ਨੂੰ ਕਹਾਂਗੀ ਨਾ ਤਦ ਉੱਸੇ ਹਿਸਾਬ ਨਾਲ ਕਰਨਗੇ ਉਹ ਆਪਣਾ ਸਾਰਾ ਕੁਝ...ਫਿਰ ਅਸੀਂ ਸਾਰੇ ਪਰਿਵਾਰ ਵਾਲੇ ਸਲਾਹ ਕਰ ਲਵਾਂਗੇ ਨਾ .।"

"ਹਾਂ, ਉਹ ਤਾਂ ਹੈ...ਕਰਨੀ ਹੀ ਪੈਂਦੀ ਐ ਸਲਾਹ ਘਰ ਵਿਚ...ਪਈ ਕੁੜੀ ਦਾ ਵਿਆਹ ਕਰਨਾ ਕੋਈ ਸੌਖਾ ਐ ਭਲਾ ਅੱਜ ਕੱਲ੍ਹ...ਪਿੱਛੇ ਜਿਹੇ ਅਸੀਂ ਆਪਣੀ ਨਿੱਕੀ ਨਨਾਣ ਵਿਆਹੀ ਸੀ...ਸਾਰਾ ਕੁਝ ਖਾਲੀ ਹੋ ਗਿਆ ਸੀ...ਕੀ ਘਰ...ਕੀ ਬੈਂਕ...ਅਜੇ ਕਹਿੰਦੇ ਸੀ ਪਈ ਵਿਆਹ ਸਿੰਪਲ ਕਰਨਾ ਵਾ...ਪਰ



ਜ਼ਮਾਨੇ ਨਾਲ ਤਾਂ ਤੁਰਨਾ ਹੀ ਪੈਂਦਾ ਹੈ ਨਾ ਫਿਰ ਵੀ... ।"

"ਤਦੇ ਹੀ ਦੀਦੀ ਤੁਹਾਡੇ ਨਾਲ ਸਲਾਹ ਕੀਤੀ ਹੋਵੇਗੀ ਤਾਂ ਠੀਕ ਰਹੇਗਾ ਨਾ...ਤਾਂ ਕਿ ਰੋਕੇ ਵਾਲੀ ਗਲਤੀ ਦੋਬਾਰਾ ਨਾ ਹੋਵੇ..।"

"ਸਲਾਹ ਤਾਂ ਹੈਗੀ ਆ ਮੇਰੀ...ਜੱਸਾ ਤਾਂ ਮੰਨਦਾ ਨਹੀਂ ਸੀ ਕਹਿੰਦਾ ਦੀਦੀ ਮੇਰੇ ਕੋਲ 'ਅਲਟੋ' ਹੈਗੀ ਆ...ਕੀ ਕਰਨੀ ਆ ਹੋਰ ਕਾਰ....ਪਰ ਮੈਖਿਆ ਵੀਰੇ ਵਿਆਹ ਭਲਾ ਰੋਜ ਰੋਜ ਹੁੰਦੇ ਆ...ਮੈਂ ਤਾਂ ਉਹਨੂੰ ਦੱਸ ਦਿੱਤਾ ਸੀ....ਪਹਿਲਾਂ ਤਾਂ ਮੇਰਾ ਮਨ ਸੀ ਬਈ 'ਬਰੀਜ਼ਾ' ਠੀਕ ਹੈ ਪਰ ਹੁਣ ਕੁਝ ਮਨ ਬਦਲ ਗਿਆ ਵਾ ਮੇਰਾ.... ਸੋ ਮੇਰੀ ਤਾਂ ਇੱਕੋ ਸਲਾਹ ਹੈ...ਮੈਂ ਤਾਂ ਕਹਿਨੀਆਂ ਬਈ ਆ ਜਿਹੜੀ ਆਪਣੀ ਆਈ ਨਹੀਂ ਨਵੀਂ ਗੱਡੀ ਨਾਮ ਹੀ ਭੁੱਲ ਗਿਆ... ਕੀ ਨਾਮ ਹੈ ਉਸਦਾ ..ਆ ਜਿਹੜੀ ਮਹਿੰਦਰਾ ਵਾਲਿਆਂ ਦੀ ਨਵੀਂ ਵੱਡੀ ਗੱਡੀ ਨਹੀਂ ਆਈ ਕੁਝ ਦਿਨ ਪਹਿਲਾਂ ਹੀ ...ਹਾਂ ਯਾਦ ਆ ਗਿਆ...ਔਤਰੀ 'ਮਰਾਜ਼ੋ'...ਉਹ ਚਾਹੀਦੀ ਐ...ਉਹ ਵੀ ਟੋਪ ਮਾਡਲ ਵਾਲੀ...।"

"ਮਰਾਜ਼ੋ...ਠੀਕ ਹੈ ਦੀਦੀ... ਕਿੰਨੀ ਕੁ ਕਿਮਤ ਭਲਾ ਇਸਦੀ...?"

"ਮੇਰਾ ਖਿਆਲ ਹੈ ਮਰ ਕੇ ਚੌਦਾਂ ਪੰਦਰਾਂ ਲੱਖ ਦੀ ਹੋਣੀ ਐ ਹੋਰ ਕਿਤੇ ਫਰਾਰੀ ਵਾਂਗ ਕਰੋੜਾਂ ਦੀ ਐ...?"

"ਚੌਦਾਂ ਲੱਖ..! ਪਰ ਦੀਦੀ ਅਸੀਂ ਤਾਂ ਸੁਣਿਆ ਸੀ ਤੁਸੀਂ ਬਰੀਜ਼ਾ ਬਾਰੇ ਕਹਿ ਰਹੇ ਸੀ...ਤਦੇ ਪਾਪਾ ਜੀ ਕਹਿੰਦੇ ਸੀ ਇੱਕ ਦੋ ਲੱਖ ਵਾਧੂ ਖਰਚ ਨਾਲ ਕੋਈ ਫਰਕ ਨਹੀਂ ਪੈਣਾ ਅਲਟੋ ਤੇ ਬਰੀਜ਼ਾ ਦੀ ਕੀਮਤ ਵਿਚ ਪਰ ਚਲੋ ਕੋਈ ਨਾ ਅਸੀਂ ਪਾਪਾ ਜੀ ਨੂੰ ਮਰਾਜ਼ੋ ਵਾਸਤੇ ਵੀ ਮਨਾਲਾਂਗੇ ...!"

"ਹਾਂ, ਬਸ ਏਨੇ ਦੀ ਹੈ ਮਰਾਜ਼ੋ ...ਮੇਰੀ ਸਲਾਹ ਵਾ...ਮੈਂ ਆਹਨੀਆਂ ਪਈ ਹੋਰ ਕਿਸੇ ਚੀਜ਼ ਵਿਚ ਕਮੀ ਆ ਜਾਏ ਤਾਂ ਕੋਈ ਗੱਲ ਨਹੀਂ... ਗੱਡੀ ਤਾਂ ਫਿਰ ਵੱਡੀ ਹੋਣੀ ਚਾਹੀਦੀ ਐ ਨਾ...ਹੁਣ ਮਾਰੂਤੀਆਂ ਸ਼ਰੂਤੀਆਂ ਦਾ ਟੈਮ ਥੋੜਾ ਵਾ...ਪਿੱਛੇ ਜਿਹੇ ਸਾਡੇ ਪਿੰਡ ਇੱਕ ਮਾਸਟਰ ਨੂੰ ਵਿਆਹ ਵਿਚ ਉਹਦੇ ਸਹੁਰਿਆਂ ਨੇ 'ਨੈਨੋ' ਕਾਰ ਦੇ ਦਿੱਤੀ...ਬਸ ਫਿਰ ਕੀ ਸੀ ਮਹੀਨਾ ਭਰ ਨਹੀਂ ਚਲੀ ਨੈਨੋ ਤੇ ਨਾ ਹੀ ਚਲਿਆ ਵਿਆਹ...ਛੇਹੀਂ ਮਹੀਨੇ ਵਿਚ ਗੱਲ ਲਿਖਤਾਂ ਤੱਕ ਪਹੁੰਚ ਗਈ ... ਬੜੀ ਮੁਸ਼ਕਿਲ ਨਾਲ ਗੱਲ ਮੁੱਕੀ.. ਹੁਣ ਕੁੜੀ ਵਾਲੇ ਕਹਿੰਦੇ ਫਿਰਦੇ ਆਂ-ਗ਼ਲਤੀ ਹੋ ਗਈ...ਸਾਨੂੰ ਪਹਿਲਾਂ ਹੀ ਅਲਟੋ ਦੇ ਦੇਣੀ ਚਾਹਦੀ ਸੀ...ਜੱਸਾ ਤਾਂ ਫਿਰ ਅਫਸਰ ਲੱਗਾ ਹੈ ਬੈਂਕ ਵਿਚ... ਆ ਅਲਟੋ, ਬਰੀਜ਼ਾ ਤਾਂ ਕੁਹ ਵੀ ਨਹੀਂ ਹੈਗੀਆਂ ਉਸਦੀ ਹੈਸੀਅਤ ਸਾਹਮਣੇ... ਕੱਲ੍ਹ ਨੂੰ ਤੇਰੀ ਹੀ ਟੋਹਰ ਬਣੂ ਗੁਰਜੀਤ ਕੁਰੇ...ਜਦੋਂ ਲੋਕਾਂ ਕਹਿਣਾ ਉਹ ਦੇਖੋ ਗੁਰਜੀਤ ਦਾ ਪ੍ਰਾਹੁਣਾ ਜਾਂਦਾ ਮਰਾਜ਼ੋ ਵਿਚ...।"

"ਹਾਂ ਦੀਦੀ, ਉਹ ਤਾਂ ਹੈ... ਮਰਾਜ਼ੋ ਅੱਗੇ ਸੋਫੇ ਸਾਫੇ ਸੱਭ ਗੁਆਚ ਜਾਣੇ ਆ...ਕਮੀ ਵਾਲੀ ਗੱਲ ਹੀ ਕਿਉਂ ਕਰਨੀ ਆ...ਇੰਨਾ ਕੁਝ ਕਰਨ ਦੇ ਬਾਵਜੂਦ ਇੱਕ ਵੀ ਕਮੀ ਆ ਗਈ ਨਾ ਉਹਦੇ ਨਾਲ ਜਿਹੜੀਆਂ ਹੋਰ ਦਸ ਚੰਗੀਆਂ ਕੀਤੀਆਂ ਹੋਣੀਆਂ ਨੇ ਉਹਦੇ ਵਿਚ ਵੀ ਕਮੀ ਲੱਭਣ ਲੱਗ ਪੈਣੀ ਆ...।"

"ਹਾਂ, ਗੁਰਜੀਤ, ਪਤਾ ਕੀ ਆ... ਹੁਣ ਜ਼ਮਾਨੇ ਨਾਲ ਤਾਂ ਚਲਣਾ ਹੀ ਪੈਣਾ ਆ ਨਾ...ਭਰਾ ਮੇਰਾ ਕਿਹੜਾ ਕਲਰਕ ਕਲੁਰਕ ਲੱਗੈ...ਅਗਲਾ ਅਫਸਰ ਹੈ...ਗੁਰਜੀਤ ਦੇਖ ਤੂੰ ਵੀ ਅਧਿਆਪਕ ਲੱਗ ਗਈ ਐਂ...ਕੱਲ੍ਹ ਨੂੰ ਤੁਸੀਂ ਦੋਨੋਂ ਐਸ਼ ਕਰੋਗੇ... ਤੁਸੀਂ ਇਹ ਨਹੀਂ ਸਮਝਣਾ ਪਈ ਮੈਂ ਭੈਣ ਆਂ ਉਸਦੀ ਤਾਂ ਸਾਰਾ ਕੁਝ ਕਰਾਉਣ ਡਈ ਆਂ...ਮੈਂ ਤਾਂ ਬਸ ਜੋ ਅੱਜ ਕੱਲ੍ਹ ਚਲਦਾ ਵਾ ਉਹੀ ਗੱਲ ਕਰਨ ਡਈ ਆਂ...।"

"ਨਹੀਂ ਦੀਦੀ ਚਲੋ ਠੀਕ ਹੈ...ਤੁਸੀਂ ਖੁੱਲ੍ਹ ਕੇ ਗੱਲ ਤਾਂ ਕਰਦੇ ਪਏ ਹੋ ਨਾ...ਇਸ ਤੋਂ ਵੱਡਾ ਹੋਰ ਕੀ

ਐ...ਪਹਿਲਾਂ ਵੀ ਰੋਲੇ ਗੋਲੇ ਵਿਚ ਗੱਲ ਵਿਗੜਣ ਲੱਗੀ ਸੀ...।"

" ਵੈਸੇ ਤਾਂ ਜਿਹੜਾ ਵੀ ਕੋਈ ਰਿਸ਼ਤਾ ਕਰਵਾਉਂਦੈ ਨਾ...ਜਿਹੜਾ ਵਿਚੋਲਾ ਹੁੰਦੈ...ਗੱਲ ਉਸਨੂੰ ਕਰਨੀ ਚਾਹੀਦੀ ਐ...ਮੈਂ ਤਾਂ ਜੱਸੇ ਨੂੰ ਆਖਿਆ ਸੀ ਪਈ ਮੇਰਾ ਨਾਂ ਨਾ ਬਦਨਾਮ ਹੋਵੇ...ਉਹ ਨਾ ਕਿਤੇ ਕਹਿਣ ਪਈ ਤੂੰ ਰਿਸ਼ਤਾ ਕਰਵਾਇਐ...ਜੱਸਾ ਤਾਂ ਆਂਹਦਾ ਸੀ ਪਈ ਮੈਂ ਸਿੱਧੀ ਗੱਲ ਕਰ ਲੈਨਾਂ....ਪਰ ਮੈਂ ਕਿਹਾ ਮੈਂ ਆਪ ਕਰੂੰਗੀ ਗੱਲ...ਹੁਣ ਮੈਂ ਵਿਚੋਲਣ ਬਣੀ ਆਂ ਤਾਂ ਹੌਸਲਾ ਵੀ ਮੈਨੂੰ ਹੀ ਕਰਨਾ ਪੈਣੈ...।"

"ਨਹੀਂ ਦੀਦੀ ਤੁਹਾਡਾ ਫਰਜ਼ ਬਣਦਾ...ਜਦੋਂ ਵਿਚੋਲੇ ਹੋ ਤੁਸੀਂ..ਤਦੇ ਹੀ ਮੈਂ ਫੋਨ ਕੀਤਾ ਪਈ ਅੱਗੇ ਜੋ ਵੀ ਕਰੀਏ ਸਲਾਹ ਨਾਲ ਚਲੀਏ...'ਗਾਂਹ ਕੋਈ ਪਰੋਬਲਮ ਨਾ ਹੋਵੇ...।"

"ਠੀਕ ਆ...ਅੱਗੇ ਹੀ ਮੇਰੇ ਮੰਮੀ ਵੀ ਠੀਕ ਨਹੀਂ ਹੈਗੇ...ਮੰਮੀ ਕਹਿੰਦੀ ਆ ਪਈ ਵਿਆਹ ਹੋਵੇ ਤੇ ਇਹ ਆਪਣਾ ਘਰ ਸੰਭਾਲਣ...ਮੈਂ ਵੀ ਕੁੜੀਆਂ ਕੋਲ ਕਿਤੇ ਰਾਤ ਲਾ ਆਵਾਂ ਕਰਾਂ... ਮੰਮੀ ਕਹਿੰਦੀ-ਕਿਤੇ ਮੈਨੂੰ ਵੀ ਮੰਜੇ ਤੇ ਬੈਠੀ ਨੂੰ ਰੋਟੀ ਮਿਲਜੇ ਖਾਣ ਨੂੰ...ਜ਼ਿੰਦਗੀ ਦਾ ਤਾਂ ਕੋਈ ਪਤਾ ਨਹੀਂ ਹੁੰਦਾ...ਮੰਮੀ ਨੇ ਸਾਰੀ ਉਮਰ ਦੁੱਖ ਹੀ ਦੁਖ ਦੇਖੇ ਨੇ...ਕੋਈ ਸੁੱਖ ਤਾਂ ਦੇਖਿਆ ਨਹੀਂ...ਸਾਰੀ ਜਿੰਮੇਵਾਰੀ ਉਸਦੇ ਮੋਢਿਆਂ 'ਤੇ ਪਈ ਰਹੀ...ਰੱਬ ਨੇ ਪਾ ਦਿੱਤੀ...ਪਾਪਾ ਜੀ ਸਾਨੂੰ ਛੱਡ ਕੇ ਤੁਰ ਗਏ ਸੀ ਛੋਟਿਆਂ ਨੂੰ ਹੀ... ਚਲੋ ਜੋ ਵੀ ਹੈ ਪਰ ਉਸਨੇ ਸਾਰੀ ਜਿੰਮੇਵਾਰੀ 'ਕੱਲੀ ਨੇ ਨਿਭਾਈ... ਚਲ ਛੱਡ ਗੁਰਜੀਤ ਤੂੰ ਕਹਿਣਾ ਪਈ ਸ਼ਗਨਾਂ ਦੀ ਗੱਲ ਚੱਲ ਰਹੀ ਸੀ ਤੇ ਆ ਕੀ ਆਪਣੇ ਰੋਣੇ ਧੋਣੇ ਲੈ ਕੇ ਬਹਿ ਗਈ ਆ...ਸੋ ਭਾਈ ਮੈਂ ਤੁਹਾਨੂੰ ਗੱਡੀ ਦੱਸ ਦਿੱਤੀ ਆ...ਸਾਰਾ ਕੁਝ ਮੈਂ ਤੁਹਾਨੂੰ ਦੱਸ ਦਿੱਤਾ...ਗੁੱਸਾ ਕਿਸੇ ਗੱਲ ਦਾ ਨਹੀਂ ਕਰਨਾ...।"

"ਨਾ ਨਾ ਗੁੱਸਾ ਕਾਹਦਾ ਕਰਨੈ ਦੀਦੀ...ਤਦੇ ਮੈਂ ਤੁਹਾਡੇ ਨਾਲ ਗੱਲ ਕੀਤੀ ਆ...ਵੀਰ ਗਿਆ ਸੀ ਤਾਏ ਹੁਰਾਂ ਦੇ ਘਰ...ਮੈਂ ਪਾਪਾ ਨੂੰ ਕਿਹਾ ਪਈ ਮੈਂ ਦੀਦੀ ਨਾਲ ਗੱਲ ਕਰ ਲੈਨੀ ਆਂ...ਮੇਰੀ ਫਰੈਂਡ ਆ ਦੀਦੀ...ਭੈਣਾਂ ਵਰਗੀ ਆ...ਜੋ ਵੀ ਗੱਲ ਹੈ ਅਸੀਂ ਦੋਵੇਂ ਸਿੱਧੇ ਈ ਕਰ ਲਵਾਂਗੀਆਂ...ਉਹ ਪਹਿਲਾਂ ਹੀ ਅਧਿਆਪਕ ਲੱਗੀ ਹੈ...ਹੁਣ ਤਾਂ ਮੈਂ ਵੀ ਲੱਗ ਗਈਆਂ ਉੱਸੇ ਮਹਿਕਮੇ ਵਿਚ... ਸੋ ਦੀਦੀ, ਤੁਸੀਂ ਮੇਰੀ ਭੈਣਾਂ ਵਰਗੀ ਹੋ...ਕਈ ਵਾਰੀ ਕੁਝ ਗੱਲਾਂ ਹੁੰਦੀਆਂ ਨੇ ਜਿਹੜੀਆਂ ਤੁਸੀਂ ਮੇਰੀ ਮੰਮਾ ਨਾਲ ਨਹੀਂ ਕਰ ਸਕਦੇ...ਤੁਸੀਂ ਹੈਗੇ ਤਾਂ ਭਾਵੇਂ ਮੰਮਾ ਦੇ ਕੁਲੀਗ ਹੋ ਪਰ ਹੁਣ ਜਦੋਂ ਰਿਸ਼ਤੇਦਾਰੀ ਵਿਚ ਪੈਣਾ ਹੈ ਤਾਂ ਤੁਸੀਂ ਕੋਈ ਵੀ ਗੱਲ ਮੇਰੇ ਨਾਲ ਸਿੱਧੇ ਕਰ ਸਕਦੇ ਹੋ...ਇਸੇ ਕਰਕੇ ਮੈਂ ਤੁਹਾਡੇ ਨਾਲ ਗੱਲ ਕਰਦੀ ਪਈ ਆਂ ਪਈ 'ਗਾਂਹ ਕੋਈ ਪ੍ਰੋਬਲਮ ਨਾ ਹੋਵੇ...ਅੱਗੇ ਪਹਿਲਾਂ ਤੁਸੀਂ ਦੇਖ ਲਿਆ...ਕਿਵੇਂ ਗ਼ਲਤ ਫਹਿਮੀਆਂ ਪੈਦਾ ਹੋਈਆਂ ਸੀ ...ਜਸਬੀਰ ਨੇ ਮੈਨੂੰ ਕਿਹਾ ਸੀ ਕਿ ਬਸ ਘਰ ਦੇ ਖਾਸ ਖਾਸ ਕੁਝ ਲੋਕ ਹੀ ਆਉਣਗੇ ਰੋਕੇ ਉਪਰ ਪਰ ਫਿਰ ਅਚਾਨਕ ਕਿੰਨੇ ਸਾਰੇ ਲੋਕ ਆ ਗਏ...ਫਿਰ ਅਸੀਂ ਪੰਜ ਪੰਜ ਸੋ ਦਾ ਸ਼ਗਨ ਪਾਇਆ...ਬਾਅਦ ਵਿਚ ਤੁਸੀਂ ਨਰਾਜ਼ ਹੋ ਗਏ ਪਈ ਹਜਾਰ ਹਜਾਰ ਤਾਂ ਹੋਣਾ ਹੀ ਚਾਹੀਦਾ ਸੀ...ਦੂਸਰਾ ਕੁਝ ਪ੍ਰਾਹੁਣੇ ਕਹਿੰਦੇ ਪਈ ਸਾਨੂੰ ਗਰਮੀ ਵਿਚ ਮਰਵਾ ਦਿੱਤਾ...ਇੱਕ ਇੱਕ ਕੋਕਾ ਕੋਲਾ ਹੱਥ ਫੜਾ 'ਤਾ...ਕੀ ਸੀ ਕੋਈ ਬੀਅਰ ਦੀ ਪੇਟੀ ਹੀ ਲੈ ਆਉਂਦੇ...ਸੋ ਦੀਦੀ ਮੈਂ ਤਾਂ ਫੋਨ ਕੀਤਾ ਪਈ ਇਸ ਵਾਰ ਕੋਈ ਗ਼ਲਤ ਫਹਿਮੀ ਪੈਦਾ ਨਾ ਹੋਵੇ...।"

"ਹਾਂ...ਹੋਰ ਕੀ...ਮੁੜ ਕੇ ਜ਼ਿੱਦਬਾਜ਼ੀ ਬਣ ਜਾਂਦੀ ਐ...ਖੱਟਾਸ ਪਹਿਲਾਂ ਹੀ ਪੈ ਜਾਂਦੀ ਹੈ...।"

"ਹਾਂ ਟੈਂਸ਼ਨ ਹੋ ਜਾਂਦੀ ਐ ਫਿਰ... ਕੀ ਫਾਇਦਾ ਫਿਰ ਐਵੇਂ ਹੀ...।"

"ਕੋਈ ਗੱਲ ਨਹੀਂ ਗੁਰਜੀਤ...ਤੁਸੀਂ ਕਰ ਲਉ ਸਲਾਹ ਫਿਰ ਦੱਸ ਦੇਣਾ..।"

"ਬਾਕੀ ਦੀਦੀ ਕਪੜਿਆਂ ਬਾਰੇ ਵੀ ਦੱਸ ਦਿਉ...ਉਹਨਾਂ ਦਾ ਕੀ ਕਰਨਾ ਵਾ..?"



" ਉਹ ਤਾਂ ਕੋਈ ਖਾਸ ਗੱਲ ਨਹੀਂ ਜਦੋਂ ਬਣਾਉਣੇ ਹੋਣਗੇ ਬਣਾ ਲਵਾਂਗੇ ਮਹੀਨਾ ਦੋ ਮਹੀਨੇ ਪਹਿਲਾਂ...ਬਾਕੀ ਤੁਸੀਂ ਉਹ ਸਮਾਨ ਬਣਾਉ ਜਿਹੜਾ ਹੌਲੀ ਹੌਲੀ ਬਣਨ ਵਾਲਾ ਐ..।"

"ਦੀਦੀ ਤੁਸੀਂ ਮਿਲਣੀਆਂ ਵੱਲੋਂ ਕਹਿੰਦੇ ਪਏ ਸੀ...ਮੰਮਾ ਕਹਿੰਦੇ ਸੀ ਉਹਨਾਂ ਬਾਰੇ ਵੀ ਦੱਸ ਦਿਉ...?"

"ਉਹ ਮੈਂ ਤੇਰੀ ਮੰਮਾ ਨੂੰ ਦੱਸਿਆ ਸੀ ਪਹਿਲਾਂ ਵੀ....।"

"ਦੀਦੀ ਮੰਮਾ ਨੇ ਦੱਸਿਆ ਤਾਂ ਸੀ ਪਰ ਮੈਂ ਕਹਿੰਦੀ ਪਈ ਆ ਕਿ ਫਿਰ ਗੱਲ ਰਲੇ ਗਲੇ ਵਿਚ ਰਹਿ ਜਾਂਦੀ ਐ...ਮੰਮਾ, ਪਾਪਾ ਨੂੰ ਸਿੱਧਾ ਤਾਂ ਕਹਿੰਦੀ ਨਹੀਂ ਫਿਰ...ਕਹਿੰਦੇ ਸਲਾਹ ਕਰਲਾਂਗੇ... ਸਲਾਹ ਕਰਲਾਂਗੇ...ਏਦਾਂ ਕਰੀ ਜਾਂਦੇ ਐ...ਇਸ ਕਰਕੇ ਅਸੀਂ ਹੁਣ ਸਾਰੇ ਮਿਲ ਕੇ ਪਾਪਾ ਜੀ ਨੂੰ ਮਨਾਵਾਂਗੇ ਨਾ ਪਈ ਆ ਕੰਮ ਏਦਾਂ ਕਰਨੈ...ਉਹ ਕੰਮ ਓਦਾਂ ਕਰਨੈ...ਮਿਲਣੀਆਂ ਦਾ...ਗੱਡੀ ਦਾ...ਗਹਿਣੇ ਗੱਟੇ ਦਾ...ਠੀਕ ਹੈ ਨਾ ਦੀਦੀ...।"

"ਮਿਲਣੀਆਂ ਬਾਰੇ ਮੈਂ ਦੱਸਿਆ ਸੀ ਪਈ ਸਾਡੇ ਦੋ ਮਾਮੇ ਆ..।"

"ਅੱਛਾ ਦੀਦੀ...ਮਾਮਿਆਂ ਨੂੰ ਕੀ ਪਾਉਣੈ...?

"ਮੁੰਦਰੀ ਚਾਹੀਦੀ ਆ...।"

"ਠੀਕ ਹੈ ਦੀਦੀ...ਮੁੰਦਰੀ...।"

"ਤੇ ਦੋ ਫੁਫੜ ਐ...।"

"ਦੋ ਫੂਫੜ...ਠੀਕ ਐ ਦੀਦੀ...।"

"ਹਾਂ, ਉਹਨਾਂ ਵਾਸਤੇ ਵੀ ਮੁੰਦਰੀ ਚਾਹੀਦੀ ਐ..।"

" ਠੀਕ ਹੈ ਦੀਦੀ...।"

"ਤੇ ਚਾਰ ਸਾਡੇ ਚਾਚੇ ਆ...।"

" ਅੱਛਾ ਦੀਦੀ...ਚਾਰ ਚਾਚੇ ...।"

"ਹਾਂ, ਉਹਨਾਂ ਵਾਸਤੇ ਵੀ ਮੁੰਦਰੀ ਈ ਚਾਹੀਦੀ ਆ...।"

"ਠੀਕ ਹੈ ਦੀਦੀ...ਮੁੰਦਰੀ ਕਿੰਨੀ ਭਾਰੀ ਹੋਣੀ ਚਾਹੀਦੀ ਆ..?"

" ਅੱਜ ਕੱਲ੍ਹ ਦਹ ਦਹ ਗਰਾਮ ਤੋਂ ਘੱਟ ਕੀ ਹੁੰਦੀਆਂ ਨੇ ਮੁੰਦਰੀਆਂ...।"

" ਠੀਕ ਹੈ ਦੀਦੀ...ਦਸ ਦਸ ਗਰਾਮ ਦੀ ਮੁੰਦਰੀ...।"

"ਹੁਣ ਆ ਗਈ ਆਪਣੇ ਘਰ ਦਿਆਂ ਦੀ ਗੱਲ...।"

"ਹਾਂਜੀ ਦੀਦੀ...।"

"ਹੁਣ ਅਸੀਂ ਦੋਵੇਂ ਭੈਣਾਂ...ਦੋਵੇਂ ਜੀਜੇ...।"

" ਠੀਕ ਹੈ ਦੀਦੀ...।"

"ਦੋਵੇਂ ਜੀਜਿਆਂ ਦਾ ਇੱਕ ਇੱਕ ਕੜਾ ਤੇ ਦੋਵਾਂ ਭੈਣਾਂ ਵਾਸਤੇ ਦੋ ਦੋ ਚੂੜੀਆਂ...।"

"ਦੀਦੀ ਦੋਵੇਂ ਦਿਨ...! ਸ਼ਗਨ ਵਾਲੇ ਦਿਨ ਵੀ ਤੇ ਬਾਰਾਤ ਵਾਲੇ ਦਿਨ ਵੀ..?"

"ਨਹੀਂ, ਬਸ ਵਿਆਹ ਵਾਲੇ ਦਿਨ ਹੀ...ਬਾਕੀ ਤੁਹਾਡੀ ਮਰਜ਼ੀ ਆ...।"

"ਨਹੀਂ ਮੰਮਾ ਕਹਿ ਰਹੀ ਸੀ ਨਾ ਸ਼ਗਨ ਵਾਲੇ ਦਿਨ ਵੀ ਕਰਨਾ ਆ ਕੁਝ ਨਾ ਕੁਝ .।"

"ਹਾਂ, ਉਹ ਘਰ ਦਿਆਂ ਦੀ ਕਰਾਂਗੇ ...ਜੱਸੇ ਦੀ ਹੋ ਗਈ...ਮੰਮੀ ਦੀ ਹੋ ਗਈ...ਦੋਨੋਂ ਜਣਿਆਂ ਦੀ ਕਰਾਂਗੇ ਨਾ...।"

"ਠੀਕ ਹੈ ਮਤਲਬ... ਬਾਕੀ ਸਾਰਿਆਂ ਦੀ ਮਿਲਣੀ ਬਾਰਾਤ ਵਾਲੇ ਦਿਨ ਕਰਨੀ ਐ...ਕੜੇ ਤੇ

ਚੂੜੀਆਂ ਵਾਲੀ..?"

"ਹਾਂ, ਉਹਨਾਂ ਦੋਨਾਂ ਦੀ ਦੋਨੋਂ ਦਿਨ ਹੀ ਹੋਵੇਗੀ ਨਾ...।"

" ਦੀਦੀ ਕੜੇ ਤੇ ਚੂੜੀਆਂ ਕਿੰਨੇ ਭਾਰੀ ਹੋਣ...।"

" ਅੱਜ ਕੱਲ੍ਹ ਤਾਂ ਦੋ ਦੋ ਤੋਲੇ ਦਾ ਰਿਵਾਜ਼ ਆ... ਸਾਡੇ ਇਕ ਅਮਰਜੀਤ ਭੈਣਜੀ ਆ...ਉਹਦੇ ਭਰਾ ਦੇ ਵਿਆਹ 'ਤੇ ਕੁੜੀ ਵਾਲਿਆਂ ਨੇ ਤਾਂ ਭੈਣ ਨੂੰ ਚਾਰ ਚਾਰ ਤੋਲੇ ਦੀਆਂ ਦੋ ਚੂੜੀਆਂ ਪਾਈਆਂ ਤੇ ਜੀਜੇ ਨੂੰ ਤਿੰਨ ਤੋਲੇ ਦਾ ਕੜਾ...ਪਰ ਭਾਈ ਉਹ ਇੱਕਲੀ ਭੈਣ ਸੀ...ਸੋ ਅਸੀਂ ਦੋ ਭੈਣਾਂ ਆਂ ਸੋ ਦੋ ਦੋ ਤੋਲੇ ਦੀਆਂ ਤਾਂ ਹੋਣੀਆਂ ਚਾਹੀਦੀਆਂ...ਗੁਰਜੀਤ ਅਸੀਂ ਵੀ ਸਮਝਦੇ ਆਂ...ਬਹੁਤ ਮੁਸ਼ਕਿਲ ਹੁੰਦਾ ਹੈ ਧੀਆਂ ਨੂੰ ਘਰੋਂ ਤੋਰਨਾ...ਮੇਰੀ ਮਾਂ ਨੇ ਵੀ 'ਕੱਲਿਆਂ ਹੀ ਸਾਨੂੰ ਦੋਨਾਂ ਭੈਣਾਂ ਨੂੰ ਪੜ੍ਹਾਇਆ, ਲਿਖਾਇਆ...ਸਾਡੇ ਵਿਆਹ ਵੀ ਕੀਤੇ...ਸੋ ਮੈਂ ਵੀ ਸਾਰੀਆਂ ਗੱਲਾਂ ਸਮਝਦੀ ਆਂ...ਸੋ ਮੈਂ ਤੁਹਾਡੇ ਟੱਬਰ ਉੱਪਰ ਬਹੁਤਾ ਭਾਰ ਨਹੀਂ ਪਾਉਣਾ ਚਾਹੁੰਦੀ...ਤਦੇ ਹੀ ਮੈਂ ਕਹਿ ਰਹੀ ਆਂ ਪਈ ਜੋ ਠੀਕ ਠੀਕ ਲੱਗੇ ਉਹੀ ਕਰਨਾ ਵਾ ਤੁਸੀਂ... ਪਰ ਬਸ ਜ਼ਰਾ ਬਣਦਾ ਫਬਦਾ ਹੋਵੇ...ਦੁਨੀਆ ਕੁਹ ਕਹੇ ਨਾ ਬਈ...ਆ ਕੀ ਫੋਰਮੈਲਟੀਆਂ ਕੀਤੀਆਂ ਨੇ...ਕੁਹ ਵੀ ਚੱਜ ਦਾ ਨਹੀਂ ਪਾਇਆ ਕੁੜੀ ਵਾਲਿਆਂ ਨੇ...ਗੁਰਜੀਤ ਨੱਕ ਨਹੀਂ ਰਹਿੰਦਾ ਨਾ ਸਮਾਜ ਵਿਚ....।"

"ਠੀਕ ਹੈ ਦੀਦੀ....ਮੰਮੀ ਵਾਸਤੇ ਕੀ ਬਣਾਈਏ ਸ਼ਗਨ ਵਾਲੇ ਦਿਨ...?"

"ਉਹਨਾਂ ਦੀਆਂ ਦੋਨੋਂ ਦਿਨ ਚੂੜੀਆਂ ਹੀ ਬਣਾ ਲਉ...।"

"ਠੀਕ ਹੈ ਦੀਦੀ ਮੰਮੀ ਨੂੰ ਦੋਨੋਂ ਦਿਨ ਚੁੜੀਆਂ...।"

"ਹਾਂ, ਤੇ ਜੱਸੇ ਬਾਰੇ ਤੁਹਾਨੂੰ ਪਤਾ ਹੈ ਜੋ ਤੁਸੀਂ ਦੇਣਾ ਹੈ...ਤੁਹਾਡੀ ਮਰਜ਼ੀ ਐ...ਉਹ ਤਾਂ ਭਾਈ ਹੁਣ ਸਾਡਾ ਭਰਾ ਘੱਟ ਤੇ ਤੁਹਾਡਾ ਪ੍ਰਾਹੁਣਾ ਜ਼ਿਆਦਾ ਹੈ...।"

"ਫਿਰ ਵੀ ਦੀਦੀ..ਪਾਪਾ ਜੀ ਨੂੰ ਦੱਸਣਾ ਪੈਣਾ ਐ ਨਾ...ਤੁਸੀਂ ਦੱਸ ਦਿਉ ਨਾ..?"

" ਗੁਰਜੀਤ ਇੰਝ ਕਰੋ...ਤੁਸੀਂ ਇੱਕ ਦਿਨ ਬਰੈਸਲੈਟ ਪਾ ਦਿਉ ਜੱਸੇ ਨੂੰ...ਕੜਾ ਪਾਣਾ ਹੋਵੇਗਾ ਕੜਾ ਪਾ ਦਿਓ?...ਦੂਸਰੇ ਦਿਨ ਚੈਨੀ ਪਾ ਦਿਉ...ਦੋਵੇਂ ਦਿਨ ਕੜੇ ਪਾਣੇ ਤਾਂ ਭਵਾਂ ਕੜੇ ਹੀ ਪਾ ਦਿਉ.. ਤੁਹਾਡੀ ਮਰਜ਼ੀ ਐ... ਹਾਂ ਸੱਚ, ਜੱਸੇ ਦਾ ਕੜਾ ਜਾਂ ਬਰੈਸਲੈੱਟ ਚਾਰ ਤੋਲੇ ਤੋਂ ਘੱਟ ਨਾ ਬਣਾਇਓ...ਨਾਲ ਉਹ ਤਾਂ ਭਾਈ ਤੁਹਾਡਾ ਹੀ ਹੈ...ਮੈਂ ਤਾਂ ਬਸ ਐਵੇਂ ਹੀ ਭੈਣ ਹੋਣ ਦੇ ਨਾਤੇ ਕਹਿ ਰਹੀ ਆਂ...ਤੇ ਹਾਂ, ਸੱਚ...ਗੁਰਜੀਤ..ਇੱਕ ਕੜਾ ਮੇਰੇ ਡੈਡੀ ਦਾ ਵੀ ਚਾਹੀਦਾ ਜੇ...ਉਹ ਵਿਚਾਰੇ ਹੈ ਤਾਂ ਨਹੀਂ ਇਸ ਦੁਨੀਆ ਵਿਚ ਪਰ ਸ਼ਗਨ ਤਾਂ ਅਸੀਂ ਕਰਨੇ ਹੀ ਆ ਨਾ ਉਹਦੇ...ਤਦੇ ਉਹਦੀ ਆਤਮਾ ਨੂੰ ਸ਼ਾਤੀ ਮਿਲੇਗੀ ਪਈ ਉਸਦਾ ਪੂਰਾ ਖਿਆਲ ਰੱਖਿਆ ਵਾ ਜੱਸੇ ਦੇ ਸਹੁਰਿਆਂ ਨੇ... ਨਹੀਂ ਤਾਂ ਐਵੇਂ ਰੂਹ ਭਟਕਦੀ ਰਹੂ...ਕੀ ਫਾਇਦਾ ਵਾ...।"

"ਠੀਕ ਹੈ ਦੀਦੀ ਮੈਂ ਨੋਟ ਕਰ ਲਿਐ...।"

"ਬਾਕੀ ਭਾਈ ਸਾਨੂੰ ਵਿਚੋਲਿਆਂ ਦੇ ਤੌਰ 'ਤੇ ਜੋ ਪਾਣੈ ਉਹ ਤੁਹੀਂ ਪਾ ਦਿਉ... ਉਹਦੇ ਵਿਚ ਮੈਂ ਕੁਹ ਨਹੀਂ ਕਹਿਣਾ...ਉਹ ਤੁਹਾਡੀ ਮਰਜ਼ੀ ਆ..?"

"ਹਾਂ ਦੀਦੀ, ਤੁਸੀਂ ਭੈਣ ਆਪਣੀ ਜਗ੍ਹਾ ਹੋ ਤੇ ਵਿਚੋਲੇ ਆਪਣੀ ਜਗ੍ਹਾ...ਵੈਸੇ ਵੀ ਵਿਚੋਲਿਆਂ ਦਾ ਤਾਂ ਬਣਦਾ ਹੀ ਹੁੰਦਾ ਐ ਨਾ..।"

"ਨਾ ਭਾਈ ਉਹ ਤੁਹਾਡੀ ਜੋ ਮਰਜ਼ੀ ਐ...ਉਹ ਅਸੀਂ ਤੁਹਾਨੂੰ ਕੋਈ ਮਜ਼ਬੂਰ ਨਹੀਂ ਕਰਦੇ...ਪਈ ਸਾਨੂੰ ਇਹ ਚੀਜ਼ ਪਾਉ...ਉਹ ਚੀਜ਼ ਨਾ ਪਾਉ...ਸਾਨੂੰ ਕੜਾ ਪਾਉ...ਚੁੜੀਆਂ ਪਾਉ...ਉਹ ਭਾਈ



ਤੁਹਾਡੀ ਮਰਜ਼ੀ ਐ... ਨਾ ਵੀ ਪਾਉਗੇ ਤਾਂ ਵੀ ਕੋਈ ਗੱਲ ਨ੍ਹੀਂ...ਵੈਸੇ ਵੀ ਇਹਨਾਂ ਗੱਲਾਂ ਨਾਲ ਕੀ ਫਰਕ ਪੈਂਦੈ...ਬਸ ਸ਼ਗਨ ਹੀ ਹੁੰਦੇ ਨੇ...।"

"ਹਾਂ ਦੀਦੀ, ਉਹ ਵੀ ਅਸੀਂ ਦੇਖਣਾ ਐ ਨਾ...।"

" ਉਹ ਤੁਹਾਡੀ ਮਰਜ਼ੀ ਆ...ਸਾਨੂੰ ਕੋਈ ਇਤਰਾਜ਼ ਨਹੀਂ ਹੋਣਾ...ਪਈ ਸਾਨੂੰ ਇਹੀ ਚੀਜ਼ ਪਏ...ਸਾਡਾ ਤਾਂ ਇਹ ਹੈ ਪਈ ਖੁਸ਼ ਰਹਿਣ ਦੋਨੋਂ ਪਰਿਵਾਰ...ਕੁੜੀ ਤੇ ਮੁੰਡਾ ਵੀ...।"

"ਦੀਦੀ, ਖੁਸ਼ ਰਹਿਣ ਵਾਸਤੇ ਤਾਂ ਤੁਹਾਡੇ ਨਾਲ ਗੱਲ ਕਰਦੀ ਪਈ ਆਂ...ਪਹਿਲਾਂ ਵੀ ਇੰਨੀ ਗੱਲ ਅੱਗੇ ਵੱਧਗੀ ਸੀ...ਰੋਕੇ ਵੇਲੇ...?"

"ਗੱਲ ਇਹ ਆ ਗੁਰਜੀਤ ਪਈ ਚੀਜ਼ਾਂ ਨਾਲ ਕਿਸੇ ਨੂੰ ਕੋਈ ਖੁਸ਼ੀ ਨਹੀਂ ਮਿਲਦੀ ਹੁੰਦੀ ਬਸ ਦੁਨੀਆਂ ਨੂੰ ਵਿਖਾਉਣਾ ਹੁੰਦਾ ਵਾ...ਜਿਹੜੇ ਲੋਕੀਂ ਕਹਿੰਦੇ ਸੀ ਨਾ ਤੁਸੀਂ ਕਿੱਥੇ ਰਿਸ਼ਤਾ ਕਰ ਲਿਆ...ਉਹਨਾਂ ਦਾ ਟੱਬਰ ਤਾਂ ਬਾਲਾ ਹੀ ਕੰਜੂਸ ਆ...ਅਖੇ-ਉਹਨਾਂ ਦੀ ਵੱਡੀ ਕੁੜੀ ਨੂੰ ਤਾਂ ਮੁੰਡੇ ਵਾਲੇ ਚੁੰਨੀ ਚੜ੍ਹਾ ਕੇ ਲੈ ਗਏ ਸੀ...ਸੱਤ ਬੰਦੇ ਆਏ ਸੀ...ਬਾਅਦ ਵਿਚ ਦੋਨਾਂ ਟੱਬਰਾਂ ਮਿਲਕੇ ਲੋਕਾਂ ਨੂੰ ਰਿਸ਼ੈਪਸ਼ਨ ਦੇ ਦਿੱਤੀ ਤੇ ਚੱਲ ਮੇਰੀ ਭਾਈ ਵਿਆਹ ਖਤਮ...ਨਾ ਕੁਝ ਦਿੱਤਾ ਤੇ ਨਾ ਕੁਝ ਲਿੱਤਾ...ਉਹਨਾਂ ਤੁਹਾਨੂੰ ਕੀ ਦੇਣਾ ਵਾ...ਕੁੜੀਆਂ ਦਾ ਪਿਉ ਕੁਝ ਜ਼ਿਆਦਾ ਹੀ ਆਦਰਸ਼ਵਾਦੀ ਹੈ....ਉਹ ਕਹਿੰਦਾ-ਮੇਰਾ ਕੰਮ ਆਪਣੀਆਂ ਧੀਆਂ ਨੂੰ ਪੜ੍ਹਾਉਣਾ ਲਿਖਾਉਣਾ ਸੀ...ਪੈਰਾਂ ਤੇ ਖੜਾ ਕਰਨਾ ਸੀ...ਉਹ ਮੈਂ ਕਰਤਾ...ਹੁਣ ਕੁੜੀ ਨੇ ਆਪਣੀ ਮਰਜ਼ੀ ਦਾ ਮੁੰਡਾ ਪਸੰਦ ਕਰ ਲਿਆ ਤਾਂ ਉਸਦੇ ਵਿਚ ਦਾਜ ਲੈਣ ਦੇਣ ਦਾ ਕੀ ਕੰਮ ਐ...ਬਸ ਗੁਰਜੀਤ ਅਸੀਂ ਉਹਨਾਂ ਲੋਕਾਂ ਦਾ ਮੂੰਹ ਬੰਦ ਕਰਨਾ ਵਾ...ਜਿਹੜੇ ਤੁਹਾਡੇ ਪਰਿਵਾਰ ਤੇ ਤੁਹਾਡੇ ਪਾਪੇ ਬਾਰੇ ਊਲ ਜਲੂਲ ਬੋਲਦੇ ਆ...।"

"ਹਾਂ ਦੀਦੀ ਉਹ ਤਾਂ ਫਿਰ ਮਿਲਿਆ ਵਰਤਿਆਂ ਹੀ ਪਤਾ ਚਲਦਾ ਹੈ ਨਾ ...ਦੁਨੀਆ ਦੀ ਕਿਹੜੀ ਗੱਲ ਐ...ਇਹ ਤਾਂ ਬਹੁਤ ਕੁਝ ਕਹਿ ਦਿੰਦੀ ਐ...ਰਾਈ ਦਾ ਪਹਾੜ ਬਣਾ ਦਿੰਦੀ ਆ...।"

"ਹਾਂ, ਬਸ ਉਹਨਾ ਦਾ ਮੂੰਹ ਬੰਦ ਕਰਨੈ...ਇੱਕ ਵਾਰ ਸਾਰਿਆਂ ਦਾ...।"

"ਦੀਦੀ ਗੱਡੀ, ਮਿਲਣੀ ਦੀ ਗੱਲ ਹੋ ਗਈ..ਆ ਫਰਿਜ਼ ਦਾ ਕੀ ਕਰਨੈ...?"

"ਗੁਰਜੀਤ, ਉਹ ਲਿਆਉਣ ਦੀ ਲੋੜ ਨਹੀਂ..ਹਾਂ...ਐਲ. ਸੀ. ਡੀ. ਲੈ ਆਇਉ ਇੱਕ... ਕੁੰਜਾ ਇੰਚ ਵਾਲੀ...ਤੇ ਹੋਰ...ਤੇ ਹੋਰ...।"

"ਦੀਦੀ ਵਾਸ਼ਿੰਗ ਮਸ਼ੀਨ...ਬਗੈਰਾ...?"

"ਹਾਂ.. ਐਲ. ਸੀ. ਡੀ. ਤੇ ਵਾਸਿੰਗ ਮਸ਼ੀਨ...ਤੇ ਆਪਣੀ ਇੱਕ ਹੋਰ ਚੀਜ਼ ਮੈਨੂੰ ਯਾਦ ਨਹੀਂ ਆ ਰਹੀ...?"

"ਚਾਰ ਚੀਜ਼ਾਂ ਪੂਰੀਆਂ ਕਰ ਲਿਉ...ਨਾ ਫਰਿਜ਼ ਲਿਆਉਣ ਦੀ ਲੋੜ ਹੈ ਨਾਲ ਕੂਲਰ ਦੀ...।"

"ਹਾਂ ਦੀਦੀ ਤੁਸੀਂ ਏ. ਸੀ. ਕਹਿਣ ਡਏ ਸੀ ਨਾ...।"

"ਹਾਂ,ਜੇ ਲਿਆਉਣਾ ਹੈ ਤਾਂ ਫਿਰ ਮੈਂ ਦੱਸ ਦਿਆਂ ਕਿ ਵਿੰਡੋ ਏ.ਸੀ. ਨਹੀਂ ਜੇ ਲੱਗਣਾ ਕੋਠੀ ਵਿਚ...ਵਿੰਡੋ ਕੋਈ ਨਹੀਂ ਹੈਗੀ ਉਹਨਾਂ ਦੀ ਕੋਠੀ ਵਿਚ ਕੋਈ...ਚਾਰੇ ਪਾਸੇ ਸ਼ਰੀਕਾਂ ਨੇ ਘੇਰਿਆ ਪਿਆ...ਸਪਲਿਟ ਏ. ਸੀ. ਲੈ ਆਇਉ...ਨਹੀਂ ਤਾਂ ਫਿਰ ਵਾਪਿਸ ਕਰਨਾ ਪੈਣਾ ਵਾ...।"

"ਦੀਦੀ ਤਦੇ ਹੀ...ਚੰਗਾ ਹੈ ਨਾ ਪਹਿਲਾਂ ਸਲਾਹ ਕੀਤੀ ਹੋਵੇ ਤਾਂ...ਹੋ ਜਾਣਾ ਸੀ ਨਾ ਵਾਧੂ ਦਾ ਖਰਚ...।"

" ਅੱਛਾ ਗੁਰਜੀਤ ਕਿਤੇ ਇਹ ਨਾ ਸਮਝਿਓ ਪਈ ਅਸੀਂ ਹਿੱਪੋ ਵਾਂਗ ਮੂੰਹ ਟੱਢੀ ਜਾਂਦੇ ਆ...ਆਪਣੀ

ਭੁੱਖ ਵਿਖਾਈ ਜਾਂਦੇ ਆ...ਕਿੰਨਾ ਕੁਝ ਮੰਗੀ ਜਾਂਦੇ ਆ...ਬਸ ਇਹ ਤਾਂ ਲੋਕ ਵਿਖਾਵਾ ਹੈ...ਇੱਕੋ ਇੱਕ ਭਰਾ ਵਾ ਸਾਡਾ...ਅਸੀਂ ਕਿਹੜਾ ਕੋਈ ਹੋਰ ਵਿਆਹ ਕਰਨੇ ਆ...ਸਾਰੇ ਚਾਅ ਇੱਸੇ ਵਿਆਹ ਵਿਚ ਕਰਨੇ ਆ ਪੂਰੇ...।"

"ਦੀਦੀ, ਉਸ ਵਿਚ ਸਮਝਣ ਦੀ ਕਿਹੜੀ ਗੱਲ ਹੁੰਦੀ ਐ... ਸਮਝਣ ਨੂੰ ਤਾਂ ਕੁਛ ਵੀ ਸਮਝ ਲਈਦੈ ਪਰ ਹੁਣ ਚਲੋ...ਇਹੀ ਸੋਚਣ ਡਏ ਹਾਂ ਪਈ ਅੱਗੇ ਵਾਂਗ ਕੋਈ ਪਰੋਬਲਮ ਨਾ ਆ ਜਾਏ...ਰੋਕੇ ਵਰਗੀ...।"

"ਹਾਂ ਸੱਚ ਆਪਣੀ ਨਾਨੀ ਨਾਲ ਸਲਾਹ ਕਰ ਲਿਉ ਜੇ...ਹੀ ਹੀ ਹੀ...।"

"ਹਾਂ ਦੀਦੀ, ਸਾਰੇ ਪਰਿਵਾਰ ਨਾਲ ਸਲਾਹ ਕਰਕੇ ਹੀ ਹੈ ਨਾ ਹੁਣ.. ਸਾਡੇ ਕਿਹੜੇ ਦਾਦਾ ਦਾਦੀ ਹੈਗੇ ਵਾ...ਨਾਨਾ ਨਾਨੀ ਨਾਲ ਹੀ ਕਰਾਂਗੇ ਨਾ ਸਲਾਹ...।"

"ਨਾਨਾ-ਨਾਨੀ ਨੂੰ ਗੁੱਸਾ ਚੜ ਜਾਣਾ ਜੇ ਨਾ ਗਏ ਉਹਨਾਂ ਕੋਲ ਤਾਂ...।"

"ਦੀਦੀ, ਸਲਾਹ ਕਰਕੇ ਹੀ ਹੈ ਫਿਰ ਜਿੱਦਾਂ ਵੀ ਹੋਵੇਗਾ...ਉਹਨਾਂ ਨੂੰ ਬੁਲਾਵਾਂਗੇ...ਸਾਡੇ ਲਈ ਤਾਂ ਉਹੀ ਵੱਡੇ ਆ...ਵਿਚਾਰੇ ਦਾਦਾ ਦਾਦੀ ਤਾਂ ਹੁਣ ਹੈ ਨਹੀਂ ਪਈ ਚਲੋ ਉਹਨਾਂ ਦੀ ਸਲਾਹ ਲੈ ਲੈਂਦੇ...।"

"ਚਲੋ ਹੋਰ ਕੀ...ਆਪਾਂ ਤੇ ਤਾਡ੍ਹੇ ਅੱਗੇ ਦਿਲ ਦੀ ਸਾਰੀ ਗੱਲ ਖੋਲ ਦਿੱਤੀ ਆ...।"

"ਵਧੀਆ ਗੱਲ ਆ ਦੀਦੀ...ਬਾਅਦ ਵਿਚ ਜੀ ਛੋਟੀ ਛੋਟੀ ਗੱਲ ਉਪਰ ਉਲਝਣਾ ਸੀ...ਕੀ ਫਾਇਦਾ ਹੋਣਾ ਸੀ ਉਸਦਾ...ਪਹਿਲਾਂ ਹੀ ਰੋਕੇ ਵਾਲੀ ਗੱਲ ਨਹੀਂ ਭੁਲਦੀ...।"

"ਚਲੋ ਬਾਕੀ ਮੈਂ ਜੱਸੇ ਤੇ ਮੰਮੀ ਹੁਰਾਂ ਨੂੰ ਦੱਸ ਦਿੰਨੀਆਂ ਪਈ ਮੈਂ ਗੁਰਜੀਤ ਨਾਲ ਸਿੱਧੇ ਹੀ ਨਾਲ ਗੱਲ ਕਲੀਅਰ ਕਰ ਲਈ ਆ...ਸਾਰਾ ਕੁਝ ਦੱਸ ਦਿੱਤਾ ਵਾ..ਉਹਨਾਂ ਤਾਂ ਮੈਨੂੰ ਕੀ ਕਹਿਣਾ...ਉਹ ਤਾਂ ਕਹਿੰਦੇ ਪਈ ਤੇਰੀ ਮਰਜ਼ੀ ਆ...ਤੂੰ ਭੈਣ ਵੀ ਐਂ ਤੇ ਵਿਚੋਲਣ ਵੀ...।"

"ਹਾਂ ਦੀਦੀ ਉਹ ਤਾਂ ਗੱਲ ਹੈ...ਤੁਸੀਂ ਫਿਰ ਵੀ ਵੱਡੇ ਦੀਦੀ ਹੋ ਜਸਬੀਰ ਦੇ...?"

"ਮੈਂ ਕਹਿ ਦੇਣਾ ਪਈ ਮੈਂ ਪੱਕੀ ਗੱਲ ਕਰ ਆਈ ਆਂ...ਤੁਸੀਂ ਟੈਂਸ਼ਨ ਨਹੀਂ ਲੈਣੀ...ਅਸੀਂ ਤੁਹਾਡੇ ਨਾਲ ਆਂ...।"

"ਵਧੀਆ ਕੀਤਾ ਦੀਦੀ ਤੁਸੀਂ ਵਧੀਆ ਕੀਤਾ ਵਾ ਸਾਰੀ ਗੱਲ ਕਲੀਅਰ ਕਰ ਦਿੱਤੀ ਵਾ...ਮੈਂ ਜਸਬੀਰ ਨਾਲ ਆਪ ਵੀ ਗੱਲ ਕਰ ਲਵਾਂਗੀ ਕਿ ਮੇਰੀ ਸਾਰੀ ਗੱਲ ਹੋ ਗਈ ਕਲੀਅਰ ਦੀਦੀ ਨਾਲ...।"

"ਗੁਰਜੀਤ ਸੱਚ ਦੱਸਾਂ...ਜਦੋਂ ਪਹਿਲਾਂ ਤੁਸੀਂ ਰੋਕੇ ਤੋਂ ਬਾਅਦ ਕੋਈ ਹੁੰਗਾਰਾ ਨਹੀਂ ਭਰਿਆ ਨਾ...ਉਡਦੀ ਉਡਦੀ ਸੁਣੀ ਸੀ ਮੈਂ ਕਿ ਕੁੜੀ ਦਾ ਪਿਉ ਕਹਿੰਦਾ ਵਾ ਮੈਂ ਤਾਂ ਗੁਰਜੀਤ ਦਾ ਵਿਆਹ ਵੀ ਸਧਾਰਨ ਹੀ ਕਰਨਾ ਵਾ...ਜੇ ਮੁੰਡੇ ਨੂੰ ਮੇਰੀ ਕੁੜੀ ਚੰਗੀ ਲੱਗੀ ਹੈ ਤਾਂ ਫਿਰ ਦਾਜ ਦਹੇਜ ਦਾ ਕੀ ਮਤਲਬ...ਵੈਸੇ ਵੀ ਕੁੜੀ ਮੁੰਡਾ ਕਿੰਨਿਆਂ ਸਾਲਾਂ ਤੋਂ ਜਾਣਦੇ ਆ...ਮੈਂ ਐਵੇਂ ਝੂਠ ਮਾਰਾਂ ਤੇਰੇ ਨਾਲ... ਮੈਂ ਫਿਰ ਜੱਸੇ ਨੂੰ ਤਿੰਨ ਚਾਰ ਹੋਰ ਕੁੜੀਆਂ ਦੀਆਂ ਫੋਟੂਆਂ ਭੇਜੀਆਂ ਸਨ...ਉਹ ਕਹਿੰਦਾ ਦੀਦੀ ਇੱਧਰ ਇੱਕ ਵਾਰ ਟਰਾਈ ਕਰਕੇ ਦੇਖ ਲੈ ...ਇਹਨਾਂ ਫੋਟੂਆਂ ਨੂੰ ਸੰਭਾਲ ਕੇ ਰੱਖ ਲੈ..,ਜੇ ਨਹੀਂ ਮੰਨੇ ਤਾਂ ਫਿਰ ਇਹਨਾਂ ਕੁੜੀਆਂ ਦੀ ਗੱਲ ਕਰਾਂਗੇ...ਮੈਂ ਤਾਂ ਫਿਰ ਤੇਰੀ ਮੰਮੀ ਨੂੰ ਸੁਨੇਹਾ ਘੱਲਵਾਇਆ ਸੀ ਪਈ ਸਾਨੂੰ ਹਾਂ ਨਾ ਦਾ ਜੁਆਬ ਜਲਦੀ ਦਿਉ...।"

"ਵਧੀਆ ਗੱਲ ਹੈ ਦੀਦੀ...ਤਦੇ ਹੀ ਤਾਂ ਮੰਮੀ ਨੂੰ ਮੈਂ ਕਿਹਾ ਨਾ ਕਿ ਚਲੋ ਮੈਂ ਆਪ ਦੀਦੀ ਨਾਲ ਗੱਲ ਕਲੀਅਰ ਕਰ ਲੈਨੀਆਂ...।"

"ਮੈਂ ਕਿਹਾ ਜਿਸਦੇ ਕਰਮਾਂ ਵਿਚ ਸੁਖ ਲਿਖਿਆ ਹੁਣ...ਉਹੀ ਆਏਗੀ ਇਸ ਘਰ ਵਿਚ...ਬਸ ਤੂੰ ਫੋਨ ਕਰ ਲਿਆ...ਮੇਰੀਆਂ ਸਾਰੀਆਂ ਮੰਨ ਵੀ ਲਈਆਂ...ਹੋਰ ਸਾਨੂੰ ਕੀ ਚਾਹੀਦਾ ਵਾ...ਰੱਬ ਦਾ ਦਿੱਤਾ



ਬਥੇਰਾ ਕੁਝ ਆ...।"

"ਹਾਂ ਦੀਦੀ ਉਹ ਤਾਂ ਹੈ ਜਿਸਦੀ ਕਿਸਮਤ ਵਿਚ ਜੋ ਹੋਵੇਗਾ ਉਸਨੂੰ ਉਹੀ ਕੁਝ ਮਿਲੇਗਾ ਨਾ...।"

" ਹੀ...ਹੀ...ਹੀ...ਸੱਚ ਦੱਸਾਂ ਗੁਰਜੀਤ...ਉਹ ਕੁੜੀਆਂ ਮੈਂ ਐਕਸਟਰਾ ਸਬਜੈਕਟਾਂ ਵਾਂਗ ਰੱਖੀਆਂ ਵਾ... ਮੈਂ ਸੋਚਿਆਂ ਜੇ ਤੁਸੀਂ ਨਾ ਮੰਨੇ ਤਾਂ ਸ਼ਾਇਦ ਉਹਨਾਂ ਦੇ ਨੰਬਰ ਪੈ ਜਾਣ...ਜੱਸੇ ਦੀ ਡਵੀਜਨ ਵਧੀਆ ਬਣ ਜਾਏ...ਮੇਰਾ ਮਤਲਬ ਤੁਹਾਡੇ ਤੋਂ ਵੀ ਚੰਗਾ ਪਰਿਵਾਰ ਪੱਲੇ ਪੈ ਜਾਏ...।"

"ਹਾਂ, ਦੀਦੀ ਜਿਹੜਾ ਕੰਮ ਟਾਈਮ ਸਿਰ ਸ਼ੁਰੂ ਕਰ ਲਈਏ ਉਹੀ ਚੰਗਾ ਹੁੰਦਾ ਐ...ਬੰਦਾ ਕਈ ਕੋਸ਼ਿਸ਼ਾਂ ਕਰਦਾ ਹੈ ਇਧਰ ਉੱਧਰ...।"

"ਚਲੋ ਠੀਕ ਹੈ ਗੁਰਜੀਤ ਫਿਰ ਤੁਸੀਂ ਕਰ ਲਉ ਵਿਚਾਰ ਆਪਣੇ...ਸਲਾਹ ਕਰ ਲਉ...ਜੱਸਾ ਕਹਿੰਦਾ ਸੀ ਹੁਣ ਪਹਿਲਾਂ ਵਾਂਗ ਕੋਈ ਲੁਕਾਅ ਛੁਪਾ ਨਾ ਰੱਖਿਓ...ਜੇ ਉਹਨਾਂ ਨੂੰ ਸਾਡੀਆਂ ਸ਼ਰਤਾਂ ਮਨਜ਼ੂਰ ਆ ਤਾਂ ਠੀਕ ਹੈ ਨਹੀਂ ਤਾਂ ਜਿਵੇਂ ਪਹਿਲਾਂ ਰਲੇ ਗਲੇ ਹੋ ਗਏ...ਉਹ ਨਾ ਕਰਿਓ...ਇਹ ਸ਼ਗਨਾ ਵਾਲੀਆਂ...ਚਾਅਵਾਂ ਵਾਲੀਆਂ ਗੱਲਾਂ ਹੁੰਦੀਆਂ ਨੇ...ਘੜੀ ਪਿੱਛੋ ਰੋਣਾ ਰੱਪਾ ਪਾ ਕੇ ਬਹਿਣਾ ਇਹ ਨਹੀਂ ਚੰਗਾ ਹੁੰਦਾ...ਠੀਕ ਨਹੀਂ ਲੱਗਦਾ...ਮੈਂ ਆਪਣੀਆਂ ਖੁਆਇਸ਼ਾਂ ਤੈਨੂੰ ਗੁਰਜੀਤ ਕੁਰੇ ਦੱਸ ਦਿੱਤੀਆਂ ਨੇ...ਠੀਕ ਹੈ ਨਾ.,...ਚੱਲ ਗੁਰਜੀਤ ਮੁੰਡਾ ਫਿਰ ਰੋਣ ਲੱਗ ਪਿਆ ਹੈ...ਫਿਰ ਛੇਤੀ ਛੇਤੀ ਦੱਸ ਦਿਉ...?"

" ਦੀਦੀ ਇੱਕ ਮਿੰਟ ਇਹ ਗੱਲ ਕਰਿਓ ਜ਼ਰਾ...।"

" ਹੈਲੋ ਦੀਦੀ...ਇਹ ਮੈਂ ਕੀ ਸੁਣ ਰਿਹਾ ਸੀ...!"

" ਕੌਣ ਜਸਬੀਰ...ਜੱਸੇ ਤੂੰ...ਤੂੰ ਇੱਥੇ ਕੀ ਕਰਨ ਡਿਆਂਵਾ..?"

"ਹਾਂ ਦੀਦੀ ਮੈਂ ਹੀ ਹਾਂ...ਮੈਂ ਤਾਂ ਗੁਰਜੀਤ ਨੂੰ ਕਹਿੰਦਾ ਸੀ ਮੇਰੀਆਂ ਦੀਦੀਆਂ ਬਹੁਤ ਚੰਗੀਆਂ ਨੇ...ਉਹਨਾਂ ਨੂੰ ਪਤੈ ਕਿ ਗਰੀਬੀ ਕੀ ਹੁੰਦੀ ਆ...ਧੀਆਂ ਦੇ ਦੁਖ ਕੀ ਹੁੰਦੇ ਨੇ...ਪਰ ਦੀਦੀ ਤੂੰ ਤਾਂ ਮੈਨੂੰ ਵਿਆਹ ਥੋੜੀ ਰਹੀ ਸੀ...ਤੂੰ ਤਾਂ ਮੈਨੂੰ ਵੇਚਣ ਉੱਪਰ ਲਗਾਇਆ ਹੋਇਆ ਹੈ...ਤੂੰ ਆਪ ਅਧਿਆਪਕ ਹੈਂ...ਤੂੰ ਬੱਚਿਆਂ ਨੂੰ ਕੀ ਸਿੱਖਿਆ ਦਿੰਦੀ ਹੋਵੇਂਗੀ...ਦੀਦੀ ਮੈਂ ਮੰਨਦਾ ਨਹੀਂ ਸੀ ਜਦੋਂ ਗੁਰਜੀਤ ਨੇ ਦੱਸਿਆ ਸੀ ਪਈ ਤੂੰ ਦਹੇਜ ਮੰਗਦੀ ਐਂ...ਫਿਰ ਅੱਜ ਗੁਰਜੀਤ ਕਹਿੰਦੀ- ਚੱਲ ਠੀਕ ਹੈ ਮੈਂ ਕਰਦੀ ਆਂ ਸਪੀਕਰ ਔਨ...ਬੈਠ ਮੇਰੇ ਕੋਲ ਤੇ ਸੁਣ ਕੀ ਕਹਿੰਦੀ ਹੈ ਤੇਰੀ ਵੱਡੀ ਦੀਦੀ...ਦੀਦੀ, ਤੈਨੂੰ ਪਤੈ ਗੁਰਜੀਤ ਨੇ ਤੇਰੀਆਂ ਇਹ ਸਾਰੀਆਂ ਗੱਲਾਂ ਰਿਕਾਰਡ ਕਰ ਲਈਆਂ ਨੇ ਫੋਨ ਵਿਚ...ਜੇ ਇਹ ਹੁਣ ਥਾਣੇ ਵਿਚ ਤੇਰੇ ਵਿਰੁਧ ਦਹੇਜ ਮੰਗਣ ਦੀ ਸ਼ਿਕਾਇਤ ਲਿਖਵਾ ਦੇ ਨਾ...ਤੈਨੂੰ ਕੱਲ੍ਹ ਤਕ ਆਪਣੀ ਨੌਕਰੀ ਤੋਂ ਹੱਥ ਗੁਆਨਾ ਪੈ ਸਕਦੈ.....।"

" ਹੀ...ਹੀ...ਹੀ...ਹੀ....ਜੱਸੇ ਮੈਂ ਤਾਂ ਮਜ਼ਾਕ ਕਰਦੀ ਪਈ ਸੀ...ਮੈਂ ਤਾਂ ਜਾਣ ਬੁੱਝ ਕੇ ਹਵਾ ਵਿਚ ਛੱਡ ਰਹੀ ਸੀ...ਮੈਂ ਕਿਹਾ ਦੇਖਦੀਆਂ ਭਲਾ ਗੁਰਜੀਤ ਕੀ ਕਹਿੰਦੀ ਆ...ਸਾਨੂੰ ਕੋਈ ਮਰਾਜ਼ੋ ਨਹੀਂ ਚਾਹੀਦੀ...ਕੋਈ ਬਰੀਜ਼ਾ ਨਹੀਂ ਚਾਹੀਦੀ...ਕੋਈ ਮੁੰਦਰੀਆਂ...ਕੜੇ...ਬਰੈਸਲੇਟ ਏ.ਸੀ. ਕੁਝ ਨਹੀਂ ਚਾਹੀਦਾ... ਗੁਰੂ ਮਹਾਰਾਜ ਦਾ ਦਿੱਤਾ ਬਹੁਤ ਕੁਹ ਆ...ਬਸ ਕੁੜੀ ਚਾਹੀਦੀ ਐ...ਉਹ ਵੀ ਸਾਦੇ ਕਪੜਿਆਂ ਵਿਚ... ਜੱਸੇ, ਪੱਪਾ ਰੋਣ ਲੱਗ ਪਿਆਂ ਮੈਂ ਬਾਅਦ ਵਿਚ ਗੱਲ ਕਰਦੀ ਆਂ...ਗੁਰਜੀਤ ਨੂੰ ਦੱਸ ਦੇਈਂ ਬਈ ਦੀਦੀ ਨੂੰ ਮਜ਼ਾਕ ਕਰਨ ਦੀ ਬੜੀ ਪੁਰਾਣੀ ਆਦਤ ਆ...।"

ਅਚਾਨਕ ਫੋਨ ਵਿਚੋਂ ਟੂੰ..ਟੂੰ...ਟੂੰ ...ਦੀ ਆਵਾਜ਼ ਆਉਣਾ ਸ਼ੁਰੂ ਹੋ ਜਾਂਦੀ ਹੈ।

ਗੁਰਜੀਤ ਤੇ ਜਸਬੀਰ ਇੱਕ ਦੂਸਰੇ ਵੱਲ ਦੇਖ ਖੜਾਕਾ ਮਾਰ ਹੱਸਦੇ ਹਨ।

**ਪਤਾ- ਆਲ੍ਹਣਾ, 433 ਫੇਜ਼ 9 ਮੁਹਾਲੀ 9417173700(ਮ)**

## ਕਹਾਣੀ / ਰੇਗਿਸਤਾਨ ਦਾ ਹੰਝੂ /-ਪਰਮਜੀਤ ਮਾਨ

ਕਈ ਵਾਰ ਪੁਰਾਣੀ ਗੱਲ ਵੀ ਇੰਝ ਲੱਗਣ ਲੱਗ ਪੈਂਦੀ ਹੈ, ਜਿਵੇਂ ਕੱਲ੍ਹ ਦੀ ਗੱਲ ਹੋਵੇ। ਮੈਨੂੰ ਕਿਰਾਏ 'ਤੇ ਰਹਿਣ ਲਈ ਜਗ੍ਹਾ ਦੀ ਲੋੜ ਸੀ। ਇੱਕ ਸਾਂਝੇ ਮਿੱਤਰ ਰਾਹੀਂ ਵਿਜੈ ਨਾਲ ਜਾਣ-ਪਹਿਚਾਣ ਹੋਈ ਤੇ ਮੈਂ ਕਿਰਾਏਦਾਰ ਬਣ ਕੇ ਵਿਜੈ ਦੇ ਮਕਾਨ ਵਿੱਚ ਰਹਿਣ ਲੱਗਾ। ਇਕੱਠੇ ਰਹਿੰਦਿਆਂ ਇਹ ਜਾਣ-ਪਹਿਚਾਣ ਵਧਦੀ ਗਈ ਤੇ ਗੂੜ੍ਹੀ ਮਿੱਤਰਤਾ ਵਿੱਚ ਬਦਲ ਗਈ।

ਵਿਜੈ ਨਰਮ ਦਿਲ ਨੇਕ ਇਨਸਾਨ ਸੀ। ਸਮਝਦਾਰ, ਸਿਆਣਾ ਤੇ ਦੁੱਖ-ਸੁੱਖ 'ਚ ਕੰਮ ਆਉਣ ਵਾਲਾ। ਉਸ ਨਾਲ ਰਹਿਣਾ ਮੈਨੂੰ ਚੰਗਾ ਲੱਗਾ। ਮਾਲਕ-ਮਕਾਨ ਵਾਲੀ ਉਸ ਅੰਦਰ ਕੋਈ ਟੈਂਅ ਨਹੀਂ ਸੀ। ਅਸੀਂ ਜਲਦੀ ਹੀ ਘੁਲ-ਮਿਲ ਗਏ। ਖੁੱਲ੍ਹ ਕੇ ਗੱਲਾਂ-ਬਾਤਾਂ ਕਰਨ ਲੱਗੇ। ਜਦ ਵੀ ਦੋਵਾਂ ਨੂੰ ਵਿਹਲ ਹੁੰਦੀ, ਸ਼ਾਮ ਨੂੰ ਇਕੱਠੇ ਬੈਠ ਗੱਲਾਂ ਕਰਦੇ ਰਹਿੰਦੇ। ਹੌਲੀ-ਹੌਲੀ ਪੈੱਗ ਵੀ ਲਾਉਣ ਲੱਗ ਪਏ। ਪੈੱਗ ਦੀ ਸਾਂਝ ਬਣਨ ਤੋਂ ਬਾਅਦ ਗੱਲਾਂ ਦਾ ਘੇਰਾ ਹੋਰ ਵਧਦਾ ਗਿਆ।

ਕਦੇ-ਕਦੇ ਉਹ ਦੋ-ਤਿੰਨ ਪੈੱਗ ਲਾਉਣ ਤੋਂ ਬਾਅਦ, ਸਤਿਬੀਰ ਤੇ ਕੁਲਜੀਤ ਦੀਆਂ ਗੱਲਾਂ ਕਰਨ ਲੱਗਦਾ। ਇੱਕ ਦਿਨ ਪੂਰੇ ਸਰੂਰ 'ਚ ਆ ਕੇ ਉਸ ਕਿਹਾ, "ਇੰਦਰ, ਤੇਰੇ ਤੇ ਸਤਿਬੀਰ 'ਚ ਕੋਈ ਫ਼ਰਕ ਨੀ ਲੱਗਦਾ। ਭਰਜਾਈ ਵੀ ਬਿਲਕੁਲ ਕੁਲਜੀਤ ਵਰਗੀ ਐ। ਕਦੇ-ਕਦੇ ਤੁਸੀਂ ਦੋਵੇਂ ਮੈਨੂੰ ਸਤਿਬੀਰ ਤੇ ਕੁਲਜੀਤ ਦੇ ਡੁਪਲੀਕੇਟ ਲੱਗਣ ਲੱਗ ਪੈਂਦੇ ਹੋ।" ਉਹ ਮਨ ਦੀ ਕਿਸੇ ਡੂੰਘ ਵਿੱਚ ਉੱਤਰ ਗਿਆ ਲੱਗਾ।

"ਭਰਜਾਈ ਵੀ ਬਿਲਕੁਲ ਕੁਲਜੀਤ ਵਰਗੀ ਐ' ਗੱਲ ਮਨ ਨੂੰ ਕੁੱਝ ਚੁੱਭੀ। 'ਵਿਜੈ ਇਹ ਕੀ ਗੱਲਾਂ ਕਰਨ ਲੱਗ ਪਿਆ।' ਫਿਰ ਸੋਚਿਆ, 'ਛੱਡੋ ਪਰੇ। ਵਿਜੈ ਦਾ ਕੋਈ ਜਾਣ-ਪਹਿਚਾਣ ਵਾਲਾ ਪਰਿਵਾਰ ਹੋਣੈ। ਜਿਨ੍ਹਾਂ ਨਾਲ ਜ਼ਿਆਦਾ ਨੇੜਤਾ ਹੁੰਦੀ ਹੈ, ਆਪਾਂ ਕਿਸੇ ਬਹਾਨੇ ਯਾਦ ਕਰ ਹੀ ਲੈਂਦੇ ਹਾਂ।" ਤੇ ਅੱਗੇ ਮੈਂ ਗੱਲ ਦੀ ਬਹੁਤੀ ਗੌਰ ਨਾ ਕੀਤੀ।

ਇੱਕ ਦਿਨ ਫਿਰ ਉਹ ਸਤਿਬੀਰ ਤੇ ਕੁਲਜੀਤ ਦੀਆਂ ਗੱਲਾਂ ਕਰਨ ਲੱਗਾ। ਗੱਲਾਂ ਕਰਦਾ ਬਹੁਤਾ ਹੀ ਭਾਵੁਕ ਹੋ ਗਿਆ। ਮੈਂ ਮਹਿਸੂਸ ਕੀਤਾ, ਕੁਲਜੀਤ ਬਾਰੇ ਸੋਚ ਕੇ ਉਸਦਾ ਮਨ ਬਹੁਤ ਹੀ ਦੁਖੀ ਤੇ ਉਦਾਸ ਸੀ। ਪਤਾ ਨੀ ਨਸ਼ੇ ਦਾ ਲੋਰ ਸੀ ਕਿ ਮਨ ਦਾ ਵੈਰਾਗ, ਉਹ ਇੰਝ ਬੋਲ ਰਿਹਾ ਸੀ, ਜਿਵੇਂ ਹਵਾ ਨਾਲ ਗੱਲਾਂ ਕਰ ਰਿਹਾ ਹੋਵੇ।

"ਕੁਲਜੀਤ ਜਿਸ ਦਿਨ ਏਥੋਂ ਗਈ, ਬੜੀ ਉਦਾਸ ਸੀ। ਬੜੇ ਦੁਖੀ ਮਨ ਨਾਲ ਗਈ। ਗਈ ਕੀ, ਮੈਂ ਹੀ ਨੀ ਰੋਕਿਆ, ਉਹ ਤਾਂ ਸ਼ਾਇਦ ਰੁਕ ਜਾਂਦੀ। ਕਿੰਨਾ ਬੁਜ਼ਦਿਲ ਨਿਕਲਿਆ ਮੈਂ ਪਰ ਰੋਕਦਾ ਵੀ ਕਿਵੇਂ, ਕੀ ਰਿਸ਼ਤਾ ਸੀ। ਕਿਹੜੇ ਰਿਸ਼ਤੇ ਦੇ ਦਮ ਰੋਕਦਾ....ਰਿਸ਼ਤਾ ਵੀ ਕੋਈ ਨਹੀਂ, ਮਨ 'ਚੋਂ ਵੀ ਨੀ ਜਾਂਦੀ। ਯਾਦ ਵੀ ਬਹੁਤ ਆਉਂਦੀ ਹੈ, ਵਾਰ-ਵਾਰ ਆਉਂਦੀ ਹੈ। ਕਾਸ਼ ਇਸ ਰਿਸ਼ਤੇ ਦਾ ਕੋਈ ਨਾਂ ਹੁੰਦਾ। ਮੈਂ ਹੀ ਕੋਈ ਨਾਂ ਦੇ ਲੈਂਦਾ। ਪਤਾ ਨੀ ਹੁਣ ਕਿੱਥੇ ਹੋਵੇਗੀ। ਕਿਸ ਹਾਲ 'ਚ ਹੋਵੇਗੀ। ਕਿਵੇਂ ਦਿਨ ਕੱਟ ਰਹੀ ਹੋਵੇਗੀ। ਉਸ 'ਤੇ ਕੀ ਬੀਤ ਰਹੀ ਹੋਵੇਗੀ।" ਉਹ ਬੜਾ ਕੁੱਝ ਬੋਲੀ ਜਾ ਰਿਹਾ ਸੀ।

ਮੈਂ ਹੈਰਾਨ, ਨਾਲੇ ਵਿਜੈ ਦੇ ਮੂੰਹ ਵੱਲ ਦੇਖੀ ਜਾਵਾਂ ਤੇ ਨਾਲੇ ਉਸ ਦੀਆਂ ਗੱਲਾਂ ਸੁਣੀ ਜਾਵਾਂ। 'ਹੈਂਅ! ਇਹ ਕੁਲਜੀਤ ਨੂੰ ਐਨੀ ਸ਼ਿੱਦਤ ਨਾਲ ਕਿਉਂ ਯਾਦ ਕਰ ਰਿਹੈ। ਕੌਣ ਹੈ ਕੁਲਜੀਤ, ਕੌਣ ਹੈ ਸਤਿਬੀਰ ਤੇ ਕੁਲਜੀਤ?' ਮੈਨੂੰ ਲੱਗਿਆ, ਜ਼ਰੂਰ ਕੋਈ ਗੱਲ ਹੈ ਪਰ ਉਸ ਵਕਤ ਮੈਂ ਪੁੱਛਣ ਦੀ ਹਿੰਮਤ ਨਾ ਕਰ ਸਕਿਆ। ਗੱਲ ਮੇਰੇ ਮਨ 'ਚ ਹੀ ਅਟਕੀ ਰਹਿ ਗਈ।



ਇੱਕ ਦਿਨ ਫੇਰ ਬੈਠੇ ਪੈੱਗ ਸਾਂਝਾ ਕਰ ਰਹੇ ਸੀ। ਅੱਜ ਵਿਜੈ ਪੂਰਾ ਖ਼ੁਸ਼ ਵੀ ਸੀ। ਗੱਲਾਂ-ਗੱਲਾਂ 'ਚ ਮੈਂ ਵਿਜੈ ਨੂੰ ਪੁੱਛ ਹੀ ਲਿਆ, "ਵੀਰ ਜਿਸ ਪਰਿਵਾਰ ਦੀਆਂ ਕਈ ਵਾਰ ਤੁਸੀਂ ਗੱਲਾਂ ਕਰਦੇ ਰਹਿੰਦੇ ਹੋ, ਉਨ੍ਹਾਂ ਬਾਰੇ ਮੈਨੂੰ ਵੀ ਕੋਈ ਜਾਣਕਾਰੀ ਤਾਂ ਮਿਲੇ। ਗੱਲਾਂ ਕਰਦੇ-ਕਰਦੇ ਤੁਸੀਂ ਭਾਵੁਕ ਵੀ ਹੋ ਜਾਂਦੇ ਹੋ। ਸਾਰੀਆਂ ਗੱਲਾਂ ਮੇਰੇ ਤਾਂ ਸਿਰ ਉੱਪਰ ਦੀ ਹੀ ਲੰਘ ਜਾਂਦੀਆਂ ਨੇ। ਸਤਿਬੀਰ ਤੇ ਕੁਲਜੀਤ ਕੌਣ ਹਨ, ਬੁਰਾ ਨਾ ਮੰਨੋ ਤਾਂ ਇਸ ਬਾਰੇ ਮੈਨੂੰ ਵੀ ਤਾਂ ਕੁੱਝ ਖੁੱਲ੍ਹ ਕੇ ਦੱਸੋ।"

ਕੁੱਝ ਚਿਰ ਚੁੱਪ ਛਾਈ ਰਹੀ। ਵਿਜੈ ਦੇ ਚਿਹਰੇ ਦੇ ਹਾਵ-ਭਾਵ ਬਦਲਦੇ ਰਹੇ। ਲੱਗਦਾ ਸੀ ਕੁੱਝ ਸੋਚ ਰਿਹਾ ਹੈ। ਫਿਰ ਉਹ ਬੋਲਿਆ, "ਛੱਡ ਇੰਦਰ, ਕੀ ਦੱਸਾਂ, ਹੁਣ ਇਹ ਗੱਲ ਗੱਲ ਨੀ ਰਹੀ। ਇੱਕ ਨਾਸੂਰ ਬਣ ਗਿਆ ਹੈ, ਨਾਸੂਰ। ਬੱਸ ਐਵੇਂ ਕਦੇ-ਕਦੇ ਰਿਸਣ ਲੱਗ ਪੈਂਦੈ। ਅੱਗੇ ਤੋਂ ਨੀ ਇਸ ਬਾਰੇ ਗੱਲ ਕਰਦੇ।" ਉਹ ਕਹਿ ਤਾਂ ਗਿਆ ਪਰ ਐਨਾ ਭਾਵੁਕ ਹੋ ਗਿਆ ਕਿ ਅੱਖਾਂ 'ਚ ਪਾਣੀ ਤੈਰਨ ਲੱਗਾ।

ਦੇਖ ਕੇ ਮੈਂ ਵੀ ਪ੍ਰੇਸ਼ਾਨ, 'ਕਾਹਨੂੰ ਪੁੱਛਣਾ ਸੀ ਯਾਰ' ਪਰ ਮੈਨੂੰ ਇਹ ਯਕੀਨ ਪੱਕਾ ਹੋ ਗਿਆ ਕਿ ਮਸਲਾ ਕੋਈ ਗੰਭੀਰ ਹੈ, ਅੱਗੇ ਵਧਾਂ ਕਿ ਨਾ। ਮੈਂ ਵਿਜੈ ਦੀ ਬਹੁਤ ਇੱਜ਼ਤ ਕਰਦਾ ਸੀ। ਕਿਸੇ ਵੀ ਤਰ੍ਹਾਂ ਦੇ ਅਹਿਮ ਨੂੰ ਕੋਈ ਚੋਟ ਨੀ ਸੀ ਪਹੁੰਚਾਉਣਾ ਚਾਹੁੰਦਾ। ਕੀ ਕਰਾਂ?"

ਅਖ਼ੀਰ ਫੈਸਲਾ ਕੀਤਾ, ਜੋ ਵੀ ਹੈ, ਗੱਲ ਵਿਜੈ ਦੇ ਮਨ 'ਚੋਂ ਬਾਹਰ ਲੈ ਆਉਣੀ ਚਾਹੀਦੀ ਹੈ। ਸ਼ਾਇਦ ਉਸਨੂੰ ਵੀ ਸਕੂਨ ਮਿਲੇ। ਮੈਂ ਵਿਜੈ 'ਤੇ ਆਪਣਾ ਹੱਕ ਜਤਾਉਂਦੇ ਹੋਏ ਕਿਹਾ, "ਵੀਰ ਤੇਰੀਆਂ ਭਾਵਨਾਵਾਂ ਦੀ ਕਦਰ ਕਰਦਾ ਹਾਂ ਪਰ ਸਮਝਦਾ ਹਾਂ ਮਨ 'ਤੇ ਬੋਝ ਨਹੀਂ ਰੱਖਣਾ ਚਾਹੀਦਾ। ਕੀ ਗੱਲ ਹੈ ਖੁੱਲ੍ਹ ਕੇ ਦੱਸ, ਸ਼ਾਇਦ ਮੈਂ ਕੋਈ ਮੱਦਦ ਕਰ ਸਕਾਂ।"

ਉਹਨੇ ਕੁੱਝ ਚਿਰ ਸੋਚਿਆ, ਚਿਹਰੇ ਦੀ ਗੰਭੀਰਤਾ ਨੂੰ ਛੰਡਿਆ ਤੇ ਬੋਲਿਆ, "ਠੀਕ ਹੈ ਇੰਦਰ ਲੈ ਸੁਣ। ਸਾਰੀ ਕਹਾਣੀ ਹੀ ਸੁਣ। ਤੂੰ ਮੇਰੀ ਘਰਵਾਲੀ ਕਮਲੇਸ਼ ਨੂੰ ਤਾਂ ਹੁਣ ਚੰਗੀ ਤਰ੍ਹਾਂ ਜਾਣਦਾ ਹੀ ਹੈਂ।" ਐਨਾ ਕਹਿ ਕੇ ਉਹ ਅਚਾਨਕ ਚੁੱਪ ਹੋ ਗਿਆ।

ਮੈਂ ਸੋਚਿਆ, ਲੈ ਬਈ ਹੋ ਗਈ ਉਹੀ ਗੱਲ। ਮੈਨੂੰ ਇਸ ਘਰ ਵਿੱਚ ਜਿਹੜੀ ਇੱਕੋ ਗੱਲ ਪ੍ਰੇਸ਼ਾਨ ਕਰਦੀ ਤੇ ਖਟਕਦੀ ਸੀ, ਉਹ ਸੀ ਕਮਲੇਸ਼ ਦਾ ਸੁਭਾਅ। ਅੰਦਰ ਹੀ ਅੰਦਰ ਮੇਰਾ ਮਨ ਡਰਦਾ ਰਹਿੰਦਾ ਕਿ ਕਿਸੇ ਗੱਲ ਕਰਕੇ ਮੇਰੀ ਮੈਡਮ ਤੇ ਕਮਲੇਸ਼ ਦਾ ਕਿਸੇ ਗੱਲ 'ਤੇ ਪੇਚਾ ਨਾ ਪੈ ਜਾਵੇ। ਵਿਜੈ ਵੀਰ ਨਾਲ ਬਣੇ ਸਬੰਧ ਖ਼ਰਾਬ ਨਾ ਹੋ ਜਾਣ। ਪਹਿਲਾਂ-ਪਹਿਲ ਮੈਂ ਸੋਚਿਆ, ਸ਼ਾਇਦ ਕਮਲੇਸ਼ ਨੂੰ ਕੋਈ ਮਾਨਸਿਕ ਬਿਮਾਰੀ ਹੋ ਸਕਦੀ ਹੈ ਪਰ ਮੈਂ ਇਸ ਵਿਸ਼ੇ 'ਤੇ ਚੁੱਪ ਵੱਟੀ ਰੱਖੀ। ਜਿਸ ਮਿੱਤਰ ਰਾਹੀਂ ਵਿਜੈ ਨਾਲ ਜਾਣ-ਪਹਿਚਾਣ ਹੋਈ, ਉਹ ਵੀ ਅਜਿਹਾ ਸੋਚਦਾ ਸੀ। ਜਦ ਮੈਂ ਕਮਲੇਸ਼ ਬਾਰੇ ਉਸ ਨਾਲ ਗੱਲ ਕੀਤੀ ਸੀ ਤਾਂ ਕਹਿਣ ਲੱਗਾ, "ਇੰਦਰ, ਤੂੰ ਕਮਲੇਸ਼ ਦੇ ਸੁਭਾਅ ਤੋਂ ਕੀ ਲੈਣਾ। ਵਿਜੈ ਤੱਕ ਮਤਲਬ ਰੱਖ। ਵਿਜੈ ਬਾਰੇ ਕੋਈ ਤਕਲੀਫ਼ ਹੈ ਤਾਂ ਦੱਸ। ਬਾਕੀ ਮੈਨੂੰ ਲੱਗਦੈ ਉਹ ਬਿਮਾਰ ਰਹਿੰਦੀ ਹੈ।"

"ਚਲੋ, ਗੱਲ ਆਈ-ਗਈ ਹੋ ਗਈ। ਮੈਂ ਚੁੱਪ ਵੱਟ ਲਈ। ਹੁਣ ਵਿਜੈ ਦਾ ਇਹ ਕਹਿਣਾ, 'ਤੂੰ ਮੇਰੀ ਘਰਵਾਲੀ ਕਮਲੇਸ਼ ਨੂੰ ਤਾਂ ਚੰਗੀ ਤਰ੍ਹਾਂ ਜਾਣਦਾ ਹੀ ਹੈਂ'। ਸੁਣ ਮੇਰੇ ਅੱਗੇ ਕਈ ਸੁਆਲ ਖੜ੍ਹੇ ਹੋ ਗਏ। ਸੋਚਣ ਲੱਗਾ ਕਮਲੇਸ਼ ਬਾਰੇ ਜੋ ਗੰਢ ਮੇਰੇ ਮਨ ਵਿੱਚ ਬਣੀ ਹੋਈ ਹੈ, ਸ਼ਾਇਦ ਐਸੀ ਕੋਈ ਗੰਢ ਵਿਜੈ ਦੇ ਮਨ ਵਿੱਚ ਵੀ ਹੈ। ਹੁਣ ਕੀ ਕੀਤਾ ਜਾਵੇ। ਫੇਰ ਸੋਚਿਆ ਕਿੰਨਾ ਕੁ ਚਿਰ ਬਚਦੇ ਰਹਾਂਗੇ। ਵਿਜੈ ਨੇ ਗੱਲ ਛੇੜ ਹੀ ਲਈ ਹੈ ਤਾਂ ਕਿਉਂ ਨਾ ਖੋਲ੍ਹ ਹੀ ਲਈ ਜਾਵੇ। ਸੋ ਮੈਂ ਕਿਹਾ, "ਹਾਂ ਵੀਰ ਜਾਣਦਾ ਤਾਂ ਹਾਂ। ਭਾਬੀ ਜੀ ਜ਼ਿਆਦਾ ਚੁੱਪ ਜੇ ਰਹਿੰਦੇ ਨੇ ਪਰ ਇਹ ਸੁਭਾਅ ਪਹਿਲਾਂ ਤੋਂ ਹੈ ਜਾਂ ਸ਼ਾਦੀ ਤੋਂ ਬਾਅਦ ਇਹ ਤਾਂ....?" ਐਨਾ ਕਹਿ ਮੈਂ ਗੱਲ ਵਿੱਚੇ ਹੀ ਅਧੂਰੀ ਛੱਡ ਦਿੱਤੀ।

ਵਿਜੈ ਨੇ ਗੌਰ ਨਾਲ ਮੇਰੇ ਵੱਲ ਦੇਖਿਆ। ਕੁੱਝ ਦੇਰ ਚੁੱਪ ਰਿਹਾ। ਫਿਰ ਉਹ ਖੁੱਲ੍ਹ ਪਿਆ, "ਇੰਦਰ ਗੱਲ ਇਹ ਹੈ, ਮੇਰੇ ਪਿਤਾ ਜੀ ਤੇ ਕਮਲੇਸ਼ ਦੇ ਪਿਤਾ ਜੀ ਗੂੜ੍ਹੇ ਮਿੱਤਰ ਸਨ। ਦੋਵਾਂ ਨੇ ਇਹ ਰਿਸ਼ਤਾ ਉਸ ਵਕਤ ਤੈਅ ਕਰ ਲਿਆ ਸੀ, ਜਦੋਂ ਅਸੀਂ ਅਜੇ ਬੱਚੇ ਸਾਂ। ਵੱਡਾ ਹੋ ਕੇ ਮੈਂ ਇਸ ਸ਼ਾਦੀ ਲਈ ਤਿਆਰ ਨਹੀਂ ਸੀ। ਮੈਂ ਕਮਲੇਸ਼ ਦੇ ਸੁਭਾਅ ਬਾਰੇ ਸਭ ਜਾਣਦਾ ਸੀ ਪਰ ਪਿਤਾ ਜੀ ਦਾ ਦਬਾ ਕਹਿ ਲਵੋ ਜਾਂ ਪਿਤਾ ਜੀ ਦੀ ਜ਼ੁਬਾਨ ਰੱਖਣ ਲਈ, ਮੈਂ ਸ਼ਾਦੀ ਲਈ ਰਾਜ਼ੀ ਹੋ ਗਿਆ। ਸੋਚਿਆ, ਸ਼ਾਇਦ ਸ਼ਾਦੀ ਤੋਂ ਬਾਅਦ ਕਮਲੇਸ਼ ਬਦਲ ਜਾਵੇ।"

ਗੱਲ ਸੁਣ ਕੇ ਮੈਂ ਹੈਰਾਨ, "ਵੀਰ ਤੁਹਾਡੇ ਮਨ ਵਿੱਚ ਜੋ ਕੁੱਝ ਵੀ ਸੀ, ਕੀ ਕਮਲੇਸ਼ ਨੂੰ ਇਸ ਬਾਰੇ ਪਤਾ ਸੀ? ਉਸਦਾ ਸ਼ਾਦੀ ਬਾਰੇ ਕੀ ਨਜ਼ਰੀਆ ਸੀ। ਇਸ ਬਾਰੇ ਖੁੱਲ੍ਹ ਕੇ ਤੁਹਾਡੀ ਕੋਈ ਗੱਲ ਤਾਂ ਹੋਈ ਹੋਵੇਗੀ?"

"ਨਹੀਂ...ਅਸੀਂ ਆਪਸ 'ਚ ਕਦੇ ਗੱਲ ਨਹੀਂ ਸੀ ਕੀਤੀ। ਇਹ ਸਾਡੇ ਪਰਿਵਾਰਾਂ ਦਾ ਫੈਸਲਾ ਸੀ। ਬਾਕੀ ਕਮਲੇਸ਼ ਦੀ ਮਾਂ ਦੇ ਗੁਜ਼ਰ ਜਾਣ ਤੋਂ ਬਾਅਦ ਉਹ ਹੋਰ ਚੁੱਪ-ਚਾਪ ਰਹਿਣ ਲੱਗ ਪਈ। ਕਿਸੇ ਨਾਲ ਵੀ ਖੁੱਲ੍ਹ ਕੇ ਗੱਲ ਨਹੀਂ ਸੀ ਕਰਦੀ। ਫਿਰ ਸ਼ਾਦੀ ਬਾਰੇ ਤਾਂ ਕਰਨੀ ਹੀ ਕੀ ਸੀ। ਸ਼ਾਦੀ ਹੋ ਗਈ। ਸ਼ਾਦੀ ਤੋਂ ਬਾਅਦ ਮੈਂ ਕਮਲੇਸ਼ ਦੇ ਦਿਲ ਵਿੱਚ ਪਿਆਰ ਦੇ ਰੰਗ ਭਰਨ ਦੀ ਕੋਸ਼ਿਸ਼ ਕੀਤੀ। ਬੜੇ ਚਾਅ ਸੀ ਮਨ ਅੰਦਰ...ਆਹ ਕਰਾਂਗੇ, ਵਾਹ ਕਰਾਂਗੇ, ਇੰਝ ਕਰਾਂਗੇ, ਵਗੈਰਾ-ਵਗੈਰਾ। ਤੈਨੂੰ ਪਤਾ ਹੀ ਹੈ ਕਿ ਜਵਾਨ ਮੁੰਡੇ ਵਿਆਹ ਬਾਰੇ ਕੀ-ਕੀ ਸੁਪਨੇ ਦੇਖਦੇ ਨੇ। ਮੈਂ ਵੀ ਦੇਖਦਾ ਸੀ ਪਰ ਹਰ ਗੱਲ ਬੇ-ਮਾਅਨਾ ਹੀ ਰਹੀ। ਉਸਦਾ ਇੱਕੋ ਜਵਾਬ ਹੁੰਦਾ, 'ਛੱਡੋ ਜੀ, ਮੈਨੂੰ ਇਹ ਸਭ ਚੰਗਾ ਨੀ ਲੱਗਦਾ।' ਫੇਰ ਤਾਂ ਬੱਸ ਸਭ ਕੁੱਝ ਖ਼ੁਸ਼ਕ ਰੁਟੀਨ ਜਿਹਾ ਬਣਿਆ ਰਿਹਾ। ਬੱਚੇ ਪੈਦਾ ਹੋ ਗਏ। ਫੇਰ ਉਹ ਬੱਚਿਆਂ 'ਚ ਰੁੱਝੀ ਰਹਿਣ ਲੱਗੀ, ਹੁਣ ਤਾਂ ਬਹਾਨਾ ਵੀ ਸੀ। ਸੋ ਪਰਨਾਲਾ ਉੱਥੇ ਦਾ ਉੱਥੇ ਹੀ ਰਿਹਾ।"

ਇਹ ਗੱਲਾਂ ਸੁਣ ਮੇਰੀ ਹਮਦਰਦੀ ਵਿਜੈ ਨਾਲ ਹੋਰ ਵਧਣ ਲੱਗੀ, "ਦੇਖੋ ਯਾਰ ਸਭ ਕੁੱਝ ਜਾਣਦੇ ਹੋਏ, ਆਪਣੇ ਪਿਤਾ ਜੀ ਦੀ ਜ਼ੁਬਾਨ ਰੱਖਣ ਲਈ ਐਨਾ ਵੱਡਾ ਸਬਰ ਦਾ ਘੁੱਟ ਭਰ ਲਿਆ।" ਪਰ ਸਤਿਬੀਰ ਤੇ ਕੁਲਜੀਤ ਵਾਲੀ ਗੱਲ ਅਜੇ ਵੀ ਉੱਥੇ ਦੀ ਉੱਥੇ ਖੜ੍ਹੀ ਮਨ 'ਚ ਖਟਕ ਰਹੀ ਸੀ। ਇਨ੍ਹਾਂ ਗੱਲਾਂ ਦਾ ਉਸ ਪਰਿਵਾਰ ਨਾਲ ਕੀ ਸਬੰਧ ਹੋਇਆ। ਮੈਂ ਪੁੱਛਿਆ ਤਾਂ ਕੁਲਜੀਤ ਹੁਰਾਂ ਬਾਰੇ ਸੀ ਪਰ ਵਿਜੈ ਨੇ ਗੱਲ ਕਮਲੇਸ਼ ਵੱਲ ਘੁੰਮਾ ਦਿੱਤੀ, ਗੱਲ ਕਿੱਧਰ ਨੂੰ ਗਈ।

ਮਨ ਦੀ ਬੇਚੈਨੀ ਵਧਦੀ ਜਾ ਰਹੀ ਸੀ। ਮੈਂ ਬਹੁਤਾ ਚਿਰ ਸਬਰ ਨਾ ਕਰ ਸਕਿਆ। ਬੜਾ ਬੇਬਾਕ ਹੋ ਕੇ ਮੈਂ ਕਿਹਾ, "ਵੀਰ ਇਹ ਤਾਂ ਸਭ ਠੀਕ ਹੈ ਪਰ ਮੈਂ ਤਾਂ ਸਤਿਬੀਰ ਤੇ ਕੁਲਜੀਤ ਹੋਰਾਂ ਬਾਰੇ ਪੁੱਛ ਰਿਹਾ ਸੀ।"

"ਹਾਂ! ਕੁਲਜੀਤ।" ਉਹ ਇੰਝ ਬੋਲਿਆ, ਜਿਵੇਂ ਕੁੱਝ ਭੁੱਲਿਆ ਯਾਦ ਆਇਆ ਹੋਵੇ।

-0-

"ਲੈ ਸੁਣ ਫੇਰ...ਉਹ ਕਹਾਣੀ ਵੀ ਸੁਣ। ਤੁਹਾਡੇ ਵਾਂਗ ਹੀ ਸਤਿਬੀਰ ਤੇ ਕੁਲਜੀਤ ਵੀ ਇਸ ਮਕਾਨ ਵਿੱਚ ਕਿਰਾਏ 'ਤੇ ਰਹੇ ਸੀ। ਸਤਿਬੀਰ ਨੇਵੀ 'ਚ ਕੰਮ ਕਰਦਾ ਸੀ, ਇੰਜਨੀਅਰ ਸੀ ਕੋਈ। ਬੜਾ ਜਵਾਨ ਤੇ ਪਿਆਰਾ ਇਨਸਾਨ, ਬਿਲਕੁਲ ਤੇਰੇ ਵਰਗਾ। ਕੁਲਜੀਤ ਉਸਦੇ ਘਰਵਾਲੀ ਸੀ। ਉਹ ਵੀ ਬਹੁਤ ਨੇਕ ਸੁਭਾਅ ਦੀ ਔਰਤ ਸੀ, ਬੜੀ ਸਮਝਦਾਰ ਤੇ ਸਿਆਣੀ। ਸੋਹਣੀ ਵੀ ਬਹੁਤ ਸੀ। ਦੋਵਾਂ ਦੀ ਬੜੀ ਕਮਾਲ ਦੀ ਜੋੜੀ ਸੀ। ਜਿਵੇਂ ਕਹਾਵਤ ਹੈ, 'ਜੋੜੀਆਂ ਜੱਗ ਥੋੜ੍ਹੀਆਂ, ਸਿਰ ਨਰੜ ਬਥੇਰੇ'। ਦੋਵਾਂ 'ਚ ਪਿਆਰ ਵੀ ਬਹੁਤ ਸੀ। ਫੇਰ ਪਤਾ ਨੀ ਰੱਬ ਨੂੰ ਕੀ ਮਨਜ਼ੂਰ ਸੀ, ਅਚਾਨਕ ਪਰਿਵਾਰ 'ਤੇ ਦੁੱਖਾਂ ਦਾ



ਪਹਾੜ ਟੁੱਟ ਪਿਆ। ਕੀ ਹੋਇਆ, ਕਿਵੇਂ ਹੋਇਆ, ਕੋਈ ਪਤਾ ਨੀ। ਦੱਸਿਆ ਇਹੀ ਗਿਆ ਕਿ ਜਹਾਜ਼ 'ਚ ਕੋਈ ਐਕਸੀਡੈਂਟ ਹੋਇਆ ਤੇ ਸਤਿਬੀਰ ਦੀ ਮੌਤ ਹੋ ਗਈ। ਉਹ ਹੋ....ਅ....ਅ। ਉਹਦੀ ਮੌਤ ਦੀ ਖ਼ਬਰ ਕੀ ਆਈ, ਬੱਸ ਕਹਿਰ ਹੀ ਟੁੱਟ ਪਿਆ। ਪੁੱਛ ਨਾ ਇੰਦਰ ਫੇਰ ਤਾਂ ਕੀ ਬੀਤੀ। ਰੱਬ ਕਿਸੇ ਨੂੰ ਐਸਾ ਵਕਤ ਨਾ ਦਿਖਾਵੇ।"

ਵਿਜੈ ਚੁੱਪ ਹੋ ਗਿਆ। ਅੱਖਾਂ ਵਿੱਚ ਪਾਣੀ ਤੈਰਨ ਲੱਗਾ। ਸੁਣ ਕੇ ਮੈਂ ਵੀ ਸੁੰਨ ਹੋ ਗਿਆ, "ਹੈਂਅ! ਜਿਸ ਸਤਿਬੀਰ ਦਾ ਵਿਜੈ ਅਕਸਰ ਜ਼ਿਕਰ ਕਰਦਾ ਰਹਿੰਦਾ ਹੈ, ਉਹ ਮਰ ਚੁੱਕਾ ਹੈ।" ਕਾਫ਼ੀ ਦੇਰ ਤੱਕ ਮੈਂ ਸੁੰਨ ਜਿਹਾ ਬੈਠਾ ਰਿਹਾ।

ਕੁੱਝ ਚਿਰ ਬਾਅਦ ਮੈਂ ਥੋੜ੍ਹਾ ਹੌਸਲਾ ਕੀਤਾ। ਆਪਣਾ ਸੱਜਾ ਹੱਥ ਉਦਾਸ ਬੈਠੇ ਵਿਜੈ ਦੇ ਮੋਢੇ 'ਤੇ ਰੱਖਿਆ। ਵਿਜੈ ਦੀਆਂ ਪਲਕਾਂ ਬੰਦ ਹੋ ਗਈਆਂ। ਰੁਕੇ ਹੋਏ ਹੰਝੂ ਵਹਿ ਤੁਰੇ। ਸਿਰ ਏਧਰ-ਓਧਰ ਹਿੱਲਣ ਲੱਗਾ। ਕੋਈ ਗਹਿਰੀ ਪੀੜ ਉਸਦੇ ਚਿਹਰੇ 'ਤੇ ਸਾਫ਼ ਦਿਖਾਈ ਦੇ ਰਹੀ ਸੀ।

ਕੁੱਝ ਚਿਰ ਚੁੱਪ ਵਰਤੀ ਰਹੀ। ਦੋਵੇਂ ਚੁੱਪ ਬੈਠੇ ਰਹੇ। ਫਿਰ ਸਾਹਮਣੇ ਪਏ ਗਿਲਾਸ 'ਚੋਂ ਵਿਜੈ ਨੇ ਦੋ ਘੁੱਟ ਭਰੇ, ਗਲਾ ਸਾਫ਼ ਕੀਤਾ ਤੇ ਅੱਗੇ ਦੱਸਣ ਲੱਗਾ, "ਮੌਤ ਦੀ ਖ਼ਬਰ ਕੁਲਜੀਤ 'ਤੇ ਕਹਿਰ ਬਣ ਕੇ ਆਈ। ਉਸਨੇ ਰੋ-ਰੋ ਉਹ ਬੁਰਾ ਹਾਲ ਕਰ ਲਿਆ। ਘਰ 'ਚ ਕੁਹਰਾਮ ਮੱਚ ਗਿਆ। ਚੀਕਾਂ ਮਾਰ-ਮਾਰ ਰੋਂਦੀ ਉਹ ਝੱਲੀ ਨਾ ਜਾਂਦੀ। ਉਸਦੇ ਸਾਹਮਣੇ ਹੁੰਦਾ ਤਾਂ ਉਹ ਹੋਰ ਧਾਹਾਂ ਮਾਰਨ ਲੱਗ ਜਾਂਦੀ। 'ਹਾਏ ਭਾਅ ਜੀ ਤੁਹਾਡਾ ਦੋਸਤ ਮੈਨੂੰ 'ਕੱਲੀ ਨੂੰ ਛੱਡ ਗਿਆ....ਮੈਂ ਕੀਹਦੇ ਆਸਰੇ ਜੀਵਾਂਗੀ....ਕਿਵੇਂ ਜੀਵਾਂਗੀ.....ਹਾੜ੍ਹਾ ਉਸਨੂੰ ਲੱਭ ਲਿਆਓ....ਹਾੜ੍ਹਾ ਓਨ੍ਹਾਂ ਨੂੰ ਮੋੜ ਕੇ ਲਿਆਓ....ਹਾਇ ਮੈਂ ਸਤਿਬੀਰ ਬਿਨਾਂ ਨਹੀਂ ਜੀ ਸਕਦੀ।'....ਉਹ ਬਹੁਤ ਕੁੱਝ ਬੋਲਦੀ ਜਾਂਦੀ। ਰੋਈ ਜਾਂਦੀ, ਬੋਲਦੀ ਜਾਂਦੀ। ਉਸਦੇ ਦਰਦ ਭਰੇ ਬੋਲ ਸੁਣ-ਸੁਣ ਮੇਰਾ ਵੀ ਰੋਣ ਨਿਕਲ ਜਾਂਦਾ।"

"ਜਦੋਂ ਇਹ ਮਾੜੀ ਖ਼ਬਰ ਮਿਲੀ, ਉਸ ਵਕਤ ਘਰ ਵਿੱਚ ਮੈਂ ਸਾਂ, ਕਮਲੇਸ਼ ਸੀ ਤੇ ਸਾਡੇ ਬੱਚੇ ਸਨ। ਓਧਰ ਕੁਲਜੀਤ ਸੀ ਤੇ ਉਸਦਾ ਬੱਚਾ ਸੀ। ਬੱਚੇ ਤਾਂ ਛੋਟੇ ਸਨ, ਕਮਲੇਸ਼ ਜੀਹਨੇ ਇਸ ਹਾਲਤ 'ਚ ਕੁਲਜੀਤ ਨੂੰ ਦਿਲਾਸਾ ਦੇਣਾ ਸੀ, ਸਾਂਭਣਾ ਸੀ, ਉਹ ਉੱਕਾ ਹੀ ਚੁੱਪ ਹੋ ਗਈ। ਕੁਲਜੀਤ ਕੋਲ ਬੈਠੇ, ਕੋਈ ਗੱਲ ਕਰੇ, ਉਸਨੂੰ ਚੁੱਪ ਕਰਾਵੇ, ਦਿਲਾਸਾ ਦੇਵੇ...ਕੁੱਝ ਵੀ ਨਹੀਂ। ਦੂਰ-ਦੂਰ ਫਿਰਦੀ ਰਹਿੰਦੀ। ਬੜਾ ਅਜੀਬ ਲੱਗਦਾ...ਕੈਸੀ ਔਰਤ ਹੈ? ਔਰਤ ਹੋ ਕੇ ਵੀ ਦੂਸਰੀ ਔਰਤ ਦੇ ਦੁੱਖ ਨੂੰ ਨਹੀਂ ਸਮਝਦੀ? ਫਿਰ ਦੁੱਖ ਵੀ ਕੋਈ ਛੋਟਾ ਨਹੀਂ ਸੀ। ਪਹਾੜ ਜਿੱਡਾ ਦੁੱਖ ਸੀ। ਭਾਵੇਂ ਮੈਂ ਕਮਲੇਸ਼ ਦੇ ਸੁਭਾਅ ਨੂੰ ਜਾਣਦਾ ਸੀ, ਫਿਰ ਵੀ ਚਾਹੁੰਦਾ ਸੀ ਕਿ ਇਸ ਦੁੱਖ ਦੀ ਘੜੀ 'ਚ ਉਹ ਕੁੱਝ ਹਮਦਰਦੀ ਜ਼ਰੂਰ ਦਿਖਾਵੇ....ਪਰ ਨਾ।"

"ਹਮਦਰਦੀ ਵਜੋਂ ਜਦੋਂ ਮੈਂ ਕੁਲਜੀਤ ਕੋਲ ਜਾ ਬੈਠਦਾ, ਕਮਲੇਸ਼ ਨੂੰ ਇਹ ਵੀ ਬੁਰਾ ਲੱਗਦਾ। ਬੜਾ ਹੈਰਾਨ ਤੇ ਪ੍ਰੇਸ਼ਾਨ। ਮਨ ਹੀ ਮਨ ਸੋਚਦਾ, 'ਜਲਦੀ ਕੁਲਜੀਤ ਦਾ ਪਰਿਵਾਰ ਆ ਜਾਵੇ ਤੇ ਇਸਨੂੰ ਸੰਭਾਲੇ।' ਘਰ ਵਿੱਚ ਬੜਾ ਅਜੀਬ ਮਾਹੌਲ ਸੀ। ਉਸਦਾ ਬੱਚਾ ਐਨਾ ਛੋਟਾ ਸੀ ਕਿ ਉਸਨੂੰ ਪਤਾ ਹੀ ਨਹੀਂ ਸੀ, ਇਹ ਸਭ ਕੀ ਹੋ ਰਿਹਾ ਹੈ। ਪਹਿਲਾਂ ਉਹ ਮੇਰੇ ਬੱਚਿਆਂ ਨਾਲ ਖੇਡ ਲੈਂਦਾ ਸੀ। ਹੁਣ ਉਹ ਗੁੰਮ-ਸੁੰਮ ਹੋਇਆ ਮੰਮੀ ਕੋਲ ਹੀ ਬੈਠਾ ਰਹਿੰਦਾ। ਕਹਿਣ 'ਤੇ ਵੀ ਮੇਰੇ ਬੱਚਿਆਂ ਕੋਲ ਨਾ ਜਾਂਦਾ। ਮੈਨੂੰ ਬੜਾ ਤਰਸ ਆਉਂਦਾ। ਬੜਾ ਮੋਹ ਆਉਂਦਾ। ਮੈਂ ਉਸ ਨੂੰ ਗੋਦ ਵਿੱਚ ਬਿਠਾ ਲੈਂਦਾ ਤੇ ਆਪਣੀ ਛਾਤੀ ਨਾਲ ਘੁੱਟ ਲੈਂਦਾ। ਉਸ ਨਾਲ ਪਿਆਰ ਕਰਦਾ। ਕੋਈ ਗੱਲ ਕਰਨ ਦੀ ਕੋਸ਼ਿਸ਼ ਕਰਦਾ।"

ਕਮਲੇਸ਼ ਦਾ ਵਿਵਹਾਰ ਵੇਖ ਮੈਨੂੰ ਖਿਝ ਉਠਦੀ। ਜੀਅ ਕਰਦਾ ਚੀਕ-ਚੀਕ ਕੇ ਕਮਲੇਸ਼ ਨੂੰ ਪੁੱਛਾਂ, 'ਤੂੰ ਔਰਤ ਹੈਂ ਜਾਂ ਡਾਇਣ?' ਮਨ ਹੀ ਮਨ ਬੜਾ ਤੜਫ਼ਦਾ ਤੇ ਕਮਲੇਸ਼ ਨੂੰ ਬੁਰਾ-ਭਲਾ ਬੋਲਦਾ

ਪਰ ਅਸਲ 'ਚ ਮੈਂ ਚੁੱਪ-ਚਾਪ ਬੈਠਾ ਹੁੰਦਾ। ਉੱਚੀ ਬੋਲ ਕੇ ਕੁੱਝ ਕਹਾਂ....ਮੇਰੀ ਹਿੰਮਤ ਨਹੀਂ ਸੀ ਪੈਂਦੀ। ਆਪਣੇ ਆਪ 'ਤੇ ਖਿਝ ਆਉਣ ਲੱਗ ਪਈ। ਇਸ ਸਾਰੇ ਵਰਤਾਰੇ ਦੌਰਾਨ ਕੁਲਜੀਤ ਪ੍ਰਤੀ ਮੇਰੀ ਹਮਦਰਦੀ ਵਧਦੀ-ਵਧਦੀ ਬੱਸ ਵਧਦੀ ਹੀ ਗਈ।

ਕੁੱਝ ਦਿਨਾਂ ਬਾਅਦ ਉਸਦੀ ਮਾਂ ਤੇ ਭਰਾ ਉਸਨੂੰ ਲੈਣ ਆ ਗਏ ਤੇ ਮੈਂ ਸ਼ੁਕਰ ਮਨਾਇਆ। ਮੈਂ ਵੀ ਚਾਹੁੰਦਾ ਸੀ ਉਹ ਪੰਜਾਬ ਆਪਣੇ ਪਰਿਵਾਰ ਵਿੱਚ ਚਲੀ ਜਾਵੇ। ਆਪਣਿਆਂ ਵਿੱਚ ਬੈਠ, ਗੱਲਾਂ ਕਰਕੇ ਮਨ ਹੌਲ਼ਾ ਕਰ ਸਕੇ। ਐਸੀ ਹਾਲਤ ਵਿੱਚ ਉਸਦਾ ਆਪਣੇ ਪਰਿਵਾਰ ਦੇ ਜੀਆਂ 'ਚ ਹੋਣਾ ਬਹੁਤ ਜ਼ਰੂਰੀ ਸੀ। ਬੱਚੇ ਨੂੰ ਸਕੂਲ ਤੋਂ ਪੰਦਰਾਂ ਦਿਨ ਦੀਆਂ ਛੁੱਟੀਆਂ ਲੈ ਮੈਂ ਉਨ੍ਹਾਂ ਨੂੰ ਪੰਜਾਬ ਲਈ ਗੱਡੀ ਚੜ੍ਹਾ ਦਿੱਤਾ।

ਕੁਲਜੀਤ ਹੁਰਾਂ ਦੇ ਜਾਣ 'ਤੇ ਮੈਂ ਸੁੱਖ ਦਾ ਸਾਹ ਲਿਆ, 'ਚਲੋ ਹੁਣ ਮਨ ਨੂੰ ਸ਼ਾਂਤੀ ਮਿਲੇਗੀ' ਪਰ ਕਿੱਥੇ, ਉਸੇ ਰਾਤ ਉਨ੍ਹਾਂ ਦੀਆਂ ਯਾਦਾਂ ਫੇਰ ਘੇਰ ਕੇ ਬੈਠ ਗਈਆਂ। ਸੋਚੀ ਜਾਵਾਂ, ਸੋਚੀ ਜਾਵਾਂ....'ਕਿੰਨਾ ਖੁੱਲ੍ਹਾ ਤੇ ਹਸਮੁੱਖ ਸੁਭਾਅ ਸੀ ਦੋਵਾਂ ਦਾ। ਕੁਲਜੀਤ ਹਰ ਵਕਤ ਹੱਸਦੀ ਰਹਿੰਦੀ। ਗੱਲਾਂ ਕਰਦੀ, ਜਿਵੇਂ ਮੂੰਹ 'ਚੋਂ ਮੋਤੀ ਕਿਰਦੇ ਹੋਣ। ਮੁਸਕਰਾਹਟ ਵਿੱਚ ਐਸਾ ਜਾਦੂ ਕਿ ਗੰਭੀਰ ਤੋਂ ਗੰਭੀਰ ਮਾਹੌਲ ਨੂੰ ਵੀ ਖ਼ੁਸ਼ਗਵਾਰ ਬਣਾ ਦਿੰਦੀ। ਆਉਂਦੀ ਹੀ ਇਸ ਤਰ੍ਹਾਂ ਘੁਲ-ਮਿਲ ਗਈ, ਜਿਵੇਂ ਚਿਰਾਂ ਤੋਂ ਸਭ ਨੂੰ ਜਾਣਦੀ ਹੋਵੇ। ਪਹਿਲੀ ਵਾਰ ਇਹ ਘਰ ਪਿਆਰਾ ਲੱਗਣ ਲੱਗਾ ਸੀ। ਨਫ਼ਰਤ ਭਰੇ ਰੁੱਖੇ-ਰੁੱਖੇ ਬੋਲ ਸੁਣ-ਸੁਣ ਕੇ, ਬੇ-ਜਾਨ ਹੋਈਆਂ ਪਈਆਂ ਕੰਧਾਂ ਉੱਪਰ ਵੀ ਰੌਣਕ ਤੇ ਚਮਕ ਆ ਗਈ ਸੀ। ਕੁਲਜੀਤ ਤੇ ਸਤਿਬੀਰ ਤਾਂ ਬਣੇ ਹੀ ਇੱਕ-ਦੂਜੇ ਲਈ ਸੀ। ਹੁਣ 'ਕੱਲੀ ਕੁਲਜੀਤ ਜ਼ਿੰਦਗੀ ਦਾ ਇਹ ਸਫ਼ਰ ਕਿਵੇਂ ਤੈਅ ਕਰੇਗੀ। ਕਿਸ ਸਹਾਰੇ ਤੈਅ ਕਰੇਗੀ....?' ਤੇ ਮੇਰਾ ਗੱਚ ਭਰ ਆਉਂਦਾ।"

"ਇੰਦਰ, ਸੱਚ ਕਹਾਂ, ਸ਼ੁਰੂ 'ਚ ਇਨ੍ਹਾਂ ਦਾ ਪਿਆਰ ਦੇਖ ਮੈਨੂੰ ਇਸ ਜੋੜੀ 'ਤੇ ਰਸ਼ਕ ਵੀ ਹੋਈ, 'ਰੱਬਾ ਮੇਰੇ ਨਾਲ ਤੂੰ ਅਜਿਹਾ ਕਿਉਂ ਕੀਤਾ, ਇਸ ਵਿਜੈ ਨੇ ਤੇਰਾ ਕੀ ਮਾੜਾ ਕੀਤਾ ਸੀ। ਕੀ ਵਿਗਾੜਿਆ ਸੀ। ਸਾਡੀ ਆਹ ਕੀ ਜੋੜੀ ਬਣਾ ਧਰੀ। ਇਹ ਕੀ ਇਨਸਾਫ਼ ਐ ਤੇਰਾ। ਇਹ ਤਾਂ ਸਰਾਸਰ ਬੇਇਨਸਾਫ਼ੀ ਹੈ।'....ਬੜਾ ਗੁੱਸਾ ਆਇਆ ਰੱਬ 'ਤੇ। ਫੇਰ ਆਪ ਹੀ ਸੋਚਿਆ, 'ਓ ਕੰਜਰ ਮਨਾਂ, ਕੀ ਪੁੱਠੀਆਂ-ਸਿੱਧੀਆਂ ਗੱਲਾਂ ਸੋਚੀ ਜਾਨੈਂ।' ਆਪ ਨੂੰ ਲਾਅਨਤ ਪਾਈ ਪਰ ਇਹ ਹਉਕਾ ਫਿਰ ਵੀ ਨਾ ਰੋਕ ਸਕਿਆ, 'ਕਾਸ਼! ਰੱਬ ਮੈਨੂੰ ਵੀ ਕੋਈ ਕੁਲਜੀਤ ਵਰਗੀ ਔਰਤ ਦੇ ਦਿੰਦਾ'।"

ਪਤਾ ਹੀ ਨਾ ਲੱਗਾ ਕਿ ਦਿਨ ਕਿਵੇਂ ਲੰਘ ਗਏ। ਮਹੀਨੇ ਬਾਅਦ ਕੁਲਜੀਤ ਪੰਜਾਬ ਤੋਂ ਵਾਪਸ ਆ ਗਈ। ਮੈਨੂੰ ਖ਼ੁਸ਼ੀ ਹੋਈ ਤੇ ਹੈਰਾਨੀ ਵੀ। ਹੈਰਾਨੀ ਕਿ ਉਹ ਇਕੱਲੀ ਵਾਪਿਸ ਆਈ ਸੀ। 'ਹੈਂਅ! ਇਹ ਇਕੱਲੀ ਕਿਉਂ? ਇਸ ਵਾਰ ਕੋਈ ਨਾਲ ਕਿਉਂ ਨੀ ਆਇਆ। ਕੋਈ ਭਰਾ, ਦਿਉਰ, ਜੇਠ, ਕੋਈ ਹੋਰ, ਕੋਈ ਵੀ ਨਾਲ ਨੀ ਆਇਆ। ਸ਼ੱਕ ਹੋਇਆ ਜ਼ਰੂਰ ਕੋਈ ਗੱਲ ਹੈ ਪਰ ਮੈਂ ਪੁੱਛਣਾ ਠੀਕ ਨਾ ਸਮਝਿਆ। ਕੀ ਪੁੱਛਦਾ, ਕਿਵੇਂ ਪੁੱਛਦਾ। ਖ਼ੈਰ, ਜੋ ਵੀ ਸੀ, ਮੈਨੂੰ ਇਸ ਗੱਲ ਦੀ ਤਸੱਲੀ ਸੀ ਕਿ ਕੁਲਜੀਤ ਵਾਪਸ ਆ ਗਈ। ਘਰ ਆ ਕੇ ਉਹ ਕਮਲੇਸ਼ ਨੂੰ ਮਿਲੀ ਤੇ ਗੱਲਾਂ ਕਰਨ ਲੱਗੀ। ਕਮਲੇਸ਼ ਥੋੜ੍ਹਾ ਹਾਂ-ਹੂੰ ਕਰਦੀ ਰਹੀ ਪਰ ਘਰ-ਪਰਿਵਾਰ ਜਾਂ ਸਤਿਬੀਰ ਬਾਰੇ, ਕੁਲਜੀਤ ਨਾਲ ਕੋਈ ਗੱਲ ਨਾ ਕੀਤੀ, ਨਾ ਪੁੱਛੀ। ਕੁਲਜੀਤ ਇਕੱਲੀ ਕਿੰਨਾ ਕੁ ਚਿਰ ਬੋਲਦੀ। ਕੁੱਝ ਚਿਰ ਬਾਅਦ ਉਹ ਵੀ ਚੁੱਪ ਕਰਕੇ ਆਪਣੇ ਕਮਰੇ ਵਿੱਚ ਚਲੀ ਗਈ। ਉਸ ਵਕਤ ਮੈਂ ਵੀ ਐਨਾ ਪੁੱਛੂੰ, 'ਹੋਰ ਘਰ ਤਾਂ ਸਭ ਠੀਕ ਹੈ?' ਚੁੱਪ ਕਰ ਗਿਆ।

ਕਈ ਸ਼ੱਕ ਮਨ 'ਚ ਪੈਦਾ ਹੋਏ, 'ਹੋ ਸਕਦੈ ਸਹੁਰੇ ਘਰ ਪਹੁੰਚਣ 'ਤੇ ਉਨ੍ਹਾਂ ਸਤਿਬੀਰ ਦੀ ਮੌਤ ਲਈ ਕੁਲਜੀਤ ਨੂੰ ਹੀ ਜ਼ਿੰਮੇਵਾਰ ਠਹਿਰਾ ਦਿੱਤਾ ਹੋਵੇ। ਹੋ ਸਕਦੈ, ਮੁਆਵਜ਼ੇ ਵਜੋਂ ਮਿਲਣ ਵਾਲੀ ਰਕਮ ਬਾਰੇ ਘਰ 'ਚ ਗੱਲਬਾਤ ਹੋਈ ਹੋਵੇ ਤੇ ਰੌਲਾ ਪਿਆ ਹੋਵੇ। ਹੋ ਸਕਦੈ ਭਰਾ-ਭਰਜਾਈ 'ਚ ਕੁਲਜੀਤ ਬਾਰੇ ਕੋਈ



ਗੱਲ ਹੋਈ ਹੋਵੇ। ਹੋਰ ਵੀ ਕੋਈ ਗੱਲ ਹੋ ਸਕਦੀ ਹੈ, ਜਿਸ ਕਰਕੇ ਕੋਈ ਕਲੇਸ਼ ਹੋਇਆ ਹੋਵੇ। ਇਸੇ ਲਈ ਇਕੱਲੀ ਆ ਗਈ, ਨਹੀਂ ਤਾਂ ਜ਼ਰੂਰ ਕੋਈ ਨਾਲ ਆਉਂਦਾ।'

"ਇੰਦਰ ਤੈਨੂੰ ਪਤੈ ਪੰਜਾਬ 'ਚ ਅਜਿਹੇ ਕਲੇਸ਼ ਆਮ ਨੇ। ਫੌਜ ਜਾਂ ਹੋਰ ਕਿਧਰੇ ਵੀ ਮੌਤ ਹੋ ਜਾਵੇ, ਵਿਧਵਾ ਔਰਤ ਦੇ ਤਾਂ ਉਸ ਟਾਇਮ ਹੋਸ਼ ਉੱਡੇ ਪਏ ਹੁੰਦੇ ਨੇ। ਸਹੁਰਾ ਤੇ ਪੇਕਾ ਪਰਿਵਾਰਾਂ ਨੂੰ ਵੱਧ ਫ਼ਿਕਰ ਮੁਆਵਜ਼ੇ ਦੇ ਪੈਸੇ ਵੰਡਣ ਦਾ ਹੋ ਜਾਂਦੈ। ਇਹ ਤਾਂ ਸਾਡੀ ਮਾਨਸਿਕਤਾ ਬਣ ਚੁੱਕੀ ਹੈ। ਅੱਜ ਪੈਸਾ ਵੱਡੀ ਚੀਜ਼ ਬਣ ਗਈ ਹੈ, ਬਾਕੀ ਸਭ ਰਿਸ਼ਤੇ ਬਾਅਦ 'ਚ। ਕੀ ਅਮੀਰ, ਕੀ ਗਰੀਬ, ਪੈਸਾ ਹਰ ਮਨ 'ਤੇ ਭਾਰੂ ਹੈ। ਦੁਖੀ ਔਰਤ ਦੇ ਮਨ ਦੀ ਪੀੜ ਨੂੰ ਕੌਣ ਸਮਝੇ। ਕਿਸ ਨੂੰ ਪ੍ਰਵਾਹ। ਮੁਆਵਜ਼ੇ 'ਚ ਮਿਲਣ ਵਾਲੇ ਲੱਖਾਂ ਦੇ ਨੋਟਾਂ ਦੀਆਂ ਗੁੱਟੀਆਂ, ਦਿਮਾਗ ਚੱਕ ਦਿੰਦੀਆਂ ਨੇ। ਮਾਂ-ਬਾਪ ਦਾ ਦਿਲ ਧੀ ਲਈ ਜ਼ਰੂਰ ਕਲਪਦੈ।

ਕਾਫ਼ੀ ਦੇਰ ਚੁੱਪ ਰਹਿਣ ਤੋਂ ਬਾਅਦ ਕੁਲਜੀਤ ਨੇ ਮੇਰੀ ਗੱਲ ਦਾ ਜਵਾਬ ਦਿੱਤਾ, "ਹਾਂ, ਸਭ ਠੀਕ ਨੇ ਵੀਰ ਜੀ। ਹੁਣ ਵੀ ਤਾਂ ਮੈਂ ਆਪਣਾ ਸਮਾਨ ਲੈਣ ਆਈ ਹਾਂ। ਹੋਰ ਤਾਂ ਸਭ ਕੁੱਝ ਲੁੱਟ-ਪੁੱਟ ਗਿਆ। ਸੋਚਿਆ ਸਮਾਨ ਤਾਂ ਲੈ ਆਵਾਂ। ਹਰ ਚੀਜ਼ ਨਾਲ ਉਨ੍ਹਾਂ ਦੀਆਂ ਯਾਦਾਂ ਜੁੜੀਆਂ ਹੋਈਆਂ ਨੇ।' ਹੌਲੀ-ਹੌਲੀ ਗੱਲਾਂ ਕਰਦੀ ਕੁਲਜੀਤ ਦੀਆਂ ਅੱਖਾਂ ਦੀਆਂ ਪਲਕਾਂ ਬੰਦ ਹੋ ਗਈਆਂ ਤੇ ਉਹ ਚੁੱਪ ਹੋ ਗਈ।

"ਹੌਸਲਾ ਰੱਖ ਕੁਲਜੀਤ। ਪ੍ਰਮਾਤਮਾ ਭਲੀ ਕਰੇਗਾ।" ਇਹ ਕਹਿ ਕੇ ਮੈਂ ਹੌਸਲਾ ਦੇਣ ਦੀ ਕੋਸ਼ਿਸ਼ ਕੀਤੀ।

"ਹਾਂ, ਹੌਸਲਾ। ਹੋਰ ਹੁਣ ਕਰ ਵੀ ਕੀ ਸਕਦੀ ਹਾਂ ਵੀਰ ਜੀ। ਪ੍ਰਮਾਤਮਾ ਨੇ ਪਹਿਲਾਂ ਹੀ ਕਸਰ ਨਹੀਂ ਛੱਡੀ। ਪਤਾ ਨੀ ਅਜੇ ਹੋਰ ਕੀ-ਕੀ ਹੋਣਾ ਹੈ। ਮਾਂ ਤੇ ਭਰਾ ਨਾਲ ਪਹਿਲਾਂ ਸਿੱਧੀ ਪੇਕੇ ਘਰ ਪਹੁੰਚੀ। ਰੋਣ-ਧੋਣ ਤੇ ਫਿਰ ਗੱਲਾਂ-ਬਾਤਾਂ। ਗਲੀ-ਗੁਆਂਢ ਸਭ ਨੇ ਆ-ਆ ਕੇ ਦੁੱਖ ਵੰਡਾਇਆ। ਚਾਰ ਕੁ ਦਿਨ ਬੀਤੇ ਕਿ ਨੀਂਦ ਨੀ ਸੀ ਆ ਰਹੀ। ਵੈਸੇ ਅਜੇ ਬਹੁਤੀ ਰਾਤ ਵੀ ਨਹੀਂ ਸੀ ਹੋਈ। ਮਾਂ ਵਾਲੇ ਕਮਰੇ 'ਚੋਂ ਉੱਠ ਬਾਹਰ ਵਿਹੜੇ 'ਚ ਘੁੰਮਣ ਲੱਗੀ। ਬਰਾਂਡੇ ਦੀ ਨੁੱਕਰ ਵਾਲੇ ਭਰਾ-ਭਰਜਾਈ ਦੇ ਕਮਰੇ 'ਚੋਂ ਆਵਾਜ਼ ਆ ਰਹੀ ਸੀ। ਹੌਲੀ ਜਿਹੇ ਬੰਦ ਖਿੜਕੀ ਕੋਲ ਨੂੰ ਹੋ ਗਈ....'ਦੇਖੋ ਜੀ, ਭੈਣ ਜੀ ਨਾਲ ਬਹੁਤ ਬੁਰਾ ਹੋਇਆ। ਅਗਲੇ ਹਫ਼ਤੇ ਵੀਰ ਜੀ ਦੀ ਲਾਸ਼ ਆ ਜਾਣੀ ਹੈ। ਹੋਰ ਦੋ ਦਿਨਾਂ ਨੂੰ ਭੈਣ ਜੀ ਨੂੰ ਸਹੁਰੇ ਘਰ ਜਾਣਾ ਪੈਣਾ ਹੈ। ਸਭ ਕ੍ਰਿਆ-ਕਰਮ ਵੀ ਹੋ ਜਾਣਗੇ। ਹੁਣ ਸਹੁਰਿਆਂ ਨਾਲ ਸਾਰੀ ਗੱਲ ਕਰ ਲੈਣਾ। ਆਪਣੀ ਕਬੀਲਦਾਰੀ ਦਾ ਪਤਾ ਹੀ ਐ। ਭੈਣ ਜੀ ਦਾ ਸਮਾਨ ਤੇ ਬੱਚਾ ਘਰ ਲਿਆਉਣ ਵਾਲੀ ਗਲਤੀ ਨਾ ਕਰਿਓ....।'

'ਓ ਅਜੇ ਲਾਸ਼ ਆਈ ਨੀ। ਸਸਕਾਰ ਹੋਇਆ ਨੀ। ਭੋਗ ਪਿਆ ਨੀ। ਤੂੰ ਆਹ ਹੋਰ ਈ ਸੁਣਾਉਣ ਬਹਿਗੀ। ਬਹਿ ਜਾ ਚੁੱਪ ਕਰਕੇ।'

'ਆਹੋ ਜੀ ਮੇਰੀ ਗੱਲ ਸੋਨੂੰ ਕਿੱਥੇ ਚੰਗੀ ਲੱਗਦੀ ਐ। ਕੁਝ ਬੁੜ-ਬੁੜ ਤੇ ਚੁੱਪ....।' ਵੀਰ ਜੀ ਸੁਣ ਕੇ ਚੁੱਪ-ਚਾਪ ਮੈਂ ਮਾਂ ਵਾਲੇ ਕਮਰੇ 'ਚ ਵਾਪਸ ਆ ਗਈ। ਕਿੰਨਾ ਚਿਰ ਬੈਠੀ ਸੋਚਦੀ ਰਹੀ, 'ਚਲੋ, ਜੋ ਰੱਬ ਨੂੰ ਮਨਜ਼ੂਰ। ਹੋਰ ਦੋ ਦਿਨ ਬਾਅਦ ਪਰਿਵਾਰ ਸਮੇਤ ਸਹੁਰੇ ਘਰ ਪਹੁੰਚੀ। ਅਜੇ ਤਿੰਨ ਦਿਨ ਬਾਅਦ ਸਤਿਬੀਰ ਦੀ ਲਾਸ਼ ਆਉਣੀ ਸੀ। ਸੱਸ ਤਾਂ ਜਿਵੇਂ ਪਹਿਲਾਂ ਹੀ ਭਰੀ-ਪੀਤੀ ਪਈ ਸੀ। ਨਾ ਬੁੱਕਲ 'ਚ ਲਿਆ, ਨਾ ਪੈਰਾਂ 'ਚ ਰੱਖੀ ਚੁੰਨੀ ਨੂੰ ਕੁੱਝ ਸਮਝਿਆ। ਦੇਖਣ ਸਾਰ ਦੁਹੱਥੜਾ ਮਾਰ ਹੋ ਗਈ ਸ਼ੁਰੂ, ਨੀ ਤੂੰ 'ਕੱਲੀ ਘਰੇ ਆ ਵੜੀ ਨੀ....ਕਿੱਥੇ ਖਪਾ ਆਈ ਮੇਰੇ ਪੁੱਤ ਨੂੰ ਨੀ....ਨੀ ਡਾਇਣੇ ਮੇਰਾ ਕੜੀ ਵਰਗਾ ਪੁੱਤ ਖਾ ਗੀ ਨੀ....' ਤੇ ਬੜਾ ਕੁੱਝ ਹੋਰ ਬੋਲਣ ਲੱਗੀ।

ਵੀਰ ਜੀ ਕੀ ਕਰਦੀ? ਆਪਣੇ ਪਰਿਵਾਰ 'ਚ ਬੈਠ ਮੈਂ ਰੋਣ ਲੱਗੀ। ਸਹੁਰਾ ਪਰਿਵਾਰ ਅੱਡ ਸੱਸ ਦੁਆਲੇ

ਬੈਠਾ ਸੀ। ਹੌਲੀ-ਹੌਲੀ ਸਿਆਣੀਆਂ ਔਰਤਾਂ ਨੇ ਸਭ ਨੂੰ ਚੁੱਪ ਕਰਾਇਆ ਤੇ ਗੱਲਾਂ ਕਰਨ ਲੱਗੇ। ਸਹੁਰੇ ਪਰਿਵਾਰ ਦੇ ਕਿਸੇ ਜੀਅ ਨੇ ਮੇਰੇ ਨਾਲ ਕੋਈ ਗੱਲ ਨਾ ਕੀਤੀ। ਕਿਸੇ ਨੇ ਵੀ ਨਹੀਂ ਬੁਲਾਇਆ।" ਕੁਲਜੀਤ ਐਨਾ ਕੁੱਝ ਇਸ ਤਰ੍ਹਾਂ ਬੋਲ ਗਈ, ਜਿਵੇਂ ਮੇਰੇ ਨਾਲ ਨਹੀਂ, ਕਿਸੇ ਖਲਾਅ ਨਾਲ ਗੱਲਾਂ ਕਰ ਰਹੀ ਹੋਵੇ। ਉਸਦੀਆਂ ਅੱਖਾਂ 'ਚੋਂ ਅੱਥਰੂ ਵਹਿ ਰਹੇ ਸਨ। ਮੈਂ ਚੁੱਪ ਤੇ ਹੈਰਾਨ ਉਸ ਵੱਲ ਦੇਖੀ ਜਾ ਰਿਹਾ ਸੀ।

ਅਚਾਨਕ ਉਹ ਆਲੇ-ਦੁਆਲੇ ਦੇਖਣ ਲੱਗੀ। ਮੇਰੇ ਮੂੰਹ ਵੱਲ ਦੇਖਣ ਲੱਗੀ। ਕੁੱਝ ਪ੍ਰੇਸ਼ਾਨ ਹੋਈ। ਫੇਰ ਕਹਿੰਦੀ, 'ਵੀਰ ਜੀ, ਮੁਆਫ਼ ਕਰਨਾ, ਮੈਨੂੰ ਪਤਾ ਹੀ ਨਹੀਂ ਲੱਗਾ ਮੈਂ ਕੀ ਬੋਲ ਰਹੀ ਸੀ। ਮੈਂ ਤਾਂ ਸਮਾਨ ਲੈ ਕੇ ਵਾਪਸ ਪੰਜਾਬ ਚਲੀ ਜਾਣਾ ਹੈ। ਬੱਚਾ ਅਜੇ ਮੇਰੇ ਮੰਮੀ-ਡੈਡੀ ਕੋਲ ਹੈ। ਕੁੱਝ ਚਿਰ ਮੈਨੂੰ ਵੀ ਉਨ੍ਹਾਂ ਕੋਲ ਰਹਿਣਾ ਪੈਣਾ ਹੈ ਪਰ ਜਲਦੀ ਕੁੱਝ ਤਾਂ ਕਰਨਾ ਹੀ ਪਏਗਾ। ਬਾਕੀ ਅੱਗੇ ਦੇਖਾਂਗੀ ਕੀ ਬਣਦਾ ਹੈ।"

ਮੈਂ ਸਮਝ ਗਿਆ। ਕੁਲਜੀਤ ਤਾਂ ਦਿਲ 'ਤੇ ਕੋਈ ਵੱਡਾ ਪੱਥਰ ਲੈ ਕੇ ਵਾਪਿਸ ਆਈ ਹੈ। ਦੁੱਖਾਂ ਦੀ ਝੰਬੀ ਸ਼ਾਇਦ ਬੇਧਿਆਨੇ 'ਚ ਹੀ ਸਭ ਗੱਲਾਂ ਕਰ ਗਈ। ਇੰਦਰ, ਆਹ ਸਾਰਾ ਕੁੱਝ ਕੁਲਜੀਤ ਨੇ ਪੰਜਾਬ ਤੋਂ ਆ ਕੇ ਮੈਨੂੰ ਦੱਸਿਆ। ਮੇਰਾ ਸ਼ੱਕ ਹੋਰ ਪੱਕਾ ਹੋਣ ਲੱਗਾ ਕਿ ਗੱਲ ਕੋਈ ਹੈ ਵੀ ਜ਼ਰੂਰ ਤੇ ਹੈ ਵੀ ਗੰਭੀਰ।

-0-

ਐਨੀ ਲੰਬੀ ਗੱਲ ਦੱਸਣ ਤੋਂ ਬਾਅਦ ਹੁਣ ਵਿਜੈ ਚੁੱਪ ਸੀ। ਸੁਣ ਕੇ ਮੈਂ ਹੈਰਾਨ ਤਾਂ ਹੁੰਦਾ ਰਿਹਾ ਪਰ ਕਿਤੇ ਵੀ ਟੋਕਿਆ ਨਾ। ਸੋਚਿਆ, ਮਨਾ ਇਹ ਤਾਂ ਬਹੁਤ ਵੱਡਾ ਬੋਝ ਮਨ 'ਤੇ ਲਈ ਫਿਰਦੈ, ਕੱਢ ਲੈਣ ਦੇ ਸਾਰੀ ਭੜਾਸ। ਇਹਦਾ ਮਨ ਹੌਲ਼ਾ ਹੋ ਸਕੇ।

ਹੁਣ ਅਸੀਂ ਦੋਵਾਂ ਨੇ ਆਪਣੇ-ਆਪਣੇ ਗਿਲਾਸ ਚੁੱਕੇ ਤੇ ਖਾਲੀ ਕਰ ਦਿੱਤੇ। ਮੈਂ ਹਲਕਾ-ਹਲਕਾ ਪੈੱਗ ਹੋਰ ਪਾਉਣ ਲੱਗਾ। ਵਿਜੈ ਦੇ ਗਿਲਾਸ 'ਚ ਪੈੱਗ ਪਾਉਣ ਵੇਲੇ ਮੈਂ ਬਿਨਾਂ ਬੋਲੇ ਉਸ ਵੱਲ ਦੇਖਿਆ। ਉਹ ਚੁੱਪ ਹੀ ਰਿਹਾ ਤੇ ਨਾ ਕੋਈ ਇਸ਼ਾਰਾ ਕਰਕੇ ਪੈੱਗ ਪਾਉਣ ਤੋਂ ਰੋਕਿਆ। ਉਸਦੀ ਸਹਿਮਤੀ ਸਮਝ ਮੈਂ ਹੌਲੇ-ਹੌਲੇ ਪੈੱਗ ਹੋਰ ਪਾ ਲਏ ਤੇ ਸਿੱਧਾ ਹੋ ਕੇ ਬੈਠ ਗਿਆ।

ਵਿਜੈ ਨੇ ਚਿੱਤ ਕਰਾਰਾ ਕੀਤਾ ਤੇ ਫਿਰ ਦੱਸਣ ਲੱਗਾ, "ਕੁਲਜੀਤ ਦੇ ਆਉਣ 'ਤੇ ਅਗਲੇ ਦਿਨ ਤੋਂ ਮੈਂ ਉਹਦੇ ਨਾਲ ਤਿਆਰੀ ਕਰਵਾਉਣ ਲੱਗ ਪਿਆ। ਕੰਪਨੀ ਦਫ਼ਤਰ ਜਾਣਾ, ਸਤਿਬੀਰ ਦੀ ਮੌਤ ਬਾਰੇ ਹੋਰ ਜਾਣਕਾਰੀ ਲੈਣਾ, ਉਸਦੇ ਜਹਾਜ਼ ਵਿਚਲੇ ਨਿੱਜੀ ਸਮਾਨ ਬਾਰੇ ਪਤਾ ਕਰਨਾ, ਮੁਆਵਜ਼ੇ ਦੀ ਗੱਲ ਕਰਨਾ ਆਦਿ। ਫਿਰ ਸਕੂਲ ਜਾ ਕੇ ਬੱਚੇ ਦਾ ਨਾਮ ਕਟਵਾਉਣਾ, ਸਕੂਲ ਛੱਡਣ ਦਾ ਸਰਟੀਫਿਕੇਟ ਲੈਣਾ, ਛੋਟੀ-ਮੋਟੀ ਖਰੀਦਦਾਰੀ ਕਰਨੀ, ਸਮਾਨ ਦੀ ਪੈਕਿੰਗ ਆਦਿ ਕਈ ਕੰਮ ਸਨ, ਜੋ ਕਰਨੇ ਸਨ। ਸ਼ੁਰੂ ਵਿੱਚ ਮੈਂ ਚਾਹਿਆ ਸੀ ਕਿ ਕਮਲੇਸ਼ ਨਾਲ ਰਹੇ ਤੇ ਮੱਦਦ ਕਰੇ ਪਰ ਉਸਦਾ ਵਤੀਰਾ ਵੇਖ ਮੈਂ ਚੁੱਪ ਕਰ ਗਿਆ। ਹੁਣ ਮੈਂ ਵੀ ਬਹੁਤੀ ਪ੍ਰਵਾਹ ਨਹੀਂ ਸੀ ਕਰਦਾ ਤੇ ਕੁਲਜੀਤ ਦੀ ਹਰ ਤਰ੍ਹਾਂ ਦੀ ਮੱਦਦ ਕਰਨਾ ਮੈਂ ਆਪਣਾ ਫ਼ਰਜ਼ ਸਮਝਦਾ ਸੀ। ਉਸ ਵਿਚਾਰੀ ਦਾ ਹੋਰ ਬੰਬਈ ਵਿੱਚ ਹੈ ਵੀ ਕੌਣ ਸੀ?

ਤੁਰੇ ਫਿਰਦੇ ਅਸੀਂ ਕੰਮ ਦੇ ਨਾਲ-ਨਾਲ ਗੱਲਾਂ ਵੀ ਕਰਦੇ ਰਹਿੰਦੇ। ਗੱਲਾਂ-ਗੱਲਾਂ ਵਿੱਚ ਕੁਲਜੀਤ ਨੇ ਦੱਸਿਆ, "ਭਾਅ ਜੀ, ਸ਼ਾਇਦ ਉਨ੍ਹਾਂ ਵੀਜ਼ੇ ਸਬੰਧੀ ਕਿਸੇ ਨਾਲ ਕੋਈ ਗੱਲ ਕਰ ਲਈ ਸੀ। ਉਨ੍ਹਾਂ ਨੇ ਸਾਨੂੰ ਕੈਨੇਡਾ ਸੈੱਟ ਕਰਨ ਬਾਰੇ ਮੈਨੂੰ ਦੱਸਿਆ ਸੀ। ਮੈਂ ਪੰਜਾਬ ਵੀ ਜਾ ਕੇ ਆਉਣੈ।' ਭਾਅ ਜੀ ਅਸੀਂ ਸਭ ਨੇ ਕੈਨੇਡਾ ਚਲੇ ਜਾਣਾ ਸੀ। ਆਹ ਤਾਂ ਕਿਧਰੇ ਚਿੱਤ-ਚੇਤੇ ਵੀ ਨਹੀਂ ਸੀ।" ਗੱਲਾਂ ਕਰਦੀ-ਕਰਦੀ ਕੁਲਜੀਤ ਦਾ ਮਨ ਭਰ ਆਉਂਦਾ। ਉਸਦੀਆਂ ਗੱਲਾਂ ਸੁਣ ਮੇਰਾ ਮਨ ਵੀ ਭਰ ਆਉਂਦਾ।

ਕੁਲਜੀਤ ਦੇ ਪੰਜਾਬ ਜਾਣ ਦੀ ਸਾਰੀ ਤਿਆਰੀ ਹੋ ਚੁੱਕੀ ਸੀ। ਬੁੱਕ ਕਰਨ ਵਾਲਾ ਸਾਰਾ ਸਮਾਨ ਬੁੱਕ ਕਰਵਾ ਦਿੱਤਾ। ਨਾਲ ਲਿਜਾਣ ਵਾਲਾ ਸਮਾਨ ਪੈਕ ਕਰ ਦਿੱਤਾ। ਸੀਟ ਪਹਿਲਾਂ ਹੀ ਰਿਜ਼ਰਵ ਕਰਵਾ



ਲਈ ਸੀ। ਨਿਸ਼ਚਿਤ ਦਿਨ 'ਤੇ ਮੈਂ ਕੁਲਜੀਤ ਨੂੰ ਗੱਡੀ ਚੜ੍ਹਾਉਣ ਸਟੇਸ਼ਨ 'ਤੇ ਜਾਣਾ ਸੀ। ਭਾਵੇਂ ਕਈ ਦਿਨਾਂ ਤੋਂ ਮੈਂ ਤੇ ਕੁਲਜੀਤ ਇਕੱਠੇ ਸਾਂ। ਢੇਰ ਸਾਰੀਆਂ ਗੱਲਾਂ ਵੀ ਕੀਤੀਆਂ ਸਨ ਪਰ ਮੈਨੂੰ ਲੱਗਾ, ਜਿਵੇਂ ਕੁਲਜੀਤ ਹੁਣੇ ਹੀ ਆਈ ਸੀ ਤੇ ਹੁਣੇ ਜਾ ਵੀ ਰਹੀ ਹੈ। ਉਸ ਰਾਤ ਮਨ ਬੜਾ ਬੇਚੈਨ ਰਿਹਾ। ਕਦੀ ਮਨ 'ਚ ਆਵੇ, ਕੁਲਜੀਤ ਨੂੰ ਕਹਾਂ, ਤੂੰ ਕਿਤੇ ਨੀ ਜਾਣਾ, ਚੱਲ ਪੰਜਾਬ ਤੋਂ ਬੱਚੇ ਨੂੰ ਲੈ ਕੇ ਆਈਏ ਤੇ ਉਹ ਇੱਥੇ ਹੀ ਪੜ੍ਹੇਗਾ। ਕਦੀ ਸੋਚਾਂ, ਕਮਲੇਸ਼ ਤੇ ਕੁਲਜੀਤ ਦੋਵੇਂ ਇਸ ਘਰ ਵਿੱਚ ਭੈਣਾਂ ਬਣ ਰਹੀ ਜਾਣ ਤਾਂ ਕਿੰਨਾ ਚੰਗਾ ਹੋਵੇ। ਕਦੀ ਮਨ 'ਚ ਆਵੇ, ਹੁਣੇ ਕਮਲੇਸ਼ ਨੂੰ ਕਹਿ ਦੇਵਾਂ, ਕੁਲਜੀਤ ਕਿਤੇ ਨਹੀਂ ਜਾ ਰਹੀ, ਉਹ ਵੀ ਇੱਥੇ ਹੀ ਰਹੇਗੀ। ਕਦੇ ਕੁੱਝ ਤੇ ਕਦੇ ਕੁੱਝ।' ਤਰ੍ਹਾਂ-ਤਰ੍ਹਾਂ ਦੇ ਵਿਚਾਰ ਮਨ ਅੰਦਰ ਪਨਪਦੇ ਰਹੇ ਤੇ ਤੜਫ਼-ਤੜਫ਼ ਦਮ ਤੋੜਦੇ ਰਹੇ। ਮੈਂ ਚੁੱਪ ਸੀ....ਬੱਸ ਚੁੱਪ। ਕਿਸੇ ਨੂੰ ਵੀ ਕੋਈ ਗੱਲ ਕਹਿਣ ਦੀ ਹਿੰਮਤ ਨਾ ਕਰ ਸਕਿਆ। ਫਿਰ ਵੀ ਵਾਰ-ਵਾਰ ਮਨ ਵਿੱਚ ਆਵੇ ਕਿ ਮੈਨੂੰ ਕੁਲਜੀਤ ਲਈ ਕੁੱਝ ਕਰਨਾ ਚਾਹੀਦਾ ਹੈ....ਪਰ ਕੀ? ਮੈਨੂੰ ਕੁੱਝ ਸਮਝ ਨਹੀਂ ਸੀ ਆ ਰਿਹਾ।

ਦੂਸਰੇ ਦਿਨ ਤਿਆਰ ਹੋ ਸਟੇਸ਼ਨ 'ਤੇ ਪਹੁੰਚ ਗਏ। ਦੋਵੇਂ ਚੁੱਪ, ਦੋਵੇਂ ਉਦਾਸ। ਕੋਈ ਗੱਲ ਹੀ ਨਹੀਂ ਸੀ ਔੜ ਰਹੀ। ਅਖ਼ੀਰ ਕੁਲਜੀਤ ਨੇ ਹੀ ਚੁੱਪ ਨੂੰ ਤੋੜਿਆ ਤੇ ਕਹਿਣ ਲੱਗੀ, 'ਭਾਅ ਜੀ, ਤੁਸੀਂ ਮੇਰੀ ਬਹੁਤ ਮੱਦਦ ਕੀਤੀ, ਤੁਹਾਡਾ ਬਹੁਤ-ਬਹੁਤ ਧੰਨਵਾਦ। ਵਰਨਾ ਮੈਂ ਇਕੱਲੀ ਨੇ ਬੜਾ ਪ੍ਰੇਸ਼ਾਨ ਹੋਣਾ ਸੀ।"

ਮੈਂ ਹੈਰਾਨ, ਇਹ ਐਨੇ ਸ਼ਬਦ ਬੋਲ ਕਿਵੇਂ ਗਈ? ਮੇਰੀ ਤਾਂ ਜੀਭ ਨੂੰ ਕੋਈ ਜਿੰਦਰਾ ਅੜਿਆ ਪਿਆ ਸੀ। ਗਲ਼ ਵਿੱਚ ਕੋਈ ਲੰਪ ਫਸਿਆ ਪਿਆ ਸੀ ਤੇ ਉਹ ਮੇਰਾ ਧੰਨਵਾਦ ਕਰ ਰਹੀ ਸੀ। ਉਸਨੂੰ ਕਿਵੇਂ ਦੱਸਦਾ ਕਿ ਮੇਰੇ ਦਿਲ ਨੂੰ ਤਾਂ ਡੋਬੂ ਪੈ ਰਹੇ ਨੇ। ਅੰਦਰ ਹੀ ਅੰਦਰ ਕੁੱਝ ਮੱਚ ਰਿਹਾ ਹੈ। ਉਹ ਸੇਕ ਮੈਨੂੰ ਤੜਫ਼ਾ ਰਿਹਾ ਹੈ। ਜੀਅ ਕਰਦਾ ਸੀ, ਹੁਣੇ ਇਹਦੀ ਬਾਂਹ ਫੜਾਂ ਤੇ ਵਾਪਸ ਘਰ ਲੈ ਜਾਵਾਂ। ਕਹਿ ਦੇਵਾਂ ਕੁਲਜੀਤ ਤੂੰ ਕਿਤੇ ਨੀ ਜਾਣਾ।

ਪਰ ਫਿਰ ਉਹੀ ਗੱਲ, ਬਾਂਹ ਤਾਂ ਕੀ ਫੜਨੀ ਸੀ, ਇੰਨਾ ਕਹਿ ਪਾਇਆ, "ਤੂੰ ਕਿਸ ਗੱਲ ਦਾ ਧੰਨਵਾਦ ਕਰਦੀ ਐਂ ਕੁਲਜੀਤ, ਮੈਂ ਤਾਂ ਤੇਰੇ ਲਈ ਕੁੱਝ ਵੀ ਨਹੀਂ ਕੀਤਾ। ਜਦ ਸਤਿਬੀਰ ਤੈਨੂੰ ਬੰਬਈ ਲੈ ਕੇ ਆਇਆ ਸੀ, ਤੇਰੇ ਚੰਨ ਵਰਗੇ ਹਸੂੰ-ਹਸੂੰ ਕਰਦੇ ਚਿਹਰੇ 'ਤੇ ਖ਼ੁਸ਼ੀਆਂ ਤੇ ਰੌਣਕਾਂ ਸਨ। ਤੂੰ ਇੱਥੋਂ ਦੇ ਖ਼ੁਸ਼ਕ ਤੇ ਰੁਆਂਸੇ ਮਾਹੌਲ ਵਿੱਚ ਖ਼ੁਸ਼ੀਆਂ ਹੀ ਬਿਖੇਰੀਆਂ। ਅੱਜ ਮੈਨੂੰ ਤਾਂ ਇੰਝ ਲੱਗ ਰਿਹਾ ਹੈ ਕਿ ਤੇਰੀਆਂ ਸਾਰੀਆਂ ਖ਼ੁਸ਼ੀਆਂ ਖੋਹ ਕੇ, ਮੈਂ ਤੈਨੂੰ ਕਿਸੇ ਡੂੰਘੀ ਹਨ੍ਹੇਰੀ ਖਾਈ ਵੱਲ ਧੱਕਾ ਦੇਣ ਆਇਆ ਹੋਵਾਂ। ਕਾਸ਼! ਮੈਂ ਤੈਨੂੰ ਤੇਰੀ ਉਹੀ ਮੁਸਕਰਾਹਟ ਮੋੜ ਸਕਦਾ, ਕਿੰਨਾ ਮਜ਼ਬੂਰ ਹਾਂ ਮੈਂ।"

ਤੇ ਇੰਦਰ ਹੋਰ ਕਮਾਲ ਦੇਖ, ਇਹ ਸਭ ਗੱਲਾਂ ਵੀ ਮੈਂ ਆਪਣੇ ਮਨ ਹੀ ਮਨ ਵਿੱਚ ਕਹੀਆਂ। ਮੈਥੋਂ ਤਾਂ ਇਹ ਵੀ ਬੋਲ ਕੇ ਨਾ ਕਹਿ ਹੋਈਆਂ। ਸੋਚ ਮੇਰੀ ਕੀ ਹਾਲਤ ਸੀ। ਕੀ ਸੋਚਦੀ ਹੋਵੇਗੀ ਕੁਲਜੀਤ।

ਇੱਕ ਵਾਰ ਮਨ 'ਚ ਖ਼ਿਆਲ ਆਇਆ, ਨਹੀਂ, ਮੇਰਾ ਭੁਲੇਖਾ ਹੈ। ਗੱਲਾਂ ਤਾਂ ਮੈਂ ਚੀਕ-ਚੀਕ ਕੇ ਕਹੀਆਂ ਨੇ। ਕੁਲਜੀਤ ਨੇ ਜ਼ਰੂਰ ਸੁਣ ਲਈਆਂ ਹੋਣਗੀਆਂ। ਸੁਣ ਕੇ ਉਸਦੇ ਮਨ ਨੂੰ ਸਕੂਨ ਪਹੁੰਚਿਆ ਹੋਵੇਗਾ।

ਪਰ ਕਿੱਥੇ, ਅਹਿਸਾਸ ਨੇ ਫਿਰ ਪਲਟਾ ਲਿਆ। ਦੇਖਿਆ, ਹੈਂਅ, ਮੈਂ ਤਾਂ ਚੁੱਪ-ਚਾਪ ਖਿੜਕੀ ਨਾਲ ਲੱਗਾ ਖੜ੍ਹਾ ਹਾਂ। ਕੁੱਝ ਬੋਲ ਹੀ ਨੀ ਰਿਹਾ। ਕੋਈ ਗੱਲ ਹੀ ਨੀ ਕਰ ਰਿਹਾ। ਕੁਲਜੀਤ ਕਿੰਨੀਆਂ ਉਦਾਸ ਨਜ਼ਰਾਂ ਨਾਲ ਮੇਰੇ ਵੱਲ ਦੇਖ ਰਹੀ ਹੈ। ਉਹ ਚਾਹੁੰਦੀ ਸੀ ਮੈਂ ਕੁੱਝ ਤਾਂ ਬੋਲਾਂ ਪਰ ਮੈਂ....ਪੁੱਛ ਨਾ ਵੀਰ ਬੜੀ ਬੁਰੀ ਹਾਲਤ ਸੀ। ਤੜਫ਼ ਸੀ, ਪਛਤਾਵਾ ਸੀ, ਕੋਈ ਦਰਦ ਸੀ ਤੇ ਬੜਾ ਕੁੱਝ ਹੋਰ....।

ਇੰਜਣ ਦੀ ਲੰਮੀ ਸੀਟੀ ਵੱਜੀ। ਅਸੀਂ ਝੰਜੋੜੇ ਗਏ। ਹੁਣ ਮੈਂ ਮੂੰਹ ਉਠਾ ਕੇ ਉਦਾਸ ਨਜ਼ਰਾਂ

ਨਾਲ ਕੁਲਜੀਤ ਦੇ ਚਿਹਰੇ ਵੱਲ ਦੇਖਿਆ। ਅੰਦਰ ਹੀ ਅੰਦਰ ਕੁੱਝ ਭੁਰਿਆ, ਕੁੱਝ ਟੁੱਟਿਆ ਤੇ ਮੇਰਾ ਮਨ ਭਰ ਆਇਆ। ਬੜੀ ਮੁਸ਼ਕਿਲ ਨਾਲ ਕਹਿ ਪਾਇਆ, 'ਕੁਲਜੀਤ, ਕਾਸ਼! ਮੈਂ ਤੁਹਾਨੂੰ ਏਅਰਪੋਰਟ ਤੋਂ ਕੈਨੇਡਾ ਲਈ ਵਿਦਾ ਕਰਦਾ'....ਪਤਾ ਨਹੀਂ ਇਹ ਵੀ ਕਿਵੇਂ ਬੋਲ ਹੋ ਗਿਆ।

ਸੁਣ ਕੇ ਕੁਲਜੀਤ ਹੋਰ ਭਾਵੁਕ ਹੋ ਗਈ। ਅੱਖਾਂ 'ਚ ਪਾਣੀ ਭਰ ਆਇਆ। ਬੁੱਲ੍ਹ ਥੋੜ੍ਹੇ ਹਿੱਲੇ ਪਰ ਉੱਥੇ ਹੀ ਘੁੱਟ ਹੋ ਗਏ। ਕੁੱਝ ਬੋਲ ਨਾ ਹੋਇਆ, ਅੱਖਾਂ ਬੰਦ ਹੋ ਗਈਆਂ। ਮੈਂ ਦੇਖਿਆ, ਉਸ ਨੇ ਗਲ 'ਚ ਕੋਈ ਘੁੱਟ ਜਿਹੀ ਭਰੀ। ਅੰਦਰ ਕੁੱਝ ਲੰਘਾਇਆ ਪਰ ਕੀ....ਕੋਈ ਜ਼ਹਿਰ ਦੀ ਘੁੱਟ ਹੀ ਲੰਘਾਈ ਹੋਵੇਗੀ, ਹੋਰ ਕੀ। ਉਸਦੇ ਮਨ ਅੰਦਰ ਕੀ ਯੁੱਧ ਚੱਲ ਰਿਹਾ ਸੀ, ਕੌਣ ਜਾਣੇ।


ਫਿਰ ਪਤਾ ਨਹੀਂ ਕਦ ਤੇ ਕਿਵੇਂ ਮੈਂ ਕੁਲਜੀਤ ਦਾ ਕੂਲ਼ਾ ਜਿਹਾ ਹੱਥ, ਆਪਣੇ ਹੱਥਾਂ ਵਿੱਚ ਲੈ ਕੇ ਘੁੱਟ ਲਿਆ। ਉਹ ਸਾਰੀ ਦੀ ਸਾਰੀ ਸੁੰਗੜੀ ਤੇ ਆਪਣੇ ਹੱਥ ਨੂੰ ਮੇਰੇ ਹੱਥਾਂ ਵਿੱਚ ਢਿੱਲਾ ਛੱਡ ਦਿੱਤਾ। ਉਸਦੀਆਂ ਸਿੱਲ੍ਹੀਆਂ ਅੱਖਾਂ ਵਿੱਚੋਂ ਮੋਤੀਆਂ ਵਰਗੇ ਹੰਝੂ ਬਾਹਰ ਵਹਿ ਤੁਰੇ, ਜਿਨ੍ਹਾਂ ਨੂੰ ਪਤਾ ਨਹੀਂ ਉਸਨੇ ਕਿੰਨੀ ਪੀੜ ਜਰ-ਜਰ ਕੇ ਕੋਇਆਂ ਵਿੱਚ ਰੋਕਿਆ ਹੋਇਆ ਸੀ।

ਮੇਰੀ ਵੀ ਭੁੱਬ ਨਿਕਲ ਗਈ। ਅੱਖਾਂ 'ਚੋਂ ਅੱਥਰੂ ਵਗਣ ਲੱਗੇ। ਕੁਲਜੀਤ ਕੁੱਝ ਕਹਿਣਾ ਚਾਹੁੰਦੀ ਸੀ ਪਰ ਮੇਰੇ ਵੱਲ ਵੇਖ ਉਹ ਬੱਸ ਡੁਸਕਣ ਹੀ ਲੱਗ ਪਈ। ਕੁਲਜੀਤ ਦਾ ਹੱਥ ਅਜੇ ਵੀ ਮੇਰੇ ਹੱਥਾਂ ਵਿੱਚ ਸੀ। ਮੈਂ ਦੇਖਿਆ, ਉਸ ਦੀਆਂ ਅੱਖਾਂ 'ਚੋਂ ਰਿਸਕ ਕੇ ਕੋਇਆਂ ਰਾਹੀਂ ਬਾਹਰ ਆ ਰਹੇ ਹੰਝੂ ਮੇਰੇ ਹੱਥ ਉੱਪਰ ਡਿੱਗ ਰਹੇ ਸਨ ਤੇ ਉਹ ਰੇਗਿਸਤਾਨ ਵਾਂਗ ਖ਼ੁਸ਼ਕ ਪਈਆਂ ਕੁਲਜੀਤ ਦੀਆਂ ਗੋਰੀਆਂ ਗੱਲ੍ਹਾਂ ਤੋਂ ਦੀ ਤੈਰਦੇ ਹੋਏ, ਆਪਣੇ ਸਫ਼ਰ ਦੇ ਪੂਰੇ ਨਿਸ਼ਾਨ ਪਿੱਛੇ ਛੱਡ ਆਏ ਸਨ।"

**ਸੰਪਰਕ-98761-22170**

**ਭਾਰਤੀ ਸਾਹਿਤ ਅਕਾਦਮੀ ਦਾ ਯੁਵਾ ਪੁਰਸਕਾਰ ਅਤੇ ਢਾਹਾਂ ਸਾਹਿਤ ਪੁਰਸਕਾਰ**
**ਜੇਤੂ ਨਾਵਲਕਾਰ**
**ਪਰਗਟ ਸਿੰਘ ਸਤੌਜ**
**ਦਾ 'ਤੀਵੀਆਂ', 'ਖ਼ਬਰ ਇਕ ਪਿੰਡ ਦੀ' ਤੋਂ ਬਾਅਦ**
**ਨਵਾਂ ਨਾਵਲ**

**ਨਾਚ.ਫਰੋਸ਼**




**ਪਰਗਟ ਸਿੰਘ ਸਤੌਜ**

**ਪ੍ਰਕਾਸ਼ਕ:**
**ਕੈਲੀਬਰ ਪਬਲੀਕੇਸ਼ਨ, ਪਟਿਆਲਾ**
**ਮੁੱਲ : 220 ਰੁਪਏ, ਪੰਨੇ : 192**



## ਹਿੰਦੀ ਕਹਾਣੀ / ਕੀ ਹੁਕਮ ਐ...? / -ਸ਼੍ਰੀ ਧਰਮ/
## ਅਨੁਵਾਦ: ਗੁਰਮੀਤ ਕੜਿਆਲਵੀ

"ਉਏ ਬਾਬੂ ਸਾਬ੍ਹ!" ਫੇਕੂ ਨੇ ਆਵਾਜ ਵਿੱਚ ਜਿਵੇਂ ਸਾਰੀ ਤਾਕਤ ਭਰ ਦਿੱਤੀ। ਜਵਾਬ ਵਿੱਚ ਦਰੱਖਤ ਤੋਂ ਦੋ-ਚਾਰ ਸੁੱਕੇ ਪੱਤੇ ਝੜ ਗਏ।

ਰੀੜ ਦਾ ਪੁਰਾਣਾ ਦਰਦ ਜਦੋਂ-ਜਦੋਂ ਵੀ ਅਸਹਿ ਹੋ ਜਾਂਦਾ ਹੈ ਤਾਂ ਉਹ ਇਉਂ ਹੀ ਜ਼ੋਰ-ਜ਼ੋਰ ਨਾਲ ਆਪਣੇ ਬੇਟੇ ਨੂੰ ਬੁਲਾਉਂਦਾ ਹੈ। ਜਿਵੇਂ ਬੇਟੇ ਨੂੰ ਬੁਲਾਉਣ ਦੇ ਬਹਾਨੇ ਆਪਣੀ ਚਿਰਾਂ ਪੁਰਾਣੀ ਕਿਸੇ ਪੀੜ 'ਤੇ ਮੱਲ੍ਹਮ ਲਗਾ ਰਿਹਾ ਹੋਵੇ। ਉਹ ਚੀਕ-ਚੀਕ ਕੇ ਸਾਰੇ ਪਿੰਡ, ਖਾਸ ਕਰ ਪਿੰਡ ਦੇ ਉਸ ਬੁੱਢੇ ਜ਼ਿਮੀਦਾਰ ਦੇਵਕਾਂਤ ਉਰਫ਼ "ਬਾਬੂ ਸਾਬ੍ਹ" ਨੂੰ ਕਿ ਦੇਖੋ ਮੇਰਾ ਬੇਟਾ ਵੀ ਬਾਬੂ ਸਾਬ੍ਹ ਹੈ। ਪਰ ਫੇਕੂ ਦਾ 'ਬਾਬੂ ਸਾਬ੍ਹ' ਪੈਦਾ ਹੁੰਦਾ, ਦੇਵਕਾਂਤ ਉਸਤੋਂ ਪਹਿਲਾਂ ਹੀ ਬੋਲਾ ਹੋ ਗਿਆ। ਬਿਮਾਰੀ ਨਾਲ ਜਾਂ ਖੌਰੇ ਜਾਣਬੁੱਝ ਕੇ ਹੀ, ਪਿੰਡ ਵਾਲਿਆਂ ਲਈ ਤਾਂ ਅੱਜ ਤੱਕ ਭੇਤ ਹੀ ਬਣਿਆ ਹਇਆ।

ਫੇਕੂ ਪਾਸਵਾਨ ਨੇ ਜਦੋਂ ਆਪਣੇ ਬੇਟੇ ਦਾ ਨਾਂ "ਬਾਬੂ ਸਾਹਬ" ਰੱਖਿਆ ਸੀ, ਯਕਾਯਕ ਪਿੰਡ ਦੀ ਰਾਜਨੀਤੀ ਗਰਮਾਉਣ ਲੱਗੀ ਸੀ। ਸਵਰਨ ਟੋਲੇ ਦੀ ਗਰਮ ਹਵਾ ਨਾਲ,ਪਾਸਵਾਨ ਟੋਲਾ ਸੁੱਕਣ ਲੱਗਾ ਸੀ। ਪਚਕੌੜੀ, ਫੇਕੂਆ, ਮੌਲੂਆ, ਰੌਂਦੀ ਤੇ ਲੁਚਾਈ ਜਿਹੇ ਬਿਨਾਂ ਸਿਰ ਪੈਰ ਵਾਲੇ ਨਾਵਾਂ ਨੂੰ ਛੱਡ ਕੇ ਪਿੰਡ ਦੇ ਸਵਰਨ ਜਾਤੀ ਜ਼ਿਮੀਦਾਰ ਦਾ ਨਾਂ ਹਥਿਆ ਲੈਣਾਂ ਕੋਈ ਦਲਿਤ ਪਾਸੀ ਦਾ ਪੁੱਤ ਤਾਂ ਸੁਪਨਾਂ ਵੀ ਨਹੀਂ ਸੀ ਲੈ ਸਕਦਾ। ਪਰ ਇਹ ਹੋ ਗਿਆ ਸੀ, ਇੱਕੋ ਰਾਤ ਵਿੱਚ ਹੀ ਪਾਸੀ ਟੋਲੇ ਵਿੱਚ ਬਾਬੂ ਸਾਹਬ ਦਾ ਅਵਤਾਰ ਧਾਰਨ ਹੋ ਚੁੱਕਾ ਸੀ। ਪਿੰਡ ਵਿੱਚ ਤੱਤੀ ਲੂਅ ਚੱਲਣ ਲੱਗੀ ਸੀ। ਹਥਿਆਰਾਂ ਨੂੰ ਪਾਣ ਚੜ੍ਹਾਈ ਜਾਣ ਲੱਗੀ ਸੀ। ਬਾਬੂ ਸਾਹਬ ਦੇ ਵੱਡੇ ਬੇਟੇ ਰਘੂਨੰਦਨ ਰਾਏ ਦੀਆਂ ਤਿਊੜੀਆਂ ਤਾਂ ਉਸੇ ਦਿਨ ਚੜ੍ਹ ਗਈਆਂ ਸਨ,

"ਹੂੰ! ਮਾਂ ਕਰੇ ਪੀਹਣ-ਪਿਹਾਉਣ ਤੇ ਪੁੱਤ ਦਾ ਨਾਂ ਦੁਰਗਾਦੱਤ!"

ਸਟੇਟ ਮੈਨੇਜ਼ਰ ਸ੍ਰੀ ਮੋਹਨ ਝਾਅ ਨੇ ਮਾਲਕ ਦੀ ਹਾਂ ਵਿੱਚ ਹਾਂ ਮਿਲਾਉਂਦਿਆਂ ਆਪਣੀ ਹਾਜ਼ਰੀ ਦਾ ਅਹਿਸਾਸ ਕਰਾਇਆ ਸੀ, "ਉਹ ਕੀ ਕਹਿੰਦੇ ਨੇ ਕਿ ਅਖੇ ਢਿੱਡ 'ਚ ਘਾਹ ਨ੍ਹੀ ਤੇ ਸਿੰਗਾਂ 'ਚ ਤੇਲ। ਇਹਨਾਂ ਲੋਕਾਂ ਦਾ ਪੁਰਾਣਾ ਵਹੀ ਖਾਤਾ ਹੁਣ ਕੱਢਣਾ ਹੀ ਪਊ।"

ਪਿੰਡ ਦੇ ਲੋਕਾਂ ਨੇ ਤਾਂ ਫੇਕੂ ਨੂੰ ਪਾਗਲ ਹੀ ਐਲਾਨ ਦਿੱਤਾ ਸੀ। ਇੱਥੋਂ ਤੱਕ ਕਿ ਖ਼ੁਦ ਪਾਸੀ ਟੋਲੇ ਦੇ ਲੋਕ ਵੀ ਉਸਨੂੰ ਮੂਰਖ ਸਮਝਣ ਲੱਗੇ ਸਨ। ਸਿਰਫ਼ ਰਾਮ ਸੁੰਦਰ ਪਾਸਵਾਨ ਹੀ ਉਸ ਨਾਲ ਹਮਦਰਦੀ ਜਿਤਾਉਂਦਾ ਸੀ। ਰਾਮ ਸੁੰਦਰ ਉਸਨੂੰ 'ਹਥਿਆਰਬੰਦ 'ਕ੍ਰਾਂਤੀ' ਬਾਰੇ ਸਮਝਾਉਂਦਾ ਪਰ ਬੰਦੂਕ ਦਾ ਨਾਂ ਸੁਣਦਿਆਂ ਹੀ ਫੇਕੂ ਪਸੀਨੋ-ਪਸੀਨੀ ਹੋ ਜਾਂਦਾ। ਹੁਣ ਭਲਾ ਬੰਦੂਕ ਚੁੱਕਣ ਦੀ ਲੋੜ ਹੀ ਕੀ ਹੈ? ਘਰ ਵਿੱਚ ਅਸਲੀ ਬੰਦੂਕ ਦਾ ਅਵਤਾਰ ਤਾਂ ਹੋ ਹੀ ਗਿਆ,ਜਿਸਨੂੰ ਵੇਖ ਕੇ ਵੀਹ ਸਾਲ ਪੁਰਾਣਾ ਜ਼ਖ਼ਮ ਭਰਨ ਲੱਗਿਆ। ਹੁਣ ਉਹ ਦਿਨ ਬਹੁਤੇ ਦੂਰ ਨਹੀਂ ਸਨ ਜਦੋਂ ਉਸਦਾ ਇਹ ਬਾਬੂ ਸਾਹਬ, ਉਸ ਬਾਬੂ ਸਾਹਬ ਤੋਂ ਗਿਣ-ਗਿਣ ਕੇ ਬਦਲੇ ਲਵੇਗਾ। ਆਪਣੀ ਖੋਹੀ ਹੋਈ ਜ਼ਮੀਨ ਵਾਪਸ ਲੈ ਕੇ ਛੱਡੇਗਾ। ਨਾ ਜਾਣੇ ਫੇਕੂ ਅਜਿਹਾ ਕੀ-ਕੀ ਸੋਚਦਾ ਰਹਿੰਦਾ।

ਬੇਟਾ ਪੈਦਾ ਹੋਣ ਦੀ ਖ਼ਬਰ ਸੁਣਦਿਆਂ ਤਾਂ ਉਹ ਜਿਵੇਂ ਖੁਸ਼ੀ ਵਿੱਚ ਪਾਗਲ ਹੀ ਹੋ ਗਿਆ ਸੀ। ਟੀਨ ਦੀ ਥਾਲੀ ਲੈ ਛੱਤ 'ਤੇ ਜਾ ਚੜ੍ਹਿਆ ਤੇ ਸਾਰੀ ਰਾਤ ਥਾਲੀ ਵਜਾ ਵਜਾ ਚੀਕ-ਚਿਹਾੜਾ ਪਾਉਂਦਾ ਰਿਹਾ, "ਆ ਗਿਆ ਮੇਰਾ ਬਾਬੂ ਸਾਹਬ! ਜਰਮ ਲੈ ਲਿਆ ਮੇਰੇ ਬਾਬੂ ਸਾਹਬ ਨੇ।"

ਕੁੱਝ ਸਮਾਂ ਤਾਂ ਰਾਏ ਪਰਿਵਾਰ ਖੂਨ ਦੇ ਘੁੱਟ ਪੀਂਦਾ ਰਿਹਾ ਪਰ ਜਦੋਂ ਹੀ ਬਾਬੂ ਪਾਸਵਾਨ ਦਾ ਨਾਂ ਸਕੂਲ

ਦੇ ਰਜਿਸਟਰ ਵਿੱਚ ਦਰਜ਼ ਹੋਇਆ,ਉਹਨਾਂ ਦੇ ਸਬਰ ਦਾ ਬੰਨ੍ਹ ਟੁੱਟ ਗਿਆ।

ਬਹੁਤ ਵਰ੍ਹੇ ਪਹਿਲਾਂ, ਆਜ਼ਾਦੀ ਦੇ ਪਿੱਛੋਂ ਜਦੋਂ ਜ਼ਿਮੀਦਾਰਾਂ ਦੀਆਂ ਜਾਗੀਰਾਂ ਖੋਹੀਆਂ ਜਾ ਰਹੀਆਂ ਸਨ ਤਾਂ ਦੂਰਦਰਸ਼ੀ ਦੇਵ ਕਾਂਤ ਉਰਫ਼ 'ਬਾਬੂ ਸਾਹਬ' ਨੇ ਆਪਣੀ ਸੂਝ-ਬੂਝ ਦਾ ਦਿਖਾਵਾ ਕਰਦਿਆਂ ਆਪਣੇ ਨਾਂ 'ਤੇ ਪਿੰਡ ਵਿੱਚ ਇੱਕ ਪ੍ਰਾਇਮਰੀ ਅਤੇ ਇੱਕ ਹਾਈ ਸਕੂਲ ਖੋਲਿਆ ਸੀ। ਸਕੂਲ ਦੇ ਨਾਂ ਪੰਜਾਹ ਵਿੱਘੇ ਜ਼ਮੀਨ ਕਰ ਦਿੱਤੀ ਸੀ ਜਿਸਨੂੰ ਅਜ ਤੱਕ ਉਹੀ ਵਾਹ ਰਿਹਾ। ਹੁਣ ਓਸੇ ਸਕੂਲ ਵਿੱਚ ਦਲਿਤ ਦਾ ਬੇਟਾ ਆਪਣਾ ਨਾਂ "ਬਾਬੂ ਸਾਹਬ" ਲਿਖਵਾ ਗਿਆ ਸੀ। ਪਿੰਡ ਦੇ ਲੋਕ ਭਲੇ ਹੀ ਫੇਕੂ ਨੂੰ ਪਾਗਲ ਸਮਝਣ ਪਰ ਬਾਬੂ ਸਾਹਬ ਦੇ ਪੋਤੇ ਕਿਵੇਂ ਚੈਨ ਨਾਲ ਬੈਠ ਸਕਦੇ ਸਨ।

ਫੇਕੂ ਦੇ ਪੁੱਤ ਨਾਲ ਹੀ ਬਾਬੂ ਸਾਹਬ ਦਾ ਪੋਤਾ ਵੀ ਪੜ੍ਹਦਾ ਸੀ। ਆਏ ਦਿਨ ਦੋਵਾਂ ਵਿਚਾਲੇ ਜੰਮ ਕੇ ਮਾਰ ਕੁਟਾਈ ਹੁੰਦੀ। ਇੱਕ ਦਿਨ ਬਾਬੂ ਸਾਹਬ ਦੇ ਬੇਟੇ ਰਘੂਨੰਦਨ ਰਾਏ ਨੇ ਸਕੂਲ ਵਿੱਚ ਆਕੇ ਹੈਡਮਾਸਟਰ ਨੂੰ ਧਮਕਾਇਆ ਵੀ ਸੀ, "ਜੇਕਰ ਸਕੂਲ ਰਜਿਸਟਰ 'ਚ ਫੇਕੂ ਦੇ ਛੋਹਰ ਦਾ ਨਾਂ ਨ੍ਹਾ ਬਦਲਿਆ ਤਾਂ ਅਸੀਂ ਤੇਰਾ ਨਾਂ ਪਤਾ ਜ਼ਰੂਰ ਬਦਲ ਦਿਆਂਗੇ।"

ਹੈਡਮਾਸਟਰ, ਰਘੂਨੰਦਨ ਅੱਗੇ ਹੱਥ ਜੋੜੀ ਖੜਾ ਸੀ, " ਕੁੰਵਰ ਜੀ ! ਸਮਾਂ ਬੜਾ ਬਦਲ ਗਿਆ। ਹੁਣ ਉਹ ਦਿਨ ਨ੍ਹੀ ਰਹੇ ਕਿ ਅਸੀਂ ਉਹਦਾ ਨਾਂ ਬਦਲ ਦੇਈਏ। ਕਿਤੇ ਸ਼ਿਕਾਇਤ ਅੱਗੇ ਚਲੀ ਗਈ, ਨੌਕਰੀ ਤੋਂ ਵੀ ਹੱਥ ਧੋਣੇ ਪੈਣਗੇ।"

ਰਘੂਨੰਦਨ ਰਾਏ ਫੁੰਕਾਰਦਾ ਰਿਹਾ ਸੀ, " ਇਹ ਚਾਪੜ ਜਿਆ, ਸ਼ਰੇਆਮ ਸਾਡੀ ਬੇਜ਼ਤੀ ਕਰੂ? ਨਈਂ -ਨਈਂ, ਇਹ ਨ੍ਹੀ ਹੋ ਸਕਦਾ, ਰਘੂਨੰਦਨ ਰਾਏ ਅਜੇ ਜਿਉਂਦਾ ਤੇ ਇਹ ਦਿਨ ਦੇਖਣ ਤੋਂ ਪਹਿਲਾਂ ਮਰ ਜਾਣਾ ਹੀ ਚੰਗਾ ਸਮਝੂ।"

ਰਘੂਨੰਦਨ ਵਰਗਿਆਂ ਦੀ ਏਹੀ ਪ੍ਰਤੀਕਿਰਿਆ ਹੀ ਫੇਕੂ ਦੇ ਸੜਦੇ ਹੋਏ ਜ਼ਖ਼ਮਾਂ ਨੂੰ ਠੰਡਾ ਕਰਦੀ ਹੈ, " ਸੜੋ-ਸੜੋ, ਜਿੰਨਾਂ ਸੜਨਾ। ਹੁਣ ਆਊ ਲੜਾਈ ਦਾ ਸੁਆਦ। ਬਥੇਰੇ ਜ਼ੁਲਮ ਸਹਿ ਲਏ ਥੋਡੇ ਲੋਕਾਂ ਦੇ। ਹੁਣ ਸਾਡੇ ਧੀਆਂ-ਪੁੱਤ ਥੋੜਾ ਸਹਿਣਗੇ !"

..........................

ਬਾਬੂ ਸਾਹਬ ਦੀ ਹਵੇਲੀ ਅੱਗਿਓਂ ਗੁਜ਼ਰਦਿਆਂ ਆਪਣੇ ਬੇਟੇ ਨੂੰ ਜ਼ੋਰ-ਜ਼ੋਰ ਨਾਲ ਬੁਲਾਉਣਾ, ਫੇਕੂ ਦਾ ਨੇਮ ਬਣ ਗਿਆ ਸੀ। ਅੱਜ ਜਿਉਂ ਹੀ ਫੇਕੂ ਨੇ ਦੇਵ ਕਾਂਤ ਰਾਏ ਨੂੰ ਦਰਵਾਜੇ 'ਤੇ ਬੈਠੇ ਦੇਖਿਆ,ਉਸਦਾ ਜੋਸ਼ਦੂਗਣਾ ਹੋ ਗਿਆ। ਤਾੜੀ( ਦੇਸੀ ਸ਼ਰਾਬ) ਪੀਦਿਆਂ ਹੀ ਸਿਰ ਨੂੰ ਚੜ੍ਹ ਗਈ ਸੀ। ਅੱਜ ਉਹ ਪੀ ਵੀ ਕੁੱਝ ਜ਼ਿਆਦਾ ਹੀ ਗਿਆ ਸੀ।

"ਉਏ ਬਾਬੂ ਸਾਬ੍ਹ ! ਟੂਸ਼ਣ ਪੜ੍ਹਨ ਨ੍ਹੀ ਜਾਣਾ?" ਬਾਬੂ ਸਾਹਬ ਨੂੰ ਦੇਖਦਿਆਂ ਹੀ ਫੇਕੂ ਚਿਲਾਉਣ ਲੱਗਾ ਸੀ।

ਬਾਬੂ ਸਾਹਬ ਦਾ ਤਾਂ ਪਤਾ ਨਹੀਂ, ਸੁਣ ਰਿਹਾ ਸੀ ਕਿ ਨਹੀਂ ਪਰ ਫੇਕੂ ਬੋਲੀ ਜਾ ਰਿਹਾ ਸੀ ਬਿਲਕੁੱਲ ਉਵੇਂ ਜਿਵੇਂ ਕਦੇ ਬਾਬੂ ਸਾਹਬ ਉਸਨੂੰ ਬੁਲਾਉਂਦਾ ਹੁੰਦਾ ਸੀ, " ਉਏ ਫੇਕੂਆ, ਕਿਥੇ ਐਂ ਮਾਂ ਦਿਆ ਖਸਮਾਂ? ਕਿੱਥੇ ਮਰ ਗਿਆਂ। ਮੱਝਾਂ ਨੂੰ ਪਾਣੀ ਪਿਆਦੇ ਵਰਨਾਂ?"

ਫੇਕੂ ਨੇ ਗਹੁ ਨਾਲ ਦੇਖਿਆ,ਆਪਣੀ ਪੁਸ਼ਤੈਨੀ ਕੁਰਸੀ 'ਤੇ ਬੈਠੇ ਨੱਬੇ ਸਾਲਾਂ ਬਾਬੂ ਸਾਹਬ ਦੇ ਚਿਹਰੇ 'ਤੇ ਕੋਈ ਪ੍ਰਤੀਕਿਰਿਆ ਨਹੀਂ ਸੀ। "ਕੀ ਸੱਚਮੁਚ ਬੁੱਢੇ ਨੇ ਕੁਛ ਸੁਣਿਆ ਨ੍ਹੀ ਜਾਂ ਐਵੇਂ ਜਾਣ ਬੁੱਝ ਕੇ ਈ ਮਚਲਾ ਬਣਿਆ ਬੈਠਾ?" ਫੇਕੂ ਦੇ ਦਿਮਾਗ ਦੀਆਂ ਚਕਰੀਆਂ ਘੁੰਮੀ ਜਾਂਦੀਆਂ ਸਨ।

"ਦੇਖ ਤਾਂ ਸਹੀ,ਕਿਵੇਂ ਕੋਹੜ ਚੌਲਿਆ ਪਿਆ ਹੱਥਾਂ ਪੈਰਾਂ 'ਤੇ। ਜਿਵੇਂ ਕੋਈ ਮੁਰਦਾ ਹੋਵੇ। ਪਰ ਉਦੋਂ?"ਫੇਕੂ ਨੇ ਜ਼ੋਰ ਨਾਲ ਸਾਹ ਛੱਡਿਆ"ਭਲਾ ਕੌਣ ਵਿਸ਼ਵਾਸ਼ ਕਰੂ ਕਿ ਇਹ ਓਹੀ ਬਾਬੂ ਸਾਬ੍ਹ ਐ ਜਿਸਦੇ ਘੋੜੇ ਦੀ ਟਾਪ ਸੁਣਕੇ ਲੋਕ ਕੰਬਣ ਲੱਗਦੇ ਸੀ ਨਵੀਂ ਸੂਈ ਗਾਂ-ਮੱਝ ਨੂੰ ਲਕੋ-ਲਕੋ ਰੱਖਦੇ, ਜੇ



ਕਿਤੇ ਵੇਖ ਲਿਆ ਸਾਰਾ ਸਾਲ ਹਵੇਲੀ ਦੁੱਧ ਪੁਚਾਉਣਾ ਪਊ ਮੁਫ਼ਤੋ-ਮੁਫ਼ਤੀ। ਅੱਜ ਅੰਤਿਮ ਘੜੀਆਂ ਗਿਣੀ ਜਾਂਦਾ ਮੂੰਹ ਉਤਾਂਹ ਨੂੰ ਚੱਕ ਕੇ।"

ਪਰ ਕੀ ਦੇਵ ਕਾਂਤ ਉਰਫ਼ ਬਾਬੂ ਸੱਚਮੁੱਛ ਅੰਤਿਮ ਘੜੀਆਂ ਗਿਣ ਰਿਹਾ ਸੀ? ਇਸ ਬਾਰੇ ਕੁੱਝ ਕਹਿਣਾ ਉਨ੍ਹਾਂ ਹੀ ਔਖਾ ਹੈ ਜਿੰਨਾਂ ਉਸਦੇ ਭੋਲੇਪਣ ਬਾਰੇ ਕੋਈ ਨਿਰਣਾ ਦੇਣਾ। ਉਹ ਸਮੇਂ ਦੀ ਨਬਜ਼ ਫੜਨ ਵਿੱਚ ਮਾਹਰ ਰਿਹਾ ਹੈ। ਇਹੀ ਕਾਰਨ ਹੈ ਕਿ ਸਮੇਂ ਵਲੋਂ ਕਰਵਟ ਲੈਣ ਤੋਂ ਬਹੁਤ ਪਹਿਲਾਂ ਹੀ ਚੌਕੰਨਾ ਹੋ ਗਿਆ ਸੀ। ਉਹ ਭਲੀਭਾਂਤ ਸਮਝ ਗਿਆ ਸੀ ਕਿ ਜ਼ਮੀਨ ਜਾਇਦਾਦ ਬਚਾਉਣਾ ਹੁਣ ਸੌਖਾ ਕੰਮ ਨਹੀਂ। ਆਜ਼ਾਦ ਭਾਰਤ ਵਿੱਚ "ਜ਼ਿਮੀਦਾਰੀ ਕਾਨੂੰਨ" ਆਉਣ ਦੀ ਭਿਣਕ ਲੱਗਦਿਆਂ ਹੀ ਉਸਨੇ ਆਪਣੀ ਸਾਰੀ ਜਾਇਦਾਦ ਬੇਟੇ,ਬੇਟੀ,ਰਿਸ਼ਤੇਦਾਰਾਂ ਅਤੇ ਇੱਥੋਂ ਤੱਕ ਕਿ ਪੈਦਾ ਹੋਣ ਵਾਲੇ ਪੋਤੇ-ਪੋਤੀਆਂ ਦੇ ਨਾਂ ਲਵਾਂ ਦਿੱਤੀ ਸੀ। ਪੰਜ ਟਰੱਕ,ਇੱਟਾਂ ਦੇ ਦੋ ਭੱਠੇ ਅਤੇ ਇੱਕ ਬੁਲੇਟ ਮੋਟਰ ਸਾਈਕਲ ਦੇ ਮਾਲਕ ਬਾਬੂ ਸਾਹਬ ਦਾ ਬੇਟਾ ਰਘੂਨੰਦਨ ਪ੍ਰਸ਼ਾਦ ਰਾਏ ਅੱਜ ਜਿਲੇ ਦੇ ਇੱਕ ਮਾਤਰ ਪੂੰਜੀਪਤੀ ਵਜੋਂ ਜਾਣਿਆ ਜਾਂਦਾ ਹੈ। ਰਘੂਨੰਦਨ ਜ਼ਿਲ੍ਹਾ ਪ੍ਰੀਸ਼ਦ ਦਾ ਮੁੱਖੀ ਅਤੇ ਪਾਰਟੀ ਦੇ ਜ਼ਿਲ੍ਹਾ ਕਿਸਾਨ ਮੋਰਚਾ ਦਾ ਸੰਚਾਲਕ ਵੀ ਹੈ।

ਇਹ ਨਹੀਂ ਕਿ ਕਦੇ ਬਾਬੂ ਸਾਹਬ ਦੇ ਖਿਲਾਫ਼ ਕੋਈ ਆਵਾਜ਼ ਹੀ ਨਹੀਂ ਉੱਠੀ,ਛਿਟਪੁੱਟ ਆਵਾਜ਼ਾਂ ਉੱਠਦੀਆਂ ਰਹੀਆਂ ਜ਼ਰੂਰ ਪਰ ਉਸਨੇ ਬੜੀ ਚਤੁਰਾਈ ਨਾਲ ਸਾਮ-ਦਾਮ-ਦੰਡ ਭੇਦ ਦੀ ਨੀਤੀ ਦਾ ਸਹਾਰਾ ਲੈਂਦਿਆਂ ਹਰ ਇੱਕ ਆਵਾਜ਼ ਨੂੰ ਸਦਾ-ਸਦਾ ਲਈ ਬੰਦ ਕਰ ਦਿੱਤਾ ਸੀ। ਇਸਦੇ ਦਰਮਿਆਨ ਹੀ ਨਕਸਲੀ ਸੰਗਠਨਾਂ ਦਾ ਮੁਕਾਬਲਾ ਕਰਨ ਲਈ ਉਸਨੇ ਆਪਣੇ ਲੜਕੇ ਦੀ ਸ਼ਾਦੀ ਬਦਨਾਮ ਸਰਗਣਾ ਮੋਕਾਮਾਂ ਦੀ ਬੇਟੀ ਨਾਲ ਕਰ ਦਿੱਤੀ ਜੋ ਉੱਚ ਜਾਤੀਆਂ ਦੇ ਸੰਗਠਨ ਦਾ ਸਰਪ੍ਰਸਤ ਮੰਨਿਆ ਜਾਂਦਾ ਹੈ। ਕਹਿੰਦੇ ਨੇ, ਪਟਨਾ ਦੇ ਨੇੜੇ ਜੋ ਨਰ ਸੰਘਾਰ ਹੋਇਆ ਸੀ,ਉਸਦੀ ਅਗਵਾਈ ਰਘੂਨੰਦਨ ਪ੍ਰਸ਼ਾਦ ਦੇ ਮੋਕਾਮਾਂ ਵਾਲੇ ਰਿਸ਼ਤੇਦਾਰ ਨੇ ਹੀ ਕੀਤੀ ਸੀ।

ਪਰ ਇਸ ਨਾਲ ਕੀ ਫਰਕ ਪੈਂਦਾ? ਕੋਈ ਆਪਣੀ ਜ਼ਮੀਨ ਥੋੜਾ ਛੱਡ ਦਿੰਦਾ। ਇਸਤੋਂ ਤਾਂ ਮਰ ਜਾਣਾ ਹੀ ਚੰਗਾ। ਨਾਲੇ ਫੇਕੂ ਨੂੰ ਹੁਣ ਕਿਸ ਗੱਲ ਦੀ ਚਿੰਤਾ। ਉਸਦਾ ਬੇਟਾ ਪੜ ਲਿਖ ਕੇ ਇੱਕ ਦਿਨ ਸੱਚਮੁੱਚ ਦਾ "ਬਾਬੂ ਸਾਹਬ" ਬਣ ਜਾਵੇਗਾ ਅਤੇ ਉਦੋਂ। ਵੈਸੇ ਫੇਕੂ ਨੂੰ ਹਿੰਸਾ ਵਿੱਚ ਵਿਸਵਾਸ਼ ਨਹੀਂ ਹੈ। ਇਸੇ ਕਰਕੇ ਉਹ ਰਾਮ ਸੁੰਦਰ ਪਾਸਵਾਨ ਦੀ "ਕ੍ਰਾਂਤੀ ਸੈਨਾ" ਵਿੱਚ ਸ਼ਾਮਲ ਨਹੀਂ ਸੀ ਹੋਇਆ। ਉਸਨੂੰ ਆਪਣੇ ਬਾਪ ਦੀ ਕਹੀ ਹੋਈ ਗੱਲ ਅੱਜ ਵੀ ਯਾਦ ਹੈ, " ਬੇਟਾ ਇਹ ਸਹੁਰੀ ਬੰਦੂਕ ਹੈ ਈ ਐਹੋ ਜਿਹੀ ਚੀਜ਼, ਇੱਕ ਵਾਰ ਹੱਥ 'ਚ ਆ ਗਈਂ ਫਿਰ ਜਾਨ ਲੈ ਕੇ ਹੀ ਛੱਡਦੀ ਹੈ।"

ਫੇਕੂ ਨੇ ਗਹੁ ਨਾਲ ਦੇਖਿਆ, ਬਾਬੂ ਸਾਹਬ ਅਜੇ ਵੀ ਉਥੇ ਬੈਠਾ ਸੀ। ਬਿਲਕੁਲ ਸ਼ਾਂਤ ਤੇ ਨਿਸ਼ਚਿੰਤ। ਸ਼ੋਸ਼ਣ ਅਤੇ ਅਤਿਆਚਾਰਾਂ ਦਾ ਜਿਉਂਦਾ ਜਾਗਦਾ ਇਤਿਹਾਸ।

ਅੱਜ ਤੋਂ ਤਿੰਨ ਦਿਨ ਪਹਿਲਾਂ ਵੀ ਫੇਕੂ ਤਾੜੀ ਪੀ ਕੇ ਇਸੇ ਤਰ੍ਹਾਂ ਬਾਬੂ ਸਾਹਬ ਨੂੰ ਸੁਣਾਉਣ ਲਈ ਬੇਟੇ ਨੂੰ ਗਾਹਲਾਂ ਕੱਢਦਾ ਰਿਹਾ ਸੀ। ਬਾਬੂ ਸਾਹਬ ਦਾ ਪੋਤਾ ਤਾਂ ਬੰਦੂਕ ਲੈ ਕੇ ਨਿਕਲ ਆਇਆ ਸੀ। ਉਸਨੇ ਬੰਦੂਕ ਫੇਕੂ 'ਤੇ ਤਾਣ ਵੀ ਲਈ ਸੀ ਪਰ ਉਹ ਅਡੋਲ ਰਿਹਾ ਸੀ। ਰਘੂਨੰਦਨ ਨੇ ਚਲਾਕ ਸਿਆਸਤਦਾਨ ਵਾਂਗ ਦੋਵਾਂ ਦੇ ਵਿਚਾਲੇ ਆ, ਬੇਟੇ ਨੂੰ ਘਰ ਅੰਦਰ ਧੱਕ ਦਿੱਤਾ ਸੀ। ਬਾਪ ਨੇ ਬੇਟੇ ਨੂੰ ਡਾਂਟਦਿਆਂ ਆਖਿਆ ਸੀ' 'ਏਹਨਾਂ ਦੀ ਤਾਂ ਉਹ ਗੱਲ ਐ, ਅਖੇ ਤੁਰਕ ਡਰਾਵੇ ਥੁੱਕ ਨਾਲ। ਕਿਉਂ ਮੂੰਹ ਲਾਉਣਾ ਏਂ ਪਾਟੇ ਮੂੰਹ ਵਾਲਿਆਂ ਨੂੰ? ਗੰਦ 'ਤੇ ਰੋੜਾ ਮਾਰੇਂਗਾ ਤਾਂ ਛਿੱਟੇ ਆਵਦੇ ਉੱਤੇ ਈ ਪੈਣਗੇ।"

ਫਿਰ ਰਘੂਨੰਦਨ ਪ੍ਰਸ਼ਾਦ ਨੇ ਫੇਕੂ ਵੱਲ ਅੱਖਾਂ ਕੱਢਦਿਆਂ ਕਿਹਾ ਸੀ, " ਉਏ ਫੇਕੂਆ ! ਜਾਤ ਦੀ ਕੋਹੜ ਕਿਰਲੀ ਤੇ ਸ਼ਤੀਰਾਂ ਨੂੰ ਜੱਫੇ। ਆਪਣੀ ਔਕਾਤ ਵਿੱਚ ਰਹਿ ਨਹੀਂ ਤਾਂ ਮਿੱਟੀ ਪਲੀਤ ਕਰਾਲੇਂਗਾ।"

ਫੇਕੂ ਨੇ ਕੁੱਝ ਵੀ ਜਵਾਬ ਨਹੀਂ ਸੀ ਦਿੱਤਾ, ਸਿਰਫ਼ ਮੁਸਕਰਾਉਂਦਾ ਰਿਹਾ। ਉਸਦੀ ਰੀੜ ਦੀ ਹੱਡੀ ਤਣ ਗਈ ਸੀ। ਦੋਵੇਂ ਪਿਉ-ਪੁੱਤ ਹਵੇਲੀ ਦੇ ਅੰਦਰ ਵੜ ਗਏ ਸਨ। ਦੋਵੇਂ ਪਿਉ ਪੁੱਤ ਹਵੇਲੀ ਅੰਦਰ ਜਾ

ਘੁਸੇ ਸਨ।

ਫੇਕੂ ਹਵੇਲੀ ਦੇ ਸਾਹਮਣੇ ਵਾਲੇ ਅੰਬ ਦੇ ਦਰੱਖਤ ਦੀ ਛਾਂਵੇਂ ਮੁਸਕਰਾਂਉਂਦਾ ਰਿਹਾ। ਰੀੜ੍ਹ ਦਾ ਦਰਦ ਜਿਵੇਂ ਮੁੱਕਣ ਲੱਗਾ ਸੀ। ਉਹ ਬੁੜਬੜਾਇਆ ਸੀ, "ਬੱਸ ਸਾਡਾ ਬੇਟਾ ਪੜ ਲਿਖ ਕੇ ਅਫਸਰ ਲੱਗ ਜਾਵੇ,ਫਿਰ ਦੇਖਦੇ ਹਾਂ ਸਾਡੀ ਜ਼ਮੀਨ ਕਿਵੇਂ ਨ੍ਹੀਂ ਵਾਪਸ ਕਰਦੇ।" ਉਸਦਾ ਜੀਅ ਕੀਤਾ ਸੀ ਕਿ ਹਵੇਲੀ ਅੰਦਰ ਵੜਕੇ, ਸਾਰੇ ਪਿੰਡ ਦੇ ਗਰੀਬਾਂ ਦੇ ਅਗੂੰਠਾ ਲੱਗੇ ਨਿਸ਼ਾਨਾਂ ਵਾਲੇ ਕਾਗਜ਼ ਚੁੱਕੇ ਅਤੇ ਲੈ ਕੇ ਦੌੜ ਜਾਵੇ। ਫਿਰ ਇਹਨਾਂ ਕਾਗਜ਼ਾਂ ਨੂੰ ਚੁਰਾਹੇ ਵਿੱਚ ਰੱਖ ਕੇ ਅੱਗ ਲਾ ਦੇਵੇ। ਪਰ ਉਸ ਨੇ ਆਪਣੇ ਆਪ 'ਤੇ ਕਾਬੂ ਰੱਖਿਆ। ਜਦੋਂ ਵੀਹ ਸਾਲ ਇੰਤਜ਼ਾਰ ਕਰ ਲਿਆ, ਹੁਣ ਪਿੱਛੇ ਕੀ ਰਹਿ ਗਿਆ ਸੀ। ਹੁਣ ਤਾਂ ਬੱਸ ਕੁੱਝ ਦਿਨਾਂ ਦੀ ਹੀ ਗੱਲ ਸੀ। ਬਾਬੂ ਸਾਹਬ ਹਰ ਕਲਾਸ ਵਿੱਚੋਂ ਪਹਿਲੇ ਨੰਬਰ 'ਤੇ ਆਉਂਦਾ। ਬੱਸ ਕੁੱਝ ਦਿਨਾਂ ਦੀ ਹੀ ਤਾਂ ਖੇਡ ਫੇਕੂ ਸੋਚਦਿਆਂ-ਸੋਚਦਿਆਂ ਅਤੀਤ ਦੇ ਸੰਘਣੇ ਜੰਗਲਾਂ ਵਿੱਚ ਗੁਆਚ ਗਿਆ। ਪਤਾ ਨਹੀਂ ਅੱਜ ਉਸਨੂੰ ਬਚਪਨ ਕਿਉਂ ਐਨਾਂ ਚੇਤੇ ਆ ਰਿਹਾ ਸੀ। ਵੀਹਾਂ ਸਾਲਾਂ ਬਾਅਦ ਹੀ ਤਾਂ ਉਸਦੇ ਚਿਹਰੇ 'ਤੇ ਮੁਸਕਾਣ ਆਈ ਹੈ,ਵਰਨਾਂ?

..........................

ਉਦੋਂ ਪਿੰਡਾਂ ਦੇ ਗਰੀਬਾਂ-ਮਜ਼ਦੂਰਾਂ ਦਾ ਜੀਵਨ ਕੁੱਤਿਆਂ-ਬਿੱਲਿਆਂ ਨਾਲੋਂ ਵੀ ਭੈੜਾ ਸੀ। ਦਿੱਲੀ-ਪੰਜਾਬ ਦਾ ਰਾਹ ਵੀ ਅਜੇ ਨਹੀਂ ਸੀ ਖੁੱਲਿਆ। "ਅਗੂੰਠਾ ਲਾਓਂ ਕਰਜ਼ਾ ਲਓ" ਅਤੇ ਫਿਰ ਜਿੰਦਗੀ ਭਰ ਜ਼ਿਮੀਦਾਰ ਦੀ ਗੁਲਾਮੀ ਕਰੋ। ਫਿਰ ਮਰਨ ਬਾਅਦ ਬੇਟੇ ਦੀ ਗੁਲਾਮੀ ਸ਼ੁਰੂ। ਫਿਰ ਉਸਦੇ ਬੇਟੇ ਦੀ ਵਾਰੀ। ਪੀੜ੍ਹੀ ਬਦਲ ਜਾਂਦੀ ਸੀ ਪਰ ਕਰਜ਼ਾ ਨਹੀਂ ਸੀ ਲਹਿੰਦਾ। ਫੇਕੂ ਦਾ ਪਿਉ ਬੁਚਈ ਪਾਸਵਾਨ ਵੀ ਅਜਿਹਾ ਹੀ ਇੱਕ ਗੁਲਾਮ ਸੀ। ਇੱਕ ਰਾਤ "ਬਾਬੂ ਸਾਹਬ" ਦੇ ਪਸ਼ੂਆਂ ਵਾਲੇ ਵਾੜੇ ਵਿੱਚ ਠੰਡ ਨਾਲ ਕੁੰਗੜ ਕੇ ਬੁਚਈ ਦੀ ਬੁੱਢੀ ਦੇਹ ਵਕਤ ਤੋਂ ਪਹਿਲਾਂ ਹੀ ਸ਼ਾਂਤ ਹੋ ਗਈ ਸੀ। ਉਸਦੇ ਕਿਰਿਆ ਕਰਮ ਤੋਂ ਚੌਥੇ ਦਿਨ ਹੀ ਫੇਕੂ ਨੇ ਪਿਉ ਦੀ ਥਾਂ ਲੈ ਲਈ ਸੀ। ਤੇਰਾਂ-ਚੌਂਦਾ ਸਾਲ ਦੀ ਉਮਰ ਹੁੰਦੀ ਹੀ ਕੀ ਹੈ? ਉਹ ਵਾਰ ਵਾਰ ਗਾਵਾਂ ਮੱਝਾਂ ਦੀ ਦੇਖਭਾਲ ਵਿੱਚ ਕੁਤਾਹੀ ਕਰਦਾ ਤਾਂ ਬਾਬੂ ਸਾਹਬ ਉਸਦੀ ਮਾਂ-ਭੈਣ ਇੱਕ ਕਰਦਿਆਂ ਕੁਟਾਪਾ ਚਾੜ੍ਹ ਦਿੰਦਾ। ਬੇਹੂਦਾ, ਸੂਰ ਦਾ ਬੱਚਾ, ਸਾਲਾ,ਭੈਣ ਚੌਦ ਐਹੋ ਜਿਹੀਆਂ ਕਿੰਨੀਆਂ ਹੀ ਗਾਹਲਾਂ ਉਸਦੇ ਨਾਂ ਦਾ ਹਿੱਸਾ ਬਣ ਗਈਆਂ ਸਨ। ਬਾਬੂ ਸਾਹਬ ਦੀ ਛੋਟੀ ਭੈਣ ਗਾਇਤਰੀ ਭਰਾ ਨਾਲੋਂ ਵੀ ਵੱਧ ਚੰਡਾਲ। ਗੱਲ-ਗੱਲ 'ਤੇ ਗਾਹਲਾਂ ਦਿੰਦੀ ਤੇ ਸੋਟੀਆਂ ਮਾਰਦੀ। ਜੇਠ ਮਹੀਨੇ ਦੀ ਦੁਪਿਹਰ 'ਚ ਜੇ ਕਿਤੇ ਥੋੜਾ ਜਿਹਾ ਸੁਸਤਾਉਣ ਬੈਠ ਜਾਂਦਾ ਤਾਂ ਤੁਰੰਤ ਚੀਕਾਂ ਮਾਰਨ ਲੱਗ ਜਾਂਦੀ, "ਵੇ ਹੱਡ ਹਰਾਮੀਆਂ ਲੱਕੜਾਂ ਨਈਂ ਚੀਰੇਂਗਾ ਤਾਂ ਚੁੱਲ੍ਹੇ 'ਚ ਤੇਰਾ ਸਿਰ ਡਾਹਾਂਗੇ? ਖਾਣ ਦੇ ਟੈਮ ਤਾਂ ਬੱਸ ਨ੍ਹੀ ਕਰਦਾ,ਕੰਮ ਵੇਲੇ ਦੇਹ ਲਕੌਂਦਾ ਫਿਰਦੈਂ।" ਗਾਇਤਰੀ ਦਾ ਚੇਤਾ ਆਉਦਿਆਂ ਹੀ ਉਸਨੇ ਬੁੱਲ੍ਹ ਭਚੀੜ ਕੇ ਮੋਟੀ ਸਾਰੀ ਗਾਹਲ ਕੱਢੀ, "ਚਗਲ ਕਿਤੋਂ ਦੀ ।"

ਗਾਇਤਰੀ ਦੇਵੀ ਨੇ ਵਿਆਹ ਦੇ ਕੁੱਝ ਦਿਨਾਂ ਬਾਅਦ ਹੀ ਪਤੀ ਨੇ ਛੱਡ ਦਿੱਤਾ ਸੀ। ਤਲਾਕ ਦੇ ਕੁੱਝ ਦਿਨਾਂ ਬਾਅਦ ਹੀ ਉਸ 'ਤੇ ਕਿਸੇ ਪ੍ਰੇਤ ਦਾ ਸਾਇਆ ਪੈਣ ਲੱਗਾ ਸੀ। ਜਦੋਂ ਪ੍ਰੇਤ ਉਸਦੇ ਸਰੀਰ 'ਤੇ ਸਵਾਰੀ ਕਰਦਾ ਤਾਂ ਉਸਦੀਆਂ ਅੱਖਾਂ ਸੰਧੂਰ ਵਾਗੂੰ ਲਾਲ ਹੋ ਜਾਂਦੀਆਂ। ਬੁੱਲ੍ਹ ਸੁੱਕਣ ਲੱਗਦੇ। ਦੰਦ ਕਰੀਚਦੀ। ਲੰਬੇ-ਲੰਬੇ ਸਾਹ ਖਿੱਚਦੀ ਉਹ ਅਧਨੰਗੀ ਹੋ ਜਾਂਦੀ। ਜਦੋਂ ਇਲਾਕੇ ਦੇ ਸਾਰੇ ਗੁਣੀ-ਗਿਆਨੀ ਸਿਆਣੇ ਫੇਹਲ ਹੋ ਗਏ ਤਾਂ ਫੇਕੂ ਦੇ ਪਿਤਾ ਬੁਚਈ ਪਾਸਵਾਨ ਨੇ ਹੀ ਪ੍ਰੇਤ ਸਾਧਿਆ ਸੀ।

ਇੱਕ ਦਿਨ ਅੰਬਾਂ ਦੇ ਮਹੀਨੇ 'ਚ, ਸਵੇਰੇ ਸਾਝਰੇ ਉੱਠਦਿਆਂ ਹੀ ਫੇਕੂ ਹਵੇਲੀ ਦੇ ਪਿਛਵਾੜੇ ਚਲਾ ਗਿਆ ਸੀ ਤਾਂ ਜੋ ਲੋਕਾਂ ਦੇ ਉੱਠਣ ਤੋਂ ਪਹਿਲਾਂ-ਪਹਿਲਾਂ ਹੀ ਦਸ ਵੀਹ ਅੰਬ ਚੁੱਗ ਲਏ ਜਾਣ। ਸਾਹਮਣੇ ਕੌਣ ਲੈਣ ਦਿੰਦਾ ਹੈ? ਉਸਨੇ ਦੇਖਿਆ ਕਿ ਉਸਦਾ ਬਾਪ ਬੁਚਈ ਆਪਣੀ ਮੰਜੀ 'ਤੇ ਗਾਇਤਰੀ ਦੇਵੀ ਦਾ ਭੂਤ ਸ਼ਾਂਤ ਕਰ ਰਿਹਾ ਹੈ। ਉਹ ਬਹੁਤ ਡਰ ਗਿਆ ਸੀ। ਦੂਰ ਖੜਾ-ਖੜਾ ਕਿੰਨਾ ਚਿਰ ਵੇਖਦਾ ਰਿਹਾ, ਫਿਰ



ਘਰ ਵੱਲ ਸਿਰਤੋੜ ਭੱਜ ਪਿਆ। ਬਚਪਨ ਵਿੱਚ ਬਹੁਤ ਦਿਨਾਂ ਤੱਕ ਗਾਇਤਰੀ ਦੇਵੀ ਦਾ ਭੂਤ ਸੁਪਨੇ ਵਿੱਚ ਫੇਕੂ ਨੂੰ ਪਰੇਸ਼ਾਨ ਕਰਦਾ ਰਿਹਾ। ਆਪਣੇ ਬਚਪਨ ਵੇਲੇ ਦੀ ਗੱਲ ਯਾਦ ਆਉਣ 'ਤੇ ਫੇਕੂ ਨੂੰ ਆਪਣੀ ਬੇਵਕੂਫੀ 'ਤੇ ਹਾਸੀ ਆਉਂਦੀ। ਉਸਨੇ ਫਿਰ ਮੋਟੀ ਸਾਰੀ ਗਾਹਲ ਕੱਢੀ, " ਚਗਲ ! ਧੇਹ ਦੀ ਗਰਮੀ ਨਾਲ ਪਾਗਲ ਹੁੰਦੀ ਸੀ ਤੇ ਬਹਾਨਾਂ? ਇਸਤੋਂ ਚੰਗਾ ਸੀ ਸ਼ਰੇਆਮ। ਭੂਤ ਪ੍ਰੇਤ ਦਾ ਬਹਾਨਾ ਬਣਾਉਣਾ ਕੋਈ ਜ਼ਰੂਰੀ ਸੀ।

ਅਤੇ ਸੁਨੈਨਾ ? ਫੇਕੂ ਨੇ ਸੋਚਿਆ ਤਾਂ ਏਹੀ ਸੀ ਕਿ ਘਰ ਵਾਲੀ ਨੂੰ ਇਸੇ ਨਾਂ ਨਾਲ ਬੁਲਾਵੇਗਾ, ਪਰ ਉਹ ਤਾਂ ਸੁਨੈਨਾ ਦੇ ਪਾ ਪਾਸਕ ਵੀ ਨਹੀਂ ਸੀ। ਬਾਬੂ ਸਾਬ੍ਹ ਦੀ ਸੁਨੈਨਾ ਤਾਂ ਜਿਵੇਂ ਕੋਈ ਟੀਸੀ ਦਾ ਬੇਰ ਸੀ। ਕਿੰਨੀ ਸੋਹਣੀ ! ਜਿਵੇਂ ਹਨੇਰੀ ਰਾਤ 'ਚ ਟਿਮਟਮਾਉਂਦੀ ਰੋਸ਼ਨੀ। ਝੀਲ ਦੇ ਪਾਣੀ ਵਰਗੀਆਂ ਡੂੰਘੀਆਂ ਤੇ ਸਾਫ ਅੱਖਾਂ।

'ਪਰ ਉਸ ਦਿਨ ਵੀ ਤਾਂ?' ਫੇਕੂ ਦਾ ਹਲਕ ਸੁੱਕਣ ਲੱਗਾ ਸੀ। ਆਪਣਾ ਹੀ ਥੁੱਕ ਚੱਟਣਾ ਕਿੰਨਾ ਔਖਾ ਹੁੰਦਾ ਹੈ ! ਉਸਦੀ ਰੀੜ ਦੀ ਹੱਡੀ ਵਿੱਚ ਦਰਦ ਫਿਰ ਤੇਜ਼ ਹੋ ਗਿਆ ਸੀ।

ਕਦੇ ਉਸੰਨੂੰ ਆਪਣੇ ਬਾਪ ਤੋਂ ਕਹਾਣੀਆਂ ਦਾ ਖਜ਼ਾਨਾ ਮਿਲਿਆ ਸੀ ਪਰ ਅੱਜ ਤਾਂ ਉਹ ਖੁਦ ਕਿਸੇ ਕਹਾਣੀ ਦਾ ਪਾਤਰ ਬਣ ਗਿਆ ਸੀ। ਵਿਸਾਖ ਮਹੀਨੇ ਦਾ ਉਹ ਦਿਨ। ਸਾਰਾ ਦਿਨ ਕੰਮ ਧੰਦਾ ਕਰਕੇ ਦੁਪਹਿਰ ਵੇਲੇ ਢਾਰੇ ਵਿੱਚ ਸੁਸਤਾ ਰਿਹਾ ਸੀ ਕਿ ਉਦੋਂ ਹੀ ਤਿੱਤਲੀ ਵਾਂਗ ਉੱਡਦੀ ਸੁਨੈਨਾ ਉੱਥੇ ਆ ਗਈ ਸੀ। ਉਹ ਜਿੱਕਰਨ ਲੱਗੀ ਸੀ, "ਪਹਿਲਾਂ ਮੈਨੂੰ ਬਾਤ ਸੁਣਾਂ।" ਉਹ ਹਮੇਸ਼ਾਂ ਕਹਾਣੀ ਸੁਨਣ ਦੇ ਬਹਾਨੇ ਹੀ ਉਸਦੇ ਕੋਲ ਆਉਂਦੀ ਸੀ।

ਫੇਕੂ ਕੋਲ ਕਹਾਣੀਆਂ ਦਾ ਖਜ਼ਾਨਾ ਤਾਂ ਸੀ ਪਰ ਉਹ ਡਰਦਾ ਸੀ। ਜ਼ਿਮੀਦਾਰਾਂ ਦੀ ਦੁਨੀਆਂ ਬੜੀ ਅਜੀਬ ਹੁੰਦੀ ਐ। ਕਦੋਂ, ਕਿਸ ਗੱਲ ਵਾਸਤੇ ਜਿਉਣਾ ਮੁਸ਼ਕਲ ਕਰ ਦੇਣ, ਰੱਬ ਨੂੰ ਵੀ ਨਹੀਂ ਪਤਾ। ਕੌਣ ਜਾਣ ਬੁੱਝ ਕੇ ਯਮਰਾਜ ਨੂੰ ਨਿਉਤਾ ਦੇਵੇ ! ਇਸੇ ਕਰਕੇ ਤਾਂ ਉਸਨੇ ਮਨ੍ਹਾ ਕਰ ਦਿੱਤਾ ਸੀ, "ਅਜੇ ਮੈਂ ਸਾਰਾ ਕੰਮ ਕਰਨਾਂ। ਮਾਲਕ ਨੇ ਦੇਖ ਲਿਆ ਤਾਂ ਹੱਡੀ ਪੱਸਲੀ ਤੋੜੂ।" ਪਰ ਸੁਨੈਨਾ ਤਾਂ ਜ਼ਿੱਦ ਕਰ ਬੈਠੀ ਸੀ ਤੇ ਨਾਲ ਦੀ ਨਾਲ ਧਮਕੀ ਵੀ ਦੇ ਦਿੱਤੀ , "ਜੇ ਤੂੰ ਬਾਤ ਨਾ ਸੁਣਾਈ ਤਾਂ ਮੈਂ ਭੂਆ ਨੂੰ ਦੱਸ ਦੇਊਂ।"

" ਕੀ?" ਫੇਕੂ ਚੌਂਕ ਗਿਆ ਗਿਆ। ਡਰ ਨਾਲ ਮੁੜਕੋ-ਮੁੜਕੀ ਹੋ ਗਿਆ। ਸੁਨੈਨਾ ਹੱਸਦੀ ਜਾ ਰਹੀ ਸੀ।

" ਮੈਂ ਤਾਂ ਕਹੂੰਗੀ ਕਿ ਕਿ।"

"ਮੈਂ ਤਾਂ ਕੁੱਛ ਵੀ ਨਹੀਂ ਕਿਹਾ !"

"ਮੈਂ ਕਹੂੰਗੀ ਕਿ ਜਦੋਂ ਮੈਂ ਪਿਛਵਾੜੇ ਢਾਰੇ 'ਚ ਗਈ ਸੀ ਤਾਂ।" ਫੇਕੂ ਨੂੰ ਡਰਾਉਣਾ ਉਸਨੂੰ ਚੰਗਾ ਲੱਗ ਰਿਹਾ ਸੀ।

"ਤਾਂ ਕੀ ?" ਫੇਕੂ ਦੀ ਆਵਾਜ਼ 'ਚ ਭੈਅ ਅਤੇ ਜਿਗਿਆਸਾ ਸੀ। ਉਸਨੇ ਦੇਖਿਆ ਸੁਨੈਨਾ ਦੀਆਂ ਅੱਖਾਂ ਬੋਲਣ ਲੱਗੀਆਂ ਸਨ। ਉਹ ਅੱਖਾਂ ਮਟਕਾਉਂਦੀ ਤੇ ਉਂਗਲਾਂ ਨਚਾਉਂਦੀ ਬੋਲੀ, "ਮੈਂ ਭੂਆ ਨੂੰ ਆਖੂੰ ਜਦੋਂ ਮੈਂ ਤੈਨੂੰ ਬਾਤ ਸੁਨਾਉਣ ਲਈ ਆਖਿਆ ਤਾਂ।" ਸੁਨੈਨਾ ਰੋਣ ਹਾਕੀ ਹੋ ਗਈ ਸੀ। ਉਸਨੇ ਆਪਣਾ ਹੱਥ ਫੇਕੂ ਦੇ ਮੋਢੇ 'ਤੇ ਰੱਖ ਦਿੱਤਾ ਸੀ।

ਫੇਕੂ ਦੀ ਆਵਾਜ਼ ਬਹਿਣ ਲੱਗੀ । ਪੂਰੀ ਦੇਹ ਵਿੱਚੋਂ ਜਿਵੇਂ ਕਰੰਟ ਲੰਘ ਗਿਆ ਹੋਵੇ। ਉਹ ਸੁਨੈਨਾ ਦਾ ਹੱਥ ਚੁੱਕਣਾ ਚਹੁੰਦਾ ਸੀ ਪਰ ਚੁੱਕ ਨਾ ਸਕਿਆ। ਉਸਨੇ ਪਹਿਲੀ ਵਾਰ ਸੁਨੈਨਾ ਦੀਆਂ ਅੱਖਾਂ 'ਚ ਖੁੱਲ੍ਹ ਕੇ ਵੇਖਿਆ। ਉੱਥੇ ਤਾਂ ਜਿਵੇਂ ਕੋਈ ਲਾਟ ਬਲਦੀ ਸੀ ਜਿਸ ਵੱਲ ਵੇਖਣ ਦੀ ਕਿਸਦੀ ਹਿੰਮਤ ਹੋ ਸਕਦੀ ਸੀ। ਉਸਨੇ ਚੋਰ ਅੱਖਾਂ ਨਾਲ ਇੱਧਰ-ਉਧਰ ਵੇਖਿਆ ਅਤੇ ਦੋਵਾਂ ਹੱਥਾਂ ਨਾਲ ਸੁਨੈਨਾ ਦੀਆਂ ਗੱਲਾਂ 'ਤੇ ਹਲਕੀ ਜਿਹੀ ਚਪੇੜ ਮਾਰ ਦਿੱਤੀ।

"ਜਦੋਂ ਬਾਤ ਸੁਣਾਕੇ ਵੀ ਮਾਰ ਖਾਣੀ ਐ ਤੇ ਨਾ ਸੁਣਾ ਕੇ ਵੀ, ਫਿਰ ਤਾਂ ਸੁਣਾ ਕੇ ਹੀ ਖਾਵਾਂਗੇ।"

ਸੁਨੈਨਾ ਆਪਣੀਆਂ ਗੱਲ੍ਹਾਂ ਦੋਵੇਂ ਹੱਥਾਂ ਵਿੱਚ ਲੈਕੇ ਬੈਠ ਗਈ ਸੀ।

"ਸੁਨੈਨਾ ਜੀ ! ਅੱਜ ਅਸੀਂ ਤੈਨੂੰ ਇੱਕ ਨੰਬਰ ਦੀ ਬਾਤ ਸੁਣਾਵਾਂਗੇ ਜਿਸਨੂੰ ਸੁਣਕੇ ਤੁਹਾਡੀਆਂ ਅੱਖਾਂ ਹੋਰ ਵੀ ਵੱਡੀਆਂ-ਵੱਡੀਆਂ ਹੋ ਜਾਣਗੀਆਂ। ਤਾਂ ਲਓ ਪਹਿਲਾਂ ਵੰਦਨਾਂ।" ਫੇਕੂ ਨੇ ਆਵਾਜ਼ ਲਾਈ

ਕਬੀਰਾ ਤੇਰੀ ਝੌਂਪੜੀ, ਗਲ ਕਟੀਅਨ ਕੇ ਪਾਸ
ਕਰਨਗੇ ਸੋ ਭਰਨਗੇ, ਤੂੰ ਕਿਉਂ ਭਇਓਂ ਉਦਾਸ।
ਤੇ ਹੋਰ ਸੁਣ
ਕਹਿਤ ਕਬੀਰ ਸੁਣੋ ਵਈ ਸੰਤੋ
ਬਹੂ ਬਿਨਾ ਜੀਵਨ ਨਾ ਬਣਤੋ ।

"ਤਾਂ ਤੇਰਾ ਵੀ ਬਹੂ ਬਿਨਾਂ ਨਿਬਾਹ ਨ੍ਹੀ ਹੋਣਾ?" ਸੁਨੈਨਾ ਦੀਆਂ ਅੱਖਾਂ ਵਿੱਚ ਜਗਿਆਸਾ ਸੀ।

"ਜਦੋਂ ਭਗਵਾਨਾਂ ਦਾ ਨ੍ਹੀ ਹੋਇਆ, ਮੈਂ ਕੀਹਦੇ ਪਾਣੀ ਹਾਰ ਆਂ?"

ਫੇਕੂ ਦੀ ਗੱਲ ਸੁਣਕੇ ਸੁਨੈਨਾ ਹੱਸਦਿਆਂ-ਹੱਸਦਿਆਂ ਲੋਟ-ਪੋਟ ਹੋ ਗਈ ਸੀ। ਫੇਕੂ ਆਪਣੇ ਖਾਣੇ ਵਾਲੀ ਟੀਨ ਦੀ ਥਾਲੀ ਲੈ ਆਇਆ ਸੀ ਜਿਸ 'ਤੇ ਉਸਨੇ ਹੱਥ ਨਾਲ ਤਾਲ ਮਿਲਾਉਣਾ ਸ਼ੁਰੂ ਕਰ ਦਿੱਤਾ ਸੀ।

"ਹਾਂ ! ਤਾਂ ਸੁਨੈਨਾ ਜੀ, ਹੁਣ ਸੁਣੋ ਕਹਾਣੀ ਭਾਈ ਡੇਢ ਗਿੱਠੇ ਦੀ। ਜਿਹੜਾ ਡੇਢ ਗਿੱਠਾ ਸੀ ਨਾ,ਓਹ ਸਿਰਫ਼ ਡੇਢ ਗਿੱਠ ਦਾ ਜੁਆਨ ਸੀ। ਏਸੇ ਕਰਕੇ ਲੋਕਾਂ ਨੇ ਉਸਦਾ ਨਾਂ ਹੀ 'ਡੇਢ ਗਿੱਠਾ ਭਾਈ' ਰੱਖ ਦਿੱਤਾ ਸੀ।"

ਫੇਕੂ ਨੇ ਸੁਨੈਨਾ ਦੀ ਲੱਤ ਨੂੰ ਗਿੱਠ ਨਾਲ ਨਾਪ ਕੇ ਦਿਖਾਇਆ, "ਇਹ ਦੇਖ । ਤੇਰੇ ਮੋਢੇ ਤੋਂ ਵੀ ਛੋਟਾ ਹੀ ਹੋਊ ਡੇਢ ਗਿੱਠਾ ਭਾਈ। ਇੱਕ ਦਿਨ ਤਾਂ ਗਜ਼ਬ ਹੀ ਹੋ ਗਿਆ। ਵਿਚਾਰਾ ਮਰਦਿਆਂ-ਮਰਦਿਆਂ ਬਚਿਆ। ਹੋਇਆ ਇਹ ਕਿ ਡੇਢ ਗਿੱਠਾ ਭਾਈ ਆਪਣੀ ਮਾਂ ਨਾਲ ਜ਼ਿੱਦ ਕਰਕੇ ਮੱਝਾਂ ਚਰਾਉਣ ਜੰਗਲਾਂ-ਬੇਲਿਆਂ ਵੱਲ ਚਲਾ ਗਿਆ। ਉਹ ਮੱਝ ਨੂੰ ਹੱਕਦਾ ,ਉਸਦੇ ਪਿੱਛੇ-ਪਿੱਛੇ ਤੁਰਿਆ ਜਾਂਦਾ ਸੀ ਕਿ ਮੱਝ ਨੇ ਗੋਹਾ ਕਰ ਦਿੱਤਾ। ਡੇਢ ਗਿੱਠਾ ਭਾਈ ਮੱਝ ਦੇ ਫੋਸ ਥੱਲੇ ਆ ਗਿਆ। ਉਹ ਤਾਂ ਕਿਸਮਤ ਚੰਗੀ ਸੀ ਕਿ ਗੋਬਰ ਇਕੱਠਾ ਕਰਨ ਵਾਲੀ ਨੇ ਵੇਖ ਲਿਆ ਨਹੀਂ ਤਾਂ।"

"ਓਹ !"

" ਡੇਢ ਗਿੱਠਾ ਭਾਈ ਮਾਂ ਬਾਪ ਦਾ ਇੱਕਲੌਤਾ ਬੇਟਾ ਸੀ। ਉੱਤੋਂ ਵਿਚਾਰਾ ਗਰੀਬ। ਉਸਦੇ ਮਾਂ-ਬਾਪ ਕੋਲ ਇੱਕ ਬਲਦ ਅਤੇ ਮੱਝ ਨੂੰ ਛੱਡ ਕੇ ਹੈ ਹੀ ਕੁੱਝ ਨਹੀਂ ਸੀ। ਥੋੜ੍ਹੀ ਜਿਹੀ ਜ਼ਮੀਨ ਸੀ ਜਿਸ ਨੂੰ ਇੱਕੋ-ਇੱਕ ਬਲਦ ਨਾਲ ਵਾਹ ਬੀਜ਼ ਕੇ ਪਰਿਵਾਰ ਦਾ ਗੁਜ਼ਾਰਾ ਚੱਲਦਾ ਸੀ। ਮਾਂ-ਪਿਉ ਸਦਾ ਚਿੰਤਾ ਵਿੱਚ ਡੁੱਬੇ ਰਹਿੰਦੇ ਸਨ, ਇਸਦਾ ਭਵਿੱਖ ਕੀ ਹੋਊ? ਕਿਵੇਂ ਕਮਾਊ-ਖਾਊ। ਕਿਵੇਂ ਇਹਦਾ ਵਿਆਹ ਹੋਊ?"

"ਫੇਰ ?" ਸੁਨੈਨਾ ਦੀ ਜਗਿਆਸਾ ਸੀ।

"ਇੱਕ ਦਿਨ ਉਸਦੀ ਮਾਂ ਨੇ ਕਹਿ ਦਿੱਤਾ, 'ਸਾਰਿਆ ਦੇ ਪੁੱਤ ਕਮਾਉਂਦੇ-ਖਰਚਦੇ ਨੇ। ਵਿਆਹ ਕੇ ਬਹੂ ਘਰ ਲਿਆਉਂਦੇ ਨੇ। ਤੈਨੂੰ ਡੇਢ ਗਿੱਠੇ ਨੂੰ ਆਪਣੀ ਧੀ ਕੌਣ ਦੇਊ ?' ਇਸ ਗੱਲ 'ਤੇ ਡੇਢ ਗਿੱਠੇ ਭਾਈ ਨੂੰ ਬੜਾ ਰੰਗ ਚੜ੍ਹਿਆ। ਉਸਨੇ ਆਪਣੀ ਮਾਂ ਨੂੰ ਤੈਸ਼ ਵਿੱਚ ਆ ਕੇ ਕਹਿ ਦਿੱਤਾ ਕਿ ਮਾਂ ਤੂੰ ਦੇਖੀਂ, ਮੇਰਾ ਵਿਆਹ ਕਿਸੇ ਰਾਜ ਕੁਮਾਰੀ ਨਾਲ ਹੋਊ। ਰਾਜਾ ਖ਼ੁੱਦ ਆਪਣੀ ਧੀ ਦਾ ਵਿਆਹ ਮੇਰੇ ਨਾਲ ਕਰੂ। ਡਰ ਨਾਲ ਮਾਂ ਨੇ ਡੇਢ ਗਿੱਠੇ ਦੇ ਮੂੰਹ 'ਤੇ ਹੱਥ ਰੱਖ ਦਿੱਤਾ। ਉਹ ਰੋਂਦੀ ਹੋਈ ਬੋਲੀ, 'ਵੇ ਪੁੱਤ, ਜਾਨ ਗਵਾਉਣੀ ਐ ? ਕਿਸੇ ਨੇ ਰਾਜੇ ਨੂੰ ਦੱਸ ਦਿੱਤਾ ਤਾਂ ਅਨਰਥ ਹੋਜੂ।' ਬੋਲਦਿਆਂ-ਬੋਲਦਿਆਂ ਫੇਕੂ ਅਸਮਾਨ ਵੱਲ



ਵੇਖਣ ਲੱਗ ਸੀ।

"ਫਿਰ ਕੀ ਹੋਇਆ ?" ਸੁਨੈਨਾ ਕਹਾਣੀ ਵਿੱਚ ਗੁਆਚ ਗਈ ਸੀ।

" ਫਿਰ ਕੀ ਹੋਣਾ ਸੀ ? ਉਹੀ ਹੋਇਆ ਜੋ ਹਮੇਸ਼ਾਂ ਕਿਸੇ ਪ੍ਰੇਮੀ ਨਾਲ ਹੁੰਦਾ ਆ ਰਿਹਾ। ਰਾਜੇ ਨੇ ਫ਼ੁਰਮਾਨ ਜਾਰੀ ਕਰ ਦਿੱਤਾ ਕਿ ਜਿੱਥੇ ਵੀ ਹੋਵੇ ਡੇਢ ਗਿੱਠੇ ਨੂੰ ਪਰਿਵਾਰ ਸਮੇਤ ਪਕੜ ਕੇ ਹਾਜ਼ਰ ਕੀਤਾ ਜਾਵੇ। ਕਿਸਮਤ ਨਾਲ ਡੇਢ ਗਿੱਠਾ ਆਪ ਤਾਂ ਬਚ ਗਿਆ ਕਿਉਂਕੇ ਉਹ ਬਾਹਰ ਖੇਡਣ ਗਿਆ ਹੋਇਆ ਸੀ ਪਰ ਉਸਦੇ ਮਾਂ-ਬਾਪ ਨੂੰ ਫੜਕੇ ਕਾਲ ਕੋਠੜੀ ਵਿੱਚ ਬੰਦ ਕਰ ਦਿੱਤਾਂ।" ਫੇਕੂ ਕੁੱਝ ਚਿਰ ਲਈ ਚੁੱਪ ਹੋ ਗਿਆ।

" ਅੱਗੇ ਕੀ ਹੋਇਆ ?" ਸੁਨੈਨਾ ਰੋਣਹਾਕੀ ਜਿਹੀ ਹੋ ਗਈ। ਉਹ ਕੁਰਸੀ ਤੋਂ ਉੱਠ ਕੇ ਫੇਕੂ ਦੇ ਕੋਲ ਹੀ ਮੰਜੇ 'ਤੇ ਬੈਠ ਗਈ।

"ਹੋਣਾ ਕੀ ? ਡੇਢ ਗਿੱਠੇ ਭਰਾ ਨੂੰ ਵੀ ਇਸ ਗੱਲ 'ਤੇ ਵੀ ਗੁੱਸਾ ਚੜ ਗਿਆ। ਉਸਨੇ ਸਹੁੰ ਖਾਧੀ ਕਿ ਜਿੰਨਾਂ ਚਿਰ ਤੱਕ ਰਾਜੇ ਦਾ ਹੰਕਾਰ ਤੋੜ ਕੇ ਮਾਂ-ਬਾਪ ਨੂੰ ਨਹੀਂ ਛੁਡਾਉਂਦਾ ਅਤੇ ਰਾਜਕੁਮਾਰੀ ਨਾਲ ਵਿਆਹ ਨ੍ਹੀ ਕਰਾਉਂਦਾ, ਉਨ੍ਹਾ ਚਿਰ ਤੱਕ ਪਿੰਡ ਵਾਲਿਆਂ ਨੂੰ ਮੂੰਹ ਨ੍ਹੀ ਦਿਖਾਉਣਾ। ਉਸਤੋਂ ਬਾਅਦ ਡੇਢ ਗਿੱਠੇ ਭਾਈ ਨੇ ਬਾਂਸ ਅਤੇ ਲੱਕੜਾਂ ਵੱਢ ਕੇ ਇੱਕ ਛੋਟੀ ਗੱਡੀ ਬਣਾਈ, ਉਹਨਾਂ ਅੱਗੇ ਬਲਦਾ ਦੀ ਥਾਂ ਦੋ ਚੂਹੇ ਜੋੜੇ ਤੇ ਚੱਲ ਪਿਆ ਰਾਜੇ ਦੇ ਮਹਿਲਾਂ ਵੱਲ। ਉਹ ਜੰਗਲ ਵਿੱਚ ਬਹਤ ਦੂਰ ਤੱਕ ਚਲਾ ਗਿਆ। ਰਾਹ ਵਿੱਚ ਉਸਨੂੰ ਅੱਗ ਮਿਲੀ। ਓਂਗ ਨੇ ਡੇਢ ਗਿੱਠੇ ਭਾਈ ਤੋਂ ਪੁੱਛਿਆ, "ਡੇਢ ਗਿੱਠੇ ਭਾਈ ਸਾਬ੍ਹ, ਕਿਥੇ ਜਾ ਰਹੇ ਓ ?" ਡੇਢ ਗਿੱਠੇ ਨੇ ਤੁਰੰਤ ਜੁਆਬ ਦਿੱਤਾ,

ਆਠ-ਕਾਠ ਦੀ ਗੱਡੀ ਬਣਾਈ ਚੂਹੇ ਜੋੜ ਲਿਜਾਂਦਾ ਰਾਜੇ ਕੰਜ਼ਰ ਨੇ ਮਾਂ-ਬਾਪ ਫੜਲੇ ਉਹ ਛੁਡਾਵਣ ਜਾਂਦਾ।

ਡੇਢ ਗਿੱਠੇ ਦਾ ਦਰਦ ਸੁਣਕੇ ਅਗਨੀ ਨੂੰ ਤਰਸ ਆ ਗਿਆ। ਉਹ ਬੋਲੀ, "ਦੋਸਤ ! ਤੂੰ ਮੁਸੀਬਤ ਵਿੱਚ ਏਂ। ਮੈਂ ਤੇਰੀ ਸਹਾਇਤਾ ਕਰਨੀ ਚਹੁੰਦੀ ਹਾਂ, ਤੇਰੇ ਨਾਲ ਚੱਲਾਂ?"

ਡੇਢ ਗਿੱਠੇ ਭਾਈ ਨੇ ਖੁਸ਼ੀ-ਖੁਸ਼ੀ ਅੱਗ ਨੂੰ ਗੱਡੀ 'ਤੇ ਬਹਾਇਆ ਤੇ ਅੱਗੇ ਚੱਲ ਪਿਆ। ਕੁੱਝ ਵਾਟ ਅੱਗੇ ਜਾ ਕੇ ਪਾਣੀ ਮਿਲਿਆ। ਪਾਣੀ ਵੀ ਉਸਦਾ ਦੋਸਤ ਬਣ ਗਿਆ ਤੇ ਨਾਲ ਚੱਲ ਪਿਆ।'

"ਹੈਂਅ !" ਸੁਨੈਨਾ ਦੀਆ ਅੱਖਾਂ ਹੈਰਾਨੀ ਨਾਲ ਵੱਡੀਆ ਹੁੰਦੀਆਂ ਜਾਂਦੀਆਂ ਸਨ।

"ਇੰਜ ਸੁਨੈਨਾ ਜੀ,ਜੰਗਲ ਵਿੱਚ ਕੁੱਝ ਦੇਰ ਚੱਲਦਿਆਂ ਡੇਢ ਗਿੱਠੇ ਨੂੰ ਰੱਸੀ ਮਿਲੀ, ਡਾਂਗ ਮਿਲੀ ਅਤੇ ਫਿਰ ਸ਼ਹਿਦ ਦੀ ਮੱਖੀ ਮਿਲੀ। ਇੱਕ ਇੱਕ ਕਰਕੇ ਸਾਰੇ ਉਸਦੇ ਦੋਸਤ ਬਣ ਗਏ। ਹੁਣ ਫਿਰ ਕਾਹਦੀ ਚਿੰਤਾ ਰਹਿ ਜਾਣੀ ਸੀ? ਉਸਦੀ ਖੁਸ਼ੀ ਦਾ ਤਾਂ ਕੋਈ ਟਿਕਾਣਾ ਈ ਨਾ ਰਿਹਾ। ਹੁਣ ਉਹ ਵੱਡੇ ਤੋਂ ਵੱਡਾ ਯੁੱਧ ਜਿੱਤ ਸਕਦਾ ਸੀ।"

"ਰਾਜਾ ਤਾਂ ਡਰ ਗਿਆ ਹੋਊ?" ਸੁਨੈਨਾ ਵਿਚਾਲਿਓਂ ਹੀ ਬੋਲੀ।

" ਪਹਿਲਾਂ ਸੁਣ ਤਾਂ ਲੈ। ਰਾਜਾ ਡਰਪੋਕ ਥੋੜ੍ਹਾ ਹੁੰਦਾ ਐ? ਡੇਢ ਗਿੱਠਾ ਭਾਈ ਅੱਗ, ਪਾਣੀ, ਰੱਸੀ, ਡਾਂਗ ਅਤੇ ਮਧੂ ਮੱਖੀ ਦੀ ਫੌਜ ਨਾਲ ਰਾਜੇ ਦੇ ਮਹਿਲ ਅੱਗੇ ਪਹੁੰਚ ਲਲਕਾਰਨ ਲੱਗਿਆ, " ਕਿਥੇ ਐ ਰਾਜਾ ਜਿਸਨੇ ਮੇਰੇ ਮਾਂ-ਬਾਪ ਨੂੰ ਫੜਕੇ ਰੱਖਿਆ?" ਫੇਰ ਪਤਾ ਕੀ ਹੋਇਆ?"

" ਕੀ ਹੋਇਆ?"

" ਰਾਜੇ ਦੇ ਸਾਰੇ ਸੈਨਿਕ ਹੱਸਣ ਲੱਗੇ। ਇੱਕ ਸੈਨਿਕ ਨੇ ਆਖਿਆ, 'ਠਹਿਰ ਪਿੱਦੀ ਲਾਲਾ ! ਤੈਨੂੰ ਤਾਂ ਮਸਲਦੇ ਹਾਂ ਹੁਣੇ ਈ।' ਬੱਸ ਉਹ ਸੈਨਿਕ ਅੱਗੇ ਵਧਿਆ ਹੀ ਸੀ ਕਿ ਡੇਢ ਗਿੱਠੇ ਭਾਈ ਨੇ ਰੱਸੀ ਨੂੰ ਪੁਕਾਰਿਆ, ' ਰੱਸੀ ਨੀ ਰੱਸੀ !'

' ਕੀ ਹੁਕਮ?' ਰੱਸੀ ਬੋਲੀ।

'ਐਹੋ ਜਿਹੇ ਸੈਨਿਕ ਨੂੰ ਦੇਖੀਂ ਜ਼ਰਾ ।' ਐਨਾ ਸੁਨਣ ਦੀ ਦੇਰ ਸੀ ਕਿ ਰੱਸੀ ਆਪਣੇ ਆਪ ਆਕਾਸ਼ ਵਿੱਚ ਉੱਡਣ ਲੱਗੀ।ਇੱਕ-ਇੱਕ ਸੈਨਿਕ ਨੂੰ ਲਪੇਟ ਕਿ ਪੰਡ ਵਾਗੂੰ ਬੰਨਣ ਲੱਗੀ। ਜਦੋਂ ਸਾਰੇ ਸੈਨਿਕ ਬੰਨ੍ਹੇ ਗਏ ਤਾਂ ਡੇਢ ਗਿੱਠੇ ਭਾਈ ਸਾਬ੍ਹ ਨੇ ਡਾਂਗ ਨੂੰ ਸੱਦ ਲਿਆ, 'ਡਾਂਗ ਨੀ ਡਾਂਗ !'

'ਕੀ ਹੁਕਮ ?'

'ਐਹੋ ਜਿਹੇ ਸੈਨਿਕ ਨੂੰ ਦੇਖੀਂ ਜ਼ਰਾ।' ਹੁਣ ਡਾਂਗ ਨੇ ਇਕੱਲੇ-ਇਕੱਲੇ ਸੈਨਿਕ ਦੀ ਪਿਟਾਈ ਸ਼ੁਰੂ ਕਰ ਦਿੱਤੀ ਸੈਨਿਕ ,ਹਾਏ ਮਾਂ-ਹਾਏ ਬਾਪੂ ਕਰਦੇ ਚੀਕਣ ਲੱਗੇ।'

ਫੇਕੂ ਕਦੇ ਰਾਜੇ ਦੇ ਸੈਨਿਕ ਦੀ ਤੇ ਕਦੇ ਡੇਢ ਗਿੱਠੇ ਦੀ ਐਕਟਿੰਗ ਕਰਨ ਲੱਗਦਾ।

ਕਹਾਣੀ ਸੁਣਦਿਆਂ ਸੁਨੈਨਾ ਦੇ ਚਿਹਰੇ 'ਤੇ ਲਾਲੀ ਫਿਰਨ ਲੱਗੀ ਸੀ। ਉਹ ਖਿੜ-ਖਿੜ ਕਰਕੇ ਹੱਸਣ ਲੱਗੀ ਸੀ। ਉਹਨੂੰ ਹੱਸਦਿਆਂ ਦੇਖ ਕੇ ਫੇਕੂ ਪੂਰੇ ਨਾਟਕੀ ਢੰਗ ਨਾਲ ਕਹਾਣੀ ਅੱਗੇ ਵਧਾਉਣ ਲੱਗਾ,

"ਤਾਂ ਸੁਨੈਨਾ ਜੀ , ਮਧੂ ਮੱਖੀ ਰਾਣੀ ਵੀ ਹੁਕਮ ਮਿਲਦਿਆਂ ਹੀ ਸਾਰਿਆਂ ਦੀਆਂ ਗੱਲਾਂ ਲਾਲ ਕਰਨ ਲੱਗੀ। ਡੇਢ ਗਿੱਠੇ ਭਾਈ ਦੇ ਮੂੰਹ 'ਚੋਂ ਅੱਗ ਨੂੰ ਆਰਡਰ ਨਿਕਲਦਿਆਂ ਹੀ ਰਾਜੇ ਦਾ ਮਹਿਲ ਧੂੰ-ਧੂੰ ਕਰਕੇ ਜਲਣ ਲੱਗਾ।" ਕਹਿੰਦਿਆਂ-ਕਹਿੰਦਿਆਂ ਫੇਕੂ ਰੁਕ ਗਿਆ ਸੀ ਅਤੇ ਬਾਬੂ ਸਾਬ੍ਹ ਦੀ ਹਵੇਲੀ ਦੇ ਗੇਟ (ਜਿੱਥੇ ਉਕਰਿਆ ਹੋਇਆ ਸੀ ਸਾਹਿਬ ਨਿਵਾਸ 1947:) ਉੱਤੇ ਬੈਠੇ ਬਾਜ਼ ਨੂੰ ਦੇਖਣ ਲੱਗਿਆ।

ਸੁਨੈਨਾ ਕਹਾਣੀ ਵਿੱਚ ਇਸ ਤਰ੍ਹਾਂ ਡੁੱਬੀ ਹੋਈ ਸੀ ਕਿ ਫੇਕੂ ਦੀ ਆਵਾਜ਼ ਦੇ ਚੁੱਪ ਹੋ ਜਾਣ 'ਤੇ ਬੁਖਲਾ ਉੱਠੀ। ਉਸਨੇ ਦੋਵਾਂ ਹੱਥਾਂ ਨਾਲ ਫੇਕੂ ਨੂੰ ਝੰਜੋੜਿਆ , " ਛੇਤੀਂ ਛੇਤੀ ਦੱਸੋ, ਫਿਰ ਕੀ ਹੋਇਆ?"

" ਹਾਂ ! ਦਸਾਂ ਦਿਸ਼ਾਵਾਂ ਤੋਂ ਹੀ ਹਵਾ ਵਗਣ ਲੱਗੀ। ਰਾਜੇ ਦਾ ਮਹਿਲ ਸੜਕੇ ਸਵਾਹ ਬਨਣ ਲੱਗਾ। ਡਾਂਗ,ਰੱਸੀ,ਮਧੂ ਮੱਖੀ ਤੇ ਅੱਗ ਆਪਣੀ-ਆਪਣੀ ਡਿਊਟੀ 'ਤੇ ਲੱਗੇ ਹੋਏ ਸਨ। ਦੇਖਦੇ ਹੀ ਦੇਖਦੇ ਤਰਾਹ-ਤਰਾਹ ਹੋਣ ਲੱਗੀ। ਕੀ ਪਟਵਾਰੀ, ਕੀ ਸਿਪਾਹੀ, ਸਾਰੇ ਭੱਜਣ ਲੱਗੇ। ਰਾਜੇ ਦੇ ਅਥਾਹ ਜ਼ੁਲਮਾਂ ਦੀ ਸਤਾਈ ਪਰਜਾ ਖੁਸ਼ ਹੋਣ ਲੱਗੀ। ਰਾਜੇ ਨੇ ਤਾਂ ਕਦੇ ਸੁਪਨੇ 'ਚ ਵੀ ਨਹੀਂ ਸੋਚਿਆ ਹੋਣਾ ਕਿ ਇੱਕ ਡੇਢ ਗਿੱਠ ਦਾ ਜੁਆਨ, ਉਸਦੀ ਸੋਨੇ ਦੀ ਲੰਕਾ ਨੂੰ ਸਾੜ ਕੇ ਸਵਾਹ ਕਰ ਦੇਊ। ਰਾਜਾ ਮਾਈ ਬਾਪ-ਮਾਈ ਬਾਪ ਕਰਦਾ ਪੈਰੀਂ ਆ ਡਿੱਗਿਆ। ਗਿੜਗੜਾਉਣ। ਜਾਨ ਕੀਹਨੂੰ ਪਿਆਰੀ ਨਹੀਂ ਹੁੰਦੀ? ਆਖਰ ਡੇਢ ਗਿੱਠੇ ਭਾਈ ਨੂੰ ਤਰਸ ਆ ਗਿਆ । ਆਉਣਾ ਹੀ ਸੀ। ਆਖਰ ਉਹ ਕੋਈ ਰਾਜਾ ਜਾਂ ਜ਼ਿਮੀਦਾਰ ਤਾਂ ਹੈ ਨਹੀਂ ਸੀ ਕਿ ਉਸਦੇ ਦਿਲ ਵਿੱਚ ਤਰਸ ਦੀ ਭਾਵਨਾ ਹੁੰਦੀ ਹੀ ਨਾ ! ਉਸਨੇ ਅੱਖਾਂ ਬੰਦ ਕਰਕੇ ਪਾਣੀ ਨੂੰ ਆਵਾਜ਼ ਮਾਰੀ। 'ਕੀ ਹੁਕਮ ਐ ?' ਪਾਣੀ ਨੇ ਡੇਢ ਗਿੱਠੇ ਅੱਗੇ ਝੁਕਦਿਆਂ ਪੁਛਿਆ। ਹੁਕਮ ਮਿਲਦਿਆਂ ਹੀ ਬੱਦਲ ਗਰਜਣ ਲੱਗਾ। ਬਿਜਲੀ ਚਮਕੀ। ਰਿਮਝਿਮ-ਰਿਮਝਿਮ ਬਾਰਸ਼ ਹੋਣ ਲੱਗੀ। ਫਿਰ ਡੇਢ ਗਿੱਠੇ ਨੇ ਇੱਕ-ਇੱਕ ਕਰਕੇ ਰੱਸੀ, ਡਾਂਗ,ਅੱਗ ਅਤੇ ਮਧੂ ਮੱਖੀ ਨੂੰ ਸ਼ਾਂਤ ਕੀਤਾ। ਰਾਜੇ ਦੀ ਜਾਨ ਵਿੱਚ ਜਾਨ ਆਈ। ਉਸਨੇ ਪੂਰੇ ਇਜ਼ਤ ਮਾਨ ਨਾਲ ਡੇਢ ਗਿੱਠੇ ਦੇ ਮਾਂ-ਬਾਪ ਨੂੰ ਛੱਡ ਦਿੱਤਾ ਅਤੇ ਹਲ-ਬੈਲ ਵੀ ਵਾਪਸ ਕਰ ਦਿੱਤੇ। ਜਦੋਂ ਉਹ ਮਾਂ-ਬਾਪ ਨੂੰ ਲੈ ਕੇ ਚੱਲਣ ਲੱਗਾ ਤਾਂ ਰਾਜਾ ਉਸਦੇ ਅੱਗੇ ਹੱਥ ਜੋੜ ਕੇ ਖੜ ਗਿਆ।"

ਫੇਕੂ ਰਾਜੇ ਦੀ ਐਕਟਿੰਗ ਕਰਦਿਆਂ ਸੁਨੈਨਾ ਅੱਗੇ ਹੱਥ ਜੋੜ ਕੇ ਖੜ ਗਿਆ, " ਡੇਢ ਗਿੱਠੇ ਭਾਈ ! ਹੁਣ ਤਾਂ ਮੈਨੂੰ ਮੁਆਫ ਕਰ ਦਿਓ। ਮੈਂ ਆਪਣੀ ਬੇਟੀ ਤੁਹਾਨੂੰ ਦੇ ਕੇ ਆਪਣੀ ਗਲਤੀ ਦਾ ਪਸ਼ਚਾਤਾਪ ਕਰਨਾ ਚਹੁੰਦਾ ਹਾਂ।"

"ਡੇਢ ਗਿੱਠੇ ਭਾਈ ਨੇ ਕੀ ਕਿਹਾ ?" ਸੁਨੈਨਾ ਬੋਲੀ ਸੀ।

"ਉਹ ਕੀ ਕਹਿੰਦਾ? ਅੰਦਰੋਂ ਤਾਂ ਉਸਦਾ ਮਨ ਬਾਗੋ-ਬਾਗ ਸੀ ਪਰ ਉਪਰੋਂ-ਉਪਰੋਂ ਉਸਨੇ ਗੁੱਸਾ ਦਿਖਾਇਆ। ਫਿਰ ਰਾਜੇ ਦੇ ਬਹੁਤਾ ਹੀ ਮਨਾਉਣ 'ਤੇ ਰਾਜ਼ੀ ਹੋ ਗਿਆ ਅਤੇ ਅੱਧਾ ਰਾਜ-ਭਾਗ ਲੈ ਕੇ ਹੱਸਦਿਆਂ-ਖੇਡਦਿਆਂ ਆਪਣੇ ਪਿੰਡ ਆਇਆ।"



ਕਹਾਣੀ ਸਮਾਪਤ ਹੋ ਗਈ ਸੀ। ਦੋਵੇਂ ਚੁੱਪ ਸਨ। ਕੁੱਝ ਦੇਰ ਬਾਅਦ ਫੇਕੂ ਬੋਲਿਆ, "ਇੱਕ ਗੱਲ ਦੱਸਾਂ ?"

"ਕੀ ?"

"ਜਿਹੜਾ ਡੇਢ ਗਿੱਠਾ ਭਾਈ ਸੀ ,ਉਹ ਮੇਰੀ ਹੀ ਜਾਤ ਬਿਰਾਦਰੀ ਦਾ ਸੀ,"

"ਤੇ ਰਾਜ ਕੁਮਾਰੀ?"

ਫੇਕੂ ਦਾ ਦਿਲ ਜ਼ੋਰ-ਜ਼ੋਰ ਨਾਲ ਧੜਕਣ ਲੱਗਾ, ਜਿਵੇਂ ਜਨਤਾ ਐਕਸਪਰੈੱਸ ਕਮਲਾ ਪੁੱਲ ਉੱਤੋਂ ਦੀ ਲੰਘ ਰਹੀ ਹੋਵੇ। ਪਿਆਸ ਨਾਲ ਸੰਘ ਸੁੱਕਣ ਲੱਗਾ ਸੀ। ਸ਼ਬਦ ਬੁੱਲ੍ਹਾਂ 'ਤੇ ਚੜ-ਚੜ ਕੇ ਤਿਲਕ ਜਾਂਦੇ ਸਨ। ਉਹ ਕਹਿਣਾ ਕੁੱਝ ਹੋਰ ਚਹੁੰਦਾ ਸੀ ਪਰ ਕਹਿ ਕੁੱਝ ਹੋਰ ਹੀ ਗਿਆ। ਦੋਵੇਂ ਅੱਖਾਂ ਬੰਦ ਕਰਕ ਉਹ ਇੱਕੋ ਸਾਹੇ ਬੋਲਿਆ ਸੀ, "ਤੇਰੀਆਂ ਅੱਖਾਂ ਵੀ ਜਵਾਂ ਉਸ ਰਾਜ ਕੁਮਾਰੀ ਵਰਗੀਆਂ ਨੇ।"

ਸੁਨੈਨਾ ਸੰਗ ਜਿਹੀ ਗਈ ਸੀ। ਉਹ ਚੁੱਪ-ਚਾਪ ਇੱਕ ਟੱਕ ਫੇਕੂ ਨੂੰ ਵੇਖਦੀ ਰਹੀ। ਫੇਕੂ ਨੇ ਟੇਡੀਆਂ ਨਿਗਾਹਾਂ ਨਾਲ ਦੇਖਿਆ। ਉਸਨੂੰ ਲੱਗਾ ਜਿਵੇਂ ਸੁਨੈਨਾ ਦੀਆਂ ਵੱਡੀਆਂ ਵੱਡੀਆਂ ਅੱਖਾਂ ਦਿਲ ਅੰਦਰ ਧੱਸ ਆਉਣਗੀਆਂ।

ਫੇਕੂ ਅੱਖਾਂ ਦੇ ਸਮੁੰਦਰ ਵਿੱਚ ਤੈਰਨ ਲੱਗਾ। ਉਹ ਬੋਲਣ ਲਈ ਮੂੰਹ ਖੋਲਣ ਹੀ ਲੱਗਾ ਸੀ ਕਿ ਜ਼ੋਰਦਾਰ ਥੱਪੜ ਉਸਦੇ ਕੰਨਾਂ ਨੂੰ ਸੁੰਨ ਕਰਕੇ ਰੱਖ ਗਿਆ। ਉਹ ਅਚਾਨਕ ਸੁਪਨੇ 'ਚੋਂ ਯਥਾਰਥ ਵਿੱਚ ਪਟਕ ਦਿੱਤਾ ਗਿਆ ਸੀ। ਸਾਹਮਣੇ ਦੋ ਵੱਡੀਆਂ-ਵੱਡੀਆਂ ਅੱਖਾਂ ਸਨ, ਸੁਨੈਨਾ ਦੀਆਂ ਨਹੀਂ ਉਸਦੇ ਪਿਤਾ ਜ਼ਿਮੀਦਾਰ ਬਾਬੂ ਸਾਬ੍ਹ ਦੀਆਂ। ਕਹਿਰ ਵਰਾਉਂਦੀਆਂ ਲਾਲ-ਲਾਲ ਅੱਖਾਂ। ਇਸਤੋਂ ਪਹਿਲਾਂ ਕਿ ਫੇਕੂ ਕੁੱਝ ਬੋਲ ਸਕਦਾ, ਉਸਤੇ ਲੱਤਾਂ ਘਸੁੰਨਾ ਦੀ ਬਰਸਾਤ ਹੋਣ ਲੱਗੀ ਸੀ। ਬਾਬੂ ਸਾਬ੍ਹ ਗਰਜ਼ ਰਿਹਾ ਸੀ, " ਸਾਲਾਂ ਤੇਰੀ ਮਾਂ ਸਾਲੀ ਜਾਤ। ਕੰਮ ਨਾ ਧੰਦਾ। ਏਥੇ ਬੈਠ ਕੇ ਜਵਾਕਾਂ ਨੂੰ ਬਹਿਕਾਉਂਦਾ। ਕਰਾਉਣਾ ਤੈਨੂੰ ਨਾਨੀ ਆਲੀਆਂ ਬਾਤਾਂ ਯਾਦ !"

ਫੇਕੂ ਦੇ ਹੱਥ ਪੈਰ ਉਲਟਾ ਕੇ ਪਿੱਠ ਦੇ ਪਿੱਛੇ ਬੰਨ੍ਹ ਦਿੱਤੇ ਸਨ। ਉਹ ਜਿਵੇਂ ਪਾਗਲ ਹੀ ਹੋ ਗਿਆ ਸੀ। ਫੇਕੂ ਦੀ ਪਿੱਠ 'ਤੇ ਬੈਂਤ ਵਰਾਉਂਦਿਆਂ ਪਸੀਨੇ ਨਾਲ ਲੱਥ-ਪੱਥ ਹੋ ਗਿਆ। ਅੱਖਾਂ ਜਿਵੇਂ ਅੱਗ ਦੇ ਗੋਲੇ ਹੋਣ। ਉਹ ਦਹਾੜਿਆ ਸੀ, "ਸਾਲਿਆ ਥੁੱਕ ਸਿੱਟ ਕੇ ਚੱਟ ! ਫੇਰ ਕਰੇਂਗਾ ਐਹੋ ਜਿਹਾ ਕੰਮ ?"

ਫਿਰ ਆਪਣੇ ਬੇਟੇ ਨੂੰ ਹੁਕਮ ਦਿੱਤਾ ਸੀ, "ਏਹਨੂੰ ਮਾਂ ਦੇ ਖਸਮ ਨੂੰ ਪਿਸ਼ਾਬ ਪਿਆਓਂ ਆਪੇ ਭੁੱਲਜੂ ਸਾਰਾ ਕੁੱਝ !"

.........................................

" ਥੂਅ...ਆਂ !"

ਫੇਕੂ ਨੇ ਪਿਚਕਾਰੀ ਮਾਰ ਕੇ ਥੁੱਕ ਸੁੱਟਿਆ । ਦਿਲ ਅੱਕਲਕਾਣ ਹੋਣ ਲੱਗਾ ਸੀ। ਆਪਣੇ ਹੀ ਮੂੰਹ ਵਿੱਚੋਂ ਨਿਕਲਿਆ ਥੁੱਕ ਜ਼ਮੀਨ 'ਤੇ ਡਿੱਗ ਕੇ ਕਿੰਨਾ ਘਿਨੌਣਾ ਹੋ ਜਾਂਦਾ ਹੈ ? ਇਸ ਘਟਨਾ ਤੋਂ ਬਾਅਦ ਤਾਂ ਜਿਵੇਂ ਉਹ ਅਪਾਹਜ ਹੀ ਹੋ ਗਿਆ ਸੀ। ਫੇਕੂ ਨੂੰ ਵਾਰ-ਵਾਰ ਡੇਢ ਗਿੱਠੇ ਭਾਈ ਦੀ ਯਾਦ ਆਉਂਦੀ। ਉਹ ਸੋਚਦਾ ਕਿ ਕਾਸ਼ ! ਉਹ ਵੀ ਡੇਢ ਗਿੱਠੇ ਭਾਈ ਵਾਂਗ ਬਾਬੂ ਸਾਬ੍ਹ ਕੋਲੋਂ ਬਦਲਾ ਲੈ ਸਕਦਾ । ਰਾਤ ਨੂੰ ਉਹ ਭਿਆਨਕ-ਭਿਆਨਕ ਸੁਪਨੇ ਵੇਖਦਾ। ਹਮੇਸ਼ਾਂ ਗੁੰਮ-ਸੁੰਮ ਰਹਿੰਦਾ। ਕਿਸੇ ਨਾਲ ਖੁੱਲ ਕੇ ਗੱਲਾਂ ਵੀ ਨਹੀਂ ਸੀ ਕਰਦਾ।

ਪਰ ਹੁਣ ਵੀਹ ਸਾਲਾਂ ਬਾਅਦ ਉਸਦੀ ਵਿੰਗੀ ਟੰਗ ਸਿੱਧੀ ਹੋਣ ਲੱਗੀ ਹੈ। ਰੀੜ੍ਹ ਦੀ ਹੱਡੀ ਵਿੱਚ ਫਿਰ ਤੋਂ ਤਨਾਅ ਆਉਣ ਲੱਗਾ ਹੈ। ਹੁਣ ਉਸਦਾ ਬੇਟਾ ਕਿਸੇ ਦਾ ਵਾਗੀ ਨਹੀਂ ਹੈ। ਉਹ ਸਕੂਲ ਜਾਂਦਾ ਹੈ ਅਤੇ ਪੜਾਈ ਵਿੱਚ ਬਾਬੂ ਸਾਬ੍ਹ ਦੇ ਪੋਤੇ ਨੂੰ ਪਛਾੜ ਰਿਹਾ ਹੈ। ਬਾਬੂ ਸਾਬ੍ਹ ਦੇ ਖ਼ੂਨ ਨੂੰ। ਹਜ਼ਾਰਾਂ ਸਾਲ ਦੀ ਗੁਲਾਮੀ ਨੂੰ !

ਬਾਬੂ ਸਾਹਬ ਪਾਸਵਾਨ ਨੂੰ ਵੀ ਉਦੋਂ ਬੜਾ ਬੁਰਾ ਲੱਗਦਾ ਹੈ ਜਦੋਂ ਕੋਈ ਉਸਦੇ ਬਾਪ ਨੂੰ 'ਫੇਕੂਆ' ਕਹਿੰਦਾ ਹੈ। ਸਕੂਲ ਵਿੱਚ ਸਾਰੇ ਉਸਨੂੰ "ਫੇਕੂ ਦਾ ਪੁੱਤ" ਕਹਿਕੇ ਹੀ ਬੁਲਾਉਂਦੇ ਹਨ। ਇੱਥੋਂ ਤੱਕ ਕਿ ਮਾਸਟਰ ਗੁਨਾਨੰਦ ਝਾਅ ਵੀ। ਇੱਕ ਦਿਨ ਤਾਂ ਬਾਬੂ ਸਾਹਬ ਨੇ ਮਾਸਟਰ ਜੀ ਨੂੰ ਕਹਿ ਵੀ ਦਿੱਤਾ ਸੀ, "ਗੁਰੂ ਜੀ ਮੇਰੇ ਪਿਤਾ ਦਾ ਨਾਮ ਪੀ ਪਾਸਵਾਨ ਹੈ।" ਫੇਕੂ ਨੂੰ ਅਜਿਹੀਆਂ ਗੱਲਾਂ ਸੁਣਕੇ ਤਸੱਲੀ ਮਿਲਦੀ ਤੇ ਉਸਨੂੰ ਲੱਗਦਾ ਕਿ ਉਹ ਸੱਚਮੁੱਚ ਫੇਕੂ ਤੋਂ ਪੀ ਪਾਸਵਾਨ ਬਣ ਗਿਆ ਹੋਵੇ।

ਰਾਤ ਗਾੜ੍ਹੀ ਹੁੰਦੀ ਜਾ ਰਹੀ ਸੀ। ਫੇਕੂ ਨੇ ਘੜੀ ਵੇਖੀ, ਉਸਨੂੰ ਪਤਾ ਹੀ ਨਹੀਂ ਚੱਲਿਆ,ਕਦੋਂ ਗਿਆਰਾਂ ਵੱਜ ਗਏ। ਨਸ਼ਾ ਕਦੋਂ ਦਾ ਖ਼ਤਮ ਹੋ ਚੁੱਕਾ ਸੀ। ਬਾਬੂ ਸਾਬ੍ਹ ਕਦੋਂ ਉੱਥੋਂ ਗਾਇਬ ਹੋ ਗਿਆ, ਉਸਨੂੰ ਕੁੱਝ ਪਤਾ ਨਹੀਂ ਸੀ ਲੱਗਾ। ਉਸਨੇ ਬਾਬੂ ਸਾਬ੍ਹ ਦੀ ਲੰਮੀ-ਚੌੜੀ ਹਵੇਲੀ ਵੱਲ ਵੇਖਿਆ। ਹਨੇਰੇ ਵਿੱਚ ਹਵੇਲੀ ਕਿਸੇ ਦੈਂਤ ਵਾਗੂੰ ਲੱਗ ਰਹੀ ਸੀ। ਉਹ ਘਰ ਚੱਲਣ ਹੀ ਲੱਗਾ ਸੀ ਕਿ ਹਨੇਰੇ ਵਿੱਚ ਕੋਈ ਆਕਾਰ ਬਣਦਾ ਨਜ਼ਰ ਆਇਆ ਜਿਸਨੂੰ ਪਛਾਣਦਿਆਂ ਦੇਰ ਨਾ ਲੱਗੀ। ਮੋਢੇ 'ਤੇ ਝੋਲਾ ਲਟਕਾਈ ਰਾਮ ਸੁੰਦਰ ਸੀ।

ਫੇਕੂ ਨੇ ਦੂਰੋਂ ਹੀ ਨਮਸਕਾਰ ਕੀਤੀ , "ਪਰਣਾਮ ਰਾਮ ਸੁੰਦਰ ਭਰਾ।"

"ਕਿਵੇਂ ਹੋ? ਕਰਮਚਾਰੀ ਨੇ ਜ਼ਮੀਨ ਦੀ ਰਸੀਦ ਦਿੱਤੀ ?" ਰਾਮ ਸੁੰਦਰ ਗੰਭੀਰ ਸੀ।

"ਉਹ ਤਾਂ ਟਾਲ-ਮਟੋਲ ਜਿਹੀ ਕਰਦਾ। ਕਹਿੰਦਾ ਸੌ ਸਾਲ ਪਹਿਲਾਂ ਦੇ ਸਰਵੇ ਵਾਲਾ ਕਾਗਜ਼ ਦਿਖਾਓ। ਨਾਲੇ ਇਹ ਬਾਬੂ ਸਾਬ੍ਹ ਦਾ ਬੀਅ ਸਾਰਿਆਂ ਦੇ ਪਿੱਛੇ ਪਿਆ ਕਿ ਕਾਗਜ਼ ਦਿਖਾਓ ਨਹੀਂ ਤਾਂ ਜ਼ਮੀਨ ਖਾਲੀ ਕਰੋ। ਭਰਾਵਾ ਹੁਣ ਤੂੰ ਈ ਦੱਸ ਪੂਰੇ ਪਿੰਡ ਦੇ ਕਾਗਜ਼-ਪੱਤਰ ਤਾਂ ਹਵੇਲੀ ਵਾਲਿਆਂ ਨੇ ਦੱਬ ਰੱਖੇ, ਫਿਰ ਅਸੀਂ ਕੀ ਕਰੀਏਂ?"

ਰਾਮ ਸੁੰਦਰ ਕੁੱਝ ਦੇਰ ਚੁੱਪ ਰਿਹਾ ਫਿਰ ਬੋਲਿਆ, "ਦੇਖੋ ਫੇਕੂ,ਜਿਸਨੇ ਹਜ਼ਾਰਾਂ ਸਾਲਾਂ 'ਤੋਂ ਦਲਿਤਾਂ-ਅਣਹੋਇਆਂ ਨੂੰ ਗੁਲਾਮ ਬਣਾ ਕੇ ਰੱਖਿਆ ਹੋਵੇ,ਉਹ ਐਨੀ ਛੇਤੀ ਹਾਰ ਨੀ ਮੰਨਣ ਵਾਲਾ। ਇੱਕ ਗੱਲ ਸਮਝ ਲੈ, ਸਿਰਫ ਨਾਂ ਰੱਖ ਲੈਣ ਨਾਲ ਈ 'ਬਾਬੂ ਸਾਬ੍ਹ' ਨ੍ਹੀ ਬਣਿਆ ਜਾਣਾ, ਇਸ ਵਾਸਤੇ ਬਹੁਤ ਲੰਬੀ ਲੜਾਈ ਲੜਨੀ ਪੈਣੀ ਹੈ। ਇਹਨਾਂ ਲੋਕਾਂ ਦੀ ਪਹੁੰਚ ਉਪਰ ਤੱਕ ਹੈ। ਮੈਨੂੰ ਤਾਂ ਇਹ ਪਤਾ ਚੱਲਿਆ ਕਿ ਏਹ ਸਾਰੇ ਰਲਕੇ ਤੇਰੇ ਘਰ 'ਤੇ ਹਮਲਾ ਕਰਨ ਵਾਲੇ ਨੇ। ਭਾਈ ਸਮਾਂ ਰਹਿੰਦਿਆਂ ਹੀ ਚੁਕੰਨਾ ਹੋਜਾ।"

" ਕੀ ਗੱਲ ਕਰਦੇਂ ਭਰਾਵਾ ? ਹੁਣ ਉਹ ਸਮਾਂ ਨ੍ਹੀ ਰਿਹਾ ਜਦੋਂ ਕੋਈ ਵੀ ਗਰੀਬ-ਗੁਰਬੇ ਦਾ ਘਰ ਆਪਣੀ ਮਰਜ਼ੀ ਨਾਲ ਉਜਾੜ ਦਿੰਦਾ ਸੀ।" ਫੇਕੂ ਪੂਰੀ ਤਰਾਂ ਨਿਸ਼ਚਿੰਤ ਸੀ।"

"ਚਲੋ ਅੱਛਾ !ਕੋਈ ਦਿੱਕਤ ਹੋਈ ਤਾਂ ਮੈਨੂੰ ਦੱਸੀਂ। ਵੈਸੇ ਮੈਂ ਇੱਕ ਮਹੀਨੇ ਵਾਸਤੇ ਨਿਪਾਲ ਜਾ ਰਿਹਾਂ। ਤੂੰ ਸਾਥੀ ਮਹੇਸ਼ ਦੇ ਸੰਪਰਕ ਵਿੱਚ ਰਹੀਂ।"

ਰਾਮ ਸੁੰਦਰ ਚਲਾ ਗਿਆ ਸੀ। ਫੇਕੂ ਵੀ ਘਰ ਨੂੰ ਚੱਲ ਪਿਆ।

ਘਰ ਪਹੁੰਚਦਿਆਂ ਹੀ ਪਤਨੀ ਵਰ੍ਹਣ ਲੱਗੀ ਸੀ, "ਤੈਨੂੰ ਕੋਈ ਕੰਮ ਧੰਦਾ ਹੈ ਕਨ੍ਹੀਂ। ਸਾਰੀ ਦਿਹਾੜੀ ਏਧਰ-ਓਧਰ ਕੌਲੇ ਕੱਛਦਾ ਰਹਿਨੈ। ਉਧਰੋਂ ਬਾਬੂ ਸਾਬ੍ਹ ਦਾ ਪੁੱਤ-ਪੋਤਾ ਆਕੇ ਧਮਕੀਆਂ ਦਿੰਦੇ ਵਈ ਜ਼ਮੀਨ ਖਾਲੀ ਕਰੋ। ਢਹਿ ਜਾਣਾ ਚਾਪੜ ਜਏ ਮੂੰਹ ਵਾਲਾ ਕਹਿੰਦਾ, 'ਹੁਣ ਤਾਂ ਤੁਸੀਂ ਲੋਕ ਆਪ ਈ ਬਾਬੂ ਸਾਬ੍ਹ ਬਣਗੇ ਓ, ਫਿਰ ਹੁਣ ਕਿਉਂ ਸਾਡੇ ਖੇਤਾਂ 'ਚ ਹੱਗਦੇ-ਮੂਤਦੇ ਓ।"ਤੈਨੂੰ ਤਾਂ ਕੋਈ ਫਿਕਰ ਈ ਹੈਨੀ।"

ਫੇਕੂ ਅੰਦਰ ਹੀ ਅੰਦਰ ਮੁਸਕਰਾਉਂਦਾ ਰਿਹਾ, "ਸਾਲਿਆਂ ਨੂੰ ਮਿਰਗੀ ਪੈਂਦੀ ਐ ਤਾਂ ਪੈਣ ਦਿਓ। ਸਾਲੇ ਵੱਡੇ ਰਾਠ। ਸਾਰੀ ਜ਼ਿਮੀਦਾਰੀਂਵਾਂੜ ਦਿਆਂਗੇ। ਐਵੇਂ ਤਾਂ ਨ੍ਹੀ ਕਹਿੰਦੇ,ਰੱਸੀ ਸੜ ਗਈ ਪਰ ਵੱਟ ਨ੍ਹੀ ਗਿਆ।"

ਕਦੇ-ਕਦੇ ਫੇਕੂ ਨੂੰ ਰਾਮ ਸੁੰਦਰ 'ਤੇ ਗੁੱਸਾ ਆਉਂਦਾ। ਉਹ ਜਾਣਦਾ ਹੈ ਕਿ ਰਾਮ ਸੁੰਦਰ ਇਮਾਨਦਾਰ ਹੈ ਅਤੇ ਗਰੀਬਾਂ ਵਾਸਤੇ ਲੜਦਾ ਹੈ ਪਰ ਗੱਲਾਂ ਬਹੁਤ ਔਖੀਆਂ-ਔਖੀਆਂ ਕਰਦਾ। ਉਸਦੀ ਵਿਵਸਥਾ



ਬਦਲਣ ਵਾਲੀ ਗੱਲ ਨ੍ਹੀ ਸਮਝ ਵਿੱਚ ਆਉਂਦੀ ਪੂਰੀ ਤਰ੍ਹਾਂ। ਆਖਦਾ ਹੈ ਨਾਂ ਬਦਲਣ ਨਾਲ ਕੁੱਝ ਨਹੀਂ ਹੋਣਾ। ਜੇ ਭਲਾ ਪਿੰਡ ਦਾ ਹਰੇਕ ਈ ਦਲਿਤ ਮਜ਼ਦੂਰ, ਬ੍ਰਾਹਮਣ-ਰਾਜਪੂਤ ਦਾ ਨਾਮ ਖੋਹ ਲਵੇ, ਫਰਕ ਕਿਉਂ ਨਾ ਪਊ ? ਆਹ ਬਾਬੂ ਸਾਬ੍ਹ ਦਾ ਪਰਿਵਾਰ ਹੀ ਵੇਖਲੋ, ਕਿਵੇਂ ਤਿਲਮਿਲਾਉਂਦਾ ਫਿਰਦੈ। ਉਸ ਦਿਨ ਡੀ ਸੀ ਸਾਬ੍ਹ ਨੇ ਖ਼ੁੱਦ ਭਾਸ਼ਣ ਮੁਕਾਬਲੇ 'ਚ ਬਾਬੂ ਨੂੰ ਮੈਡਲ ਪਹਿਨਾਇਆ ਸੀ। ਊਂ ਵੀ ਮੇਰੇ ਪੁੱਤ ਬਾਬੂ ਨੇ ਇਹ ਮੈਡਲ "ਬਾਬੂ ਸਾਬ੍ਹ" ਦੇ ਪੋਤੇ ਨੂੰ ਹਰਾ ਕੇ ਜਿੱਤਿਆ ਸੀ। ਇਹ ਭਲਾ ਕੋਈ ਛੋਟੀ ਗੱਲ ਐ ?

ਫੇਕੂ ਦੀਆਂ ਅੱਖਾਂ ਭਾਰੀ ਹੋਣ ਲੱਗੀਆਂ ਸਨ। ਉਸਨੂੰ ਲੱਗਿਆ ਜਿਵੇਂ ਡੇਢ ਗਿੱਠਾ ਭਾਈ ਆਕੇ ਉਸਦੀ ਲੱਤ ਨੂੰ ਪਲੋਸ ਰਿਹਾ ਹੋਵੇ। ਸੋਚਦਿਆਂ-ਸੋਚਦਿਆਂ ਕਦੋਂ ਨੀਂਦ ਆ ਗਈ, ਫੇਕੂ ਨੂੰ ਪਤਾ ਹੀ ਨਾ ਲੱਗਾ। ਸਵੇਰੇ ਵਿਹੜੇ 'ਚੋਂ ਆ ਰਿਹਾ ਰੌਲਾ ਸੁਣਕੇ ਹੀ ਉਸਦੀਆਂ ਅੱਖਾਂ ਖੁੱਲੀਆਂ ਸਨ। ਆਵਾਜ਼ ਪਛਾਣਦਿਆਂ ਦੇਰ ਨਹੀਂ ਸੀ ਲੱਗੀ। ਰਘੂਨੰਦਨ ਪ੍ਰਸ਼ਾਦ ਦਾ ਵੱਡਾ ਮੁੰਡਾ ਡੱਬਲੂ ਅਤੇ ਉਸਦਾ ਮੁਕਾਮਪੁਰ ਵਾਲਾ ਸਾਲਾ ਸੀ। ਡੱਬਲੂ ਵਿਹੜੇ ਦੇ ਵਿਚਾਲੇ ਖੜਾ ਗ਼ਰਜ਼ ਰਿਹਾ ਸੀ, "ਬਾਹਰ ਨਿਕਲ ਵੱਡਿਆ ਸਾਲਿਆ। ਕਿਹੜੀ ਖੁੱਢ 'ਚ ਵੜ ਗਿਆਂ ? ਦਿਖਾਉਂਨੇ ਤੈਨੂੰ ਤਾਕਤ ਬਾਬੂ ਸਾਬ੍ਹ ਦੀ। ਬਾਬੂ ਸਾਹਬ ਮੂਤ ਦੇਣ ਤਾਂ ਥੋਡੀ ਸਾਰੀ ਬਸਤੀ 'ਚ ਹੜ ਆਜੂ। ਪੰਗੇ ਲੈਨੇ ਓਂ ਬਾਬੂ ਸਾਬ੍ਹ ਨਾਲ।"

ਡੱਬਲੂ ਦਾ ਸਾਲਾ ਵੀ ਭਣਵਈਏ ਦੀ ਸੁਰ-ਨਾਲ ਸੁਰ ਮਿਲਾ ਰਿਹਾ ਸੀ, "ਤੂੰ ਹੈ ਕਿਹੜੇ ਬਾਗ ਦੀ ਮੂਲੀ ? ਅਖੇ ਪਿਉ ਦਾ ਨਾਂ ਲੱਲੂ-ਫੱਤੂ ਤੇ ਪੁੱਤ ਦਾ ਨਾਂ ਵਜ਼ੀਰ। ਤੂੰ ਕੇਰਾਂ ਬਾਹਰ ਤਾਂ ਨਿਕਲ ਵੇਖੀਏ ਤੈਨੂੰ ਵੱਡੇ 'ਬਾਬੂ ਸਾਬ" ਦੇ ਪਿਉ ਨੂੰ? ਕੁੜੀ ਦਾਂ।"

ਫੇਕੂ ਗੰਧਾਲੀ ਲੈ ਕੇ ਬਾਹਰ ਵੱਲ ਨੂੰ ਦੌੜਿਆ ਪਰ ਮਨ ਮਸੋਸ ਕੇ ਰਹਿ ਗਿਆ। ਪਤਨੀ ਨੇ ਦਰਵਾਜੇ ਨੂੰ ਕੁੰਡੀ ਲਾ ਦਿੱਤੀ ਸੀ।

ਡੱਬਲੂ ਆਪਣੇ ਨਵੇਂ ਟਰੱਕ ਦੀ ਚਾਬੀ ਉਗਂਲੀ ਵਿੱਚ ਘੁਮਾਉਂਦਿਆਂ ਬੋਲਿਆ, "ਫੇਕੂ ਨੂੰ ਆਖ ਦੇਵੀਂ ਜ਼ਮੀਨ ਦਾ ਕਾਗਜ਼ ਹੈ ਤਾਂ ਸ਼ਾਮ ਤੱਕ ਹਵੇਲੀ ਵਿੱਚ ਲੈ ਕੇ ਆ ਜਾਵੇ , ਨਹੀਂ ਤਾਂ?" ਦੋਵੇਂ ਸਾਲਾ ਭਣਵਈਆ ਇੱਕ ਦੂਜੇ ਵੱਲ ਵੇਖਦਿਆਂ ਫਿਲਮੀ ਅੰਦਾਜ਼ ਵਿੱਚ ਮੁਸਕਰਾਏ। ਉਹਨਾਂ ਦੀ ਇਸ ਅਦਾ ਨੂੰ ਵੇਖਦਿਆਂ, ਫੇਕੂ ਦੀ ਪਤਨੀ ਧੁਰ ਅੰਦਰ ਤੱਕ ਕੰਬ ਗਈ ਸੀ।

ਦੋਵੇਂ ਚਲੇ ਗਏ ਸਨ ਪਰ ਵਾਤਾਵਰਣ ਵਿੱਚ ਦਹਿਸ਼ਤ ਅਜੇ ਵੀ ਬਣੀ ਹੋਈ ਸੀ। ਹਵਾ ਜਿਵੇਂ ਉੱਕਾ ਹੀ ਰੁੱਕ ਗਈ ਹੋਵੇ। ਕਵਾੜ ਖੁੱਲਦਿਆਂ ਹੀ ਫੇਕੂ ਨੇ ਸਾਰਾ ਗੁੱਸਾ ਪਤਨੀ 'ਤੇ ਕੱਢ ਦਿੱਤਾ, "ਸਾਲੀਏ ਤੂੰ ਮੈਨੂੰ ਖੁਸਰਾ ਸਮਝਦੀ ਏਂ ? ਮੈਂ ਤਾਂ ਸਾਲਿਆਂ ਨੂੰ ਕੱਟ ਕੇ ਰੱਖ ਦੇਣਾ ਸੀ ਮੂਲੀ ਵਾਗੂੰ।"

"ਉਹ ਤਾਂ ਤੇਰਾ ਮੂੰਹ ਦੇਖਦੇ ਰਹਿੰਦੇ,ਹੈ ਨਾ ?"

"ਕੀ ਵਿਗਾੜ ਲੈਂਦੇ ਮੇਰਾ? ਇਸ ਜਨਮ ਵਿੱਚ, ਨਾ ਤਾਂ ਮੇਰੇ ਪੁੱਤ ਦਾ ਨਾਂ ਬਦਲਣਾ, ਤੇ ਨਾਹੀਂ ਜ਼ਮੀਨ ਛੱਡਣੀ ਐ। ਲਾ ਲੈਣ ਜ਼ੋਰ ਜਿਹੜਾ ਲੱਗਦਾ। ਪੁਸ਼ਤਾਂ ਤੋਂ ਮੇਰੇ ਵੱਡੇ-ਵਡੇਰੇ ਇਸਤੇ ਰਹਿੰਦੇ ਆਏਂ ਤੇ ਅੱਜ ਇਹਨਾਂ ਨੂੰ ਕਾਗਜ਼ ਚਾਹੀਦੇ। ਮੈਂ ਦਰਖਾਸ਼ ਦੇ ਕੇ ਆਊਂ ਥਾਣੇ ਅੱਜ ਈ। ਉੱਤੇ ਪਟਨਾ ਤੱਕ ਦਰਖਾਸ਼ਾਂ ਭੇਜੂੰਗਾ। ਦੇਖਦਾਂ ਕੀ ਵਿਗਾੜ ਲੈਣਗੇ ਮੇਰਾ?" ਫੇਕੂ ਦੀ ਟੇਡੀ ਹੋਈ ਟੰਗ ਗੁੱਸੇ ਵਿੱਚ ਕੰਬਣ ਲੱਗੀ ਸੀ।

"ਲੜਨ ਤੋਂ ਪਹਿਲਾਂ ਗੰਢ ਪੱਕੀ ਕਰਲੈ ਕੁੱਛ। ਬਿਨਾਂ ਪੈਸੇ ਤੋਂ ਰੱਬ ਵੀ ਝੂਠਾ ਪੈ ਜਾਂਦਾ।" ਪਤਨੀ ਬੋਲੀ ਸੀ।

ਫੇਕੂ ਨੂੰ ਪਤਨੀ ਨਾਲ ਉਲਝਣਾ ਫ਼ਜ਼ੂਲ ਲੱਗਿਆ। ਉਹ ਬੇਟੇ 'ਬਾਬੂ ਸਾਬ੍ਹ' ਨੂੰ ਸੱਦਕੇ ਦਰਖਾਸ਼ਤ ਲਿਖਵਾਉਣ ਲੱਗਾ ਸੀ।

.........................................

ਰਾਤ ਦੇ ਦੋ ਵੱਜੇ ਹੋਣਗੇ। ਮੱਛਰਾਂ ਅਤੇ ਖਟਮਲਾਂ ਦੇ ਇਲਾਵਾ ਪੂਰਾ ਪਿੰਡ ਸੌਂ ਚੁੱਕਾ ਸੀ। ਅਚਾਨਕ

ਦਲਿਤ ਬਸਤੀ ਦੇ ਗੂੜ੍ਹੇ ਕਾਲੇ ਹਨੇਰੇ ਨੂੰ ਚੀਰਦੀਆਂ ਅੱਗ ਦੀਆਂ ਲਪਟਾਂ ਤਾੜ ਦੇ ਰੁੱਖਾਂ ਨੂੰ ਛੂਹਣ ਲੱਗੀਆਂ। ਜਦੋਂ ਤੱਕ ਲੋਕ ਜਾਗਦੇ ਫੇਕੂ ਦਾ ਘਰ ਸੜ ਕੇ ਸਵਾਹ ਹੋ ਚੁੱਕਾ ਸੀ। ਬੱਕਰੀ ਦੇ ਨਾਲ-ਨਾਲ ਪਾਲਤੂ ਕੁੱਤਾ ਵੀ ਸੜ ਕੇ ਆਕੜਿਆ ਪਿਆ ਸੀ। ਇਹ ਤਾਂ ਪਛਾਨਣਾ ਵੀ ਔਖਾ ਸੀ ਕਿ ਇਹਨਾਂ 'ਚੋ ਬੱਕਰੀ ਕਿਹੜੀ ਸੀ ਤੇ ਕੁੱਤਾ ਕਿਹੜਾ। ਜੇਕਰ ਘਰ 'ਚੋਂ ਨਿਕਲਣ 'ਚ ਇੱਕ ਮਿੰਟ ਦੀ ਵੀ ਦੇਰੀ ਹੋ ਗਈ ਹੁੰਦੀ ਤਾਂ ਅੱਜ ਫੇਕੂ ਅਤੇ ਫੇਕੂ ਦਾ 'ਬਾਬੂ ਸਾਬ੍ਹ' ਵੀ ਕੁੱਤੇ ਅਤੇ ਬੱਕਰੀ ਵਾਂਗ ਸਵਾਹ ਬਣੇ ਪਏ ਹੁੰਦੇ। ਇੱਕ ਅੱਗ ਲੱਗੀ ਬੱਲੀ ਫੇਕੂ ਦੇ ਮੋਢੇ 'ਤੇ ਡਿੱਗੀ ਸੀ। ਉਸਦਾ ਸੱਜਾ ਮੋਢਾ ਸੜ ਚੁੱਕਾ ਸੀ। ਅੱਜ ਵਰ੍ਹਿਆਂ ਬਾਅਦ ਉਸਦੀਆਂ ਅੱਖਾਂ 'ਚੋਂ ਹੰਝੂ ਨਿਕਲੇ ਸਨ। ਸ਼ਾਇਦ ਥੁੱਕ ਚੱਟਦਿਆਂ ਐਨ੍ਹਾ ਹੀ ਪਿਘਲ ਕੇ ਰੋਇਆ ਸੀ। ਪਤਨੀ ਛਾਤੀ ਪਿੱਟ-ਪਿੱਟ ਕੇ ਰੋਂਦੀ ਹੋਈ ਡੱਬਲੂ ਅਤੇ ਉਸਦੇ ਸਾਲੇ ਨੂੰ ਬਦ-ਦੁਆਵਾਂ ਦੇ ਰਹੀ ਸੀ। ਬਸਤੀ ਦੇ ਕੁੱਝ ਬਜ਼ੁਰਗਾਂ ਨੂੰ ਇਹ ਚੰਗਾ ਨਹੀਂ ਸੀ ਲੱਗ ਰਿਹਾ। ਉਹਨਾਂ ਦੀ ਰਾਏ 'ਚ , "ਜਦੋਂ ਕਿਸੇ ਨੂੰ ਅੱਗ ਲਾਉਂਦਿਆਂ ਦੇਖਿਆ ਈ ਨਹੀਂ, ਐਵੇਂ ਕਿਸੇ ਦਾ ਨਾਂ ਲੈਣਾ ਤਾਂ ਦੁਸ਼ਮਣੀ ਮੁੱਲ ਲੈਣ ਵਾਲੀ ਗੱਲ ਐ।"

ਜਦੋਂ ਫੇਕੂ ਪਤਨੀ ਤੇ ਬੱਚੇ ਨੂੰ ਲੈ ਕੇ ਥਾਣੇ ਪਹੁੰਚਿਆ ਤਾਂ ਉਸਨੇ ਦੇਖਿਆ, ਰਘੂਨੰਦਨ ਪ੍ਰਸ਼ਾਦ ਦਾ ਬੁਲੇਟ ਮੋਟਰਸਾਈਕਲ ਪਹਿਲਾਂ ਹੀ ਉੱਥੇ ਖੜਾ ਸੀ। ਫੇਕੂ ਨੂੰ ਪਹਿਲੀ ਵਾਰ ਆਪਣੀ ਮੂਰਖਤਾ ਦਾ ਅਹਿਸਾਸ ਹੋਇਆ,'ਕਿਸੇ ਨੇਤਾ ਨੂੰ ਲੈ ਕੇ ਆਉਣਾ ਚਾਹੀਦਾ ਸੀਂ ਨਹੀਂ ਸਾਲਾ ਦਰੋਗਾ ਇਓਂ ਕਿੱਥੇ ਮੰਨਣ ਲੱਗਾ?' ਪਰ ਹੁਣ ਉਹ ਕੀ ਕਰ ਸਕਦਾ ਸੀ? ਉਸਦੀ ਸਮਝ ਵਿੱਚ ਕੁੱਝ ਨਹੀਂ ਸੀ ਆ ਰਿਹਾ। ਜੇਬ ਵਿੱਚ ਖੋਟਾ ਸਿੱਕਾ ਵੀ ਨਹੀਂ ਸੀ। ਸਾਹਮਣੇ ਖੜਾ ਬੁਲੇਟ ਮੋਟਰਸਾਈਕਲ ਉਸਦਾ ਮੂੰਹ ਚਿੜਾ ਰਿਹਾ ਸੀ।

ਫੇਕੂ ਨੇ ਅੱਧਾ-ਪੌਣਾ ਘੰਟਾ ਉਡੀਕਿਆ। ਦਰੋਗਾ ਅਤੇ ਰਘੂਨੰਦਨ ਪ੍ਰਸ਼ਾਦ ਹੱਸਦਿਆਂ-ਹੱਸਦਿਆਂ ਗੱਲਾਂ ਕਰਦੇ ਬਾਹਰ ਨਿਕਲੇ। ਉਹਨਾਂ ਦੇ ਹਾਸੇ ਨੂੰ ਦੇਖਦਿਆਂ ਫੇਕੂ ਪੱਥਰ ਹੋ ਗਿਆ। ਉਸਨੂੰ ਲੱਗਾ ਜਿਵੇਂ ਦੂਸਰੀ ਟੰਗ ਵੀ ਜਵਾਬ ਦੇ ਰਹੀ ਹੋਵੇ। ਉਹ ਦੋਵੇਂ ਲੱਤਾਂ ਘੜੀਸਦਿਆਂ ਦਰੋਗੇ ਕੋਲ ਗਿਆ ਅਤੇ ਕੰਬਦੇ ਹੱਥਾਂ ਨਾਲ ਦਰਖਾਸ਼ਤ ਅੱਗੇ ਕਰ ਦਿੱਤੀ। ਦਰੋਗੇ ਨੇ ਦੋ ਤਿੰਨ ਵਾਰ ਦਰਖ਼ਾਸ਼ਤ ਨੂੰ ਪੁੱਠਾ ਸਿੱਧਾ ਕਰਕੇ ਵੇਖਿਆ ਤੇ ਅੱਖਾਂ ਕੱਢਦਿਆਂ ਬੋਲਿਆ, "ਅੱਛਾ ! ਤਾਂ ਤੂੰ ਏਂ ? ਖੈਰ, ਮੁਨਸ਼ੀ ਸਾਹਬ ਨੂੰ ਆਪਣੇ ਬਿਆਨ ਲਿਖਾਓ, ਉਦੋਂ ਤੱਕ ਅਸੀਂ ਮੌਕਾ ਵੇਖਕੇ ਆਉਂਦੇ ਹਾਂ।"

ਰਘੂਨੰਦਨ ਪ੍ਰਸ਼ਾਦ ਨੇ ਮੋਟਰਸਾਈਕਲ ਸਟਾਰਟ ਕਰ ਲਿਆ ਸੀ। ਜਿਵੇਂ ਹੀ ਦਰੋਗਾ ਉਸਦੇ ਪਿੱਛੇ ਬੈਠਿਆ, ਉਸਨੇ ਕਲੱਚ ਛੱਡ ਦਿੱਤਾ। ਛੇਤੀ ਹੀ ਬੁਲੇਟ ਦੀ ਆਵਾਜ਼ ਹਵਾ ਨੂੰ ਚੀਰਦੀ ਦੂਰ ਚਲੀ ਗਈ ਸੀ। ਪਿੱਛੋਂ ਇੱਕ ਜੀਪ ਵੀ ਥਾਣੇ 'ਚੋਂ ਬਾਹਰ ਨਿਕਲੀ ਜਿਸ ਵਿੱਚ ਪੰਜ-ਛੇ ਬੰਦੂਕਧਾਰੀ ਸਨ। ਫੇਕੂ ਨੂੰ ਸਮਝਦਿਆਂ ਦੇਰ ਨਾ ਲੱਗੀ। ਉਸਨੇ ਰੋ ਰਹੇ ਬੇਟੇ ਦੀ ਪਿੱਠ 'ਤੇ ਹੱਥ ਧਰ ਦਿੱਤਾ, "ਘਬਰਾਓ ਨਾਂ ਅਸੀਂ ਅੱਗੇ ਤੱਕ ਜਾਵਾਂਗੇ। ਘਰ ਚੱਲੋ, ਦੋ-ਚਾਰ ਦਰਖਾਸ਼ਾਂ ਹੋਰ ਲਿਖਣੀਆਂ ਪੈਣਗੀਆਂ।"

ਫੇਕੂ ਅਜੇ ਪਿੰਡ 'ਤੋਂ ਬਾਹਰ ਹੀ ਸੀ ਕਿ ਉਸਨੂੰ ਉਹੀ ਜੀਪ ਵਾਪਸ ਮੁੜਦੀ ਦਿਖਾਈ ਦਿੱਤੀ। ਜੀਪ ਉਸਦੇ ਕੋਲ ਆਕੇ ਰੁੱਕੀ ਸੀ। ਉਹੀ ਮੋਟੀ ਗੋਗੜ ਵਾਲਾ ਦਰੋਗਾ ਬਾਹਰ ਨਿਕਲਿਆ। ਆਪਣੇ ਸੱਜੇ ਹੱਥ 'ਚ ਡੰਡਾ ਘੁੰਮਾਉਂਦਿਆਂ ਫੇਕੂ ਦੇ ਕੋਲ ਆ ਗਿਆ ਸੀ। ਫੇਕੂ ਜਿਵੇਂ ਉੱਥੇ ਹੀ ਗੱਡਿਆ ਗਿਆ ਹੋਵੇ। ਫਿਰ ਵੀ ਉਸਨੇ ਹਿੰਮਤ ਬੰਨ੍ਹੀ, " ਜਨਾਬ, ਮੇਰਾ ਸਾਰਾ ਕੁੱਝ।"

"ਚੁੱਪ !! ਸਾਲਾ ਹਰਾਮੀ !" ਦਰੋਗਾ ਵਿਚਾਲਿਓਂ ਹੀ ਭੜਕ ਪਿਆ, " ਪਹਿਲਾਂ ਤਾਂ ਕਿਸੇ ਦੀ ਜ਼ਮੀਨ 'ਚ ਘਰ ਬਣਾਉਂਦੇ ਓ, ਫਿਰ ਆਪ ਹੀ ਅੱਗ ਲਾਕੇ ਬੇਗੁਨਾਹਾਂ ਨੂੰ ਫਸਾਉਨੇ ਓਂ ? ਸਾਲੇ-ਕੁੱਤੇ ਜਦੋਂ ਫਿਰਿਆ ਨਾ ਚਿੱਤੜਾਂ 'ਤੇ ਡੰਡਾ, ਸਾਰੀ ਨੇਤਾਗਿਰੀ ਕਿਤੇ ਦੀ ਕਿਤੇ ਵੜਜੂ।" ਦਰੋਗਾ ਫਿਰ ਜੀਪ 'ਚ ਜਾ ਬੈਠਿਆ । ਜੀਪ ਧੂੜ ਉਡਾਉਂਦੀ ਥਾਣੇ ਵੱਲ ਚਲੀ ਗਈ ਸੀ।

ਫੇਕੂ ਨੇ ਜਾ ਚੁੱਕੀ ਜੀਪ ਦੇ ਪਿੱਛੇ ਜ਼ੋਰ ਨਾਲ ਥੁੱਕਿਆ ਜਿਵੇਂ ਦਰੋਗੇ ਦੇ ਮੂੰਹ 'ਤੇ ਥੁੱਕਿਆ ਹੋਵੇ। ਉਹ



ਸਿਰਤੋੜ ਘਰ ਵੱਲ ਨੂੰ ਭੱਜਿਆ। ਘਰ ਦੇ ਦੁਆਲੇ ਅਜੇ ਵੀ ਜੁਆਕਾਂ ਦੀ ਭੀੜ ਲੱਗੀ ਹੋਈ ਸੀ। ਫੇਕੂ ਦੀਆਂ ਅੱਖਾਂ ਪਥਰਾ ਗਈਆਂ। ਬਾਬੂ ਸਾਬ੍ਹ ਦਾ ਮਹਿੰਦਰਾ ਟਰੈਕਟਰ ਪੀ ਆਰ 2472, ਉਸਦੇ ਘਰ ਦੀ ਮਿੱਟੀ ਨੂੰ ਲਿਤਾੜ ਰਿਹਾ ਸੀ। ਫੇਕੂ ਦੇ ਘਰ ਦਾ ਤਾਂ ਕਿੱਧਰੇ ਨਾਮ-ਨਿਸ਼ਾਨ ਵੀ ਨਹੀਂ ਸੀ ਰਿਹਾ। ਸਾਰਾ ਘਰ ਹੁਣ ਬਾਬੂ ਸਾਬ੍ਹ ਦੇ ਖੇਤਾਂ ਵਿੱਚ ਮਿਲ ਚੁੱਕਾ ਸੀ। ਉਸਨੂੰ ਦੇਖਕੇ ਤਾਂ ਪਛਾਨਣਾ ਵੀ ਮੁਸ਼ਕਲ ਸੀ ਕਿ ਮਹਿਜ਼ ਦਸ ਘੰਟੇ ਪਹਿਲਾਂ ਇੱਥੇ ਕਿਸੇ ਦਾ ਘਰ ਹੁੰਦਾ ਸੀ ਤੇ ਘਰ ਦੇ ਨਾਲ ਇੱਕ ਛੋਟਾ ਜਿਹਾ ਅੰਗਣ ਵੀ ਜਿਸਦੇ ਉੱਤੇ ਖੁੱਲਾ ਅਸਮਾਨ।


ਫੇਕੂ ਦਾ ਸੰਘ ਸੁੱਕਣ ਲੱਗਾ। ਉਸਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ। ਉਹ ਬੇਹੋਸ਼ ਹੋਕੇ ਡਿੱਗ ਪਿਆ ਸੀ ਪਰ ਮਨ ਅਜੇ ਵੀ ਸਿਰਪੱਟ ਦੌੜ ਰਿਹਾ ਸੀ। ਜਿਵੇਂ ਸੰਘਣੇ ਜੰਗਲ ਵਿੱਚੋਂ ਕਿਸੇ ਨੂੰ ਲੱਭ ਰਿਹਾ ਹੋਵੇ। ਉਸਨੇ ਦੇਖਿਆ ਕਿ ਡੇਢ ਗਿੱਠਾ ਭਾਈ ਆਪਣੀ ਫੌਜ ਨਾਲ ਲੈਕੇ ਆ ਗਿਆ ਹੈ ਅਤੇ ਉਸਨੇ ਬਾਬੂ ਸਾਬ੍ਹ ਦੇ ਰਾਜ ਨੂੰ ਤਹਿਸ਼ ਨਹਿਸ਼ ਕਰ ਦਿੱਤਾ ਹੈ। ਡੇਢ ਗਿੱਠਾ ਆਪਣੇ ਨਾਲ ਸਭ ਕੁੱਝ ਲਿਆਇਆ ਹੈਂ ਅੱਗ, ਰੱਸੀ, ਪਾਣੀਂ ਫੇਕੂ ਮੀਂਹ ਵਿੱਚ ਭਿੱਜਣ ਲੱਗਾ ਸੀ। ਅੱਖਾਂ ਖੁੱਲੀਆਂ ਤਾਂ ਵੇਖਿਆ, ਬੇਟਾ ਉਸਦੀਆਂ ਅੱਖਾਂ 'ਤੇ ਪਾਣੀ ਦੇ ਛਿੱਟੇ ਮਾਰ ਰਿਹਾ ਸੀ। ਅੱਖਾਂ ਫਿਰ ਬੰਦ। ਇਹ ਕੀ ? ਸੱਚਮੁੱਚ ਡੇਢ ਗਿੱਠਾ ਭਾਈ ਉੱਥੇ ਪਹੁੰਚ ਗਿਆ ਸੀ। ਉਸਦੇ ਨਾਲ ਬਹੁਤ ਸਾਰੇ ਲੋਕ ਸਨ। ਰਾਮ ਸੁੰਦਰ ਵੀ ਸੀ। ਡੇਢ ਗਿੱਠੇ ਕੋਲ ਬੰਦੂਕ ਸੀ। ਛਾਤੀ 'ਤੇ ਰੌਂਦਾ ਵਾਲੀ ਪੇਟੀ। ਉਹ ਫੇਕੂ ਦੇ ਕੋਲ ਆਕੇ ਖੜਾ ਹੋ ਗਿਆ ਅਤੇ ਹੱਥ ਚੁੱਕ ਕੇ ਸਲੂਟ ਮਾਰਿਆ, ""ਕੀ ਹੁਕਮ ਐ ?"

ਫੇਕੂ ਦੀਆਂ ਅੱਖਾਂ ਖੁੱਲ ਗਈਆਂ, ਸਾਹਮਣੇ ਉਸਦਾ ਬੇਟਾ ਖੜਾ ਸੀ।

**ਸੰਪਰਕ ਲੇਖਕ( ਸ਼੍ਰੀ ਧਰਮ-98683-25811,**

**ਸੰਪਰਕ ਅਨੁਵਾਦਕ-98726-40994,81461-00994**

**ਲਾਲ ਸਿੰਘ ਦਿਲ ਤੇ ਪਾਸ਼ ਦੀ ਕਵਿਤਾ ਦੇ ਸਮਾਜਿਕ ਯਥਾਰਥ ਨੂੰ ਸਮਝਣ ਵਾਲੀ ਪੁਸਤਕ...ਦੋ ਕਵੀਆਂ ਦੀ ਜੁਗਲਬੰਦੀ ਤੇ ਦੇਸ ਰਾਜ ਕਾਲੀ ਦੀ ਦ੍ਰਿਸ਼ਟੀ**



## ਸਵੈ ਕਥਨ / ਮੁੱਛਲਾਂ ਦਾ ਬੋਹੜ/ - ਜਰਨੈਲ ਸਿੰਘ ਸੇਖਾ

ਸੰਨ 1975 ਦੀਆਂ ਗਰਮੀਆਂ ਦੇ ਦਿਹਾੜੇ ਮੇਰਾ ਇਕ ਕਵੀ ਦੋਸਤ, ਮੇਰੇ ਕੋਲ ਕਿਸੇ ਕੰਮ ਆਇਆ, ਰਾਤ ਰਹਿ ਪਿਆ। ਚੌਦਾਂ ਪੰਦਰਾਂ ਸਾਲ ਪਹਿਲਾਂ ਉਹ ਪਿੰਡ ਵਿਚ ਕਰਵਾਏ ਕਵੀ ਦਰਬਾਰ ਉਪਰ ਵੀ ਆਇਆ ਸੀ। ਜਦੋਂ ਅਸੀਂ ਸਵੇਰੇ ਰਫਾ ਹਾਜਤ ਹੋਣ ਲਈ ਬਾਹਰ ਸੂਏ ਵਾਲੇ ਪਾਸੇ ਗਏ ਤਾਂ ਸੂਏ ਦਾ ਪੁਲ਼ ਚੜ੍ਹਦਿਆਂ ਹੀ ਉਸ ਨੇ ਕੁਝ ਪਲ ਸੂਏ ਦੇ ਪੁਲ਼ 'ਤੇ ਖੜ੍ਹ ਕੇ ਆਲੇ ਦੁਆਲੇ ਝਾਤੀ ਮਾਰੀ, ਫੇਰ ਮੇਰੇ ਨਾਲ ਅਗਾਂਹ ਤੁਰ ਪਿਆ। ਸੂਏ ਦੀ ਪਟੜੀ 'ਤੇ ਤੁਰੇ ਜਾਂਦਿਆਂ ਮੈਂ ਉਸ ਨੂੰ ਪੁੱਛਿਆ, "ਪੁਲ਼ ਕੋਲ ਖੜ੍ਹ ਕੇ ਕੀ ਦੇਖਣ ਲੱਗ ਪਿਆ ਸੀ?"

"ਸੂਆ ਵੀ ਉਹੀ ਐ, ਸੂਏ ਦਾ ਪੁਲ਼ ਵੀ ਅਤੇ ਆਹ ਨਾਲ ਗੁਰਦਵਾਰਾ ਵੀ ਹੈ ਪਰ ਮੈਨੂੰ ਇਥੋਂ ਦਾ ਆਲਾ ਦੁਅਲਾ ਬੜਾ ਬਦਲਿਆ ਬਦਲਿਆ ਜਿਹਾ ਲਗਦੈ। ਔਥੇ ਜਿਹੇ ਇਕ ਵੱਡਾ ਸਾਰਾ ਬੋਹੜ ਨਹੀਂ ਸੀ ਹੁੰਦਾ? ਜਿਸ ਹੇਠ ਤੂੰ ਕਵੀ ਦਰਬਾਰ ਕਰਵਾਇਆ ਸੀ?"

"ਹਾਂ! ਹੁੰਦਾ ਸੀ ਓਥੇ ਇਕ ਬੋਹੜ। ਇਕ ਬੋਹੜ ਤੇ ਦੋ ਪਿੱਪਲ ਗੁਰਦਵਾਰੇ ਅੰਦਰ ਵੀ ਹੁੰਦੇ ਸਨ। ਏਸ ਸੂਏ ਦੀ ਪਟੜੀ ਦੇ ਨਾਲ ਨਾਲ ਵੀ ਬਹੁਤ ਸਾਰੇ ਦਰਖਤ ਹੁੰਦੇ ਸਨ। ਔਧਰ 'ਮੋਣੇਆਲੀ' 'ਚ ਵੀ ਦਰਖਤਾਂ ਦੀ ਇਕ ਝੰਗੀ ਹੁੰਦੀ ਸੀ ਤੇ ਹੋਰ ਵੀ ਬਥੇਰੇ ਦਰਖਤ ਹੁੰਦੇ ਸਨ ਏਥੇ। ਸਭ ਸਮੇਂ ਦੀ ਭੇਟ ਚੜ੍ਹ ਗਏ।"

"ਤਦੇ ਆਲਾ ਦੁਆਲਾ ਓਪਰਾ ਓਪਰਾ ਜਿਹਾ ਲਗਦੈ!"

"ਆਲਾ ਦੁਆਲਾ ਤਾਂ ਓਪਰਾ ਓਪਰਾ ਲੱਗਣਾ ਹੀ ਐ। ਉਦੋਂ ਗੁਰਦਵਾਰਾ ਇਕ ਕੱਚੇ ਕਮਰੇ ਵਿਚ ਹੁੰਦਾ ਸੀ ਅਤੇ ਰਾਹ ਦੇ ਨਾਲ ਨਾਲ ਰਾਹੀਆਂ ਦੇ ਰਹਿਣ ਲਈ ਕੱਚੀਆਂ ਕੋਠੜੀਆਂ ਹੁੰਦੀਆਂ ਸਨ। ਆਹ ਜਿਹੜਾ ਗੁਰਦਵਾਰੇ ਲਈ ਪੱਕਾ ਕਮਰਾ ਤੇ ਚੌਫੇਰੇ ਵਰਾਂਡਾ ਬਣਿਆ ਹੋਇਆ ਐ, ਏਥੇ ਬਚਨੋ ਸਾਧਨੀ ਦਾ ਡੇਰਾ ਹੁੰਦਾ ਸੀ।" ਮੈਂ ਹੋਰ ਵਿਸਥਾਰ ਨਾਲ ਏਥੇ ਆਈ ਤਬਦੀਲੀ ਬਾਰੇ ਦੱਸਿਆ।

"ਇਹ ਤਬਦੀਲੀ ਸਾਰੇ ਪਿੰਡਾਂ ਵਿਚ ਹੀ ਆ ਰਹੀ ਐ। ਹੌਲ਼ੀ ਹੌਲ਼ੀ ਪਿੰਡਾਂ ਦੀ ਨੁਹਾਰ ਬਦਲ ਰਹੀ ਐ। ਕਿਸੇ ਦਿਨ ਪਿੰਡਾਂ ਵਿਚ ਵੀ ਸ਼ਹਿਰਾਂ ਵਾਲੀਆਂ ਸਹੂਲਤਾਂ ਆ ਜਾਣੀਆਂ ਐ।" ਮੇਰੇ ਦੋਸਤ ਨੇ ਭਵਿੱਖ ਬਾਣੀ ਕੀਤੀ।

ਇਹ ਉਸ ਇਕੱਲੇ ਦੀ ਭਵਿੱਖਬਾਣੀ ਨਹੀਂ ਸੀ। ਪਿੰਡਾਂ ਦੀ ਨੁਹਾਰ ਵਿਚ ਆ ਰਹੀ ਤਬਦੀਲੀ, ਖਾਸ ਕਰ ਪਿੰਡਾਂ ਵਿਚ ਮੁਰੱਬਾ-ਬੰਦੀ ਹੋਣ ਤੋਂ ਬਾਅਦ, ਨੂੰ ਹਰ ਕੋਈ ਵਾਚ ਰਿਹਾ ਸੀ। ਨਵੀਂ ਸਦੀ ਦੇ ਚੜ੍ਹਨ ਤੱਕ ਦੂਸਰੇ ਪਿੰਡਾਂ ਵਾਂਗ ਸਾਡੇ ਪਿੰਡਾਂ ਦੀ ਨੁਹਾਰ ਵੀ ਬਹੁਤ ਬਦਲ ਗਈ ਹੈ। ਪਰ ਪਿੰਡ ਦੀ ਜਿਹੜੀ ਨੁਹਾਰ ਦੇ ਨਕਸ਼ ਪਿੰਡ ਦੀ ਮੁਰੱਬਾ-ਬੰਦੀ ਹੋ ਜਾਣ ਤੋਂ ਪਹਿਲਾਂ ਦੇ ਮੇਰੇ ਚੇਤਿਆਂ ਵਿਚ ਉਕਰੇ ਹੋਏ ਹਨ, ਉਹ ਮਿਟਨ ਵਾਲੇ ਨਹੀਂ।

ਉਹਨਾਂ ਨਕਸ਼ ਨੁਹਾਰਾਂ ਵਿਚ ਪਿੰਡ ਦੀਆਂ ਰੂੜੀਆਂ ਤੇ ਗਹੀਰੇ ਵੀ ਅਮਿਟ ਪਏ ਹਨ, ਜਿੱਥੇ ਲੁਕਣ-ਮੀਟੀ ਖੇਡਦੇ ਹੋਏ ਪਾਥੀਆਂ ਮਿੱਧ ਜਾਂਦੇ ਸੀ ਤੇ ਪਾਥੀਆਂ ਪੱਥਣ ਵਾਲੀਆਂ ਤੋਂ ਗਾਲ੍ਹਾਂ ਖਾਂਦੇ ਸੀ। ਹੁਣ ਓਥੇ ਘਰ ਬਣ ਗਏ ਹਨ ਅਤੇ ਇਹ ਰੂੜੀਆਂ ਤੇ ਗਹੀਰੇ ਉਹਨਾਂ ਰੌੜਾਂ ਵਿਚ ਆ ਗਏ, ਜਿੱਥੇ ਖਿੱਦੋ-ਖੂੰਡੀ ਖੇਡਦੇ ਹੁੰਦੇ ਸੀ। ਪਿੰਡ ਦੀਆਂ ਗਲੀਆਂ ਤੇ ਟੋਭੇ ਟਿੱਬੇ ਹੋਰ ਬੜਾ ਕੁਝ ਦੇ ਨਕਸ਼ ਚੇਤਿਆਂ ਵਿਚ ਉਕਰੇ ਪਏ ਹਨ। ਉਹਨਾਂ ਨਕਸ਼ਾਂ ਵਿਚ ਉਹ ਬੋਹੜ ਅਤੇ ਉਸ ਦਾ ਆਲਾ ਦੁਆਲਾ ਵੀ ਉਕਰਿਆ ਹੋਇਆ ਹੈ, ਜਿਸ ਦਾ ਜ਼ਿਕਰ ਮੇਰੇ ਦੋਸਤ ਨੇ ਕੀਤਾ ਸੀ। ਉਸ ਬੋਹੜ ਨੂੰ ਮੁੱਛਲਾਂ ਵਾਲਾ ਬੋਹੜ ਕਿਹਾ ਜਾਂਦਾ ਸੀ। ਬੋਹੜ ਦਾ



ਇਹ ਨਾਂ ਇਸ ਲਈ ਨਹੀਂ ਸੀ ਪਿਆ ਕਿ ਬੋਹੜ ਦੇ ਦਾਹੜੀ/ਮੁੱਛਾਂ ਬਹੁਤ ਫੁਟਦੀਆਂ ਸਨ। ਇਹ ਨਾਂ ਦੋ ਮੁੱਛਲ ਭਰਾਵਾਂ ਦੀ ਜ਼ਮੀਨ ਵਿਚ ਖੜ੍ਹਾ ਹੋਣ ਕਾਰਨ ਪਿਆ ਸੀ।

ਸਾਡੇ ਅਗਵਾੜ 'ਚ ਦੋ ਭਰਾ ਰਹਿੰਦੇ ਸਨ, ਹਜਾਰਾ ਤੇ ਬਚਨਾ। ਦੋਵੇਂ ਹੀ ਛੜੇ ਛੜਾਂਕ। ਇਹ ਨਹੀਂ ਪਤਾ ਕਿ ਉਹ ਅਫੀਮ ਦੇ ਸ਼ੌਕੀਨ ਹੋਣ ਕਾਰਨ ਛੜੇ ਰਹਿ ਗਏ ਜਾਂ ਛੜੇ ਰਹਿਣ ਕਾਰਨ ਅਫੀਮ ਦੇ ਸ਼ੌਕੀਨ ਹੋ ਗਏ ਪਰ ਜ਼ਮੀਨ ਦੀ ਚੰਗੀ ਢੇਰੀ ਦੇ ਹੁੰਦਿਆਂ ਵੀ ਉਹ ਛੜੇ ਰਹਿ ਗਏ ਸਨ। ਖੈਰ! ਹੁਣ ਤਾਂ ਉਹਨਾਂ ਕੋਲ ਬਹੁਤ ਥੋੜੀ ਜ਼ਮੀਨ ਰਹਿ ਗਈ ਸੀ। ਲੋਕ ਉਹਨਾਂ ਨੂੰ ਮੁੱਛਲ ਕਹਿੰਦੇ ਸਨ। ਹਜ਼ਾਰੇ ਮੁੱਛਲ ਦੀਆਂ ਦਾੜ੍ਹੀ ਮੁੱਛਾਂ ਬਹੁਤ ਭਰਵੀਆਂ ਸਨ ਜਿਨ੍ਹਾਂ ਵਿਚੋਂ ਉਸ ਦਾ ਮੂੰਹ ਨਹੀਂ ਸੀ ਦਿਸਦਾ। ਬਚਨੇ ਮੁੱਛਲ ਦੀ ਦਾੜ੍ਹੀ ਹਜ਼ਾਰੇ ਦੀ ਦਾੜ੍ਹੀ ਨਾਲੋਂ ਮਾਮੂਲੀ ਜਿਹੀ ਘੱਟ ਸੀ। ਜਦੋਂ ਮੈਂ ਸੁਰਤ ਸੰਭਾਲੀ ਤਾਂ ਉਹ ਸੱਤਰਵਿਆਂ ਦੀ ਉਮਰ ਵਿਚ ਹੋਣਗੇ। ਬਚਨਾ ਮੁੱਛਲ ਥੋੜਾ ਝੁਕ ਕੇ ਸੋਟੀ ਆਸਰੇ ਤੁਰਦਾ ਸੀ। ਉਹ ਕਰਪਾਲ ਸਿੰਘ, ਜਿਸ ਨੂੰ ਕਰਪਾਲ ਮਾਊਂ ਵੀ ਕਹਿੰਦੇ ਸਨ, ਦੇ ਘਰ, ਇਕ ਪਰਿਵਾਰਕ ਮੈਂਬਰ ਦੇ ਤੌਰ 'ਤੇ ਰਹਿੰਦਾ ਸੀ। ਮੈਂ ਉਸ ਨੂੰ ਬਹੁਤਾ ਸੱਥ ਵਿਚ, ਕੰਧ ਨਾਲ ਰੱਖੇ ਇਕ ਖੁੰਢ ਉਪਰ ਬੈਠੇ ਦੇਖਦਾ। ਹਜਾਰਾ ਬਚਨੇ ਤੋਂ ਉਮਰ ਵਿਚ ਥੋੜਾ ਵੱਡਾ ਸੀ ਪਰ ਉਹ ਸਿਹਤ ਪੱਖੋਂ ਅਜੇ ਕਾਇਮ ਸੀ। ਉਹ ਮਾਘੀ ਮੈਂਬਰ ਦੇ ਬਾਪ ਬਿਸ਼ਨ ਸਿੰਘ ਦੇ ਚਾਚੇ ਦੇ ਪੁੱਤਰ ਸਨ। ਹਜ਼ਾਰਾ ਰਹਿੰਦਾ ਆਪਣੇ ਘਰ ਦੀ ਇਕ ਕੱਚੀ ਕੋਠੜੀ ਵਿਚ ਪਰ ਉਹ ਰੋਟੀ ਮਾਘੀ ਮੈਂਬਰ ਦੇ ਘਰੋਂ ਖਾਂਦਾ ਸੀ। ਹਜ਼ਾਰੇ ਮੁੱਛਲ ਦੀ ਘੁਮਾਂ, ਡੇਢ ਘੁਮਾਂ ਜ਼ਮੀਨ ਸੂਏ ਦੇ ਪਾਰਲੇ ਪਾਸੇ ਸੀ ਅਤੇ ਚਾਰ ਕੁ ਕਨਾਲਾਂ ਦੀ ਖੱਤੀ ਸੂਏ ਦੇ ਉਰਲੇ ਪਾਸੇ ਬੰਬੀਹਾ ਭਾਈ ਨੂੰ ਜਾਂਦੇ ਰਾਹ ਦੇ ਨਾਲ ਲਗਦੀ ਸੀ, ਜਿਸ ਉਪਰ ਰਾਹ ਵਾਲੇ ਪਾਸੇ ਭੜੀਂ ਬੰਨ੍ਹੀ ਹੋਈ ਸੀ। ਭੜੀਂ ਉਪਰ ਵੱਡੇ ਵੱਡੇ ਥੋਹਰ ਲੱਗੇ ਹੋਏ ਸਨ। ਥੋਹਰਾਂ ਦੀ ਮਜ਼ਬੂਤੀ ਲਈ ਵੇਲ਼ੇ ਕੁਵੇਲ਼ੇ ਹਜ਼ਾਰਾ ਮੁੱਛਲ ਭੜੀਂ ਉਪਰ ਮਿੱਟੀ ਪਾਉਂਦਾ ਰਹਿੰਦਾ ਸੀ, ਫਿਰ ਵੀ ਕੋਈ ਨਾ ਕੋਈ ਥੋਹਰ ਦਾ ਛਿੱਤਰ ਟੁੱਟ ਕੇ ਰਾਹ ਵਿਚ ਡਿੱਗ ਪੈਂਦਾ, ਜਿਸ ਕਾਰਨ ਰਾਹ ਜਾਂਦੇ ਰਾਹੀਆਂ ਦੇ ਪੈਰਾਂ ਵਿਚ ਕੰਡੇ ਚੁੱਭਦੇ। ਉਥੋਂ ਲੰਘਣ ਵਾਲੇ ਥੋਹਰਾਂ ਦੇ ਟੋਟਿਆਂ ਨੂੰ ਆਪਣੀ ਹੱਥ ਵਿਚਲੀ ਸੋਟੀ ਜਾਂ ਜੁੱਤੀ ਦੀ ਠੋਕਰ ਨਾਲ ਭੜੀਂ ਦੇ ਨਾਲ ਕਰ ਦਿੰਦੇ। ਮਨ ਵਿਚ ਤਾਂ ਉਹ ਬੁਰਾ ਭਲਾ ਬੋਲਦੇ ਪਰ ਬਾਭੜ ਕੇ ਕੋਈ ਕੁਝ ਨਹੀਂ ਸੀ ਕਹਿੰਦਾ। ਪਿੰਡ ਦੀ ਨਿਆਈਂ 'ਚ ਵਗਦੇ ਖਾਲ਼ ਤੋਂ ਸੂਏ ਦੇ ਪੁਲ਼ ਤਕ ਕੋਈ ਪੰਜਾਹ ਕੁ ਕਰਮਾਂ ਦਾ ਫਾਸਲਾ ਬਹੁਤ ਹੀ ਸਾਵਧਾਨ ਹੋ ਕੇ ਲੰਘਣਾ ਪੈਂਦਾ ਸੀ। ਥੋਹਰ ਦਾ ਕੰਡਾ ਬਹੁਤ ਤਕਲੀਫ ਦਿੰਦਾ ਸੀ। ਲੋਕ ਕਹਿੰਦੇ ਸਨ, "ਮੁੱਛਲਾਂ ਦੇ ਬੀਜੇ ਹੋਏ ਕੰਡੇ ਪਤਾ ਨਹੀਂ ਸਾਨੂੰ ਕਦੋਂ ਕੁ ਤਕ ਚੁਣਨੇ ਪੈਣਗੇ!"

ਮੁਰੱਬੇ-ਬੰਦੀ ਤੋਂ ਪਹਿਲਾਂ ਸੂਏ ਦੇ ਪੁਲ਼ ਤੋਂ ਉਤਰਦਿਆਂ ਹੀ ਗੁਆਂਢੀ ਪਿੰਡ, ਬੰਬੀਹਾ ਭਾਈ ਨੂੰ ਜਾਣ ਵਾਲੇ ਰਾਹ ਦੇ ਖੱਬੇ ਹੱਥ, ਸਭ ਤੋਂ ਪਹਿਲਾਂ ਮੁੱਛਲਾਂ ਦਾ ਬੋਹੜ ਦਿਸਦਾ ਹੁੰਦਾ ਸੀ। ਸੱਜੇ ਪਾਸੇ ਸੂਏ ਦੇ ਨਾਲ ਲੱਗਵਾਂ ਗੁਰਦਵਾਰੇ ਦੇ ਗਰੰਥੀ ਲਈ ਇਕ ਕੱਚਾ ਕੋਠਾ ਹੁੰਦਾ ਸੀ। ਰਾਹ ਤੋਂ ਥੋੜਾ ਹਟਵਾਂ, ਬੋਹੜ ਤੇ ਪਿੱਪਲ ਦੇ ਵਿਚਕਾਰ, ਇਕ ਹੋਰ ਕੱਚਾ ਕਮਰਾ ਹੁੰਦਾ ਸੀ। ਇਹ ਪਿੰਡ ਦਾ ਇਕੋ ਇਕ ਗੁਰਦਵਾਰਾ ਸੀ ਜਿਸ ਦਾ ਨਾਮ ਸੀ, ਗੁਰਦਵਾਰਾ ਹਰਿਗੋਬਿੰਦ ਸਾਹਿਬ। ਬੋਹੜ ਤੇ ਪਿੱਪਲ ਵਿਚਕਾਰਲੇ ਕੱਚੇ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ। ਰਾਹ ਦੇ ਨਾਲ ਨਾਲ ਚਾਰ ਕੱਚੀਆਂ ਕੋਠੜੀਆਂ ਹੁੰਦੀਆਂ ਸਨ। ਇਹ ਕੱਚੀਆਂ ਕੋਠੜੀਆਂ ਰਾਹੀਆਂ ਪਾਂਧੀਆਂ ਦੇ ਠਹਿਰਨ ਲਈ ਬਣੀਆਂ ਹੋਈਆਂ ਸਨ। ਉਹਨਾਂ ਸਮਿਆਂ ਵਿਚ ਬਹੁਤਾ ਸਫ਼ਰ ਪੈਦਲ ਕੀਤਾ ਜਾਂਦਾ ਸੀ ਅਤੇ ਰਾਹੀਆਂ ਨੂੰ ਆਪਣੇ ਟਿਕਾਣੇ 'ਤੇ ਪਹੁੰਚਣ ਲਈ ਬਹੁਤੀ ਵਾਰ ਕੁਵੇਲ਼ਾ ਹੋ ਜਾਂਦਾ ਸੀ। ਪਿੰਡਾਂ ਦੇ ਤਰੀਬਨ ਹਰ ਗੁਰਦਵਾਰੇ ਵਿਚ ਮੁਸਾਫਰਾਂ ਦੀ ਠਹਿਰ ਦਾ ਪ੍ਰਬੰਧ ਕੀਤਾ ਜਾਂਦਾ ਸੀ। ਗੁਰਦਵਾਰੇ ਦੇ ਨਾਲ ਇਕ ਟੋਭਾ ਸੀ ਜਿਸ ਨੂੰ ਤਲਾਅ ਕਿਹਾ ਜਾਂਦਾ ਸੀ। ਇਸ ਦੇ ਇਕ ਪਾਸੇ ਪੱਕੀਆਂ ਪੌੜੀਆਂ ਬਣੀਆਂ ਹੋਈਆਂ ਸਨ। ਮੱਸਿਆ, ਪੁੰਨਿਆ, ਸੰਗਰਾਂਦ ਜਾਂ ਕਿਸੇ ਹੋਰ

ਦਿਨ ਦਿਹਾਰ ਨੂੰ ਸ਼ਰਧਾਲੂ ਇਸ ਵਿਚ ਸੁਬ੍ਹਾ-ਸਵੇਰੇ ਇਸ਼ਨਾਨ ਕਰਨ ਆ ਜਾਂਦੇ ਸਨ। ਉਂਞ ਬਹੁਤਾ ਤਾਂ ਏਥੇ ਮੱਝਾਂ ਹੀ ਨਹਾਉਂਦੀਆਂ ਜਾਂ ਫਿਰ ਮੱਝਾਂ ਦੀਆਂ ਪੂਛਾਂ ਫੜ ਕੇ ਅਸੀਂ ਤਲਾਅ ਵਿਚ ਤਾਰੀਆਂ ਲਾਉਂਦੇ। ਗੁਰਦਵਾਰੇ ਵਿਚ ਲੱਗਾ ਹੋਇਆ ਬੋਹੜ, ਮੁੱਛਲਾਂ ਦੇ ਬੋਹੜ ਜਿੰਨਾ ਫੈਲਿਆ ਹੋਇਆ ਨਹੀਂ ਸੀ। ਉਸ ਦੀ ਦਾਹੜੀ ਵੀ ਨਹੀਂ ਸੀ ਲਮਕਣ ਲੱਗੀ। ਸ਼ਾਇਦ ਇਹ ਬੋਹੜ ਉਮਰ ਵਿਚ ਮੁੱਛਲਾਂ ਦੇ ਬੋਹੜ ਨਾਲੋਂ ਬਹੁਤ ਛੋਟਾ ਹੋਵੇ।

ਮੁੱਛਲਾਂ ਦੇ ਬੋਹੜ ਨੇ ਕਨਾਲਾਂ ਦੇ ਹਿਸਾਬ ਨਾਲ ਥਾਂ ਘੇਰਿਆ ਹੋਇਆ ਸੀ। ਪਤਾ ਨਹੀਂ ਇਹ ਬੋਹੜ ਕਿੰਨੇ ਕੁ ਸੌ ਸਾਲ ਪੁਰਾਣਾ ਹੋਵੇਗਾ ਕਿ ਇਸ ਦਾ ਅਸਲੀ ਮੁੱਢ ਨਹੀਂ ਸੀ ਦਿਸਦਾ। ਬੋਹੜ ਦੀ ਦਾਹੜੀ ਨੇ ਤਣੇ ਬਣ ਬਣ ਅਸਲੀ ਮੁੱਢ ਨੂੰ ਲਕੋ ਲਿਆ ਹੋਇਆ ਸੀ। ਬੋਹੜ ਦੇ ਮੋਟੇ ਲੰਮੇ ਡਾਹਣਿਆਂ ਵਿਚੋਂ, ਕਈ ਥਾਈਂ ਦਾਹੜੀ ਲੰਮਕਦੀ ਸੀ। ਚਾਰ ਪੰਜ ਥਾਵਾਂ 'ਤੇ ਦਾਹੜੀ ਥੜ੍ਹੇ ਦੇ ਨਾਲ ਲੱਗ ਗਈ ਸੀ। ਉੱਥੇ ਹਜ਼ਾਰੇ ਮੁੱਛਲ ਨੇ ਦਾਹੜੀ ਨੂੰ ਛਾਂਟ ਕੇ ਪੰਜ ਸੱਤ ਲਗਰਾਂ ਰਹਿਣ ਦਿੱਤੀਆਂ ਸਨ ਤੇ ਉਹਨਾਂ ਹੇਠਾਂ ਮਿੱਟੀ ਦੀਆਂ ਢੇਰੀਆਂ ਬਣਾਈਆਂ ਹੋਈਆਂ ਸਨ। ਉਹਨਾਂ ਲਗਰਾਂ ਨੇ ਹੌਲ਼ੀ ਹੌਲ਼ੀ ਮੋਟੀਆਂ ਹੋ ਕੇ ਤਣੇ ਦਾ ਰੂਪ ਧਾਰਨ ਕਰ ਲੈਣਾ ਸੀ ਤੇ ਥਮਲਿਆਂ ਵਾਂਗ ਆਸਰਾ ਦਿੰਦੇ ਹੋਏ ਡਾਹਣਿਆਂ ਨੂੰ ਹੋਰ ਅਗਾਂਹ ਵਧਣ ਲਈ ਸਹਾਈ ਹੋਣਾ ਸੀ।

ਬੋਹੜ ਹੇਠ ਉਸ ਦੇ ਆਕਾਰ ਜਿੰਨਾ ਹੀ ਥੜ੍ਹਾ ਬਣਿਆ ਹੋਇਆ ਸੀ। ਹਜਾਰਾ ਮੁੱਛਲ ਲੱਕ ਬੰਨ੍ਹ ਕੇ ਥੜ੍ਹੇ ਨਾਲ ਹੋਰ ਮਿੱਟੀ ਲਾਉਂਦਾ ਰਹਿੰਦਾ। ਇਸ ਤਰ੍ਹਾਂ ਹੌਲ਼ੀ ਹੌਲ਼ੀ ਥੜ੍ਹੇ ਦਾ ਆਕਾਰ ਵੱਡਾ ਹੁੰਦਾ ਜਾਂਦਾ। ਪਤਾ ਨਹੀਂ ਮੁੱਛਲ ਕਿਸ ਮਿੱਟੀ ਦਾ ਬਣਿਆ ਹੋਇਆ ਸੀ ਕਿ ਉਹ ਸਦਾ ਹੀ ਮਿੱਟੀ ਨਾਲ ਮਿੱਟੀ ਹੋਇਆ ਰਹਿੰਦਾ। ਜਦੋਂ ਥੋੜਾ ਅਰਾਮ ਕਰਨਾ ਹੁੰਦਾ ਤਾਂ ਬੋਹੜ ਦੇ ਤਣੇ ਨਾਲ ਢੋਅ ਲਾ ਕੇ ਪੈ ਜਾਂਦਾ। ਸਰਦੀਆਂ ਵਿਚ ਉਸ ਦੇ ਗਲ਼ ਨੀਲੇ ਰੰਗ ਦਾ ਲੰਮਾ ਕੁੜਤਾ, ਤੇੜ ਕਛਹਿਰਾ, ਸਿਰ ਉਪਰ ਨੀਲੀ ਪੱਗ ਅਤੇ ਲੱਕ ਨਾਲ ਕਦੀ ਖੱਟਾ ਤੇ ਕਦੀ ਨੀਲਾ ਪਟਕਾ ਬੰਨ੍ਹਿਆ ਹੋਇਆ ਹੁੰਦਾ। ਮਿੱਟੀ ਚੜ੍ਹਾਉਂਦਾ ਹੋਇਆ ਜਦੋਂ ਥੱਕ ਜਾਂਦਾ ਤਾਂ ਬੋਹੜ ਦੇ ਤਣੇ ਨਾਲ ਢੋਅ ਲਾ ਕੇ ਕੁਝ ਚਿਰ ਸੁਸਤਾ ਲੈਂਦਾ। ਜੇ ਉਹ ਬੋਹੜ ਦੇ ਥੜ੍ਹੇ 'ਤੇ ਮਿੱਟੀ ਨਾ ਚੜ੍ਹਾ ਰਿਹਾ ਹੁੰਦਾ ਤਾਂ ਥੋਹਰਾਂ ਵਾਲੀ ਭੜੀਂ ਉਪਰ ਮਿੱਟੀ ਪਾਉਣ ਲੱਗ ਜਾਂਦਾ। ਮੈਂ ਉਸ ਨੂੰ ਕਹੀ ਵਾਹੁੰਦਿਆਂ ਹੀ ਦੇਖਦਾ। ਉਹ ਬਹੁਤ ਹੀ ਅੜਬ ਸੁਭਾਅ ਦਾ ਸੀ। ਜਦੋਂ ਥੜ੍ਹੇ ਉਪਰ ਸੱਜਰੀ ਚੜ੍ਹਾਈ ਹੋਈ ਮਿੱਟੀ, ਕਿਸੇ ਦੇ ਲੰਘਣ ਨਾਲ, ਥੋੜੀ ਜਿਹੀ ਵੀ ਖਿੱਲਰ ਜਾਂਦੀ ਤਾਂ ਉਹ ਉਸ ਨੂੰ ਗਾਲ੍ਹਾਂ ਦੀ ਮੁਹਾਰਨੀ ਪੜ੍ਹਨ ਲੱਗ ਪੈਂਦਾ। ਉਂਞ ਉਹ ਬੋਹੜ ਹੇਠ ਬੈਠਣ ਤੋਂ ਕਿਸੇ ਨੂੰ ਨਹੀਂ ਸੀ ਰੋਕਦਾ। ਬੋਹੜ ਦੁਆਲੇ ਉਸ ਨੇ ਥੜ੍ਹਾ ਬਣਾਇਆ ਹੀ ਲੋਕਾਂ ਦੇ ਬੈਠਣ ਲਈ ਸੀ। ਸਵੇਰ ਵੇਲ਼ੇ ਸਭ ਤੋਂ ਪਹਿਲਾਂ ਉਹ ਥੜ੍ਹੇ ਨੂੰ ਸੁੰਭਰ ਕੇ ਛਿੜਕਾ ਕਰਦਾ ਫੇਰ ਉਹ ਜਿੱਥੋਂ ਕਿਤੇ ਥੜ੍ਹੇ ਦੀ ਮਿੱਟੀ ਖਿਸਕੀ ਹੁੰਦੀ ਓਥੇ ਮਿੱਟੀ ਪਾਉਂਦਾ ਅਤੇ ਮੂੰਹ ਵਿਚ ਹੀ ਬੁੜ ਬੁੜਾਈ ਜਾਂਦਾ, ਪਤਾ ਨਹੀਂ ਮਿੱਟੀ ਖਿਲਾਰਨ ਵਾਲੇ ਨੂੰ ਗਾਲ੍ਹਾਂ ਦੇ ਸਲੋਕ ਪੜ੍ਹਦਾ ਸੀ ਜਾਂ ਕੁਝ ਹੋਰ ਬੋਲਦਾ ਸੀ। ਉਂਞ ਉਹ ਬਹੁਤਾ ਚੁੱਪ ਚੁੱਪ ਹੀ ਰਹਿੰਦਾ ਸੀ।

ਬੋਹੜ ਦੇ ਨੇੜੇ ਇਕ ਲੰਮੀ ਜਿਹੀ ਧੋੜੀ ਸੀ, ਜਿਸ ਉਪਰ ਵਣ, ਕਰੀਰ ਤੇ ਮਲ੍ਹੇ ਝਾੜੀਆਂ ਉੱਗੇ ਹੋਏ ਸਨ। ਨਾਲ ਹੀ ਇਕ ਦਰਖਤਾਂ ਦੀ ਝੰਗੀ ਸੀ। ਇਸ ਥਾਂ ਨੂੰ 'ਮੋਣੇਆਲੀ' ਕਹਿੰਦੇ ਸਨ। ਇਹ ਸਾਰੀ ਥਾਂ ਸ਼ਾਮਲਾਟ ਸੀ। ਜਿਨ੍ਹਾਂ ਬੱਚਿਆਂ ਦੀ ਪੰਜ ਕੁ ਸਾਲ ਦੀ ਉਮਰ ਵਿਚ ਮੌਤ ਹੋ ਜਾਂਦੀ, ਉਹਨਾਂ ਨੂੰ ਇਹਨਾਂ ਮਲ੍ਹੇ ਝਾੜੀਆਂ ਵਾਲੀ ਥਾਂ ਵਿਚ ਦੱਬ ਦਿੱਤਾ ਜਾਂਦਾ ਸੀ। ਛੋਟੇ ਬੱਚੇ ਗੁਰਦਵਾਰੇ ਵਿਚ ਤਾਂ ਖੁਸ਼ੀ ਖੁਸ਼ੀ ਆਉਂਦੇ ਪਰ ਮੋਣੇਆਲੀ ਦੇ ਭੈਅ ਤੇ ਬਾਬੇ ਮੁੱਛਲ ਦੇ ਦਬਕੇ ਤੋਂ ਡਰਦੇ ਉਹ ਏਸ ਪਾਸੇ ਆਉਣੋ ਬਹੁਤ ਡਰਦੇ। ਰਾਤ ਸਮੇਂ 'ਮੋਣੇਆਲੀ' 'ਚੋਂ ਗਿਦੜਾਂ ਦੇ ਕੂਕਣ ਦੀਆਂ ਅਵਾਜ਼ਾਂ ਵੀ ਆਉਂਦੀਆਂ। ਉਹਨਾਂ ਦਿਨਾਂ ਵਿਚ



ਗਿੱਦੜ ਪਿੰਡ ਦੇ ਨੇੜੇ ਵੀ ਆ ਜਾਂਦੇ ਸਨ। ਉਹ ਕੁੱਤਿਆਂ ਤੋਂ ਘੱਟ ਹੀ ਡਰਦੇ। ਕੁੱਤੇ ਵੀ ਗਿੱਦੜਾ ਦੇਖ ਕੇ ਭੌਂਕਦੇ ਤਾਂ ਸਨ ਪਰ ਉਹਨਾਂ ਦੇ ਨੇੜੇ ਨਹੀਂ ਸੀ ਆਉਂਦੇ। ਇਕੱਲੇ ਗਿੱਦੜ ਹੀ ਨਹੀਂ, ਰੋਜ੍ਹ ਤੇ ਹਿਰਨ ਵੀ ਪਿੰਡ ਦੇ ਨੇੜ ਆ ਜਾਂਦੇ ਸਨ ਤੇ ਕਈ ਹਿਰਨੋਟੇ ਕੁੱਤਿਆਂ ਦਾ ਸ਼ਿਕਾਰ ਵੀ ਬਣ ਜਾਂਦੇ।

ਸਾਡੇ ਇਲਾਕੇ ਵਿਚ ਮੋਰ ਬਹੁਤਾਤ ਵਿਚ ਹੁੰਦੇ ਸਨ। ਦਿਨੇ ਉਹ ਕੋਠਿਆ ਉਪਰ ਆ ਜਾਂਦੇ। ਮੁੱਛਲਾਂ ਦੇ ਬੋਹੜ ਕੋਲ ਤਾਂ ਆਮ ਹੀ ਪੈਲਾਂ ਪਾਉਂਦੇ ਦਿਸ ਪੈਂਦੇ। ਮੋਰਾਂ ਨੇ ਬੋਹੜ ਉਪਰ ਵੀ ਆਲਣ੍ਹੇ ਬਣਾਏ ਹੋਏ ਸਨ। ਬਹੁਤ ਸੰਘਣਾ ਬੋਹੜ ਹੋਣ ਕਾਰਨ ਉਹਨਾਂ ਦੀ ਬਿੱਠਾਂ ਥੜ੍ਹੇ ਉਪਰ ਘਟ ਹੀ ਡਿਗਦੀਆਂ, ਬੋਹੜ ਦੇ ਪੱਤਿਆਂ ਵਿਚ ਹੀ ਅਟਕ ਜਾਂਦੀਆਂ ਪਰ ਕੁਝ ਬਿੱਠਾਂ ਤੇ ਗੋਲ੍ਹਾਂ ਥੜ੍ਹੇ ਉਪਰ ਡਿੱਗ ਵੀ ਪੈਂਦੀਆਂ ਸਨ, ਜਿਨ੍ਹਾਂ ਨੂੰ ਬਾਬਾ ਮੁੱਛਲ ਸਵੇਰੇ ਥੜ੍ਹੇ ਦੀ ਸਫਾਈ ਕਨ ਸਮੇਂ ਹੂੰਝ ਦਿੰਦਾ। ਉਂਞ ਵੀ ਦਿਨ ਸਮੇਂ ਮੋਰ ਬੋਹੜ ਉਪਰ ਘੱਟ ਹੀ ਬੈਠਦੇ ਸਨ। ਪੱਤਿਆਂ ਉਪਰ ਪਈਆਂ ਚਿੱਟੀਆਂ ਬਿੱਠਾਂ ਭੈੜੀਆਂ ਵੀ ਲਗਦੀਆਂ। ਮੀਂਹ ਪੈਣ ਨਾਲ ਪੱਤੇ ਧੋਤੇ ਜਾਂਦੇ ਤਾਂ ਬੋਹੜ ਮੁੜ ਹਰਾ ਕਚੂਰ ਦਿਸਣ ਲੱਗ ਪੈਂਦਾ।

ਗਰਮੀਆਂ ਦੀ ਰੁੱਤ ਵਿਚ ਬੋਹੜ ਹੇਠ ਖੂਬ ਰੌਣਕਾਂ ਲਗਦੀਆਂ। ਨੇੜਲੇ ਘਰਾਂ ਦੇ ਬਜ਼ੁਰਗ ਦਿਨੇ ਆਪਣੀਆਂ ਮੰਜੀਆਂ ਚੁੱਕ ਲਿਆਉਂਦੇ ਤੇ ਬੋਹੜ ਦੀ ਛਾਵੇਂ ਡਾਹ ਕੇ ਆਰਾਮ ਕਰਦੇ। ਕਈ ਤਾਂ ਆਪਣੇ ਮੋਢੇ ਉਪਰਲਾ ਸਾਫਾ ਵਿਛਾ ਕੇ ਬੋਹੜ ਦੇ ਤਣੇ ਉਪਰ ਸਿਰ ਰੱਖ ਕੇ ਪੈ ਜਾਂਦੇ। ਕਈ ਬਾਰਾਂ ਡੀਅਟੀ ਖੇਡਣ ਲੱਗ ਜਾਂਦੇ। ਤਾਸ਼ ਖੇਡਣ ਵਾਲਿਆਂ ਦੀਆਂ ਵੀ ਕਈ ਢਾਣੀਆਂ ਬਣ ਜਾਂਦੀਆਂ। ਜੇ ਇਕ ਢਾਣੀ 'ਸਵੀਪ' ਖੇਡ ਰਹੀ ਹੈ ਤਾਂ ਦੂਜੀ ਢਾਣੀ ਵਿਚ 'ਸਰਾਂ ਮੰਨਣਾ' ਖੇਡਿਆ ਜਾ ਰਿਹਾ ਹੁੰਦਾ। ਉਥੇ ਇਕ ਢਾਣੀ ਤਾਸ਼ ਉਪਰ ਜੂਆ ਖੇਡਣ ਦੀ ਵੀ ਸ਼ੌਕੀਨ ਸੀ। ਉਹ ਪੈਸਿਆਂ ਦੀ ਥਾਂ ਠੀਕਰੀਆਂ ਜਾਂ ਰੋੜਾਂ ਨਾਲ ਖੇਡਦੇ। ਅੱਡ ਅੱਡ ਦੇ ਰੋੜਾਂ, ਠੀਕਰੀਆਂ ਦੀ ਕੀਮਤ ਆਨਾ, ਦੁਆਨੀ, ਚੁਆਨੀ, ਅਠਿਆਨੀ ਤੇ ਰੁਪੱਈਆ ਰੱਖੀ ਹੁੰਦੀ। ਅਖੀਰ ਵਿਚ ਜਿਹੜਾ ਜਿੱਤ ਜਾਂਦਾ ਉਹ ਠੀਕਰੀਆਂ, ਰੋੜਾਂ ਦੇ ਹਿਸਾਬ ਨਾਲ ਹਾਰੇ ਹੋਏ ਵਿਅਕਤੀ ਤੋਂ ਪੈਸੇ ਉਗਰਾਹ ਲੈਂਦਾ। ਬਹੁਤਿਆਂ ਨੂੰ ਪਤਾ ਨਹੀਂ ਸੀ ਲਗਦਾ ਕਿ ਏਥੇ ਜੂਆ ਵੀ ਖੇਡਿਆ ਜਾ ਰਿਹਾ ਹੈ।

ਜਦੋਂ ਏਧਰਲੀ ਪੱਤੀ ਵਿਚ ਆਈ ਜੰਞ ਵਿਚੋਂ ਕੁਝ ਜਾਞੀਂ ਧਰਮਸ਼ਾਲਾ ਵਿਚੋਂ ਮੰਜੇ ਬੋਹੜ ਹੇਠ ਮੰਗਵਾ ਲੈਂਦੇ ਤਾਂ ਪਿੰਡ ਵਾਲੇ ਆਪਣੇ ਆਪ ਹੀ ਬੋਹੜ ਦਾ ਥੜ੍ਹਾ ਉਹਨਾਂ ਲਈ ਖਾਲੀ ਕਰ ਦਿੰਦੇ। ਜੇ ਜੰਞ ਨਾਲ ਕਵੀਸ਼ਰ ਜਾਂ ਗਵੰਤਰੀ ਆਏ ਹੁੰਦੇ ਤਾਂ ਬਹੁਤੀ ਵਾਰ ਅਖਾੜਾ ਬੋਹੜ ਹੇਠ ਹੀ ਲਗਦਾ। ਉਸ ਦਿਨ ਪਿੰਡ ਦੇ ਲੋਕ ਵੀ ਅਖਾੜਾ ਸੁਣਨ ਆ ਜਾਂਦੇ। ਜਾਞੀਂ ਮੰਜਿਆਂ ਉਪਰ ਬੈਠੇ ਹੁੰਦੇ ਤੇ ਪਿੰਡ ਦੇ ਲੋਕ ਜਾਂ ਤਾਂ ਮੰਜਿਆਂ ਦੇ ਪਿੱਛੇ ਖੜ੍ਹੇ ਹੁੰਦੇ ਜਾਂ ਚੌਂਕੜੀਆਂ ਮਾਰ ਕੇ ਥੜ੍ਹੇ ਉਪਰ ਬੈਠ ਕੇ ਸੁਣਦੇ। ਵਿਆਹ ਸ਼ਾਦੀਆਂ ਤੋਂ ਬਿਨਾਂ ਵੀ ਗਵੰਤਰੀਆਂ ਤੇ ਕਵੀਸ਼ਰਾਂ ਦੇ ਬੋਹੜ ਹੇਠ ਅਖਾੜੇ ਲਗਦੇ ਸਨ। ਗਵੰਤਰੀ ਸਾਰੰਗੀ ਵਾਲੇ ਵੀ ਹੁੰਦੇ ਤੇ ਇਕਤਾਰੇ ਵਾਲੇ ਵੀ। ਗਵੰਤਰੀ ਗੋਲ ਦਾਇਰੇ ਵਿਚ ਤੁਰ ਫਿਰ ਕੇ ਗਾਉਂਦੇ। ਮੋਢੀ ਅੱਧਾ ਵਾਕ ਗਾਉਂਦਾ ਤੇ ਬਾਕੀ ਅੱਧਾ ਵਾਕ ਉਸ ਦੇ ਦੋ ਪਾਸ਼ੂ ਗਾਉਂਦੇ। ਕਵੀਸ਼ਰ ਇਕ ਥਾਂ ਖੜ੍ਹ ਕੇ ਗਾਉਂਦੇ। ਕਵੀਸ਼ਰਾਂ ਦਾ ਮੋਹਰੀ ਛੰਦ ਦਾ ਇਕ ਪੂਰਾ ਮਿਸਰਾ ਬੋਲਦਾ ਤੇ ਅਗਲਾ ਮਿਸਰਾ ਨਾਲ ਦੇ ਦੋ ਸਾਥੀ ਬੋਲਦੇ। ਅਖੀਰ ਵਿਚ ਤਿੰਨੋ ਇਕੱਠੇ ਪੂਰਾ ਮਿਸਰਾ ਬੋਲ ਕੇ ਤੋੜਾ ਝਾੜਦੇ। ਜਦੋਂ ਦਰਸ਼ਕਾਂ ਵਿਚੋਂ ਕੋਈ ਉਹਨਾਂ ਨੂੰ ਇਨਾਮ ਦਿੰਦਾ ਤਾਂ ਕਵੀਸ਼ਰ ਛੰਦ ਮੁੱਕਣ ਤੋਂ ਬਾਅਦ ਇਨਾਮ ਦੇਣ ਵਾਲੇ ਦਾ ਧੰਨਵਾਦ ਕਰਦੇ। ਕਵੀਸ਼ਰਾਂ ਦੇ ਕੋਲ ਜਾ ਕੇ ਇਨਾਮ ਦਿੱਤਾ ਜਾਂਦਾ ਸੀ ਪਰ ਗਵੰਤਰੀਆਂ ਤੇ ਨਚਾਰਾਂ ਦਾ ਇਨਾਮ ਪ੍ਰਾਪਤ ਕਰਨ ਦਾ ਵੱਖਰਾ ਢੰਗ ਹੁੰਦਾ ਸੀ। ਜਦੋਂ ਕੋਈ ਉਹਨਾਂ ਨੂੰ ਇਨਾਮ ਦੇਣ ਲਈ ਜੇਬ ਵਿਚੋਂ ਰੁਪਿਆ ਕੱਢ ਕੇ ਲਹਿਰਾਉਂਦਾ ਤਾਂ ਉਹ ਗਾਉਣਾ ਬੰਦ ਕਰ ਕੇ ਉਸ ਬੰਦੇ ਕੋਲ ਜਾ ਕੇ ਇਨਾਮ ਫੜਦੇ ਤੇ ਉਸ ਦਾ ਨਾਮ ਲੈ ਕੇ ਅਸੀਸ ਰੂਪ ਵਿਚ

'ਫਲਾਨਾ ਸਿੰਘ ਦੀ ਵੇਲ, ਉਹਦੇ ਲੱਖ ਰੁਪਈਏ ਦੀ ਵੇਲ, ਇਹਨਾਂ ਦੀ ਜੁਗੋ ਜੁਗ ਵੇਲ ਵਧੇ' ਕਹਿ ਕੇ ਨਾਲ ਕੁਝ ਹੋਰ ਅਸੀਸਾਂ ਵੀ ਜੋੜ ਦਿੰਦੇ। ਪਤਾ ਨਹੀਂ, ਉਹਨਾਂ ਸਮਿਆਂ ਵਿਚ ਇਹ ਕੋਈ ਬੰਧਨ ਸੀ ਜਾਂ ਗਵੰਤਰੀਆਂ, ਨਚਾਰਾਂ ਆਦਿ ਵਿਚ ਸਬਰ ਸਬੂਰੀ ਹੀ ਇੰਨੀ ਸੀ ਕਿ ਉਹ ਇਨਾਮ ਦੇਣ ਵਾਲਿਆਂ ਕੋਲੋਂ ਇਕੋ ਰੁਪਿਆ ਹੀ ਇਨਾਮ ਵਿਚ ਲੈਂਦੇ ਸਨ। ਜੇ ਕੋਈ ਦੁਬਾਰਾ ਇਨਾਮ ਦੇਣ ਲਈ ਪੈਸੇ ਕਢਦਾ ਤਾਂ ਉਸ ਨੂੰ 'ਸਰਦਾਰਾ, ਇਕੋ ਤੇਰਾ ਲੱਖ ਵਰਗਾ, ਏਹਨੂੰ ਮੋੜ ਕੇ ਜੇਬ ਵਿਚ ਪਾ ਲੈ' ਕਹਿ ਕੇ ਮੋੜ ਦਿੰਦੇ ਸਨ।

ਇਕ ਵਾਰ ਮੈਂ ਨਚਾਰ, ਨਕਲੀਆਂ ਦੇ ਅਖਾੜੇ ਦਾ ਰੰਗ ਵੀ ਦੇਖਿਆ ਸੀ। ਗਰਮੀ ਦੀਆਂ ਛੁੱਟੀਆਂ ਵਿਚ ਇਕ ਦਿਨ ਅਸੀਂ ਪੱਟ-ਵਾਲੇ ਖੇਤੀਂ ਮੱਝਾਂ ਚਰਾ ਰਹੇ ਸੀ ਕਿ ਦੂਰੋਂ ਸਾਨੂੰ ਬੋਹੜ ਹੇਠ ਬਹੁਤ ਭਾਰੀ ਇਕੱਠ ਦਿਸਿਆ। ਅਸੀਂ ਝਟ ਆਪਣੀਆਂ ਮੱਝਾਂ ਪਿੰਡ ਵਲ ਤੋਰ ਲਈਆਂ। ਅਸੀਂ ਆਪਣੀਆਂ ਮੱਝਾਂ ਤਲਾਅ ਵਿਚ ਬਿਠਾ ਦਿੱਤੀਆਂ ਤੇ ਆਪ ਬੋਹੜ ਹੇਠਲਾ ਨਜ਼ਾਰਾ ਦੇਖਣ ਲੱਗੇ। ਅਸੀਂ ਦੇਖਿਆ ਕਿ ਗੋਲ ਦਾਇਰੇ ਦੇ ਵਿਚਕਾਰ ਇਕ ਨਚਾਰ ਔਰਤਾਂ ਦੇ ਪਹਿਰਾਵੇ ਵਿਚ ਨਚਦਾ ਹੋਇਆ ਗਾ ਰਿਹਾ ਸੀ, 'ਸਾਹਿਬਾਂ ਪੜ੍ਹੇ ਨਾ ਮਸੀਤ ਵਿਚ ਬਹਿ ਕੇ, ਮੌਲਵੀ ਜੀ ਦੇਣ ਝਿੜਕਾਂ' ਦੋ ਜਣੇ ਉਸ ਦੇ ਪਿੱਛੇ ਪਿੱਛੇ ਗਾ ਰਹੇ ਸਨ। ਉਹਨਾਂ ਦੋ ਕੁ ਵਾਰ ਇਹੋ ਬੋਲ ਬੋਲੇ ਤੇ ਫਿਰ ਨਚਾਰ ਪਾਸੇ ਹੋ ਕੇ ਬੈਠ ਗਿਆ। ਨਚਾਰ ਦੇ ਪਿੱਛੇ ਗਾਉਣ ਵਾਲੇ ਦੋਵੇਂ ਸਾਥੀ ਆਪੋ ਵਿਚ ਵਾਰਤਾਲਾਪ ਕਰਨ ਲੱਗੇ;

ਪਹਿਲਾ: 'ਮੌਲਵੀ ਸਾਹਿਬਾਂ ਨੂੰ ਕਾਹਤੋਂ ਝਿੜਕਾਂ ਦਿੰਦਾ ਸੀ?'.

ਦੂਜਾ: 'ਉਹ ਸਾਹਿਬਾਂ ਨੂੰ ਉੜਦੂ ਪੜ੍ਹਾਉਣਾ ਚਾਹੁੰਦਾ ਸੀ'

ਪਹਿਲਾ; 'ਫੇਰ ਉਹ ਕਾਹਤੋਂ ਨਹੀਂ ਸੀ ਪੜ੍ਹਦੀ?'

ਦੂਜਾ; 'ਬਾਹਰ ਖੜ੍ਹਾ ਮਿਰਜਾ ਸਹਿਬਾਂ ਨੂੰ ਸੈਨਤਾਂ ਮਾਰੀ ਜਾਂਦਾ ਸੀ ਬਈ ਆਪਾਂ ਮਸੀਤ ਪਿੱਛੇ ਜਾ ਕੇ ਕਝੁੜਦੂ ਪੜ੍ਹੀਏ।'

ਇੰਨੀ ਗੱਲ ਕਹਿਣ 'ਤੇ ਪਹਿਲਾ ਉਸ ਦੇ ਲਿਤਰੇ ਲਾਉਣ ਲੱਗ ਪਿਆ। ਫਿਰ ਦੂਜਾ ਕੁਝ ਬੋਲੀ ਜਾਂਦਾ ਤੇ ਪਹਿਲਾ ਉਸ ਦੇ ਲਿਤਰੇ ਮਾਰੀ ਜਾਂਦਾ। ਉਹਨਾਂ ਦੀ ਵਾਰਤਾਲਾਪ ਬਹੁਤ ਹੀ ਅਸ਼ਲੀਲ ਭਾਸ਼ਾ ਵਿਚ ਸੀ। ਦਰਸ਼ਕ ਹੱਸ ਹੱਸ ਲੋਟ ਪੋਟ ਹੋ ਰਹੇ ਸਨ। ਕੁਝ ਦੇਰ ਉਹਨਾਂ ਨਕਲਾਂ ਲਾਹੀਆਂ ਫਿਰ ਨੱਚਣਾ ਗਾਉਣਾ ਅਰੰਭ ਹੋ ਗਿਆ। ਫਿਰ ਨਕਲਾਂ ਤੇ ਫਿਰ ਨੱਚਣਾ ਗਾਉਣਾ। ਇਹ ਸਿਲਸਿਲਾ ਆਥਣ ਤਕ ਚਲਦਾ ਰਿਹਾ ਸੀ। ਇਸ ਤਰ੍ਹਾਂ ਦੇ ਅਖਾੜੇ ਬੋਹੜ ਹੇਠ ਲਗਦੇ ਹੀ ਰਹਿੰਦੇ ਸਨ ਪਰ ਇਹਨਾਂ ਅਖਾੜਿਆਂ ਵਿਚ ਔਰਤਾਂ ਦੀ ਸ਼ਮੂਲੀਅਤ ਵਰਜਤ ਹੁੰਦੀ ਸੀ। ਔਰਤਾਂ ਤਾਂ ਕਵੀਸ਼ਰੀ ਸੁਣਨ ਵੀ ਨਹੀਂ ਸੀ ਆਉਂਦੀਆ ਹੁੰਦੀਆਂ। ਮੁੱਛਲਾਂ ਦੇ ਬੋਹੜ ਉਪਰ ਪੀਂਘਾਂ ਵੀ ਨਹੀਂ ਸੀ ਪੈਂਦੀਆਂ, ਨਾ ਹੀ ਕੁੜੀਆਂ ਬੁੜ੍ਹੀਆਂ ਬੋਹੜ ਹੇਠ ਆ ਕੇ ਬੈਠਦੀਆਂ ਸਨ। ਇੰਞ ਜਾਪਦਾ ਸੀ ਜਿਵੇਂ ਉਹਨਾਂ ਉਪਰ ਅਣਐਲਾਨੇ ਮਨਾਹੀ ਦੇ ਹੁਕਮ ਲਾਗੂ ਹੋ ਗਏ ਹੋਣ।

ਪਰ ਮੁਰੱਬਾਬੰਦੀ ਨੇ ਸਭ ਕੁਝ ਉਲਟ ਪਲੱਟ ਕਰ ਦਿੱਤਾ ਸੀ। ਜਦੋਂ 1958 ਵਿਚ ਅਸੀਂ ਇਸ ਬੋਹੜ ਹੇਠ ਕਵੀ ਦਰਬਾਰ ਕਰਵਾਇਆ ਤਾਂ ਉਥੇ ਬੀਬੀਆਂ ਦਾ ਵੀ ਭਾਰੀ ਇਕੱਠ ਸੀ ਪਰ ਬਾਬੇ ਮੁੱਛਲ ਨੂੰ ਉਹ ਸਮਾਂ ਦੇਖਣਾ ਨਸੀਬ ਨਹੀਂ ਸੀ ਹੋਇਆ। ਪਿੰਡ ਵਾਲਿਆਂ ਨੇ ਕਵੀਸ਼ਰ, ਗਵੰਤਰੀ ਤੇ ਢਾਡੀ ਦਰਬਾਰ ਤਾਂ ਦੇਖੇ, ਸੁਣੇ ਸਨ ਪਰ ਪਿੰਡ ਦਾ ਇਹ ਪਹਿਲਾ ਕਵੀ ਦਰਬਾਰ ਸੀ ਜੋ ਉਸ ਬੋਹੜ ਹੇਠ ਹੋਇਆ ਸੀ, ਜਿਹੜਾ ਬੋਹੜ ਹੁਣ ਮੁੱਛਲਾਂ ਦਾ ਨਹੀਂ ਸੀ ਰਿਹਾ। ਸ਼ਾਇਦ ਉਹ ਕਵੀ ਦਰਬਾਰ ਬੋਹੜ ਹੇਠਲਾ ਅਖੀਰਲਾ ਰੌਣਕ ਮੇਲਾ ਸੀ। ਉਸ ਮਗਰੋਂ ਬੋਹੜ ਹੇਠ ਰੌਣਕਾਂ ਲਗਣੀਆਂ ਬੰਦ ਹੋ ਗਈਆਂ ਸਨ। ਕਾਰਨ ਸੀ;

ਸੰਨ 1954 ਤੋਂ 56 ਤਕ ਪਿੰਡ ਦੀ ਮੁਰੱਬਾ ਬੰਦੀ ਹੁੰਦੀ ਰਹੀ ਸੀ। ਇਸ ਸਮੇਂ ਤਕ ਰਾਹਾਂ ਤੋਂ ਕੁਰਾਹ ਹੋ ਗਏ




ਸਨ। ਬੰਬੀਹਾ ਭਾਈ ਨੂੰ ਜਾਣ ਵਾਲਾ ਰਾਹ ਸਮਾਲਸਰ ਦੇ ਰਾਹ ਨਾਲ ਮਿਲਾ ਦਿੱਤਾ ਗਿਆ ਸੀ। ਜਿਹੜਾ ਪਹਿਲੇ ਰਾਹ ਤੋਂ ਬਹੁਤ ਦੂਰ ਹੋ ਗਿਆ ਸੀ। ਬੋਹੜ ਹੇਠ ਦੀ ਠੱਠੀ ਭਾਈ ਨੂੰ ਨਵਾਂ ਰਾਹ ਬਣ ਗਿਆ ਸੀ। ਜ਼ਿਮੀਦਾਰਾਂ ਦੇ ਥਾਂ ਥਾਂ ਖਿੱਲਰੇ ਖੇਤ ਇਕ ਜਾਂ ਦੋ ਥਾਈਂ ਇਕੱਠੇ ਹੋ ਗਏ ਸਨ। ਜ਼ਮੀਨਾਂ ਦੀ ਅਦਲਾ ਬਦਲੀ ਵਿਚ ਦਰਖਤਾਂ ਦੀ ਸ਼ਾਮਤ ਆ ਗਈ ਸੀ। ਦਰਖਤਾਂ ਦਾ ਮੁੱਲ ਨਹੀਂ ਸੀ ਪਿਆ। ਜ਼ਮੀਨ ਦਾ ਪਹਿਲਾ ਮਾਲਕ ਜਾਂ ਤਾਂ ਨਵੇਂ ਬਣੇ ਮਾਲਕ ਨੂੰ ਦਰਖਤ ਵੇਚ ਸਕਦਾ ਸੀ ਜਾਂ ਉਹ ਸਾਲ ਦੇ ਅੰਦਰ ਅੰਦਰ ਦਰਖਤ ਨੂੰ ਪੁਟ ਸਕਦਾ ਸੀ।ਦਰਖਤਾਂ ਦਾ ਮੁੱਲ ਪਾ ਕੇ ਰੱਖਣ ਦੀ ਥਾਂ ਪਹਿਲੇ ਮਾਲਕਾਂ ਵਲੋਂ ਦਰਖਤਾਂ ਦੀ ਪੁੱਟ ਪੁਟਾਈ ਹੀ ਸ਼ੁਰੂ ਹੋ ਗਈ ਸੀ।

'ਮੋਨੇਆਲੀ' ਵਾਲੀ ਸ਼ਾਮਲਾਟ ਹੁਣ ਸ਼ਾਮਲਾਟ ਨਹੀਂ ਸੀ ਰਹੀ ਅਤੇ ਬੋਹੜ ਵਾਲੀ ਥਾਂ ਦੇ ਮਾਲਕ ਮੁੱਛਲ ਨਹੀਂ ਸੀ। ਬੋਹੜ ਦੀ ਸਾਂਭ ਸੰਭਾਲ ਕਰਨ ਵਾਲਾ ਬਾਬਾ ਮੁੱਛਲ ਤਾਂ ਮੁਰੱਬੇ ਬੰਦੀ ਤੋਂ ਪਹਿਲਾਂ ਹੀ ਇਸ ਸੰਸਾਰ ਤੋਂ ਵਦਾਇਗੀ ਲੈ ਗਿਆ ਸੀ। ਉਸ ਦੇ ਨਾਲ ਹੀ ਚਲੀ ਗਈ ਬੋਹੜ ਦੀ ਸ਼ਾਨ ਅਤੇ ਉਸ ਦੇ ਨਾਲ ਹੀ ਚਲੇ ਗਏ ਸਨ ਥੋਹਰਾਂ ਦੇ ਕੰਡੇ। ਥੋਹਰਾਂ ਵਾਲੀ ਖੱਤੀ ਉਹ ਨੰਬਰਦਾਰ ਅਨੋਖ ਸਿੰਘ ਨੂੰ ਵੇਚ ਗਿਆ ਸੀ ਅਤੇ ਅਨੋਖ ਸਿੰਘ ਨੇ ਥੋਹਰਾਂ ਵਾਲੇ ਪਾਸੇ ਦੀ ਤਿੰਨ ਕਨਾਲਾਂ ਥਾਂ ਤਲਵੰਡੀ ਸਾਬੋ ਦੇ ਪਰਤਾਪ ਸਿੰਘ ਨੂੰ ਵੇਚ ਦਿੱਤੀ ਸੀ। ਉਸ ਨੇ ਉਸ ਥਾਂ ਨੂੰ ਪੱਧਰਾ ਕਰਨ ਸਮੇਂ ਥੋਹਰਾਂ ਨੂੰ ਜ਼ਮੀਨ ਵਿਚ ਹੀ ਦਬਾ ਦਿੱਤਾ ਸੀ ਅਤੇ ਉਸ ਥਾਂ ਇਕ ਕੋਠੜੀ ਬਣਾ ਕੇ ਓਥੇ ਵੈਦਗੀ ਦਾ ਧੰਦਾ ਆਰੰਭ ਕਰ ਦਿੱਤਾ ਸੀ। ਉਹਦਾ ਬੌਣਾ ਪੁੱਤਰ, ਉੱਤਮ ਸਿੰਘ ਉਸ ਦੇ ਨਾਲ ਰਹਿੰਦਾ ਸੀ। ਉਸ ਨੂੰ ਮਾਮਾ ਕਹਿ ਕੇ ਬਲਾਉਂਦੇ ਕਿਉਂਕਿ ਉਹ ਸਾਡੀ ਚਾਚੀ ਦਾ ਭਰਾ ਸੀ।

ਮੁਰੱਬੇਬੰਦੀ ਦਾ ਕੰਮ ਸਮਾਪਤ ਹੋਣ ਤੋਂ ਕੁਝ ਸਮੇਂ ਬਾਅਦ ਹੀ 'ਮੋਨੇਆਲੀ' ਦੇ ਦਰਖਤਾਂ ਦੀ ਪੁਟਾਈ ਅਤੇ ਧੋੜੀ ਦੀ ਪਧਰਾਈ ਸ਼ੁਰੂ ਹੋ ਗਈ ਸੀ। ਮੋਨੇਆਲੀ ਦੀ ਪੁਟਾਈ ਸਮੇਂ ਛੋਟੇ ਛੋਟੇ ਬੱਚਿਆਂ ਦੇ ਪਿੰਜਰ ਬਾਹਰ ਅ ਜਾਂਦੇ। ਉਹਨਾਂ ਨੂੰ ਬੜੇ ਸਤਕਾਰ ਨਾਲ ਇਕ ਵੱਡੇ ਡੱਬੇ ਵਿਚ ਇਕੱਠੇ ਕੀਤਾ ਗਿਆ ਸੀ, ਫਿਰ ਉਹਨਾਂ ਸਾਰੇ ਪਿੰਜਰਾਂ ਨੂੰ ਨਵੇਂ ਬਣੇ ਸਿਵਿਆਂ ਵਿਚ ਦਫਨਾ ਦਿੱਤਾ ਗਿਆ ਸੀ। 'ਮੋਨੇਆਲੀ' ਵਾਲੀ ਜਗਾਹ ਨੂੰ ਪੱਧਰੀ ਕਰ ਕੇ ਫਸਲਾਂ ਬੀਜ ਦਿੱਤੀਆਂ ਗਈਆਂ ਸਨ ਪਰ ਬੋਹੜ ਨੂੰ ਅਜੇ ਛੇੜਿਆ ਨਹੀਂ ਸੀ ਗਿਆ। ਜ਼ਮੀਨ ਕਿਸੇ ਹੋਰ ਜ਼ਿਮੀਂਦਾਰ ਦੇ ਕੋਲ ਆ ਗਈ ਸੀ ਅਤੇ ਬੋਹੜ ਉਪਰ ਹੱਕ ਮਾਘੀ ਮੈਂਬਰ ਦਾ ਗਿਣਿਆ ਗਿਆ ਸੀ। ਉਹ ਧਾਰਮਿਕ ਭਾਵਨਾਵਾਂ ਕਾਰਨ ਬੋਹੜ ਨੂੰ ਪੁੱਟਣ ਜਾਂ ਵੇਚਣ ਦਾ ਸਾਹਸ ਨਹੀਂ ਸੀ ਜੁਟਾ ਸਕਿਆ। ਉਧਰ ਮਾਲਕਾਂ ਦੀ ਤਕਰੀਬਨ ਇਕ ਕਿੱਲਾ ਜ਼ਮੀਨ ਬਰਬਾਦ ਹੋ ਰਹੀ ਸੀ ਤੇ ਬੋਹੜ ਉਹਨਾਂ ਦਾ ਕੁਝ ਵੀ ਨਹੀਂ ਸੀ ਸਵਾਰ ਰਿਹਾ। ਕੁਝ ਲਾਭ ਦੇ ਉਲਟ ਬੋਹੜ ਦੇ ਨੇੜਲੀ ਜ਼ਮੀਨ ਦਾ ਉਜਾੜਾ ਹੋ ਰਿਹਾ ਸੀ। ਫਿਰ ਪਤਾ ਨਹੀਂ ਕੀ ਫੈਸਲਾ ਹੋਇਆ ਕਿ ਸੱਠਵੇਂ ਦਹਾਕੇ ਦੇ ਪਹਿਲੇ ਸਾਲ ਹੀ ਲੱਕੜ ਦੇ ਠੇਕੇਦਾਰਾਂ ਨੇ ਬੋਹੜ ਨੂੰ ਕੱਟਣਾ ਸ਼ੁਰੂ ਕਰ ਦਿੱਤਾ ਅਤੇ ਇਕ ਮਹੀਨੇ ਵਿਚ ਹੀ ਪਿੰਡ ਦੀ ਧਰੋਹਰ ਦਾ ਪਿੰਡ ਦੀ ਜ਼ਮੀਨ ਤੋਂ ਨਾਮੋ ਨਿਸ਼ਾਨ ਮਿਟ ਗਿਆ।

**ਸੰਪਰਕ**-+1-604-543-8721

**ਪਰਵਾਜ਼ ਪ੍ਰਕਾਸ਼ਨ**
**ਵੱਲੋਂ ਪ੍ਰਕਾਸ਼ਤ ਹੋ ਰਿਹਾ**
**ਸਰੂਪ ਸਿਆਲਵੀ ਦਾ**
**ਨਵਾਂ ਕਹਾਣੀ ਸੰਗ੍ਰਹਿ**




**ਅਧਿਐਨ-1**

# ਕਰੂਪੇ ਚਿਹਰਿਆਂ ਦੀ ਮੰਜ਼ਿਰਕਸ਼ੀ:
## *ਸ਼ਹਿਰ ਵਿਚ ਸਾਨ੍ਹ ਹੋਣ ਦਾ ਮਤਲਬ*

**-ਤਸਕੀਨ**

ਪੂੰਜੀਵਾਦੀ ਆਦਿ ਨੇ ਵਿਗਾਸ ਨੂੰ ਜਾਨਣ ਦਾ ਗਾਡੀ ਰਾਹ ਫੜਿਆ ਸੀ, ਜਿੱਥੇ ਤਰਕ ਨੇ ਪ੍ਰਕਿਰਤੀ ਦੁਆਲਿਉਂ ਧਰਮ/ਰੱਬ ਦਾ ਖਲੇਪੜ ਉਤਾਰਦਿਆਂ ਪ੍ਰਕਿਰਤੀ ਦੀ ਵਿਰੋਧ ਵਿਕਾਸੀ ਤੋਰ ਨੂੰ ਸਮਝਣ ਦਾ ਪ੍ਰਾਰੰਭ ਕੀਤਾ। ਵਿਗਿਆਨ ਦੀ ਸਮਝ ਨੇ ਪ੍ਰਕਿਰਤੀ ਦੇ ਵਿਗਾਸੀ ਰੂਪ ਨੂੰ ਸਮਝਦਿਆਂ ਮਨੁੱਖੀ ਹੋਂਦ ਦੁਆਲਿਉਂ ਰਹੱਸ ਦਾ ਭਰਮ ਹਟਾ ਕੇ ਉਸਨੂੰ ਪ੍ਰਕਿਰਤੀ ਦੀ ਆਗੋਸ਼ ਵਿਚ ਸੁਆਉਣ ਦਾ ਆਹਰ ਕੀਤਾ ਸੀ। ਇਸਨੇ ਸੰਸਾਰ ਦੇ ਫਲਸਫੇ, ਇਤਿਹਾਸ, ਵਿਗਿਆਨ, ਤਕਨੀਕ, ਸਾਹਿਤ ਆਦਿ ਸਭ ਨੂੰ ਅਸਲੋਂ ਬਦਲਣ ਦਾ ਕਾਰਜ ਆਰੰਭ ਦਿੱਤਾ। ਇਸ ਮਾਡਲ ਨੇ ਬੰਦੇ ਦੇ ਜੀਵਨ ਨੂੰ ਹੁਲਾਰਾ ਦਿੱਤਾ ਪ੍ਰੰਤੂ ਤੇਜ਼ੀ ਨਾਲ ਥੋੜ੍ਹੇ ਜਿਹੇ ਹੱਥਾਂ ਵਿਚ ਹੋਏ ਪੂੰਜੀ ਦੇ ਇਕੱਤਰੀਕਰਨ ਨੇ ਇਸ ਆਧੁਨਿਕ ਪ੍ਰਕਿਰਤਕ ਵਿਗਾਸ ਦੇ ਵਰਤਾਰੇ ਨੂੰ ਚਿੱਤ ਕਰਦਿਆਂ ਵਿਕਾਸ ਭਾਵ ਤਕਨੀਕ ਦੇ ਵਿਕਾਸ ਵਿਚ ਖਲਤ-ਮਲਤ ਕਰਕੇ ਵਿਗਾਸ ਨੂੰ ਵਿਕਾਸ ਨਾਲ ਤਬਦੀਲ (replace) ਕਰ ਦਿੱਤਾ। ਅੱਜ ਵਿਕਾਸ ਦਾ ਇਹ ਤਕਨੀਕੀ 'ਦੈਂਤ' ਸਾਡੇ ਸਰੀਰ ਅਤੇ ਸਾਡੀ ਚੇਤਨਾ ਦੇ ਸਭ ਅਣਮੁੱਲੇ ਖਰਲਾਂ ਖੂੰਜਿਆਂ ਨੂੰ ਮੀਡੀਆ ਪੁਰਾਣ ਰਾਹੀਂ ਘੇਰੀ ਬੈਠਾ ਹੈ। ਮਨੁੱਖੀ ਚੇਤਨਾ ਵਿਚੋਂ ਖਪਤਵਾਦੀ ਪੀਕ ਰਿਸਦੀ ਹੈ, ਜੋ ਪਿੱਛੇ ਤੁਸਾਂ ਮਾਰਦਾ ਕੂੜਾ ਛੱਡਦੀ ਜਾਂਦੀ ਹੈ। ਮਨੁੱਖੀ ਸਮਾਜ ਦਾ ਇਤਿਹਾਸ ਕਚਹਿਣ ਨਾਲ ਭਰ ਗਿਆ ਹੈ, ਵਿਗਾਸ ਨੂੰ ਵਿਕਾਸ ਹਜ਼ਮ ਕਰਦਾ ਜਾਂਦਾ ਹੈ ਤਾਂ ਪ੍ਰਕਿਰਤੀ ਅਤੇ ਸਮਾਜ ਇਸ ਤੁਸਾਂ ਛੱਡਦੇ ਕੂੜੇ ਦੇ ਢੇਰ ਵਿਚ ਲੱਥ-ਪੱਥ ਕਰੂਪ ਹੁੰਦੇ ਜਾਂਦੇ ਨੇ, ਸਾਡੀਆਂ ਸਭ ਦੀਆਂ ਸ਼ਕਲਾਂ ਕੂੜੇ ਦੇ ਢੇਰ ਵਰਗੀਆਂ ਹੁੰਦੀਆਂ ਜਾ ਰਹੀਆਂ ਹਨ।




ਕੂੜੇ ਦੀਆਂ ਸ਼ਕਲਾਂ ਵਾਲੀਆਂ ਤੁਰਦੀਆਂ ਫਿਰਦੀਆਂ ਲਾਸ਼ਾਂ ਦੇ ਦ੍ਰਿਸ਼ਾਂ ਨੂੰ ਵੇਖਣਾ ਹੈ ਤਾਂ ਇਹ ਸਾਨੂੰ ਦੇਸ ਰਾਜ ਕਾਲੀ ਦੇ ਨਵੇਂ ਨਾਵਲ **'ਸ਼ਹਿਰ ਵਿਚ ਸਾਨ੍ਹ ਹੋਣ ਦਾ ਮਤਲਬ'** (**ਪ੍ਰਕਾਸ਼ਕ: ਦੀਪਕ ਪਬਲਿਸ਼ਰਜ਼, ਜਲੰਧਰ, ਮੁੱਲ: 175 ਰੁਪਏ, ਪੰਨੇ: 96**) ਵਿਚ ਦਿਖਾਈ ਦਿੰਦੀਆਂ ਹਨ। ਇਸ ਨਾਵਲ ਦੇ ਚਿੱਤਰਪੱਟ 'ਤੇ ਵਿਅਕਤੀ ਵਿਸ਼ੇਸ਼ ਦੇ 'ਸਾਨ੍ਹ' ਹੋਣ ਦੀ ਗ਼ੈਰਹਾਜ਼ਰੀ ਰੜਕਦੀ ਹੈ, ਮਗਰ ਸ਼ਹਿਰ ਵਿਚ ਇਕ 'ਸਾਨ੍ਹ' ਹੈ ਜੋ ਹਰ ਪਾਸੇ ਦਨਦਨਾਉਂਦਾ ਫਿਰ ਰਿਹਾ ਹੈ! ਉਹ ਹੈ ਵਿਕਾਸ ਦਾ 'ਸਾਨ੍ਹ'। ਜਿਸਦੀ ਆਮਦ ਨਾਲ ਮਨੋਰੰਜਨ ਕਰਦੇ ਦਰਮਿਆਨੇ ਤਬਕੇ ਦੇ ਲੋਕ ਅਤੇ ਹੇਠਲੇ ਤਬਕੇ ਦੇ ਲੋਕਾਂ ਦੀਆਂ ਸ਼ਕਲਾਂ



ਇਕਰੂਪ ਦਿਖਾਈ ਦਿੰਦੀਆਂ ਹਨ। ਦਰਮਿਆਨੇ ਤਬਕੇ ਦੇ ਅਫ਼ਰੇਵੇਂ ਨਾਲ ਭਰੇ ਬੰਦੇ ਵੀ ਕੂੜੇ ਦੇ ਢੇਰ ਵਰਗੀਆਂ ਸ਼ਕਲਾਂ 'ਚੋਂ ਆਪਣੀ ਪਛਾਣ ਲਈ ਕਈ ਤਰ੍ਹਾਂ ਦੇ ਪਾਪੜ ਵੇਲਦੇ ਹਨ ਅਤੇ ਹੇਠਲੇ ਤਬਕੇ ਦੇ ਲੋਕ ਆਪਣੇ ਬੰਦਾ ਹੋਣ ਦੀ ਪਛਾਣ ਨੂੰ ਬਣਾਈ ਰੱਖਣ ਲਈ ਰੀਂਘ ਰਹੇ ਹਨ।

ਕਾਲੀ ਨੇ ਇਕ ਸ਼ਹਿਰ ਨੂੰ ਕੇਂਦਰ ਬਣਾ ਕੇ ਸਮੁੱਚੇ ਸੰਸਾਰ ਦੀ ਮਨੁੱਖੀ ਸਥਿਤੀ ਨੂੰ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ, ਕਿਉਂਕਿ ਅੱਜ ਦੇ ਸੰਸਾਰ ਨੂੰ ਤਿੰਨ ਦਹਾਕੇ ਪਹਿਲਾਂ ਗਲੋਬਲ ਪਿੰਡ ਦੇ ਲਕਬੀ ਸੰਕਲਪ ਵਿਚ ਵਲੇਟ ਦਿੱਤਾ ਗਿਆ ਸੀ। ਇਸ ਲਈ ਨਾਵਲ ਵਿਚਲੇ ਸ਼ਹਿਰ ਵਿਚ ਵਾਪਰਨ ਵਾਲੀਆਂ ਘਟਨਾਵਾਂ ਭਾਵੇਂ ਇਕ ਸ਼ਹਿਰ 'ਚ ਹੋ ਰਹੀਆਂ ਭਾਸਦੀਆਂ ਹਨ, ਮਗਰ ਨਾਵਲਕਾਰ ਐਬਸਰਡ ਤਰੀਕੇ ਨਾਲ ਸਮੁੱਚੇ ਵਿਸ਼ਵੀ ਮਨੁੱਖ ਦੀ ਹੋਣੀ ਨੂੰ ਇਸ ਨਾਵਲ ਦੇ ਪਾਤਰਾਂ ਦੇ ਜੀਵਨ ਦੇ ਵਿਹਾਰਕ ਦ੍ਰਿਸ਼ਾਂ ਰਾਹੀਂ ਚਿੱਤਰ ਰਿਹਾ ਹੈ। ਇਸ ਨਾਵਲ ਵਿਚ ਇਕ ਸ਼ਹਿਰ, ਕਿਉਂਕਿ ਸਮੁੱਚਾ ਸੰਸਾਰ ਹੈ ਜੋ ਐਥਨੀਸਿਟੀ ਦੀ ਸਿਆਸਤ ਰਾਹੀਂ ਅੱਡੋ ਪਾਟੀ ਹੋਇਆ ਹੋਇਆ ਹੈ ਜਿਸ ਲਈ ਸਾਂਝਾ ਬ੍ਰਿਤਾਂਤ ਉਸਾਰਨਾ ਮੁਸ਼ਕਲ ਕੰਮ ਹੈ। ਇਸੇ ਕਰਕੇ ਉਹ ਲੇਖਕ ਦੁਆਰਾ ਪੇਸ਼ ਕੀਤੇ ਜਾ ਰਹੇ ਟੁੱਟੇ ਹੋਏ ਮਾਨਵੀ ਬ੍ਰਿਤਾਂਤ ਉੱਪਰ ਫੋਕਸ ਕਰਦਾ ਹੈ। ਹਾਲਾਂਕਿ ਉਹ ਨਾਵਲਕਾਰਾਂ ਦੁਆਰਾ ਨਾਵਲਾਂ 'ਚ ਪੇਸ਼ ਹੁੰਦੀ ਬ੍ਰਿਤਾਂਤਕ ਵਿਧੀ ਦਾ ਮਜ਼ਾਕ ਉਡਾਉਂਦਾ ਹੈ ਅਤੇ ਅੱਜ ਦੇ ਮਨੁੱਖ ਦੇ ਟੁੱਟੇ ਹੋਏ ਬ੍ਰਿਤਾਂਤ ਨੂੰ ਉਹਨਾਂ ਦੀ ਨਕਲੋ-ਹਰਕਤ ਦੇ ਦ੍ਰਿਸ਼ਾਂ ਰਾਹੀਂ ਬ੍ਰਿਤਾਂਤ ਨੂੰ ਮੰਜ਼ਿਰ-ਏ-ਆਮ 'ਤੇ ਲਿਆਉਣ ਦੇ ਕਰਤਬੀ ਹੁਨਰ ਨਾਲ ਨਾਵਲ ਵਿਧੀ ਨੂੰ ਪਲਟ (úubvert) ਦਿੰਦਾ ਹੈ। ਪ੍ਰੰਪਰਿਕ ਬ੍ਰਿਤਾਂਤ ਨੂੰ ਪੜ੍ਹਦੇ ਪਾਠਕ ਦੀਆਂ 'ਅੱਖਾਂ' ਅੱਗੇ ਭੰਬੂਤਾਰੇ ਨੱਚਣ ਲੱਗਦੇ ਹਨ, ਕਿਉਂਕਿ ਉਹ ਇਹਨਾਂ ਕਚਿਹਣ ਭਰੇ ਪਾਤਰਾਂ ਦੇ ਦਰਮਿਆਨ ਵੱਸਦੇ ਤਾਂ ਹਨ, ਮਗਰ ਉਹਨਾਂ ਨੂੰ ਆਪਣੇ ਦਰਮਿਆਨ ਵੱਸਦੇ ਇਹਨਾਂ ਪਾਤਰਾਂ ਦੀ ਕਚਿਹਣ ਦਿਖਾਈ ਨਹੀਂ ਦਿੰਦੀ, ਕਿਉਂਕਿ ਉਹ ਇਹਨਾਂ ਪਾਤਰਾਂ ਦੇ ਜਿਸ 'ਬ੍ਰਿਤਾਂਤ' ਜਾਣਦੇ ਹਨ ਉਹ ਉਹਨਾਂ ਦਾ ਅਦਾਕਾਰੀ ਰੂਪ ਹੈ ਅਤੇ ਜਿਸਦੇ ਅੰਦਰੂਨ ਨੂੰ ਉਹ ਜਾਨਣ ਤੋਂ ਅਸਮਰੱਥ ਹਨ, ਮਗਰ ਜਦੋਂ ਉਹ ਕਾਲੀ ਦੀ ਅੱਖ ਰਾਹੀਂ ਵੇਖਦੇ ਹਨ ਤਾਂ ਉਹ ਕੋਫ਼ਤ ਨਾਲ ਭਰ ਜਾਂਦੇ ਹਨ, ਕਿਉਂਕਿ ਉਹ ਆਪਣੇ ਅਜਿਹਾ ਹੋਣ ਦੇ ਬ੍ਰਿਤਾਂਤ ਤੋਂ ਟੁੱਟੇ ਹੋਏ ਹਨ। ਪਾਠਕ ਉਸੇ ਤਰ੍ਹਾਂ ਨਾਵਲ ਵਿਚਦੀ ਲੰਘਣਾ ਚਾਹੁੰਦੇ ਸਨ, ਜਿਵੇਂ ਉਹ ਨਾਵਲੀ ਪਹਿਆਂ ਤੋਂ ਲੰਘਦੇ ਆਏ ਹਨ। ਕਾਲੀ ਦੇ ਨਾਵਲ ਵਿਚਲੇ ਕਿਸੇ ਵੀ ਪਾਤਰ ਵਿਚ ਖੇੜਾ ਨਹੀਂ ਹੈ, ਇਹ ਸਮੇਂ ਦੀ ਮਾਰ ਸਹਿ ਸਹਿ ਕੇ ਕਰੂਪੇ ਗਏ ਹਨ ਅਤੇ ਕਚਹਿਣ ਅਤੇ ਤੁਸਾਂ ਛੱਡਦੇ ਪਾਠਕ ਨੂੰ ਉਲਟੀਆਂ ਕਰਨ ਲਾ ਦਿੰਦੇ ਹਨ।

ਜੀਵਨ ਇਕ ਬ੍ਰਿਤਾਂਤ ਹੈ ਅਤੇ ਇਹ ਕਦੇ ਖੁਸ਼ੀ ਕਦੇ ਗਮ ਨਾਲ ਲਬਰੇਜ਼ ਘਟਨਾਵਾਂ ਦਾ ਮਜ਼ਮੂਆਂ ਹੈ, ਅਜਿਹਾ ਨਹੀਂ ਹੁੰਦਾ ਕਿ ਜੀਵਨ ਬ੍ਰਿਤਾਂਤ ਵਿਚ ਕਦੇ ਵੀ ਖੇੜਾ ਨਾ ਵਾਪਰਿਆ ਹੋਵੇ। ਹਰ ਮਨੁੱਖ ਦਾ ਜੀਵਨ ਬ੍ਰਿਤਾਂਤ ਵੱਖ-ਵੱਖ ਘਟਨਾਵੀ ਦ੍ਰਿਸ਼ਾਂ ਦਾ ਜੋੜ ਹੁੰਦਾ ਹੈ। ਇਸ ਕਰਕੇ ਬ੍ਰਿਤਾਂਤਕ ਵਿਧੀ ਜਿਸਦਾ ਲੇਖਕ ਮਜ਼ਾਕ ਉਡਾਉਂਦਾ ਹੈ। ਅਸਲ 'ਚ ਕੋਈ ਵੀ ਮਨੁੱਖ ਅਜਿਹਾ ਕਿਉਂ ਹੈ? ਨੂੰ ਜਾਨਣ ਦਾ ਮਾਧਿਅਮ ਹੈ ਕਿ ਮਨੁੱਖਾਂ ਦੇ ਸੁਭਾਅ ਉਹਨਾਂ ਦੇ ਜੀਵਨ ਵਿਚ ਵਾਪਰਨ ਵਾਲੀਆਂ ਘਟਨਾਵਾਂ ਤੈਅ ਕਰਦੀਆਂ ਹਨ। ਕਾਲੀ ਆਪਣੇ ਪਾਤਰਾਂ ਦੀ ਕਰੂਪਤਾ ਨੂੰ ਦਿਖਾਉਂਦਾ ਹੈ ਅਤੇ ਉਹਨਾਂ ਦੀ ਦੱਬੀ ਮਨੋਚੇਤਨਾ ਦੇ ਮਨੋਵਿਗਿਆਨਕ ਪਹਿਲੂਆਂ ਦਾ ਵਿਸ਼ਲੇਸ਼ਣ ਵੀ ਕਰਦਾ ਹੈ, ਪਰ ਉਹਨਾਂ ਦੇ ਬ੍ਰਿਤਾਂਤ ਦੀ ਟੁੱਟੀ ਹੋਈ ਡੋਰ ਕਾਰਨ ਨਾਵਲਕਾਰ ਨੂੰ ਉਹਨਾਂ ਦੀਆਂ ਹਰਕਤਾਂ 'ਚੋਂ ਕਚਹਿਣ ਆਉਂਦੀ ਹੈ, ਜੋ ਉਸ ਲਈ ਨਫ਼ਰਤ ਦਾ ਰੂਪ ਧਾਰ ਜਾਂਦੀ ਹੈ ਜਿਸਦੀ ਵਿਆਖਿਆ ਅੱਗੇ ਜਾ ਕੇ ਕਰਾਂਗੇ।

ਇਕਹਰੀ ਨਜ਼ਰੇ 'ਸ਼ਹਿਰ ਵਿਚ ਸਾਨ੍ਹ ਹੋਣ ਦਾ ਮਤਲਬ' ਲੇਖਕ ਦੇ ਮਨ-ਮਸਤਕ 'ਤੇ ਹੁੰਦੀ ਦਸਤਕ ਦੇ ਟੁੱਕੜੇ ਹਨ, ਬ੍ਰਿਤਾਂਤ ਰਹਿਤ, ਬੇਤਰਤੀਬ! ਲੇਕਿਨ ਗੰਭੀਰ ਪੜ੍ਹਤ ਦੱਸਦੀ ਹੈ ਕਿ ਲੇਖਕ ਬ੍ਰਿਤਾਂਤ ਨੂੰ

ਸਬਵਰਟ ਕਰਦਿਆਂ ਐਬਸਰਡ ਬ੍ਰਿਤਾਂਤ ਦੀ ਵਿਧੀ ਅਪਨਾਉਂਦਾ ਹੈ। ਇਸ ਨਾਵਲ ਦੇ ਸਾਰੇ ਪਾਤਰਾਂ ਦਾ ਸਬੰਧ ਇਕ ਵਿਸ਼ਾਲ ਗਲੋਬਲ ਅੰਬਰੇਲੇ ਨਾਲ ਤਾਂ ਜੁੜਦਾ ਹੈ, ਮਗਰ ਆਪਸ ਵਿਚ ਉਹਨਾਂ ਦੀ ਸਾਂਝ ਦਾ ਸੂਤਰ ਨਾ ਹੋਣ ਕਾਰਨ ਇਹ ਨਵਾਂਪਨ ਪਾਠਕ ਲਈ ਭੰਬਲਭੂਸਾ ਪੈਦਾ ਕਰ ਦਿੰਦਾ ਹੈ। ਨਾਵਲ ਵਿਚਲਾ 'ਵਿਕਾਸਵਾਦੀ ਸਾਨ੍ਹ' ਇਹਨਾਂ ਪਾਤਰਾਂ ਦੇ ਬ੍ਰਿਤਾਂਤ ਦਾ ਸਾਂਝਾ ਸੂਤਰ ਹੈ, ਜਿਹਨਾਂ ਦੀ ਹੋਣੀ ਦੇ ਦ੍ਰਿਸ਼ ਲੇਖਕ ਨੇ ਪਾਠਕ ਦੀ ਨਜ਼ਰ ਕੀਤੇ ਹਨ। ਇਸ ਉਦਾਹਰਨ ਵਜੋਂ ਨਾਵਲ ਦੀ ਇਫ਼ਤਤਾਹ ਦੇ ਕਾਂਡ 'ਸਹਿਮ ਮੌਜੂਦ ਹੈ!' ਦਾ ਪਾਤਰ ਘਰਵਾਲੀ ਦੀ ਵਰਤਪੂਜਾ ਦੇ ਕਰਮਕਾਂਡ ਲਈ 'ਗੰਨੇ ਦਾ ਰਸ' ਲੈਣ ਗਿਆ ਸ਼ਹਿਰ ਦੀਆਂ ਗਲੀਆਂ ਵਿਚ ਗੁੰਮ-ਗਵਾਚ ਜਾਂਦਾ ਹੈ ਅਤੇ ਸਾਰੇ ਨਾਵਲ ਵਿਚ ਉਸਦੀ ਕਨਸੋਅ ਨਹੀਂ ਮਿਲਦੀ, ਮਗਰ ਨਾਵਲ ਦੀ ਅੰਤਿਕਾ ਵਿਚ ਆ ਹਾਜ਼ਿਰ ਹੁੰਦਾ ਹੈ। ਨਾਵਲਕਾਰ ਅੰਤ ਵਿਚ ਇਸ ਰਹੱਸ ਨੂੰ ਖੋਲ੍ਹਦਾ ਹੈ ਕਿ ਇਹ ਜਿਹੜਾ 'ਗੰਨੇ ਦਾ ਰਸ' ਲੈਣ ਗਿਆ ਪਾਤਰ ਸੀ ਇਹੋ ਹੀ ਇਸ ਨਾਵਲ ਦਾ ਲੇਖਕ ਹੈ, ਹਾਲਾਂਕਿ ਲੇਖਕ ਦੀ ਡਾਇਰੀ ਰਾਹੀਂ ਮੌਜੂਦ ਟਿੱਪਣੀਆਂ ਵਾਰ-ਵਾਰ ਨਾਵਲੀ ਚਿੱਤਰਪਟ 'ਤੇ ਹਾਜ਼ਿਰ ਹਨ, ਪਰ ਪਾਤਰਾਂ ਵਿਚ ਦਖਲਅੰਦਾਜ਼ੀ ਦਾ ਬ੍ਰਿਤਾਂਤ ਗੈਰਹਾਜ਼ਿਰ ਹੈ। ਨਾਵਲਕਾਰ ਇਹ ਸਿੱਧ ਕਰਨਾ ਚਾਹੁੰਦਾ ਹੈ ਕਿ ਬ੍ਰਿਤਾਂਤਕਾਰ ਅਸਲ 'ਚ ਆਪਣੀ ਦਖ਼ਲਅੰਦਾਜ਼ੀ ਸਦਕਾ ਪਾਤਰ ਨੂੰ ਆਪਣੀ ਮਰਜ਼ੀ ਅਨੁਸਾਰ ਘੜ ਤਾਂ ਲੈਂਦਾ ਹੈ, ਮਗਰ ਦ੍ਰਿਸ਼ਮੂਲਕ ਘਟਨਾਕਰਮ ਉਸ ਪਾਤਰ ਨਾਲ ਇਨਸਾਫ਼ ਨਹੀਂ ਕਰ ਪਾਉਂਦੇ, ਜਿਸ ਸਦਕਾ ਲੇਖਕੀ ਦਖ਼ਲਅੰਦਾਜ਼ੀ ਉਸਦੀ ਕਰੂਪਤਾ ਅਤੇ ਕਚਹਿਣ ਨੂੰ ਸਿਰਜ ਨਹੀਂ ਪਾਉਂਦੇ। ਇਸੇ ਕਰਕੇ ਇਸ ਨਾਵਲ ਵਿਚ ਬ੍ਰਿਤਾਂਤਕਾਰ ਮੌਜੂਦ ਹੋਣ ਦੇ ਬਾਵਜੂਦ ਬੜੇ ਚਤੁਕ ਤਰੀਕੇ ਨਾਲ ਗ਼ੈਰਹਾਜ਼ਿਰ ਦਿਖਾਈ ਦਿੰਦਾ ਹੈ।

ਨਾਵਲਕਾਰ ਦੀ ਆਰੰਭਲੀ ਟਿੱਪਣੀ 'ਯਥਾਰਥ ਮੇਰੇ ਵੱਸ ਵਿਚ ਨਹੀਂ' ਯਥਾਰਥਵਾਦੀ ਬ੍ਰਿਤਾਂਤਕ ਵਿਧੀ ਦਾ ਮਜ਼ਾਕ ਉਡਾਉਂਦੀ ਦਿਖਾਈ ਦਿੰਦੀ ਹੈ, ਮਗਰ ਕੀ ਕੋਈ ਰਚਨਾ ਯਥਾਰਥ ਮੂਲਕ ਹੋ ਸਕਦੀ ਹੈ? ਜੇ ਉਹ ਸੱਚਮੁੱਚ ਯਥਾਰਥ ਮੂਲਕ ਹੋਵੇਗੀ ਤਾਂ ਕੀ ਉਹ ਸਾਹਿਤ ਹੋਣ ਦੀ ਆਪਣੀ ਸਮਰੱਥਾ ਰੱਖ ਸਕੇਗੀ? ਪ੍ਰਗਤੀਵਾਦੀ ਸਾਹਿਤਕਾਰੀ ਦਾ ਪੇਤਲਾਪਨ ਇਸੇ 'ਚੋਂ ਹੀ ਡੁੱਲ-ਡੁੱਲ ਪੈਂਦਾ ਸੀ ਕਿ ਉਹ 'ਯਥਾਰਥਮੂਲਕ' ਹੈ। ਜੇ ਯਥਾਰਥ ਹੀ ਰਚਨਾ ਹੈ ਤਾਂ ਅਸਲ 'ਚ ਯਥਾਰਥ ਦਿਖਾਈ ਦਿੰਦੀ ਅਸਲੀਅਤ ਕਦੇ ਵੀ ਯਥਾਰਥ ਨਹੀਂ ਹੁੰਦੀ, ਕਿਉਂਕਿ ਯਥਾਰਥ ਤਾਂ ਕਦੇ ਦਿਖਾਈ ਹੀ ਨਹੀਂ ਦਿੰਦਾ। ਉਹ ਹਮੇਸ਼ਾਂ ਅਦ੍ਰਿਸ਼ਟ ਹੁੰਦਾ ਹੈ। ਜੇ ਦਿਖਾਈ ਦਿੰਦਾ ਅਸਲ ਯਥਾਰਥ ਹੈ ਤਾਂ ਸਾਹਿਤ ਕਿੱਥੇ ਹੈ? ਅਤੇ ਲੇਖਕ ਦੀ ਕੀ ਲੋੜ ਹੈ? ਦਿਖਾਈ ਦਿੰਦਾ ਅਸਲ ਯਥਾਰਥ ਨਹੀਂ ਹੈ, ਸਗੋਂ ਯਥਾਰਥ ਨੂੰ ਯਥਾਰਥ ਬਣਾਉਣ ਵਾਲਾ ਅਦਿੱਖ ਯਥਾਰਥ ਹੀ ਅਸਲ ਯਥਾਰਥ ਹੈ। ਉਸ ਅਸਲ ਯਥਾਰਥ ਨੂੰ ਵਿਵੇਕ ਅਤੇ ਉਸਦੇ ਅਨੁਭਵ ਰਾਹੀਂ ਲੇਖਕ ਦੁਆਰਾ ਪ੍ਰਾਪਤ ਕੀਤਾ ਗਿਆ ਹੁੰਦਾ ਹੈ। ਯਥਾਰਥ ਪਿਛਲੇ ਯਥਾਰਥ ਦੀ ਅਨੁਭਵੀ ਕਲਪਨਾ ਹੀ ਸਾਹਿਤਕਾਰੀ ਹੁੰਦੀ ਹੈ, ਬਣੀਆਂ ਹੋਈਆਂ ਚੀਜ਼ਾਂ ਨੂੰ ਮੁੜ-ਮੁੜ ਉਸਾਰਨਾ ਸਿਰਜਣਾ ਨਹੀਂ ਹੈ। ਸਿਰਜਣਾ ਕਲਪਨਾ ਦੀ ਗੂੜ੍ਹ ਮੁਹਾਰਤ ਹੈ, ਜੋ ਹਰ ਪਾਠਕ ਨੂੰ ਉਸਦਾ ਆਪਣਾ ਬ੍ਰਿਤਾਂਤ ਹੋਣ ਦਾ ਪ੍ਰਭਾਵ ਸਿਰਜਦੀ ਹੈ। ਅੱਜ ਦੇ ਯੁੱਗ ਵਿਚ ਜਦੋਂ ਹਰ ਵਿਅਕਤੀ ਮੁਨਸਿਫ਼ ਹੈ ਤਾਂ ਕੋਈ ਵੀ ਪ੍ਰੰਪਰਿਕ ਯਥਾਰਥ ਇਸ ਮਨੁੱਖ ਦੇ 'ਹਾਣਦਾ' ਨਹੀਂ ਹੋ ਸਕਦਾ, ਕਿਉਂਕਿ ਉਹ ਆਪਣੇ ਆਸੇ ਪਾਸੇ ਅਤੇ ਆਪਣੇ ਅੰਦਰ ਵੱਸਦੇ ਕਚਹਿਣ ਨਾਲ ਭਰੇ ਘਿਨਾਉਣੇਪਨ ਨੂੰ ਵੇਖਣ ਤੋਂ ਅਸਮਰੱਥ ਹੈ। ਇਸੇ ਲਈ ਕਾਲੀ ਯਥਾਰਥ ਨੂੰ ਵਿਅੰਗ ਭਰੇ ਅੰਦਾਜ਼ ਨਾਲ ਅਲੋਚਨਾ ਦਾ ਨਿਸ਼ਾਨਾ ਬਣਾਉਂਦਾ ਹੈ ਅਤੇ ਸਾਨੂੰ ਸਾਡੇ ਅੰਦਰ ਵੱਸਦੇ ਘਿਨਾਉਣੇ ਰੂਪ ਦੇ ਆਪਣੀ ਵਿਸ਼ਲੇਸ਼ਣੀ ਕਲਪਨਾ ਰਾਹੀਂ ਦਰਸ਼ਨ ਕਰਾਉਂਦਾ ਹੈ ਕਿ ਅਸੀਂ 'ਵਿਕਾਸਵਾਦੀ ਸਾਨ੍ਹ' ਦੇ ਮੰਤਰ 'ਚ ਘਿਰੇ ਆਪਣੇ ਚਿਹਰਿਆਂ ਨੂੰ ਕੂੜੇ ਦੇ ਢੇਰ ਨਾਲ ਲਥਪਥ ਕਰੀ ਜਾ ਰਹੇ ਹਾਂ। ਅਸਲ ਯਥਾਰਥ ਇਹੋ ਹੈ



ਜੋ ਸਾਨੂੰ ਸਾਡਾ ਚਿਹਰਾ ਦਿਖਾਉਂਦਾ ਹੈ ਅਤੇ ਜੋ ਲੇਖਕ ਦੀ ਕਲਪਨਾ ਦੁਆਰਾ ਸਿਰਜਿਆ ਗਿਆ ਹੈ। ਯਥਾਰਥ ਇਹੋ ਹੈ ਕਿ ਹਰ ਰੂਹ ਬੇਚੈਨ ਹੈ ਅਤੇ ਬੇਚੈਨੀ ਕਦੇ ਵੀ ਵਰਤਮਾਨ ਸਥਿਤੀ ਉੱਪਰ ਸੰਤੁਸ਼ਟੀ ਨਹੀਂ ਹੁੰਦੀ। ਸੰਤੁਸ਼ਟੀ ਜਾਂ ਇਹਨਾਂ ਪਾਤਰਾਂ ਦੀ ਮਨੋਚੇਤਨਾ ਜਾਂ ਸਰੀਰਾਂ ਉੱਪਰ ਵਾਪਰਦੀ ਬੇਚੈਨੀ ਇਹ ਦੱਸ ਪਾਉਂਦੀ ਹੈ ਕਿ ਸ਼ਹਿਰ/ਗਲੋਬ ਇਕ 'ਸਾਨ੍ਹ' ਦੇ ਖ਼ੌਫ਼ 'ਚ ਘਿਰਿਆ ਬੇਚੈਨ ਵਿਚਰ ਰਿਹਾ ਹੈ, ਅਵਾਰਾ ਪੂੰਜੀ ਦੇ ਇਸ ਭੂਤਰੇ 'ਵਿਕਾਸਵਾਦੀ' ਸਾਨ੍ਹ ਨਾਲ ਸ਼ਹਿਰ ਭਮੱਤਰ ਗਿਆ ਹੈ, ਮਗਰ ਲੇਖਕ ਕੋਲ ਪਾਤਰਾਂ ਦੀ ਆਥਾਹ ਬੇਚੈਨੀ ਦੇ ਬਾਵਜੂਦ ਇਸ 'ਸਾਨ੍ਹ' ਤੋਂ ਮੁਕਤ ਹੋਣ ਦਾ ਕੋਈ ਰਾਹ ਨਹੀਂ। ਲੇਖਕ ਲਈ ਇਹ ਜ਼ਰੂਰੀ ਵੀ ਨਹੀਂ ਹੁੰਦਾ ਕਿ ਉਹ ਪਾਠਕ ਨੂੰ ਰਾਹ ਦੱਸੇ। ਪਾਠਕ ਬੇਚੈਨੀ ਦੇ ਕਲਪਿਤ ਯਥਾਰਥ ਦੇ ਧੁਰ ਤੱਕ ਪਹੁੰਚ ਜਾਵੇ, ਸਾਹਿਤ ਅਤੇ ਸਾਹਿਤਕਾਰ ਦੀ ਇਹੋ ਮਹੱਤਵਪੂਰਨ ਪ੍ਰਾਪਤੀ ਹੁੰਦੀ ਹੈ।

ਲੇਖਕ ਪਾਤਰਾਂ ਰਾਹੀਂ ਵਿਅਕਤੀਗਤ ਬੇਚੈਨੀ ਸਿਰਜਦਾ ਹੈ, ਕਿਉਂਕਿ ਉਹ ਇਹਨਾਂ ਦੀ ਨਿਰੰਤਰਤਾ ਅਤੇ ਬ੍ਰਿਤਾਂਤ ਦੀ ਗ਼ੈਰਹਾਜ਼ਰੀ ਨੂੰ ਪਹਿਲਾਂ ਹੀ ਤਸਲੀਮ ਕਰ ਲੈਂਦਾ ਹੈ। ਇਹ ਬੇਚੈਨੀ ਭਾਵੇਂ ਵਿਅਕਤੀਗਤ ਪੱਧਰ 'ਤੇ ਵਾਪਰ ਰਹੀ ਹੈ, ਮਗਰ ਇਹ ਇਕ ਸਮਾਜ 'ਚ ਵਾਪਰ ਰਹੀ ਹੈ ਜਿਸ ਵਿਚ ਵਿਕਾਸ ਦਾ ਸਾਨ੍ਹ ਘੁੰਮ ਰਿਹਾ ਹੈ ਅਤੇ ਵਿਅਕਤੀਆਂ ਨੂੰ ਬੇਚੈਨ ਕਰ ਰਿਹਾ ਹੈ। ਇਹ ਠੀਕ ਹੈ ਕਿ ਅਸੀਂ ਪਿਛਲੇ ਸਮੇਂ 'ਚ ਵਿਅਕਤੀਵਾਦ ਦਾ ਗਾੜ੍ਹਾ ਅੰਮ੍ਰਿਤ ਛਕਿਆ ਹੈ ਅਤੇ ਬੇਚੈਨੀ ਸਾਡੀ ਜੀਵਨ ਅਲਾਮਤ ਹੋ ਗਈ ਹੈ, ਮਗਰ ਵਿਅਕਤੀ ਜਦੋਂ ਆਪਣੇ-ਆਪਣੇ ਪੱਧਰ 'ਤੇ ਬੇਚੈਨ ਹੋ ਜਾਂਦੇ ਹਨ ਤਾਂ ਘਟਨਾਵਾਂ ਇਸਨੂੰ ਗਤੀ ਦੇਣ ਲੱਗਦੀਆਂ ਹਨ। ਇਸ ਗਤੀ ਦੀ ਕਲਪਨਾ ਦੇ ਅਨੁਭਵ ਨੂੰ ਸਮਝਣ ਵਿਚ ਲੇਖਕ ਏਥੇ ਉੱਕ ਜਾਂਦਾ ਹੈ।

"ਲੋਕ ਭੱਜੇ ਜਾ ਰਹੇ ਨੇ, ਬੇਤਹਾਸ਼ਾ, ਪਰ ਗਤੀਹੀਣ! ਕੋਈ ਗਤੀ ਨਹੀਂ ਹੈ। ਭੱਜੇ ਜਾ ਰਹੇ ਨੇ, ਬੱਸ। ਭੱਜਣਾ ਗਤੀ ਨਹੀਂ ਹੁੰਦਾ। ਇਸ ਨਾਵਲ ਵਿਚ ਵੀ ਜਿੰਨੇ ਵੀ ਵੱਧ ਭੱਜਦੇ ਲੋਕ ਦਿਖਾਈ ਦੇਣਗੇ, ਓਨੇ ਵੱਧ ਖੜੋਤ ਦੇ ਸ਼ਿਕਾਰ। ਜੰਮੇ ਹੋਏ, ਸਿੱਲ ਪੱਥਰ। ਉਹਨਾਂ ਨੂੰ ਲੱਗੇਗਾ ਕਿ ਉਹ ਭੱਜ ਰਹੇ ਨੇ। ਇਕ ਥਾਂ ਤੋਂ ਦੂਸਰੀ ਥਾਂ ਜਾ ਰਹੇ ਨੇ। ਪਰ ਨਹੀਂ, ਉਹ ਤਾਂ ਉੱਥੇ ਈ ਖੜੇ ਨੇ, ਬੇਹਰਕਤ। ਤੁਸੀਂ ਗਹੁ ਨਾਲ ਵਾਚੋ ਤਾਂ ਸਹੀ ਇਹਨਾਂ ਨੂੰ। ਇਹ ਦਹਾਕਿਆਂ ਤੋਂ ਇੱਥੇ ਈ ਖੜੇ ਨੇ। ਹਾਲਾਂਕਿ ਮੈਂ ਦੇਖਿਐ ਦਰਖਤ ਸਾਰੇ ਕਿਸੇ ਨਾ ਕਿਸੇ ਦਿਸ਼ਾ ਵੱਲ ਗਤੀਸ਼ੀਲ ਨੇ। ਉਹ ਜਾ ਰਹੇ ਨੇ ਕਿਤੇ। ਉਹ ਦਿਸ਼ਾਹੀਣ ਵੀ ਨਹੀਂ। ਉਹਨਾਂ ਨੂੰ ਆਪਣੀ ਦਿਸ਼ਾ ਦੀ ਸਮਝ ਹੈ। ਸੋ ਉਹ ਲਗਾਤਾਰ ਗਤੀ 'ਚ ਨੇ। (ਆਪਾਂ ਇਹਨਾਂ ਗਤੀਹੀਣ ਪਾਤਰਾਂ ਦਾ ਵੀ ਧਿਆਨ ਰੱਖਣਾ ਹੈ, ਕਿਉਂਕਿ ਇਹਨਾਂ ਬਿਨਾਂ ਵੀ ਗਤੀ ਨਹੀਂ ਹੁੰਦੀ ਕਿਸੇ ਸਮਾਜ ਦੀ।)"

ਉਪਰੋਕਤ ਪੇਸ਼ਕਾਰੀ ਦੱਸਦੀ ਹੈ ਕਿ ਲੇਖਕ ਅੰਦਰ ਦਵੰਦ ਹੈ ਜਿਸ ਵਿਚ ਉਹ ਪਾਠਕ ਨੂੰ ਵੀ ਸ਼ਾਮਿਲ ਕਰਨਾ ਚਾਹੁੰਦਾ ਹੈ। ਲੇਖਕ ਆਪਣੀ ਇਸ ਪੇਸ਼ਕਾਰੀ ਰਾਹੀਂ ਪਾਤਰਾਂ ਦੀ ਬੇਚੈਨੀ ਦਾ ਚਿੱਤਰਣ ਕਰ ਸਕਦਾ ਹੈ, ਪਰ ਕੀ ਉਸ ਕੋਲ ਇਹ ਅਧਿਕਾਰ ਹੈ ਕਿ ਉਹ ਇਹਨਾਂ ਦੀ ਗਤੀਹੀਣਤਾ ਉੱਪਰ ਟਿੱਪਣੀ ਕਰੇ? ਕੀ ਉਹ ਮੁਨਸਿਫ਼ ਹੈ ਕਿ ਉਹਨਾਂ ਦੀ ਨਕਲੋ-ਹਰਕਤ ਦੀ ਜਾਂਚ ਕਰਦਿਆਂ ਇਹ ਫ਼ੈਸਲਾ ਕਰੇ ਕਿ ਉਹ ਗਤੀਹੀਣ ਹਨ ਜਾਂ ਬੇਹਰਕਤ? ਜੇ ਬਿਰਤਾਂਤਕਾਰ ਕੋਲ ਪਾਤਰ ਉੱਪਰ ਟਿੱਪਣੀ ਦਾ ਅਧਿਕਾਰ ਨਹੀਂ ਤਾਂ ਵਿਖੰਡਤ ਬ੍ਰਿਤਾਂਤ 'ਸਪੈਸ਼ਲਿਸਟ' ਕੋਲ ਵੀ ਇਹ ਕੋਈ ਅਧਿਕਾਰ ਨਹੀਂ ਕਿ ਉਹ ਪਾਠਕ ਨੂੰ ਇਹਨਾਂ ਦੀ ਗਤੀਸ਼ੀਲ ਜਾਂ ਗਤੀਹੀਣ ਸਥਿਤੀ ਉੱਪਰ ਟਿੱਪਣੀਆਂ ਕਰਕੇ ਪਾਠਕ ਨੂੰ ਵਰਗਲਾਵੇ। ਜੇ ਬਰੈਕਟ ਵਿਚਲੀ ਟਿੱਪਣੀ ਦੀ ਲੋੜ ਹੈ ਤਾਂ ਉੱਪਰਲੀ ਦੀ ਕਿਉਂ ਹੈ? ਜੇ ਉੱਪਰਲੀ ਦੀ ਲੋੜ ਹੈ ਤਾਂ ਬਰੈਕਟ ਵਿਚਲੀ ਦੀ ਲੋੜ ਕੀ ਹੈ? ਕੀ ਪਾਠਕ ਲੇਖਕ ਦਾ ਜਮੂਰਾ ਹੈ ਜਾਂ ਪਾਤਰ ਲੇਖਕ ਦੀ ਕੱਠਪੁਤਲੀ ਹੈ ਕਿ ਲੇਖਕ ਆਪਣੇ ਪਾਤਰ ਦਾ ਫੈਸਲਾਕੁੰਨ ਮੁਨਸਿਫ਼ ਹੈ। ਲੇਖਕ ਕੋਲ ਕੀ ਪਾਠਕ ਦੀ ਕੰਡੀਸ਼ਨਿੰਗ ਕਰਨ ਦਾ

ਕੋਈ ਵੀ ਅਧਿਕਾਰ ਹੈ? ਜਦੋਂ ਕਿ ਬ੍ਰਿਤਾਂਤਕਾਰ ਨੂੰ ਉਹ ਇਹਨਾਂ ਕਾਰਨਾਂ ਕਰਕੇ ਹੀ ਮਜ਼ਾਕ ਦਾ ਪਾਤਰ ਬਣਾਉਂਦਾ ਹੈ। ਦੂਸਰੀ ਗੱਲ ਇਹ ਹੈ ਕਿ ਵਿਅਕਤੀਗਤ ਬੇਚੈਨੀ ਦੀ ਮਿਕਦਾਰੀ ਤਬਦੀਲੀ ਕੀ ਸਮੇਂ ਦੀ ਗਤੀ 'ਚ ਵੀ ਵਿਅਕਤੀਗਤ ਹੀ ਰਹੇਗੀ? ਕੀ ਸਮੇਂ ਦਾ ਸੇਕ ਇਹਨਾਂ ਗਲੇਸ਼ੀਅਰਾਂ ਨੂੰ ਪਿਘਲਾ ਕੇ ਝਰਨੇ ਵਿਚ ਤਬਦੀਲ ਨਹੀਂ ਕਰੇਗਾ? ਅਤੇ ਕੀ ਝਰਨੇ ਦਰਿਆ ਵਿਚ ਤਬਦੀਲ ਨਹੀਂ ਹੁੰਦੇ? ਹਰ ਸਮੇਂ 'ਚ ਦੁਨੀਆਦਾਰ ਇਵੇਂ ਹੀ ਜਾਪਦੇ ਹਨ ਕਿ ਜਿਵੇਂ ਉਹ ਸਥਾਪਤੀ ਨੂੰ ਬਰੇਕਾਂ ਲਾਈ ਗਤੀਹੀਣ ਖੜੇ ਹਨ ਅਤੇ ਇਤਿਹਾਸ ਮਰ ਚੁੱਕਾ ਹੈ, ਇਸਦੇ ਬਾਵਜੂਦ ਯੁੱਗ ਬਦਲਦੇ ਰਹੇ ਹਨ, ਕਿਉਂਕਿ ਵਿਅਕਤੀਆਂ ਦੀ ਵਿਅਕਤੀਗਤ ਬੇਚੈਨੀ, ਸਮੂਹ ਬੇਚੈਨੀ ਦੇ ਸਮਾਜੀ ਰੂਪ 'ਚ ਢਲ ਜਾਂਦੀ ਹੈ ਅਤੇ ਬੇਚੈਨੀ ਦੀ ਮਿਕਦਾਰੀ ਤਬਦੀਲੀ ਨੇ ਵਿਗਾਸ ਦੀ ਵਿਰੋਧ ਵਿਕਾਸੀ ਧਾਰਾ ਅੰਦਰ ਸਿਫ਼ਤ ਭਾਵ ਸਿਫ਼ਤੀ ਤਬਦੀਲੀ ਅੰਦਰ ਰੂਪ ਵਟਾ ਜਾਣਾ ਹੁੰਦਾ ਹੈ। ਸਵਾਲ ਇਹ ਹੈ ਕਿ ਲੇਖਕ ਰੁੱਖਾਂ ਜਾਂ ਪ੍ਰਕਿਰਤੀ ਦੀ ਪਲ-ਪਲ ਤਬਦੀਲੀ ਨੂੰ ਵਿਗਾਸ ਦੇ ਅੰਤਰਗਤ ਵੇਖਦਾ ਗਤੀਸ਼ੀਲ ਦੱਸਦਾ ਹੈ, ਮਗਰ ਸਮਾਜ ਨੂੰ 'ਵਿਕਾਸ ਦੇ ਸਾਨ੍ਹ' ਦੀ ਐਨਕ ਵਿਚੋਂ, ਨਾ ਕਿ ਸਮਾਜ ਨੂੰ ਪ੍ਰਕਿਰਤੀ ਦੇ ਅੰਗ ਵਜੋਂ ਵਿਗਾਸੀ ਰੂਪ ਵਿਚ। ਰਚਨਾ ਵਿਚ ਸਭ ਪਾਸੇ ਚੀਕਾਂ ਨੇ, ਚੇਤਨਾ ਨੂੰ ਵੱਖ-ਵੱਖ ਤਰ੍ਹਾਂ ਦੇ ਪੈਰਾਲਾਈਸਿਸ ਨੇ, ਭਾਵ ਹਰ ਉਸ ਚੀਜ਼ ਨੂੰ ਨਾਵਲਕਾਰ ਨੇ ਨਾਵਲ ਵਿਚ ਜ਼ੇਰ-ਏ-ਗ਼ੌਰ ਲਿਆਂਦਾ ਹੈ ਜਿਸ ਰਾਹੀਂ ਪਾਤਰ ਬੇਚੈਨ ਹਨ ਅਤੇ ਜੋ ਮੌਜੂਦਾ ਸਮੇਂ ਵਿਚ ਅੱਤਕਥਨੀ ਤੋਂ ਪਰ੍ਹੇ ਹਨ। ਬਹੁਤ ਸਾਰੇ ਕਾਰਨ ਉਪਰੋਕਤ ਨਾਵਲ ਵਿੱਚ ਮੌਜੂਦ ਹਨ, ਮਗਰ ਸਮਾਜ ਵੀ ਕੁਦਰਤ ਵਾਂਗ ਹੀ ਵਿਗਸਦਾ ਹੈ, ਇਸਦੀ ਗਵਾਹੀ ਗਾਇਬ ਹੈ। ਇਸੇ ਲਈ ਲੇਖਕ ਨੂੰ ਇਹ ਪਾਤਰ ਗਤੀਹੀਣ, ਬੇਹਰਕਤ ਦਿਖਾਈ ਦਿੰਦੇ ਹਨ, ਹਾਲਾਂਕਿ ਉਹ ਸਿਰੇ ਦੇ ਬੇਚੈਨ ਹਨ ਅਤੇ ਲੇਖਕ ਨੂੰ ਪੁੱਛਿਆ ਜਾ ਸਕਦਾ ਹੈ ਕੀ ਬੇਚੈਨ ਰੂਹਾਂ ਗਤੀਹੀਣ ਜਾਂ ਬੇਹਰਕਤ ਹੁੰਦੀਆਂ ਹਨ?

ਨਾਵਲ ਵਿਚਲਾ ਸ਼ਹਿਰ ਬੁਰਜੂਆ ਪੂੰਜੀਵਾਦੀ ਸ਼ਹਿਰ ਨਹੀਂ ਹੈ, ਸਗੋਂ ਇਹ ਸ਼ਹਿਰ ਗਲੋਬਲ ਪਿੰਡ ਦੀ ਇਕ ਬਸਤੀ ਹੈ, ਜਿਸਨੇ ਪੁਰਾਤਨ ਪੂੰਜੀਵਾਦੀ ਢਰ੍ਰੇ ਵਿਚ ਸੰਨ ਲਾ ਕੇ ਇਸਨੂੰ ਨਵਾਂ ਰੂਪ ਦੇਣ ਦੀ ਕੋਸ਼ਿਸ਼ ਕੀਤੀ ਹੈ, "ਜਿਹੜੀ ਆਪਾਂ ਸ਼ਹਿਰ ਨੂੰ ਤਰਤੀਬ ਦੇਣ ਵਾਲੀ ਗੱਲ ਕੀਤੀ ਹੈ, ਉਹ ਬਹੁਤ ਮਹੱਤਵਪੂਰਨ ਹੈ। ਉਂਝ ਇਸ ਸ਼ਹਿਰ ਨੂੰ ਸਮਝਣਾ ਮੁਸ਼ਕਿਲ ਵੀ ਬਹੁਤ ਹੈ।" ਲੇਖਕ ਇਸ ਕਥਨ ਰਾਹੀਂ ਇਹ ਦੱਸਣ ਦੀ ਕੋਸ਼ਿਸ਼ ਕਰਦਾ ਹੈ ਕਿ ਪਿਛਲੇ ਤਿੰਨਾਂ ਦਹਾਕਿਆਂ ਵਿਚ ਉੱਸਰੇ ਇਸ ਸ਼ਹਿਰ ਦੇ ਨਕਸ਼ ਅਸਲੋਂ ਗੁੰਝਲਦਾਰ ਹਨ। ਇੱਥੇ ਸੱਭ ਬਾਜ਼ਾਰ ਦੀ ਲਿਸ਼ਕ 'ਚ ਲਿੱਪੇ ਹੋਏ ਚਿਹਰੇ ਹਨ, "ਇਹ ਸਾਰੇ ਬਿਊਟੀ ਪਾਰਲਰ ਤੋਂ ਆਏ ਨੇ। ਚਿਹਰੇ ਲਿੱਪੇ ਹੋਏ ਨੇ, ਝੁਰੜੀਆਂ ਗਾਇਬ ਨੇ, ਅੱਖਾਂ 'ਚ ਬਨਾਉਟੀ ਲੈਂਜ਼ ਲਾਏ ਨੇ, ਨੇਲ ਆਰਟ ਨਾਲ ਨਹੁੰ ਸਜਾਏ ਨੇ, ਇਕ ਵੀ ਸਧਾਰਨ ਦਿੱਖ ਵਾਲਾ ਨਹੀਂ। ਕਿੱਧਰ ਦੀ ਅੰਦਰ ਵੜਾਂ।" ਜਾਪਦਾ ਇਵੇਂ ਹੈ ਕਿ ਜਿਵੇਂ ਇਹ ਥੀਏਟਰ ਦੇ ਕਿਰਦਾਰ ਹਨ ਅਤੇ ਕਾਸਟਿਊਮ ਪਹਿਨਕੇ ਡਰਾਮੇ ਲਈ ਤਿਆਰ ਹੋਏ ਹੋਏ ਹਨ, ਮਗਰ ਇਹ ਤਾਂ ਇਸ ਸ਼ਹਿਰ 'ਚ ਜਾਅਲੀ ਜ਼ਿੰਦਗੀ ਨੂੰ ਜਿਊਣ ਦਾ ਰੋਜ਼ ਅਭਿਆਸ ਕਰਦੇ ਹਨ ਕਿ ਉਹਨਾਂ ਦੇ ਅੰਦਰਲਾ ਵਿਚਾਰਕ ਕੂੜਾ ਦੂਸਰੇ ਨੂੰ ਨਜ਼ਰ ਨਾ ਆ ਜਾਵੇ। ਉਸ ਤਰ੍ਹਾਂ ਇਸ ਸ਼ਹਿਰ ਵਿਚ ਆਧੁਨਿਕ ਕੁਝ ਵੀ ਨਹੀਂ, ਸਗੋਂ ਇਹਨਾਂ ਦੀ "ਸੋਚ ਨੂੰ ਪੈਰਾਲਾਈਸਸ" ਹੈ ਜਿਸਨੂੰ ਲੇਖਕ ਦੇਖ ਰਿਹਾ ਹੈ। ਲੇਖਕ ਇਹਨਾਂ ਦੀ ਦਿੱਖ ਰਾਹੀਂ ਨਹੀਂ ਸੋਚ ਰਾਹੀਂ ਇਹਨਾਂ ਦੇ ਅੰਦਰ ਪ੍ਰਵੇਸ਼ ਕਰਦਾ ਹੈ। ਇਸੇ ਲਈ ਉਹ ਇਕ ਮੁਹੱਲੇ ਦੇ ਦਰਸ਼ਨ ਕਰਾਉਂਦਾ ਹੈ ਅਤੇ ਉਹ ਹੈ, "ਬਗ਼ੀਚੀ ਬਾਹਮਣਾ"। 'ਬਗ਼ੀਚੀ ਬਾਹਮਣਾ' ਰਾਹੀਂ ਲੇਖਕ ਇਤਿਹਾਸ ਦੇ ਕਰੂਪ ਬ੍ਰਾਹਮਣਿਕ ਚੈਪਟਰ ਤੋਂ ਪਰਦਾ ਚੁੱਕਦਾ ਹੈ ਜਿਸਨੇ ਸਾਨੂੰ ਮੰਦਬੁੱਧੀ ਬਣਾਇਆ ਹੈ ਅਤੇ ਏਨਾ ਪ੍ਰਤਾੜਿਤ ਕੀਤਾ ਹੈ ਕਿ ਅਸੀਂ ਅੱਜ ਅਜਿਹੇ ਇਤਿਹਾਸ ਦੀ ਪ੍ਰੰਪਰਾ ਦੇ 'ਸਿਰਦਰਦ' ਨਾਲ ਲੱਥ-ਪਥ ਤੜਪ ਰਹੇ ਹਾਂ। ਗਲੋਬਲ ਸਮੇਂ ਦੇ ਸ਼ਹਿਰ ਵਿਚ



ਇਸ ਮਾਈਗ੍ਰੇਨ ਨੇ ਸਾਡਾ ਪਿੱਛਾ ਛੱਡਣ ਦੀ ਬਜਾਏ ਸਾਡੀ ਅਗਵਾਈ ਕਰਨੀ ਸ਼ੁਰੂ ਕਰ ਦਿੱਤੀ ਹੈ. "ਇਹਦੇ ਵਿਚ ਉਹ ਸਾਰੇ ਮੰਦਬੁੱਧੀ ਬੱਚੇ ਹੀ ਰੱਖਾਂਗੇ। ਸਿਰਫ਼ ਮੰਦਬੁੱਧੀ ਬੱਚੇ। ਪੂਰੇ ਦਾ ਪੂਰਾ ਮੁਹੱਲਾ ਹੀ ਮੰਦਬੁੱਧੀ ਬੱਚਿਆਂ ਨਾਲ ਭਰਿਆ ਪਿਆ ਹੈ.... ਇਹਨਾਂ ਸਾਰੇ ਬੱਚਿਆਂ ਦੇ ਬਾਪ ਮਾਈਗ੍ਰੇਨ ਤੋਂ ਪੀੜਤ ਰਹੇ ਹਨ। ਸੱਭ ਦੇ ਬਾਪ। ਕੋਈ ਇਕ ਵੀ ਨਹੀਂ ਸੀ ਜੋ ਇਸ ਅਸਹਿ ਦਰਦ ਤੋਂ ਬਚਿਆ ਹੋਵੇ। ਪੂਰੀ ਦੀ ਪੂਰੀ ਪੀੜ੍ਹੀ ਨੇ ਇਹ ਦਰਦ ਸਹਿਣ ਕੀਤਾ। ਮਗਜ਼ ਪਾੜ ਦੇਣ ਵਾਲਾ ਦਰਦ। ਇਸੇ ਕਰਕੇ ਉਹਨਾਂ ਦੀ ਔਲਾਦ ਮਗਜ਼ ਹੀ ਗਵਾ ਬੈਠੀ।" ਇਸ 'ਬਗ਼ੀਚੀ ਬਾਹਮਣਾ' ਵਿਚ ਹੀ ਮੀਂਹਪਾਲ ਰਹਿ ਰਿਹਾ ਜੋ, "ਕਾਮਰੇਡ ਰਹਿ ਚੁੱਕੇ ਨੇ" ਮਗਰ ਬਗ਼ੀਚੀ ਬਾਹਮਣਾ ਦੀ 'ਮਾਈਗ੍ਰੇਨ' ਨੇ ਇਹਨਾਂ ਨੂੰ ਅਤੇ ਇਹਨਾਂ ਦੀ ਔਲਾਦ ਨੂੰ ਘੇਰ ਲਿਆ, ਜੋ ਮੀਂਹਪਾਲ ਦਾ ਪਿੱਛਾ ਨਹੀਂ ਛੱਡ ਰਹੀ ਅਤੇ ਇਹ ਬ੍ਰਾਹਮਣਿਕ ਇਤਿਹਾਸ ਦੀ 'ਮਾਈਗ੍ਰੇਨ' ਪ੍ਰੰਪਰਾ ਵਿਚ ਵਲ੍ਹੇ ਜਿੱਥੇ ਵੀ ਪਹੁੰਚਦੇ ਹਨ, ਉਹ ਮੀਂਹਪਾਲ ਦਾ ਹਰ ਜਗ੍ਹਾ 'ਸਵਾਗਤ' ਕਰਦੀ ਹੈ।

ਇਸ ਸ਼ਹਿਰ ਦੀ ਕਮਿਊਨਿਸਟ ਪ੍ਰੰਪਰਾ ਨੂੰ ਵੀ ਗਲੋਬਲੀ 'ਅਧਰੰਗ' ਨੇ ਜਕੜ ਲਿਆ ਹੈ। ਉਹਨਾਂ ਨੂੰ ਗਲੋਬਲੀ ਤਕਨੀਕ 'ਤੋਂ ਭੱਜਣਾ, ਸਮੇਂ ਦਾ ਸਾਹਮਣਾ ਕਰਨ 'ਤੋਂ ਭੱਜਣਾ ਜਾਪਦਾ। ਵੈਸੇ ਵੀ ਕਮਿਊਨਿਸਟ ਮਨੁੱਖ ਨਾਲੋਂ ਵੱਧ ਤਕਨੀਕ ਨਾਲ ਲਗਾਓ ਰੱਖਦੇ ਨੇ। ਉਹਨਾਂ ਦੀ ਸੋਚ ਹੈ ਕਿ ਤਕਨੀਕ ਮਨੁੱਖ ਵਾਸਤੇ ਹੈ, ਸ਼ਾਇਦ ਉਹ 'ਭੁੱਲ' ਕਰ ਜਾਂਦੇ ਹਨ ਕਿ ਕਾਰਪੋਰੇਟ ਯੁੱਗ 'ਚ ਮਨੁੱਖ ਤਕਨੀਕ/ਮਸ਼ੀਨ ਦਾ ਕੇਵਲ ਇਕ ਪੁਰਜ਼ਾ ਹੈ, ਜੋ ਵਿੱਤੀ ਪੂੰਜੀ ਲਈ ਮੁਨਾਫ਼ੇ ਦਾ ਸੰਦ ਹੈ। ਕੁਝ ਜਗਾੜੂ ਲੋਕਾਂ ਨੇ ਕਮਿਊਨਿਸਟਾਂ ਦਾ ਸਹਾਰਾ ਲੈ ਕੇ ਗਲੋਬਲੀ ਤਕਨੀਕ ਦੀ ਸਿਆਸਤ ਨੂੰ ਆਪਣੇ ਘਰੇ ਜੀ ਆਇਆਂ ਨੂੰ ਕਿਹਾ। ਮੀਂਹਪਾਲ ਵੀ ਅਜਿਹਾ ਹੀ ਪਾਤਰ ਹੈ। ਲੇਖਕ ਅਨੁਸਾਰ, "ਖ਼ੈਰ ਆਪਾਂ ਗੱਲ ਮੀਂਹਪਾਲ ਦੀ ਕਰ ਰਹੇ ਸੀ। ਉਹਨੀਂ ਦਿਨੀਂ ਇਹ ਆਪਣੇ ਆਪ ਨੂੰ ਕਾਮਰੇਡ ਕਹਾਉਂਦਾ ਸੀ। ਆਪਣੇ ਸ਼ਹਿਰ ਦਾ ਸੀ ਪੀ ਆਈ ਦਾ ਜ਼ਿਲ੍ਹਾ ਸੈਕਟਰੀ ਜਿਹੜਾ, ਉਹ ਵੀ ਇਹਦੇ ਨਾਲ ਹੁੰਦਾ ਸੀ। ਇਹਨਾਂ ਪੰਜ-ਸੱਤ ਬੰਦਿਆਂ ਦੀ ਜੁੰਡਲੀ ਸੀ। ਇਹਨਾਂ ਨੇ ਉਦੋਂ ਮਿਲ ਕੇ ਇਕ ਪ੍ਰੈਸ ਲਾਈ। ਨਾਮ ਰੱਖਿਆ- ਸਮਾਜਵਾਦੀ ਕੋਅਪਰੇਟਿਵ ਪ੍ਰਿੰਟਿੰਗ ਪ੍ਰੈਸ। ... ਹੌਲੀ ਹੌਲੀ ਕੰਮ ਚੱਲ ਨਿਕਲਿਆ। ਏਨਾ ਕੰਮ ਕਿ ਪੰਜਾਹ ਤੋਂ ਉੱਤੇ ਵਰਕਰ ਹੋ ਗਏ। ਕੰਪੋਜ਼ਿਟਰ, ਡਿਸਟ੍ਰੀਬਿਊਟਰ, ਮਸ਼ੀਨਮੈਨ, ਇੰਕਮੈਨ, ਹੈੱਡ ਸਾਹਬ ਤੇ ਸੇਵਾਦਾਰ। ਕਮਾਲ ਹੋ ਗਈ। ਅਠਾਅਠ, ਅਠਾਅਠ। ਫਿਰ ਦੌਰ ਆ ਗਿਆ ਕੰਪਿਊਟਰ ਦਾ। ਹੈਰਾਨੀ ਵਾਲੀ ਗੱਲ ਕਿ ਸਵੇਰੇ ਜਦੋਂ ਸਾਰੇ ਕੰਮ ਉੱਤੇ ਪਹੁੰਚੇ ਤਾਂ ਉੱਥੇ ਪੁਲਿਸ ਤੈਨਾਤ ਸੀ। ਕਿਸੇ ਨੂੰ ਵੀ ਕੰਮ ਉੱਤੇ ਲੱਗਣ ਨਹੀਂ ਦਿੱਤਾ ਗਿਆ। ਬਿਨਾਂ ਕਿਸੇ ਨੋਟਿਸ ਦੇ ਸਮਾਜਵਾਦੀ ਪ੍ਰਿੰਟਿੰਗ ਪ੍ਰੈਸ ਬੰਦ। ਸਾਰੇ ਬੇਰੋਜ਼ਗਾਰ।... ਉੱਥੇ ਕੰਪਿਊਟਰ ਪਹੁੰਚ ਗਏ ਸਨ ਤੇ ਕੰਮ ਕਰਨ ਵਾਲੇ ਨਵੇਂ। ਪੁਲਿਸ ਦੀ ਧਾੜ ਪੂਰੇ ਰੌਂਅ ਵਿਚ।" ਪੂੰਜੀ ਦਾ ਇਹ ਸੁਭਅ ਹੈ ਕਿ ਉਹ ਮਜ਼ਦੂਰ ਦੀ ਨਹੀਂ ਮੁਨਾਫ਼ੇ ਦੀ ਰਖ਼ੇਲ ਹੁੰਦੀ ਹੈ। ਪੂੰਜੀ ਭਾਵੇਂ ਕਾਮਰੇਡ ਦੇ ਹੱਥ ਹੋਵੇ ਜਾਂ ਆਰ ਐਸ ਐਸ ਸਰਮਾਏਦਾਰ ਦੇ ਹੱਥ; ਇਸਦਾ ਸੁਭਾਅ ਮਜ਼ਦੂਰ ਦੀ ਬਜਾਏ ਮਸ਼ੀਨ ਦੇ ਹਿੱਤ ਵਿਚ ਹੀ ਭੁਗਤਦਾ ਹੈ, ਕਿਉਂਕਿ ਮਸ਼ੀਨ ਮਜ਼ਦੂਰ ਨਾਲੋਂ ਕਈ ਗੁਣਾਂ ਵੱਧ ਮੁਨਾਫ਼ਾ ਦਿੰਦੀ ਹੈ। ਜਜ਼ਬਾਤ ਮਸ਼ੀਨ ਅਤੇ ਸਰਮਾਏਦਾਰ ਦੋਹਾਂ ਦੇ ਹਿੱਤ ਵਿਚ ਨਹੀਂ ਹੁੰਦੇ। ਇਸ ਤਰ੍ਹਾਂ ਲੇਖਕ ਅਨੁਸਾਰ ਇਥੋਂ ਬੇਰੋਜ਼ਗਾਰ ਹੋਏ ਮਜ਼ਦੂਰ ਗਲੋਬਲੀ ਪਿੰਡ 'ਚ ਭੁੱਖਣ ਭਾਣੇ ਵਿਲਕਦੇ ਸਮੇਂ ਦੀ 'ਅਧਰੰਗ' ਨਾਲ ਵੀਲ੍ਹ ਚੇਅਰ ਬਣ ਬਿਟਰ-ਬਿਟਰ ਝਾਕਦੇ ਹਨ ਬੇਚੈਨ, ਪਰ ਕੁਝ ਵੀ ਕਰਨ ਤੋਂ ਅਸਮਰੱਥ। ਅਧਰੰਗ ਦੇ ਮਾਰੇ ਇਸ ਸਮੇਂ 'ਚੋਂ ਪੈਦਾ ਹੁੰਦੇ ਹਨ ਤਾਂ 'ਅੰਨ੍ਹੇ ਨਿਸ਼ਾਨਚੀ' ਜਾਂ 'ਪ੍ਰੇਮ ਲਤਾ ਦਾ ਮਰਦ ਫੋਬੀਆ'।

'ਸ਼ਹਿਰ ਵਿਚ ਸਾਨ੍ਹ ਹੋਣ ਦਾ ਮਤਲਬ' ਵਿਚ ਪਾਤਰਾਂ ਦੇ ਬ੍ਰਿਤਾਂਤ ਦੀ ਬਜਾਏ ਉਹਨਾਂ ਦੀ ਨਕਲੋ-ਹਰਕਤ ਦੇ ਦ੍ਰਿਸ਼ ਵਧੇਰੇ ਹਨ। ਦ੍ਰਿਸ਼ਾਂ ਵਿਚੋਂ ਸਾਫ਼ ਦਿਖਾਈ ਦਿੰਦਾ ਹੈ ਕਿ ਇਹਨਾਂ ਪਾਤਰਾਂ ਦੀ 'ਸੋਚ ਨੂੰ

ਪੈਰਾਲਾਈਸਿਸ' ਮਾਰ ਗਿਆ ਹੈ, ਜਿਸ ਕਾਰਨ ਲੇਖਕ ਅਤੇ ਪਾਠਕ ਦੋਵਾਂ ਨੂੰ ਕਚਿਹਣ ਆਉਂਦੀ ਹੈ, ਜਿਵੇਂ ਲੇਖਕ ਰੀਅਲ ਸਟੇਟ ਨਾਲ ਜੁੜੇ ਸਮੂਹ ਕਚਿਹਰੀ ਤੰਤਰ, ਮਾਫ਼ੀਆ, ਪੁਲਿਸ, ਕਲੱਬ ਆਦਿ ਤੰਤਰ ਦੇ ਸ਼ਹਿਰ ਵਿਚ ਹੋਣ ਦੀ ਗਵਾਹੀ ਵਜੋਂ ਕਲੱਬ ਦੀ ਮਹਿਫ਼ਲ ਵਿਚਲੇ ਦ੍ਰਿਸ਼ ਰਾਹੀਂ ਚਿੱਤਰਣ ਕਰਦਿਆਂ ਗੁਪਤਾ ਸਾਹਬ ਦੁਆਲੇ ਜੁੜੀ ਜੁੰਡਲੀ ਉੱਤੇ ਫੋਕਸ ਕਰਦਿਆਂ, ਦਰਮਿਆਨੀ ਜਾਤ ਦੇ ਖੋਖ਼ਲੇਪਨ ਨੂੰ ਖਿਲਾਰਦਾ ਹੈ, "ਉਹ ਸਾਰੇ ਇਕਨਾਮੀਕਲੀ ਲਗਭਗ ਇਕੋ ਸਟੇਟਸ ਵਾਲੇ ਨੇ। ਫਿਰ ਕਿਸੇ ਦੀ ਹੋਂਦ ਕੀ ਹੈ ਇਕ ਦੂਸਰੇ ਦੇ ਸਾਹਮਣੇ? ਕੁਝ ਵੀ ਨਹੀਂ। ਗੁਪਤਾ ਸਾਹਬ ਨੇ ਇਕ ਤਰੀਕਾ ਕੱਢ ਲਿਆ ਆਪਣੀ ਵੱਖਰੀ ਪਹਿਚਾਣ ਦਾ। ਗੁਪਤਾ ਸਾਹਬ ਬਰਫ਼ ਤੋਂ ਬਿਨਾਂ ਨਹੀਂ ਪੀ ਸਕਦੇ ! ਇਹ ਨੇ ਲੋਕ..! ਮੈਂ ਤਾਂ ਇਹਨਾਂ ਦੇ ਨਾਲ ਵਿਚਰਦਾ ਹਾਂ। ਮੇਰੇ ਦੋਸਤ ਨੇ ਇਹਨਾਂ ਵਿਚੋਂ ਕਈ। ਮੇਰੇ ਬਗੈਰ ਉਹ ਸ਼ਰਾਬ ਪੀਂਦੇ ਈ ਨਹੀਂ।... ਮੈਂ ਜਾਣਦਾਂ ਇਹਨਾਂ ਦੀਆਂ ਕਮਜ਼ੋਰੀਆਂ। ਇਹ ਕਿੰਨੇ ਨੀਵੇਂ ਨੇ ਮੈਨੂੰ ਸਭ ਪਤਾ।... ਤੇ ਸਾਡਾ ਬ੍ਰਿਤਾਂਤਕਾਰ ਕਹਿੰਦਾ ਉੱਚੇ। ਵਾਹ ਉਏ ਬ੍ਰਿਤਾਂਤਕਾਰਾ !" ਇਹ ਪਾਤਰ ਵਿਸ਼ਲੇਸ਼ਣ ਦੀ ਉੱਤਰ-ਆਧੁਨਿਕਤਾਵਾਦੀ ਵਿਧੀ ਹੈ। ਜਿੱਥੇ ਸਮੇਂ ਅਤੇ ਸਥਿਤੀ ਨੂੰ ਜਾਣੇ ਬਗੈਰ ਪਾਤਰਾਂ ਲਈ ਕਚਹਿਣ ਭਰੇ ਫ਼ਤਵੇ ਪਰੋਸੇ ਜਾਂਦੇ ਹਨ। ਇਹ ਐਬਸਰਡ ਵਿਧੀ ਨਾ ਹੋ ਕੇ ਫ਼ੇਸਬੁੱਕੀ ਸੰਸਾਰ ਦੀ ਮੁਨਸਿਫ਼ੀ ਵਿਧੀ ਹੈ। ਨਾਵਲਕਾਰ ਜਾਣਦਾ ਹੈ ਕਿ ਅਜਿਹਾ ਕਰਨਾ ਠੀਕ ਨਹੀਂ ਇਸੇ ਲਈ ਉਹ ਕਹਿੰਦਾ ਹੈ,"ਯਾਰ ਇਹਨੇ ਲੇਖਕ ਨੇ ਵੀ ਕਈ ਕੰਮ ਖਰਾਬ ਕਰ ਦੇਣੇ ਹੁੰਦੇ ਨੇ। ਅਸੀਂ ਕਿੰਨੇ ਵਧੀਆ ਤਰੀਕੇ ਨਾਲ ਸਾਰੇ ਕਲੱਬ ਦਾ ਮੁਆਇਨਾ ਕਰ ਦੇਣਾ ਸੀ, ਇਹ ਸਾਡੇ ਵਿਅੰਗ ਨੂੰ ਸਮਝੇ ਬਗੈਰ ਹੀ ਕਾਹਲ਼ਾ ਪੈ ਗਿਆ।" ਇਹ ਸਤਰਾਂ ਦੱਸਦੀਆਂ ਹਨ ਕਿ ਬ੍ਰਿਤਾਂਤਕਾਰ ਦੀ ਨਾਵਲੀ ਸਮਾਜ ਲਈ ਕਿੰਨੀ ਮਹੱਤਤਾ ਹੈ, ਮਗਰ ਉਹ ਲੇਖਕ ਦੀ 'ਨਵੀਂ ਵਿਧੀ' ਹਿੰਡ ਅੱਗੇ ਸਮਰਪਣ ਕਰ ਦਿੰਦਾ ਹੈ। ਲੇਖਕ ਨੂੰ ਕਰੂਪੇ ਹੋਏ ਚਿਹਰਿਆਂ ਤੋਂ ਘਿਣ ਹੈ, ਮਗਰ ਕਰੂਪੀ ਹੋਈ ਵਾਸਤਵਿਕਤਾ ਉਪਰ ਪਾਤਰ ਨੂੰ ਨਹੀਂ, ਲੇਖਕ ਨੂੰ ਖਿਝ ਆਉਂਦੀ ਹੈ, ਸੋ ਉਹ ਕਰੂਪੇ ਹੋਏ ਪਾਤਰਾਂ ਦੇ ਮਜ਼ਮੇਂ ਨੂੰ ਥਾਂ ਹੀ ਛੱਡ ਹਮੇਸ਼ਾ ਲਈ ਕੂਚ ਕਰ ਜਾਂਦਾ ਹੈ, "ਇਹ ਸ਼ੋਰ ਸਾਡੇ ਤੋਂ ਨਹੀਂ ਸੁਣਿਆ ਜਾਣਾ, ਸੋ ਇੱਥੋਂ ਚਲੇ ਜਾਣਾ ਹੀ ਬਿਹਤਰ ਹੈ। ਇਸ ਚੈਪਟਰ ਵੱਲ ਮੁੜਕੇ ਆਉਣਾ ਹੀ ਨਹੀਂ ਯਾਰ। ਜਿਹੜੇ ਰਾਹ ਨਹੀਂ ਤੁਰਨਾ, ਉਹਦੇ ਕੋਹ ਵੀ ਕਾਹਤੋਂ ਗਿਣਨੇ?" ਭਾਵ ਕਿ ਲੇਖਕ ਨੂੰ ਜਦੋਂ ਉਹਨਾਂ ਦੇ ਜੀਵਨ ਬ੍ਰਿਤਾਂਤ ਵਿਚ ਦਿਲਚਸਪੀ ਨਹੀਂ ਫਿਰ ਇਸਨੂੰ ਕਿਉਂ ਜਾਨਣਾਂ? ਅਤੇ ਪਾਠਕ ਨੂੰ ਕਿਉਂ ਦੱਸਣਾ।

ਦੂਸਰੇ ਪਾਸੇ ਲੇਖਕ ਨੇ ਸੁਚੇਤ ਰੂਪ 'ਚ ਪਾਤਰ ਦੇ ਜੀਵਨ ਬ੍ਰਿਤਾਂਤ ਨੂੰ ਨਾ ਪਰਗਟ ਕਰਨ ਦਾ ਜਿਹੜਾ ਤਹੱਈਆ ਕੀਤਾ ਹੈ ਇਸਦੇ ਬਾਵਜੂਦ ਇਕ ਕਥਾ ਬ੍ਰਿਤਾਂਤ ਵਜੋਂ ਪੇਸ਼ ਹੋ ਜਾਂਦੀ ਹੈ ਅਤੇ ਉਹ ਹੈ ਸ਼ੋਕੀ ਡੌਨ ਦਾ ਜੀਵਨ ਬ੍ਰਿਤਾਂਤ। ਸ਼ੋਕੀ ਡੌਨ ਦੀ ਕਥਾ ਵਿਚ ਲੇਖਕ ਨੇ ਸ਼ੋਕੀ ਡੌਨ ਦੇ ਕਰੂਪੇ ਚਿਹਰੇ 'ਚੋਂ ਕਚਹਿਣ ਪੈਦਾ ਕਰਨ ਦੀ ਬਜਾਏ ਹਾਲਾਤ ਦੇ ਮੱਦੇ ਨਜ਼ਰ ਇਕ ਉੱਸਰ ਰਹੀ ਜੀਵਨ ਲੀਲ੍ਹਾ ਨੂੰ ਚਿੱਤਰਿਆ ਹੈ ਕਿ ਕੋਈ ਵਿਅਕਤੀ ਹਾਲਾਤ ਦੇ ਥਪੇੜੇ ਝੱਲਦਾ ਆਵਾਮ ਦੀ ਨਫ਼ਰਤ ਅਤੇ ਤਸ਼ੱਦਦ ਨੂੰ ਸਹਿੰਦਾ ਅਜਿਹੀ ਹੋਂਦ ਅਖ਼ਤਿਆਰ ਕਰ ਲੈਂਦਾ ਹੈ ਕਿ ਤੰਤਰ ਉਸਦੀ ਮੁੱਠੀ ਵਿਚ ਸਮਾਅ ਜਾਂਦਾ ਹੈ, ਕਿਉਂਕਿ ਲੋਕ ਤੰਤਰ ਤੋਂ ਡਰੇ ਹੋਏ ਹਨ ਜਾਂ ਡਰਦੇ ਹਨ। ਇਸ ਲਈ ਸ਼ੋਕੀ ਡੌਨ ਤੰਤਰ ਵਰਗੀ ਪਦਵੀ ਪ੍ਰਾਪਤ ਕਰ ਲੈਂਦਾ ਹੈ ਅਤੇ ਡਰ ਲੋਕਾਂ ਦੇ ਢਿੱਡੀਂ ਘਰ ਕਰ ਜਾਂਦਾ ਹੈ। ਇਸੇ ਕਰਕੇ ਸ਼ੋਕੀ ਡੌਨ ਦਾ ਪਾਤਰ ਕਚਹਿਣ ਛੱਡਣ ਦੀ ਬਜਾਏ, ਸਿਸਟਮੀ ਕਚਹਿਣ ਕੋਫ਼ਤ ਛੱਡਦੀ ਹੈ, ਜੋ ਸ਼ੋਕੀ ਡੌਨ ਪੈਦਾ ਕਰਦੀ ਹੈ। ਲੇਖਕ ਨੇ ਪਾਤਰਾਂ ਦੀ ਬਜਾਏ ਤੰਤਰ ਨੂੰ ਹੀ ਢੂੰਡਣਾ ਹੁੰਦਾ ਹੈ, ਜੋ ਵਿਅਕਤੀਆਂ ਦੀ ਜੀਵਨ ਉਸਾਰੀ ਕਰਦਾ ਹੈ।



ਦੇਸ ਰਾਜ ਕਾਲੀ ਨੇ ਭਾਸ਼ਾ ਦੇ ਪੱਧਰ 'ਤੇ ਤਜ਼ਰਬੇ ਕਰਦਿਆਂ ਇਸ ਨੂੰ ਸਬਵਰਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਹਰਾਰਕੀਕਲ ਤੰਤਰ ਵਿਚ ਜਿਵੇਂ ਪੇਸ਼ੇ ਸੁਭਾਅ ਬਣ ਜਾਂਦੇ ਹਨ, ਉਸੇ ਤਰ੍ਹਾਂ ਇਸ ਨਾਵਲ ਵਿਚ ਸੁਭਾਅ, ਬਿਮਾਰੀ, ਵਿਚਰਨ ਨੂੰ ਲੈ ਕੇ ਬਹੁਤ ਹੀ ਨਵਾਂ ਰੂਪ ਦੇਣ ਦੀ ਕੋਸ਼ਿਸ਼ ਕੀਤੀ ਹੈ। ਉਹ ਪੱਤਰਕਾਰ ਹੋਣ ਦੇ ਨਾਤੇ ਚੁਸਤ ਫ਼ਿਕਰਿਆਂ ਦੀ ਸਿਰਜਣਾ ਕਰਦਾ, ਇਸਨੂੰ ਅਦਬੀ ਚਾਸ਼ਨੀ ਵਿਚ ਡੋਬ-ਡੋਬ ਕੇ ਪਾਠਕ ਅੱਗੇ ਪਰੋਸਦਾ ਹੈ। ਇਸ ਤਰਾਂ ਲੱਗਣ ਲਗਦਾ ਹੈ ਕਿ ਉਹ ਸਬਵਰਟ ਸਤਰਾਂ ਦਾ ਸਿਰਜਕ ਹੈ, ਜੋ ਅਸਲੋਂ ਤਾਜ਼ਾ ਦਮ ਹਨ ਜਿਸਦਾ ਮੁਹਾਵਰਾ ਕਾਲੀ ਦੀ ਲੇਖਣੀ ਦੀ ਪਹਿਚਾਣ ਬਣ ਜਾਂਦਾ ਹੈ। ਮਿਸਾਲ ਵਜੋਂ

"ਵੀਲ੍ਹ ਚੇਅਰ ਜਿਸ ਦਿਨ ਜੰਮੀ ਸੀ, ਇਹਦੀ ਉਮਰ 60 ਵਰ੍ਹੇ ਸੀ... ਸਿਰਫ਼ ਇਸਦੀਆਂ ਅੱਖਾਂ ਦੀਆਂ ਪੁਤਲੀਆਂ ਹੀ ਏਧਰ ਓਧਰ ਘੁੰਮਦੀਆਂ ਹਨ ਜਾਂ ਫਿਰ ਇਸ਼ਾਰੇ ਨਾਲ ਦੱਸਦੀਆਂ ਹਨ ਕਿ ਵੀਲ੍ਹ ਚੇਅਰ ਨੂੰ ਕੀ ਚਾਹੀਦਾ ਹੈ। ਇਹ ਸਾਰਾ ਦਿਨ ਕਮਰੇ ਦੇ ਇਕ ਕੋਨੇ ਵਿਚ ਪਈ ਰਹਿੰਦੀ। ਬਿਟਰ ਬਿਟਰ ਝਾਕਦੀ ਜਾਂ ਸਿਰਫ਼ ਸਾਹ ਲੈਂਦੀ ਹੈ ਜਾਂ ਸੁੱਤੀ ਹੋਈ ਅਰਧ ਬੇਹੋਸ਼ ਜਿਹੀ। ਜਾਂ ਫਿਰ ਕਦੇ-ਕਦੇ ਕੋਈ ਇਹਦੇ ਮੂੰਹ ਨੂੰ ਨਿੱਪਲ ਲਾ ਦਿੰਦਾ ਤੇ ਵੀਲ੍ਹ ਚੇਅਰ ਗਟਾਗਟ ਚਾਹ ਜਾਂ ਦੁੱਧ ਪੀ ਜਾਂਦੀ।"

"ਉਹਦੇ ਕਮਰੇ 'ਚੋਂ ਸਿਗਰਟ ਦੀ ਬਹੁਤ ਭੈੜੀ ਹਮਕ ਆਉਂਦੀ ਰਹਿੰਦੀ ਹੈ। ਤਾਜ਼ਾ ਹਮਕ। ਬਸ ਉਸੇ ਤਰ੍ਹਾਂ ਦੀ ਹਮਕ ਇਹਨੂੰ ਆਪਣੀ ਛੋਟੀ ਨੂੰਹ ਦੇ ਪਿੰਡੇ 'ਚੋਂ ਆਉਂਦੀ ਹੈ। ਮੁੰਡੇ ਇਹਦੇ ਮਹਿਕ ਵਿਹੂਣੇ ਨੇ। ਉਹਨਾਂ ਦੇ ਸਰੀਰ 'ਚੋਂ ਨਾ ਮਹਿਕ ਆਉਂਦੀ ਹੈ ਨਾ ਬੋਅ।"

"ਵੀਲ ਚੇਅਰ ਕੋਨੇ ਤੋਂ ਬਾਹਰ ਵੱਲ ਤੁਰੀ ਹੈ... ਮਰੀ ਹੋਈ ਘਰਵਾਲੀ ਦੇ ਕੋਲ ਠਹਿਰ ਗਈ ਹੈ।... ਵੀਲ ਚੇਅਰ ਦੇ ਮੁੜਦਿਆਂ ਹੀ ਚਾਰ ਮੁੰਡਿਆਂ ਨੇ ਜਨਾਜ਼ਾ ਚੁੱਕ ਲਿਆ ਹੈ। ਇਕ ਬੁੱਢੀ ਅਵਾਜ਼ ਸਰਕੀ ਹੈ,'ਇਹ ਭਲੀ ਸੀ, ਸੁਹਾਗਣ ਮਰੀ ਐ।"

"ਖੈਰ ਹੁਣ ਸਾਰੀ ਪਾਰਟੀ 'ਤੇ ਸੁਹਬਤ ਦਾ ਰਾਜ ਹੈ।... ਸੁਹਬਤ ਬੈਠ ਗਈ ਹੈ। ਵਾਈਨ ਆ ਗਈ ਹੈ। ਸੁਹਬਤ ਨੇ ਦੋ ਵਾਰ ਬਰਾਅ ਦੀ ਤਣੀ ਕਮੀਜ਼ ਦੇ ਅੰਦਰ ਕਰਨ ਦੀ ਕੋਸ਼ਿਸ਼ ਕੀਤੀ ਹੈ।... ਸੁਹਬਤ ਨੇ ਗਲੇ ਨਾਲੋਂ ਕਾਲਰ ਲਾਹ ਲਿਆ ਹੈ।"

"ਸੁਆਹ ਫਿਰ ਬੋਲੀ ਹੈ।"

ਦੇਸ ਰਾਜ ਕਾਲੀ ਦਾ ਨਾਵਲ ਪੜ੍ਹਨ ਉਪਰੰਤ ਇਹ ਮਹਿਸੂਸ ਹੁੰਦਾ ਹੈ ਕਿ ਉਸਦੇ ਨਾਵਲ ਵਿਚ ਬਹੁਤੇ ਉਹ ਪਾਤਰ ਹਨ, ਜਿਹਨਾਂ ਨੂੰ ਲੇਖਕ ਨਫ਼ਰਤ ਕਰਦਾ ਹੈ। ਉਸਨੂੰ ਉਹਨਾਂ ਦੇ ਸੁਭਾਅ, ਵਿਹਾਰ ਵਿਚਲੀਆਂ ਦਿਖਾਈ ਦਿੰਦੀਆਂ ਕਮੀਨਗੀਆਂ ਆਕਰਸ਼ਤ ਕਰਦੀਆਂ ਹਨ ਅਤੇ ਕਾਲੀ ਦੀ ਲਿਖਤ ਵਿਚ ਪਲਟ ਜਾਂਦੀਆਂ ਹਨ। ਇਸੇ ਕਾਰਨ ਤਕਰੀਬਨ ਸਾਰੇ ਪਾਤਰ ਕਚਹਿਣ ਛੱਡਦੇ ਹਨ, ਇਥੋਂ ਤੱਕ ਕਿ ਗੰਨੇ ਦਾ ਰਸ ਲੈ ਗਏ ਪਾਤਰ, ਜਿਸਨੂੰ ਅਖੀਰ ਵਿਚ ਇਸ ਨਾਵਲ ਦਾ ਲੇਖਕ ਵੀ ਐਲਾਨਿਆ ਜਾਂਦਾ ਹੈ ਉਸਦੀ ਬੀਵੀ ਸਮੇਤ। ਉਹ ਆਪਣੇ ਪਾਤਰਾਂ ਦੇ ਸੁਭਾਅ, ਵਿਹਾਰ, ਹਰਕਤਾਂ ਦੇ ਦ੍ਰਿਸ਼ ਦਿਖਾਉਣ ਤੱਕ ਹੀ ਸੀਮਿਤ ਨਹੀਂ ਰਹਿੰਦਾ, ਸਗੋਂ ਭੱਦੀਆਂ ਟਿੱਪਣੀਆਂ ਵੀ ਕਰੀ ਜਾਂਦਾ ਹੈ, ਜਿਵੇਂ ਪ੍ਰੰਪਰਾ ਨੂੰ ਉਲੰਘਣ ਵਾਲੇ ਪ੍ਰਤੀ ਵਾਇਜ ਫਤਵਾ ਦਿੰਦੇ ਸਨ। ਇਸ ਨਾਵਲ ਵਿਚ ਪਾਤਰਾਂ ਦੀ ਫ਼ਰਿਆਦ ਸੁਣਨ ਵਾਲਾ ਕੋਈ ਨਹੀਂ ਕਿ ਉਹਨਾਂ ਨੂੰ ਧੱਕੜਸ਼ਾਹ ਲੇਖਕ ਤੋਂ ਬਚਾਇਆ ਜਾਵੇ, ਜੋ ਆਪਣੇ ਸਮੇਂ ਦਾ ਨਾਮਨਿਹਾਦ ਮੁਨਸਿਫ਼ ਬਣ ਬੈਠਾ ਹੈ, ਹਾਲਾਂਕਿ ਲੇਖਕ ਬ੍ਰਿਤਾਂਤਕਾਰ ਬਾਰੇ ਕਹਿੰਦਾ ਹੈ ਕਿ, "ਇਹ ਬ੍ਰਿਤਾਂਤਕਾਰ ਜੋ ਹੁੰਦੇ ਨੇ, ਆਪਣੇ ਆਪ ਨੂੰ ਔਲੀਏ ਸਮਝਣ ਲੱਗ ਪੈਂਦੇ ਨੇ, ਪੱਲੇ ਇਹਨਾਂ ਦੇ ਹੁੰਦਾ ਕੁਝ ਨਹੀਂ।" ਮਗਰ ਇਸ ਨਾਵਲ ਦਾ ਲੇਖਕ ਖੁਦ ਵੀ ਔਲੀਆ ਐਲਾਨਾ 'ਚ ਮੁਬਤਲਾ ਹੈ,

ਮਿਸਾਲ ਦੇ ਤੌਰ 'ਤੇ

"ਸਾਲਾ ਐਵੇਂ ਭਕਾਈ ਮਾਰਨ ਲੱਗ ਜਾਂਦਾ ਹੈ ਕਿ ਇਹ ਯਥਾਰਥ ਨਹੀਂ ਹੈ...ਇਹਨੂੰ ਪੁੱਛੇ ਕੰਜਰ ਦਿਆ, ਯਥਾਰਥ ਤੇਰੇ ਪਿਉ ਵਾਲਾ ਕਿਥੋਂ ਲੈ ਆਈਏ।"

"ਹੁਣ ਇਹਨੇ ਕੀ ਕਰਤੂਤ ਕੀਤੀ ਹੈ ਕਿ ਉਸ ਮੂੰਹਬੋਲੀ ਧੀ ਦੀ ਬੇਟੀ ਨਾਲ ਆਪਣੇ ਮੰਦਬੁੱਧੀ ਪੋਤੇ ਦਾ ਵਿਆਹ ਕਰ ਦਿੱਤਾ।"

"ਸਾਲੇ ਦੇ ਅੰਦਰ ਬ੍ਰਾਹਮਣਵਾਦ ਬਹੁਤ ਹੈ।... ਚਲੋ, ਉਹਦੀ ਗੱਲ ਕੀ ਕਰਨੀ ਬਹੁਤੀ, ਸਾਲੇ ਚੋਰ ਜਿਹੇ ਦੀ।"

"ਉੱਥੇ ਕੰਜਰ ਕਿਸੇ ਨਾ ਕਿਸੇ ਕੁੜੀ ਨੂੰ ਲੈ ਕੇ ਵੜ ਜਾਂਦਾ।"

"ਹੁਣ ਆਹ ਕਲੱਬ ਦੇ ਮੈਂਬਰਾਂ ਬਾਰੇ ਮੈਂ ਦੱਸਦਾਂ ਤੁਹਾਨੂੰ ਬਈ ਇਹ ਕਿੰਨੀ ਕੁ ਕਰਤੂਤ ਦੇ ਮਾਲਕ ਨੇ।"

"ਇਹਨਾਂ ਬਿਮਾਰੀਆਂ ਨਾਲ ਬੱਚੇ ਵੀ ਆਉਂਦੇ ਨੇ। ਘਟੀਆ ਤੋਂ ਘਟੀਆ ਸ਼ਰਾਰਤ ਕਰਨਗੇ।"

ਯਥਾਰਥ ਇਹ ਨਹੀਂ ਹੈ ਜੋ ਲੇਖਕ ਆਪਣੀਆਂ ਨਫ਼ਰਤੀ ਟਿੱਪਣੀਆਂ ਰਾਹੀਂ ਸਿਰਜਦਾ ਹੈ। ਯਥਾਰਥ ਇਸਦੇ ਪਿੱਛੇ ਵਿਲੁਪਤ ਹੈ ਕਿ ਜਮਾਤਾਂ ਜਾਂ ਜਾਤਾਂ ਕਿਉਂ ਅਤੇ ਕਿਵੇਂ ਸੋਚਦੀਆਂ ਹਨ। ਬ੍ਰਿਤਾਂਤ ਦੀ ਗੈਰਹਾਜ਼ਰੀ ਕਾਰਨ ਜਮਾਤਾਂ ਅਤੇ ਜਾਤਾਂ ਦੀ ਵਿਵਹਾਰਕ ਸੂਚਨਾ ਸਾਡੇ ਤੱਕ ਪਹੁੰਚਣ ਦੀ ਬਜਾਏ ਲੇਖਕ ਦੇ ਪੂਰਵਾਗ੍ਰਹਿ ਸਾਡੇ ਤੱਕ ਪਹੁੰਚਦੇ ਹਨ ਤਾਂ ਇਹ ਉਸੇ ਇਤਿਹਾਸ ਦਾ ਦੁਹਰਾਅ ਬਣ ਜਾਂਦਾ ਹੈ, ਜਿਵੇਂ ਭਾਰਤੀ ਸਮਾਜ ਦੀਆਂ ਉੱਚ ਜਾਤਾਂ ਦੇ ਸੂਦਰਾਂ, ਔਰਤਾਂ ਅਤੇ ਦਲਿਤਾਂ ਪ੍ਰਤੀ ਪੂਰਵਾਗ੍ਰਹਿ ਹਨ। ਲੇਖਕ ਕਹਿੰਦਾ ਤਾਂ ਇਹ ਹੈ ਕਿ, "ਜਿਸ ਤਰ੍ਹਾਂ ਨਾਲ ਅਸੀਂ ਅੰਦਾਜ਼ੇ ਲਗਾਉਂਦੇ ਹਾਂ, ਓਨੀ ਸਿੱਧੀ ਜ਼ਿੰਦਗੀ ਹੈ ਨਹੀਂ।.. ਬਾਹਰੋਂ ਕੁਝ ਹੋਰ ਦਿਸਦਾ ਹੈ, ਅੰਦਰੋਂ ਕੁਝ ਹੋਰ ਹੁੰਦਾ ਹੈ। ਬੱਖੀ ਤੋਂ ਕੁਝ ਹੋਰ ਹੀ ਨਿਕਲ ਆਉਂਦਾ ਹੈ।" ਮਗਰ ਨਾਵਲ ਦੇ ਵਿਹਾਰਕ ਚਿੱਤਰਪੱਟ 'ਤੇ ਅਜਿਹਾ ਕੁਝ ਵੀ ਨਹੀਂ ਵਾਪਰਦਾ। ਹਾਲਾਤ ਦੇ ਹੱਥੋਂ ਮਜ਼ਬੂਰ ਹੋਏ ਕਰੂਪੇ ਚਿਹਰਿਆਂ ਵਿਚਲੀ ਕਚਹਿਣ ਨੂੰ ਪ੍ਰਗਟ ਕਰਦਿਆਂ, ਪਾਤਰਾਂ ਦੀ ਬੇਚੈਨੀ ਨੂੰ ਹਮਦਰਦੀ ਨਾਲ ਚਿਤਰਨਾ ਹੁੰਦਾ ਹੈ, ਕਿਸੇ ਵਾਇਜ ਵਾਂਗ ਨਫ਼ਰਤ ਨਾਲ ਨਹੀਂ।

'ਸ਼ਹਿਰ ਵਿਚ ਸਾਨ੍ਹ ਹੋਣ ਦਾ ਮਤਲਬ' ਰਾਹੀਂ ਲੇਖਕ ਨੇ ਆਪਣੇ ਸਮੇਂ ਦੇ ਉਹਨਾਂ ਸਾਰੇ ਮਹੱਤਵਪੂਰਨ ਸਵਾਲਾਂ ਨੂੰ ਛੂਹਣ ਦੀ ਕੋਸ਼ਿਸ਼ ਕੀਤੀ ਹੈ ਜਿਸਨੂੰ ਬ੍ਰਿਤਾਂਤਕ ਵਿਧੀ ਰਾਹੀਂ ਸਨਮੁੱਖ ਨਹੀਂ ਹੋਇਆ ਜਾ ਸਕਦਾ। ਜਿਸ ਤਰ੍ਹਾਂ ਪਾਤਰਾਂ ਦੀ ਵੱਖਰਤਾ ਅਤੇ ਵਰਾਇਟੀ ਪਿੱਛੇ ਘੁੰਮਦਾ ਸਾਨ੍ਹ ਸਾਰੇ ਸ਼ਹਿਰ ਜਾਂ ਸਾਰੇ ਸੰਸਾਰ ਵਿਚ ਦਨਦਨਾਉਂਦਾ ਹੈ, ਮਗਰ ਟੱਕਰ ਲਈ ਕੋਈ ਵੀ ਪਾਤਰ ਸਾਹਵੇਂ ਨਹੀਂ ਹੈ, ਕੀ ਇਹ ਵਰਤਮਾਨ ਦਾ 'ਯਥਾਰਥ' ਹੈ। ਸਾਨ੍ਹ ਵੱਲੋਂ ਉਡਾਈ ਜਾ ਰਹੀ ਧੂੜ ਨਾਲ ਅੱਖਾਂ, ਮੂੰਹ, ਕੰਨ ਸਭ ਲਥਪਥ ਹਨ। ਨਾ ਸੁਣ ਰਿਹਾ ਹੈ, ਨਾ ਦਿਖ ਰਿਹਾ ਹੈ ਤਾਂ ਅਜਿਹੇ ਸਮੇਂ ਬੋਲਿਆ ਵੀ ਕੀ ਜਾਵੇ? ਸਭ ਡੈਂਬਰੇ ਹੋਏ ਸਾਨ੍ਹ ਹੱਥੋਂ 'ਹਾਰੇ' ਚੇਤਨਾਹੀਣ ਸਮੇਂ ਦਾ ਤਮਾਸ਼ਾ ਆਪਣੀ ਦੇਹ ਅਤੇ ਚੇਤਨਾ ਉੱਪਰ ਹੰਢਾਅ ਰਹੇ ਹਨ, ਮਗਰ ਮਹਿਸੂਸ ਕਰਨ 'ਚ ਅਸਮਰੱਥ।

ਜੇ ਲੇਖਕ ਆਪਣੇ ਆਪ ਦੇ ਮੁਨਸਿਫ਼ ਬਣਨ ਵਾਲੀ ਰੁਚੀ ਤੋਂ ਮੁਕਤ ਹੋ ਜਾਵੇ ਤਾਂ ਇਹ ਨਾਵਲ ਵਿਧੀ ਪੰਜਾਬੀ ਸਾਹਿਤ ਦੀ ਜ਼ਮੀਨ ਲਈ ਉਪਜਾਊ ਹੋ ਸਕਦੀ ਹੈ, ਜਿਸਦੀ ਇਸ ਵੇਲੇ ਪੰਜਾਬੀ ਸਹਿਤ ਨੂੰ ਬਹੁਤ ਜ਼ਰੂਰਤ ਹੈ, ਕਿਉਂਕਿ ਪਿਛਲੇ ਲੰਬੇ ਸਮੇਂ ਤੋਂ ਸਾਹਿਤ ਦੀ ਬਰਸਾਤ ਨਾ ਹੋਣ ਕਰਕੇ ਪੰਜਾਬੀ ਅਦਬ ਦੀ ਭੋਂ ਰੱਕੜ ਹੋ ਗਈ ਹੈ।

**ਸੰਪਰਕ-98140-99426,97802-99836**



**ਅਧਿਐਨ-2**

## 'ਇੱਥੋਂ ਰੇਗਿਸਤਾਨ ਦਿਸਦਾ ਹੈ' ਦੀ ਨਾਵਲੀ ਟੈਕਸਟ ਸੰਗ

**- ਜਗਵਿੰਦਰ ਜੋਧਾ**




ਜਸਵੀਰ ਸਿੰਘ ਰਾਣਾ ਪੰਜਾਬੀ ਦਾ ਪ੍ਰਸਿੱਧ ਕਹਾਣੀਕਾਰ ਹੈ ਉਸਦੀਆਂ ਕਹਾਣੀ ਸਿਰਜਣਾ ਦੀਆਂ ਤਿੰਨ ਕਿਤਾਬਾਂ ਛਪ ਕੇ ਆਈਆਂ ਤੇ ਖਾਸੀਆਂ ਚਰਚਿਤ ਵੀ ਰਹੀਆਂ ਹੁਣ ਉਸਨੇ ਆਪਣੇ ਗਲਪੀ ਪ੍ਰਸੰਗਾਂ ਨੂੰ ਨਾਵਲੀ ਟੈਕਸਟ ਤਕ ਫੈਲਾਉਣ ਦੀ ਕੋਸ਼ਿਸ਼ **'ਇੱਥੋਂ ਰੇਗਿਸਤਾਨ ਦਿਸਦਾ ਹੈ'** (**ਪ੍ਰਕਾਸ਼ਕ: ਅਟੋਮਨ ਆਰਟ, ਮੁੱਲ: 250 ਰੁਪਏ, ਪੰਨੇ: 160**) ਵਿਚ ਕੀਤੀ ਹੈ ਜਿਸਨੂੰ ਉਸਨੇ ਆਪਣੀ ਕਥਾ ਯਾਤਰਾ ਦਾ "ਇਖ਼ਲਾਕੀ ਫ਼ਰਜ਼" ਘੋਸ਼ਿਤ ਕੀਤਾ ਹੈ ਇਸਦੀ ਤਾਰਕਿਕਤਾ ਲਈ ਉਸਨੇ ਭੂਮਿਕਾ ਵਾਂਗ ਲੰਮੀ ਸਾਰੀ ਕਥਾ ਵੀ ਸੁਣਾਈ ਹੈ ਜਿਸ ਵਿਚ ਨਾਵਲ ਦੇ ਰਚਨਾ ਪ੍ਰਸੰਗਾਂ ਦਾ ਵੇਰਵਾ ਵੀ ਹੈ ਮੈਂ ਆਪਣੀ ਆਦਤ ਮੁਤਾਬਿਕ ਇਹ '21 ਕਹਾਣੀਆਂ ਲਿਖਣ ਤੋਂ ਨਾਵਲ ਲਿਖਣ ਤਕ' ਦੀ ਭੂਮਿਕਾ ਸਭ ਤੋਂ ਆਖਿਰ ਵਿਚ ਪੜ੍ਹੀ ਇਸ ਭੂਮਿਕਾ ਵਿਚ ਉਹ ਆਪਣੇ ਨਾਵਲ ਦਾ ਸਾਰਾ ਪ੍ਰਬੰਧ ਉਜਾਗਰ ਕਰਨ ਦੀ ਕੋਸ਼ਿਸ਼ ਵਿਚ ਹੈ ਇੱਥੋਂ ਤਕ ਕਿ ਧਰਮ, ਵਿਗਿਆਨ ਤੇ ਮਾਰਕਸਵਾਦ ਦਾ ਸਾਂਝਾ ਮੁਹਾਜ਼ ਨਾ ਬਣ ਸਕਣ ਤੇ ਦੁਖ ਪ੍ਰਗਟਾਉਂਦਾ ਹੈ ਨਾਵਲ ਵਿਚ ਖੋਜੀ ਦੇ ਮੂੰਹੋਂ ਅਖਵਾਈ ਕਾਰਲ ਮਾਰਕਸ ਦੀ ਖੇਤੀ ਬਾਰੇ ਇੱਕੋ ਇੱਕ ਉਕਤੀ ਇਥੇ ਵੀ ਹਾਜ਼ਿਰ ਹੈ ਨਾਵਲ ਦੀ ਲਿਖਣਕਾਰੀ ਵੇਲੇ ਉਸ ਕੋਲ ਜੋ ਜੋ ਮਾਡਲ ਸੰਸਾਰ ਨਾਵਲ ਵਿਚੋਂ ਸਨ ਉਹਨਾਂ ਦਾ ਵੇਰਵਾ ਵੀ ਮਿਲਦਾ ਹੈ ਇਹ ਘੋਸ਼ਣਾ-ਮੁਖੀ ਭੂਮਿਕਾ ਇਸ ਦਾ ਪੱਕਾ ਪ੍ਰਮਾਣ ਹੈ ਕਿ ਕੋਈ ਭੂਮਿਕਾ ਪਾਠਕ ਦੀ ਲਿਖਤ ਬਾਰੇ ਮਨੋਦਸ਼ਾ ਨੂੰ ਕਿਵੇਂ ਨਿਯਮਤ ਕਰਕੇ ਨਿਸ਼ਚਿਤ ਅਰਥਾਂ ਚ ਬੰਨ ਸਕਦੀ ਹੈ, ਕਿਵੇਂ ਪਾਠਕ ਦੇ ਆਪਣੀ ਟੈਕਸਟ ਸਿਰਜਣ ਦੀਆਂ ਸੰਭਾਵਨਾਵਾਂ ਸੀਮਤ ਹੋ ਸਕਦੀਆਂ ਹਨ ।

ਵਿਧਾ ਵਿਚ ਰੂਪ ਤੇ ਵਸਤੂ ਦੇ ਦਵੰਦ ਦੀ ਸਿਧਾਂਤਕੀ ਵਿਧਾ ਦੀਆਂ ਰਚਨਾਤਮਕ ਰੂੜੀਆਂ ਵਿੱਚੋਂ ਉਪਜੇ ਆਪਹੁਦਰੇਪਨ ਤੇ ਵਸਤੂ ਦੀ ਪੇਸ਼ਕਾਰੀ ਦੀਆਂ ਸੰਭਾਵਨਾਵਾਂ ਵਲ ਰੁਖ਼ ਕਰਦੀ ਰਹੀ ਹੈ ਜਦੋਂ ਕੋਈ ਰਚਨਾਕਾਰ ਇਹ ਸੋਚਦਾ ਹੈ ਕਿ ਉਸਨੇ ਨਾਵਲ ਲਿਖਣਾ ਹੈ ਤਾਂ ਨਾਵਲ ਦੀ ਵਿਧਾ ਦਾ ਸਮਾਜਕ ਵਾਸਤਵਿਕਤਾ ਦੇ ਰੂਪਾਂਤਰਣ ਦਾ ਪੈਟਰਨ ਅਚੇਤ/ਸੁਚੇਤ ਉਸਦੇ ਪ੍ਰਤਖਣ ਨੂੰ ਪ੍ਰਭਾਵਿਤ ਕਰਦਾ ਹੈ ਇਸੇ ਤਰਾਂ ਜਦੋਂ ਕੋਈ ਲੇਖਕ ਕਿਸੇ ਖਾਸ ਮਸਲੇ ਬਾਰੇ ਕੁਛ ਲਿਖਣਾ ਚਾਹੁੰਦਾ ਹੈ ਤਾਂ ਉਸਦੀ ਦ੍ਰਿਸ਼ਟੀਗਤ

ਪਹੁੰਚ ਵਿਧਾ ਦਾ ਨਿਰਧਾਰਨ ਕਰ ਦਿੰਦੀ ਹੈ ਜਿਵੇਂ ਕਵਿਤਾ ਵਿਚ ਨਾਟਕੀ ਜੁਗਤ ਤਾਂ ਹੋ ਸਕਦੀ ਹੈ ਪਰ ਕਾਵਿ ਵਸਤੂ ਨੂੰ ਖਿੱਚ ਕੇ ਨਾਟਕ ਤਕ ਫੈਲਾਉਣਾ ਅਸੰਭਵ ਦੀ ਹੱਦ ਤਕ ਔਖਾ ਹੈ ਇਸੇ ਤਰ੍ਹਾਂ ਕਹਾਣੀ ਦੀ ਵਸਤੂ ਨੂੰ ਨਾਵਲ ਤੱਕ ਫੈਲਾਉਣ ਦੀ ਕੋਸ਼ਿਸ਼ ਵਸਤੂ ਨੂੰ ਪੇਤਲਾ ਕਰ ਸਕਦੀ ਹੈ

ਜਸਵੀਰ ਸਿੰਘ ਰਾਣਾ ਕਹਾਣੀ ਲਿਖਣ ਦੀ ਆਪਣੀ ਇਕ ਵਿਧੀ ਨਾਲ ਜਾਣਿਆ ਜਾਂਦਾ ਹੈ ਕਹਾਣੀ ਕਹਿਣ ਦੀ ਇਹ ਵਿਧੀ ਬਾਹਰੀ ਸਥਿਤੀਆਂ ਤੇ ਪਾਤਰ ਦੀ ਮਨੋਦਸ਼ਾ ਨੂੰ ਸਮਾਂਤਰ ਪੇਸ਼ ਕਰਦੀ ਹੈ ਪਦਾਰਥਕ ਹਾਲਾਤ ਤੇ ਪ੍ਰਤੀਕਿਰਿਆ ਕਰਦਿਆਂ ਕਿਸੇ ਪਾਠਕ ਦੀ ਮਨੋਸਥਿਤੀ ਵਿਚ ਕੀ ਵਾਪਰਦਾ ਹੈ, ਉਸਦਾ ਵਿਹਾਰ ਨਿਰਧਾਰਤ ਕਰਨ ਵਾਲੇ ਕਿਹੜੇ ਤੱਤ ਹਨ ਜੋ ਸਾਡੇ ਸੱਭਿਆਚਾਰਕ ਇਤਿਹਾਸ ਵਿਚ ਜਾਤੀ,ਧਰਮ,ਵਰਨ ਦੀਆਂ ਧਾਰਨਾਵਾਂ ਦੇ ਰੂਪ ਚ ਪਏ ਹਨ ਉਹ ਇਸ ਵਿਧੀ ਰਾਹੀਂ ਪੇਸ਼ ਕੀਤਾ ਜਾ ਸਕਦਾ ਹੈ ਬਿਰਤਾਂਤ ਦੇ ਰਵਾਇਤੀ ਪੈਟਰਨਾਂ ਨੂੰ ਵੀ ਇਹ ਵਿਧੀ ਤੋੜਦੀ ਹੈ ਨਿੱਕੀ ਕਹਾਣੀ ਦੇ ਇਕ ਘਟਨਾ ਅਧਾਰਿਤ ਪ੍ਰਬੰਧ ਨੂੰ ਇਹ ਵਿਧੀ ਐਨ ਰਾਸ ਆਉਂਦੀ ਹੈ ਬੇਸ਼ੱਕ ਨਾਵਲ ਦਾ ਕੈਨਵਸ ਕਹਾਣੀ ਨਾਲੋਂ ਵੱਖਰਾ ਵੀ ਹੁੰਦਾ ਹੈ ਤੇ ਵਿਸਤ੍ਰਿਤ ਵੀ ਕਹਾਣੀ ਚ ਘਟਨਾ ਨਾਲ ਸੰਬੰਧਿਤ ਵੇਰਵੇ ਪੇਸ਼ ਹੁੰਦੇ ਹਨ ਤੇ ਨਾਵਲ ਵਿਚ ਵਿਸ਼ਲੇਸ਼ਣ ਕਹਾਣੀ ਵਿਚ ਪਾਤਰਾਂ ਦਾ ਚਿਤਰਨ ਹੁੰਦਾ ਹੈ ਤੇ ਨਾਵਲਾਂ ਵਿਚ ਪਾਤਰ ਦੀ ਸਿਰਜਣਾ ਦੇ ਇਤਿਹਾਸਿਕ, ਸਮਾਜਿਕ ਪ੍ਰਸੰਗ ਪੇਸ਼ ਹੁੰਦੇ ਹਨ ਕਹਾਣੀ ਦੇ ਕਥਾ ਵੇਰਵੇ ਕਿਸੇ ਵਿਸ਼ੇ ਬਾਰੇ ਵਿਵਰਣ ਦੇ ਸਕਦੇ ਹਨ ਨਾਵਲ ਨੇ ਉਹਨਾਂ ਵੇਰਵਿਆਂ ਨੂੰ ਇਕ ਵੱਖਰੇ ਰਚਨਾ ਸੰਸਾਰ ਦੇ ਰੂਪ ਵਿਚ ਫੈਲਾ ਕੇ ਪੇਸ਼ ਕਰਨਾ ਹੁੰਦਾ ਹੈ ਮਸਲਨ ਨਾਵਲ ਦੀ ਸੰਰਚਨਾ ਵੱਖਰੀ ਹੁੰਦੀ ਹੈ ਕਹਾਣੀ ਦੇ ਰਚਨਾ ਸੰਦਰਭਾਂ ਨੂੰ ਖਿੱਚ ਕੇ ਵਧੀਆ ਨਾਵਲੀ ਰਚਨਾ ਦੀਆਂ ਸੰਭਾਵਨਾਵਾਂ ਪੈਦਾ ਨਹੀਂ ਹੋ ਸਕਦੀਆਂ ਨਾਵਲ ਲਿਖਦਿਆਂ ਲੇਖਕ ਨੂੰ ਅਨੁਭਵਾਂ ਦੀ ਵਿਸਤ੍ਰਿਤ ਲੜੀ ਸਾਮਣੇ ਲਿਆਉਣੀ ਪਵੇਗੀ ਇਸ ਨਾਵਲ ਵਿਚ ਕਹਾਣੀਕਾਰ ਦੇ ਪਿਛਲੀ ਗਲਪਕਾਰੀ ਦੇ ਅਨੁਭਵ ਹਾਵੀ ਹੋਣ ਤਕ ਨਜ਼ਰ ਆਉਂਦੇ ਹਨ ਜਿਸ ਨਾਲ ਇਸ ਨਾਵਲ ਦੇ ਦੁਮੇਲਮੁਖੀ ਤੇ ਅੰਬਰਮੁਖੀ ਫੈਲਾਅ ਦੀਆਂ ਸੰਭਾਵਨਾਵਾਂ ਸੁੰਗੜੀਆਂ ਹਨ।

ਕੋਈ ਵੀ ਲਿਖਤ ਇਕ ਸੁਪਨਾ ਹੁੰਦੀ ਹੈ ਸੁਪਨੇ ਨਾਲੋਂ ਇਸਦਾ ਅੰਤਰ ਇਹ ਹੈ ਕਿ ਇਸ ਵਿਚ ਸੁਚੇਤਨਤਾ ਦਾ ਦਖਲ ਵਧੇਰੇ ਹੁੰਦਾ ਹੈ ਇਸ ਲਈ ਕਿਸੇ ਲਿਖਤ ਵਿਚੋਂ ਕਿਸੇ ਦੌਰ ਦੀ ਸੁਚੇਤਨਤਾ ਦੀ ਪਛਾਣ ਕਰਦਿਆਂ ਇਹ ਪਤਾ ਲੱਗ ਜਾਂਦਾ ਹੈ ਕਿ ਇਹ ਰਚਨਾਕਾਰੀ ਕਿਸ ਵਰਗ ਦੀ ਪ੍ਰਤਿਨਿਧ ਹੈ ਹਥਲੇ ਨਾਵਲ ਵਾਂਗ ਆਪਣੇ ਸਮੇਂ ਦਾ ਆਲੋਚਨਾਤਮਕ ਵਿਸ਼ਲੇਸ਼ਣ ਕਰਦੀ ਰਚਨਾ ਜਿਸ ਮੁੱਲ-ਵਿਧਾਨ ਤੋਂ ਅਸੰਤੁਸ਼ਟ ਹੁੰਦੀ ਹੈ ਉਸਦਾ ਬਦਲ ਵੀ ਪੇਸ਼ ਕਰਦੀ ਹੈ ਇਸ ਵਿਧੀ ਵਿਚ ਇਕ ਜ਼ੋਖਮ ਵੀ ਹੈ ਪਾਪੂਲਰ ਵਿਚਾਰ ਸਿਰਫ ਸਥਾਪਤੀ ਦਾ ਹਥਿਆਰ ਹੀ ਨਹੀਂ ਹੁੰਦੇ, ਸਗੋਂ ਇਨਕਾਰੀ ਵਿਚਾਰ ਵੀ ਇਸੇ ਤਰ੍ਹਾਂ ਦੇ ਪਾਪੂਲਰ ਰੂਪ ਵਾਲੇ ਹੋ ਸਕਦੇ ਹਨ ਇਸ ਲਈ ਘਟਨਾਵਾਂ ਦਾ ਵਿਰੋਧ-ਵਿਕਾਸੀ ਅਮਲ ਸਮਝਣਾ ਜ਼ਰੂਰੀ ਹੁੰਦਾ ਹੈ ਇਹ ਨਾਵਲ ਸਮਕਾਲੀ ਪੰਜਾਬੀ ਸਮਾਜ ਨੂੰ ਦਰਪੇਸ਼ ਸਮੱਸਿਆਵਾਂ ਨੂੰ ਇਕ ਪਰਿਵਾਰ ਦੀ ਗਲਪਕਾਰੀ ਦੇ ਹਵਾਲੇ ਇਕ ਵੱਡੇ ਅਰਥ-ਬਿੰਬ ਵਜੋਂ ਸਮਝਣ ਦੀ ਕੋਸ਼ਿਸ਼ ਹੈ ਪੰਜਾਬੀ ਭਾਸ਼ਾ, ਸੱਭਿਆਚਾਰ ਨੂੰ ਜੋ ਜੋ ਸੰਕਟ ਨਵੀਂ ਜੀਣ-ਜਾਚ ਨੇ ਪ੍ਰਦਾਨ ਕੀਤੇ ਹਨ ਉਹ ਸਾਰੇ ਇਸ ਨਾਵਲ ਦੀ ਵਸਤੂ ਬਣੇ ਹਨ ਇਹਨਾਂ ਵਿੱਚੋਂ ਪੰਜਾਬੀ ਭਾਸ਼ਾ ਦਾ ਸੰਕਟ ਨਾਵਲ ਦਾ ਭਾਰੂ ਫਿਕਰ ਹੈ ਇਹ ਸੰਕਟ ਸਕੂਲੀ ਪੱਧਰ ਦੀ ਮੁੱਢਲੀ ਪੜ੍ਹਾਈ ਤੋਂ ਲੈ ਕੇ ਯੂਨੀਵਰਸਿਟੀ ਅਕੈਡਮਿਕਸ ਤਕ ਪੰਜਾਬੀ ਦੇ ਸ਼ਾਬਦਿਕ ਵਿਗਾੜ ਅਤੇ ਸੰਚਾਰ ਵਿਚ ਬਦਲਾਅ ਤਕ ਨਾਵਲੀ ਬਿਰਤਾਂਤ ਦਾ ਹਿੱਸਾ ਬਣਿਆ ਹੈ ਇਸ ਸੰਕਟ ਦੇ ਹੱਲ ਸੁਝਾਉਣ ਵਾਲੀ ਆਦਰਸ਼ਵਾਦੀ ਪਹੁੰਚ ਮਾਂ-ਬੋਲੀ ਦਾ ਭਾਵੁਕ ਉਚਾਰ ਅਲਾਪਦੀ ਹੈ ਮਾਂ-ਬੋਲੀ ਨੂੰ ਇਕ ਐਸੇ ਭਾਸ਼ਿਕ ਪ੍ਰਬੰਧ ਤਕ ਸੀਮਤ ਕੀਤਾ ਜਾਂਦਾ ਹੈ ਜੋ ਮਾਂ ਕੋਲੋ ਸਿਖਿਆ ਹੋਵੇ ਨਾਲ ਹੀ ਇਹ ਫਿਕਰ ਵੀ ਜ਼ਾਹਿਰ ਕੀਤਾ ਜਾਂਦਾ ਹੈ ਕਿ ਜੇ ਮਾਂ-ਬੋਲੀ ਨਾ ਰਹੀ ਤਾਂ ਇਸ ਸਮਾਜ ਦੀ ਹੋਂਦ ਖਤਰੇ ਵਿਚ



ਪੈ ਜਾਵੇਗੀ ਇਹ ਸਾਹਿਤ ਕੇਂਦਰਿਤ ਧਾਰਨਾ ਹੈ ਤੇ ਇਸਦੇ ਮੂਲ ਵਿਚ ਕਈ ਵਾਰ ਸਾਹਿਤਕਾਰ ਦੀ ਅਸੁਰੱਖਿਆ ਨਜ਼ਰ ਆਉਣ ਲਗਦੀ ਹੈ ਅਸਲ ਚ ਮਾਂ-ਬੋਲੀ ਉਹ ਉਚਾਰ ਰੂਪ ਹੁੰਦਾ ਹੈ ਜੋ ਮਨੁੱਖ ਦੀ ਉਮਰ ਦੇ ਮੁੱਢਲੇ ਦੌਰ ਵਿਚ ਵਸਤੂ-ਸੰਸਾਰ ਨਾਲ ਚਿਹਨਕੀ ਪਛਾਣ ਦੇ ਰੂਪ ਵਿਚ ਸਾਂਝ ਪਵਾਉਂਦਾ ਹੈ ਜਿਵੇਂ ਜਿਵੇਂ ਆਸ ਪਾਸ ਵਸਤੂ ਵਰਤਾਰੇ ਚ ਬਦਲਾਅ ਆਵੇਗਾ ਓਵੇਂ ਓਵੇਂ ਪੁਰਾਣੇ ਅਰਥ ਪ੍ਰਬੰਧ ਦੀ ਲੋੜ ਘਟਦੀ ਜਾਂਦੀ ਹੈ। ਇਸੇ ਲਈ ਪੁਰਾਣੇ ਸ਼ਬਦ ਸ਼ਬਦਕੋਸ਼ੀ ਰੂਪ ਅਖਤਿਆਰ ਕਰਦੇ ਜਾਂਦੇ ਹਨ ਤੇ ਨਵੇਂ ਆਈ ਜਾਂਦੇ ਹਨ ਭਾਸ਼ਾਵਾਂ ਦਾ ਵਿਕਾਸ ਇਸੇ ਤਰਾਂ ਸੰਭਵ ਬਣਦਾ ਹੈ। ਮਸਲਾ ਅਸਲ ਚ ਨਵੀਆਂ ਵਸਤੂਆਂ ਦੇ ਮੁਨਾਫ਼ੇ ਹਿਤ ਵਿਸ਼ਵ ਮੰਡੀ ਵਲੋਂ ਆਰੋਪਣ ਦਾ ਹੈ। ਨਾਵਲ ਵਿਚ ਇਹ ਚਿੰਤਾ ਨੀਤੀ ਦੀ ਭਾਬੀ ਦੇ ਹਿੰਦੀ ਉਚਾਰ ਅਤੇ ਪੰਜਾਬੀ ਨਾਲ ਨਫਰਤ ਦੀ ਸਥਿਤੀ ਤਕ ਘਟਾ ਕੇ ਪੇਸ਼ ਹੁੰਦਾ ਹੈ। ਇਸ ਤੋਂ ਬਿਨਾ ਇਹ ਮਸਲਾ ਰਾਜਨੀਤਕ ਤੇ ਸੰਸਾਰ ਆਰਥਿਕ ਸਮੀਕਰਣਾਂ ਤੋਂ ਪ੍ਰਭਾਵਿਤ ਹੈ ਉਸ ਤਕ ਨਾਵਲ ਦੀ ਰਸਾਈ ਨਹੀਂ ਹੁੰਦੀ ਖੇਤੀ ਦੀਆਂ ਦਿੱਕਤਾਂ, ਭ੍ਰਿਸ਼ਟ ਰਾਜਨੀਤੀ,ਆਵਾਸੀਆਂ ਦੀ ਆਮਦ, ਪਰਵਾਸ ਵਿਚ ਵਾਧਾ, ਵਤਾਵਰਨੀ ਪ੍ਰਦੂਸ਼ਣ ਤੇ ਜ਼ਮੀਨਾਂ ਤੇ ਕਬਜ਼ਾ ਆਦਿ ਉਹ ਫਿਕਰ ਹਨ ਜੋ ਨਾਵਲ ਵਿਚ ਨੀਤੀ ਦੇ ਪਰਿਵਾਰ ਦੀ ਸਿੱਧੀ ਦੁਵੰਡ ਰਾਹੀਂ ਪੇਸ਼ ਹੁੰਦੇ ਹਨ ਨੀਤੀ ਦੇ ਪਿਤਾ ਦੀ ਮੌਤ ਦੀ ਘਟਨਾ ਏਨੀ ਅਤਾਰਕਿਕ ਹੈ ਕਿ ਬਚਕਾਨਾ ਲਗਦੀ ਹੈ। ਉਸਨੂੰ ਸ਼ਹਿਰ ਦੇ ਕਿਸੇ ਦੁਕਾਨਦਾਰ ਵਲੋਂ ਇਕ ਅੱਖਰ ਤੇ ਬਿੰਦੀ ਨਾ ਲਾਉਣ ਦੇ ਝਗੜੇ ਕਾਰਨ ਗੋਲੀ ਮਾਰ ਦਿੱਤੀ ਜਾਂਦੀ ਹੈ। ਇਸੇ ਲਈ ਬਿੰਦੀ ਇਸ ਨਾਵਲ ਵਿਚ ਕੇਂਦਰੀ ਚਿਹਨ ਹੈ ਜੋ ਨੀਤੀ ਦੇ ਆਪਣੇ ਸਾਥੀ ਖੋਜੀ ਨਾਲ ਬਦਲਵੇਂ ਸੱਭਿਆਚਾਰ ਦੀ ਉਸਾਰੀ ਲਈ ਵਿਆਹ ਕਰਾਉਣ ਤੋਂ ਲੈ ਕੇ ਭਾਬੀ ਦੇ ਬਿੰਦੀ ਨਾ ਲਾਉਣ ਅਤੇ ਪੰਜਾਬੀ ਸਮਾਜ ਕੋਲੋਂ ਬਿੰਦੀ ਖੋਹ ਕੇ ਉਸਨੂੰ ਨਿਰਜਨ ਬਣਾਉਣ ਤਕ ਫੈਲਦਾ ਹੈ। ਮੈਨੂੰ ਨਾਵਲ ਪੜ੍ਹਦਿਆਂ ਹੈਰਾਨੀ ਉਦੋਂ ਹੋਈ ਜਦੋਂ ਨਾਵਲੀ ਪਾਠ ਵਿਚ ਦੋ ਦਰਜਨ ਅੱਖਰਾਂ ਵਿਚ ਬਿੰਦੀਆਂ ਦਾ ਗ਼ਲਤ ਇਸਤੇਮਾਲ ਦੇਖਣ ਵਿਚ ਆਇਆ ਨਾਵਲ ਦਾ ਭਾਰੂ ਫਿਕਰ ਹੋਣ ਦੇ ਬਾਵਜੂਦ ਮੈਸਜ਼, ਮੈਰਿਜ਼, ਪੂਰਵਜ਼, ਜ਼ੀਨ, ਮਜ਼ਬੂਰੀ,ਦਰਜ਼ ਅਤੇ ਤੇਜ,ਜ਼ਮਾਨਾ, ਮੇਜ, ਦਰਵਾਜਾ ਲਿਖਣਾ ਰੜਕਦਾ ਹੈ।

ਇਹ ਨਾਵਲ ਪੰਜਾਬੀ ਸਮਾਜ ਵਿਚ ਨਸ਼ਿਆਂ, ਖੁਦਕੁਸ਼ੀਆਂ ਤੇ ਪਰਵਾਸ ਜਿਹੇ ਮੁੱਦਿਆਂ ਨੂੰ ਵੀ ਆਪਣੀ ਵਸਤੂ ਬਣਾਉਂਦਾ ਹੈ। ਇਹਨਾਂ ਮੁੱਦਿਆਂ ਕਰਕੇ ਹੀ ਲੇਖਕ ਨੂੰ ਪੰਜਾਬ ਮਾਰੂਥਲ ਬਣਦਾ ਦਿਸ ਰਿਹਾ ਹੈ। ਨੀਤੀ ਦੇ ਭਰਾ ਨੂੰ ਨਸ਼ਿਆਂ ਦਾ ਸ਼ਿਕਾਰ ਤੇ ਪਰਵਾਸ ਲਈ ਕਾਹਲਾ ਦਿਖਾ ਕੇ ਨਾਵਲਕਾਰ ਇਹਨਾਂ ਮੁੱਦਿਆਂ ਦਾ ਘਟਨਾਵੀ ਰੂਪ ਪੇਸ਼ ਕਰਦਾ ਹੈ ਜੋ ਉਸਦੇ ਕਹਾਣੀ ਰਚਨਾ ਦੇ ਅਨੁਭਵਾਂ ਚੋਂ ਆਇਆ ਹੈ ਨਾਵਲ ਕਿਸੇ ਘਟਨਾ ਪਿੱਛੇ ਲੁਪਤ ਵਰਤਾਰੇ ਦੀ ਅਕਾਸੀ ਕਰਨ ਦੀ ਵਿਧਾ ਹੈ। ਜੇ ਪੰਜਾਬੀ ਸਮਾਜ ਵਿਚ ਇਹ ਅਲਾਮਤਾਂ ਭਾਰੂ ਹਨ ਤਾਂ ਯਕੀਨਨ ਸਮਾਜ ਦਾ ਇਕ ਵਰਗ ਅੰਦਰੋਂ ਇਹਨਾਂ ਮੁੱਲਾਂ ਨਾਲ ਸਹਿਮਤ ਵੀ ਹੈ। ਇਸ ਸਹਿਮਤੀ ਅਸਹਿਮਤੀ ਦਾ ਵਿਰੋਧ ਵਿਕਾਸ ਇਸ ਨਾਵਲ ਦੇ ਵਿਧਾਨ ਵਿਚੋਂ ਉਭਰਨ ਦੀ ਥਾਂ ਇਕ ਪਰਿਵਾਰ ਦੀ ਅੰਤਿਹ ਕਲਾਹ ਰਾਹੀਂ ਸਾਮਣੇ ਆਉਂਦਾ ਹੈ ਇਸਦੇ ਬਦਲ ਦੀ ਸਿਰਜਣਾ ਵੱਲ ਜ਼ਿਆਦਾ ਜ਼ੋਰ ਦੇ ਕੇ ਨਾਵਲਕਾਰ ਨੇ ਨੀਤੀ ਤੇ ਖੋਜੀ ਰਾਹੀਂ ਆਪਣੇ ਆਦਰਸ਼ਵਾਦ ਨੂੰ ਉਭਾਰ ਕੇ ਪੇਸ਼ ਕੀਤਾ ਹੈ ਅਕਾਦਮਿਕ ਸੰਸਥਾਵਾਂ ਚ ਆਏ ਨਿਘਾਰ ਦੇ ਬਦਲ ਵਜੋਂ ਉਹ ਖੋਜੀ ਨੂੰ ਇਕ ਪ੍ਰਮਾਣਿਕ ਬਿੰਬ ਵਜੋਂ ਉਸਾਰਦਾ ਹੈ ਜਦ ਕਿ ਖੋਜੀ ਦੀ ਸਾਰੀ ਇਤਿਹਾਸਿਕ ਤੇ ਸਮਾਜਿਕ ਚੇਤਨਾ ਸਾਡੇ ਦੌਰ ਦੀਆਂ ਅਕਾਦਮਿਕ ਸੰਸਥਾਵਾਂ ਦੇ ਉਤਪਾਦ ਵਜੋਂ ਸਾਮਣੇ ਆਉਂਦੀ ਹੈ। ਉਹ ਜਿਸ ਕਿਸਮ ਦੇ ਗਿਆਨ ਦਾ ਉਪਭੋਗ ਕਰਦਾ ਹੈ ਉਹ ਸਾਡੀ ਅਧਪੜ ਮੱਧਲੀ ਜਮਾਤ ਦਾ ਪਾਪੂਲਰ ਰੂਪ ਹੈ। ਉਸ ਵਲੋਂ ਵਾਰ ਵਾਰ ਗਲਪੀ ਖੋਜ ਵਿਧੀ ਦਾ ਸਿਧਾਂਤ ਪੇਸ਼ ਕਰਕੇ ਨਾਵਲਕਾਰ ਸਾਡੀ ਸਮਕਾਲੀ ਖੋਜ ਦੀਆਂ ਸੀਮਾਵਾਂ ਸਾਮ੍ਹਣੇ ਲਿਆਉਣਾ ਚਾਹੁੰਦਾ ਹੈ, ਪਰ ਉਹ ਵਿਧੀ ਹੈ ਕੀ?? ਇਸਦਾ ਕੋਈ ਵਿਵੇਕ ਨਾਵਲ ਦੇ ਪਾਠ ਵਿੱਚੋਂ ਤਾਰਕਿਕ ਰੂਪ ਨਹੀਂ ਲੈਂਦਾ। ਰਸੂਲ ਹਮਜ਼ਾਤੋਵ, ਭਗਤ ਸਿੰਘ ਦਾ

ਪ੍ਰਚਲਿਤ ਕਿਤਾਬੀ ਸਰੂਪ ਐਸੇ ਵਿਚਾਰਧਾਰਕ ਮਿਥਕ ਹਨ ਜੋ ਬਦਲਵੇਂ ਪ੍ਰਬੰਧ ਦੀ ਸੁਖਾਲੀ ਇੱਛਾ ਦੀ ਉਪਜ ਹਨ ਦਰਸ਼ਨ ਤੇ ਇਤਿਹਾਸ ਦੀ ਤਰਵੀ ਪਹੁੰਚ ਵਿਧੀ ਸਾਡਾ ਬਦਲ ਕਿਵੇਂ ਹੋਵੇਗੀ ਇਹ ਸਮਝ ਤੋਂ ਬਾਹਰ ਨਜ਼ਰ ਆਉਂਦਾ ਹੈ। ਜਦੋਂ ਖੋਜੀ ਤੇ ਨੀਤੀ ਵਿਆਹ ਦਾ ਸਾਦਾ ਪ੍ਰਬੰਧ ਪ੍ਰਚਲਿਤ ਕਰਨ ਲਈ ਵੱਖਰੀ ਤਰ੍ਹਾਂ ਦਾ ਵਿਆਹ ਕਰਾਉਂਦੇ ਹਨ ਤਾਂ ਵੀ ਵਿਚਾਰਕ ਸੰਕਟ ਸਾਮਣੇ ਆਉਂਦਾ ਹੈ। ਵਿਆਹ ਦੀ ਵਿਧੀ ਦੇ ਸੰਕਟ ਨਾਲੋਂ ਵਿਆਹ ਦੀ ਸੰਸਥਾ ਦਾ ਸੰਕਟ ਵਧੇਰੇ ਗਹਿਰਾ ਹੈ ਜਿਸਦੀ ਗਹਿਰੀ ਸਮਝ ਨਾਵਲੀ ਪਾਠ ਵਿੱਚੋਂ ਤਾਂ ਨਦਾਰਦ ਹੈ।

ਨਾਵਲੀ ਲਿਖਤ ਵੱਖ ਵੱਖ ਵਿਚਾਰ ਧਾਰਾਵਾਂ ਦਾ ਭੇੜ ਹੁੰਦੀ ਹੈ। ਲੇਖਕ ਦੀ ਵਿਚਾਰਧਾਰਾ ਲੁਕਵੇਂ ਰੂਪ ਵਿਚ ਵਰਤਾਰੇ ਦੇ ਇਕ ਪਸਾਰ ਵਜੋਂ ਪੇਸ਼ ਹੁੰਦੀ ਹੈ। ਇਸ ਨਾਵਲ ਵਿਚ ਰਿਸ਼ਤਿਆਂ ਦੀ ਕਸ਼ੀਦਗੀ ਤੋਂ ਲੈ ਕੇ ਸਮਾਜਿਕ ਸੰਕਟਾਂ ਤਕ ਲੇਖਕ ਦੀ ਭਾਵਨਾ ਦੇ ਅਨੁਰੂਪ ਸਿੱਧੀ ਦੁਫੇੜ ਨਾਵਲੀ ਪੇਸ਼ਕਾਰੀ ਦਾ ਹਿੱਸਾ ਬਣੀ ਹੈ ਨਵੇਂ ਉਤਪਾਦਨੀ ਸੰਬੰਧਾਂ ਬਨਾਮ ਪ੍ਰਚਲਿਤ ਕੀਮਤਾਂ ਵਿਚਲੀ ਕਸ਼ਮਕਸ਼ ਵਿਚ ਲੇਖਕ ਦੀ ਚੇਤਨਾ ਰੱਦਣ-ਉਸਾਰਨ ਦੇ ਅਮਲ ਵਿਚ ਮਸਰੂਫ ਹੈ। ਇਸੇ ਲਈ ਭਾਬੀ ਦਾ ਕਿਰਦਾਰ ਉਲਾਰਤਾ ਤੇ ਨਿਖੇਧ ਵਿਚੋਂ ਆਉਂਦਾ ਹੈ ਨੀਤੀ ਨੂੰ ਆਦਰਸ਼ ਰੂਪ ਚ ਉਸਾਰਦਿਆਂ ਲੇਖਕ ਉਸਨੂੰ ਵੀ ਉਲਾਰ ਬਣਾ ਦਿੰਦਾ ਹੈ ਨਤੀਜਨ ਪਾਤਰ ਆਸ ਪਾਸ ਦੇ ਨਾ ਹੋ ਕੇ ਕਾਲਪਨਿਕ ਤੇ ਘੜੇ ਹੋਏ ਬਣ ਜਾਂਦੇ ਹਨ ਤੇ ਚਪਟੇ ਵੀ ਇਸ ਨਾਵਲ ਦੀ ਵਿਧੀ ਇਕ ਵਿਸ਼ੇਸ਼ ਕਥਾ-ਸ਼ੈਲੀ ਵਾਲੀ ਹੈ। ਇਹ ਸ਼ੈਲੀ ਆਤੰਕ ਤੇ ਖੌਫ ਦੀ ਹੈ। ਐਬਸਰਡਿਟੀ ਇਸ ਕਥਾ ਵਿਧੀ ਦਾ ਵਿਸ਼ੇਸ਼ ਗੁਣ ਹੁੰਦਾ ਹੈ। ਕਹਾਣੀ ਵਿਚ ਇਹ ਵਿਧੀ ਪਾਠਕ ਦੀ ਮਨੋਚੇਤਨਾ ਨੂੰ ਸਿਖਰਲੇ ਪ੍ਰਭਾਵ ਤੇ ਲਿਜਾ ਕੇ ਛੱਡ ਦਿੰਦੀ ਤੇ ਹੈ। ਸਥਿਤੀਆਂ ਨੂੰ ਉਹਨਾਂ ਦੇ ਸਹਿਜ ਦੀ ਥਾਂ ਸੁਪਨੇ ਵਿਚ ਭੈ-ਭੀਤ ਪਾਤਰ ਪ੍ਰਭਾਵ ਨੂੰ ਤੀਖਣ ਕਰਦੇ ਹਨ। ਸੁਪਨੇ ਦੀ ਭਿਆਨਕਤਾ ਤੇ ਅਸਲ ਵਿਚ ਇਕ ਵਿਵੇਕਪੂਰਨ ਸੰਬੰਧ ਬਣਾਉਣ ਵਿਚ ਇਹ ਸ਼ੈਲੀ ਲੇਖਕਾਂ ਦੀ ਕਾਹਲ ਕਰਨ ਕਈ ਵਾਰ ਅਸਫਲ ਵੀ ਹੁੰਦੀ ਹੈ। ਇਸ ਪ੍ਰਭਾਵ ਨੂੰ ਘਟਾਉਣ ਲਈ ਨਾਵਲਕਾਰ ਚਿੱਠੀ ਸ਼ੈਲੀ ਤੇ ਘਟਨਾਵਾਂ ਦੀ ਕ੍ਰਮਿਕਤਾ ਪੇਸ਼ ਕਰਨ ਦੀ ਵਿਧੀ ਵਰਤਦਾ ਹੈ। ਇਹ ਪ੍ਰਭਾਵ ਅਸਹਿਜਤਾ ਪੈਦਾ ਕਰਦਾ ਹੈ ਤੇ ਇਹ ਸਹਿਜਤਾ ਅਰਥਾਂ ਦੀ ਬਹੁ-ਰੰਗਤਾ ਪੈਦਾ ਹੀ ਨਹੀਂ ਹੋਣ ਦਿੰਦੀ। ਨਤੀਜਨ ਪਾਠਕ ਆਪਣੀ ਟੈਕਸਟ ਸਿਰਜਣ ਤੋਂ ਉਰੇ ਰਹਿ ਜਾਂਦਾ ਹੈ। ਫੇਰ ਲੇਖਕ ਹਰਦੇਵ ਚਾਚੇ ਦੀ ਐਬਨਾਰਮਾਲਿਟੀ ਦਾ ਸਹਾਰਾ ਲੈਂਦਾ ਹੈ ਡਾ. ਤ੍ਰਿਪਾਠੀ ਵਰਗਾ ਪਾਤਰ ਨਾਵਲ ਦੇ ਸਮੁੱਚੇ ਪਾਠ ਨੂੰ ਇਕ ਬੌਧਿਕ ਪ੍ਰਸੰਗ ਦੇਣ ਦੀ ਕੋਸ਼ਿਸ਼ ਕਰਦਾ ਸਾਡੇ ਦੌਰ ਦੀਆਂ ਪ੍ਰਚਲਿਤ ਧਾਰਨਾਵਾਂ ਦੇ ਉਪਭੋਗ ਤਕ ਸਿਮਟ ਜਾਂਦਾ ਹੈ। ਨੀਤੀ ਦਾ ਭਰਾ ਪਰਵਾਸ ਚ ਰਹਿ ਕੇ ਪੰਜਾਬੀ ਦੇ ਵਿਕਾਸ ਦਾ ਜੋ ਕਾਰਜ ਕਰਦਾ ਹੈ ਲੇਖਕ ਉਸਨੂੰ ਪਰਵਾਸੀ ਪੰਜਾਬੀ ਸਮਾਜ ਦੀ ਵਡਿਆਈ ਵਜੋਂ ਪੇਸ਼ ਕਰਨ ਦੇ ਚੱਕਰ ਚ ਹੇਰਵੇ ਦੇ ਜਮਾਤੀ/ਜਾਤੀਗਤ ਖ਼ਾਸੇ ਤੋਂ ਉਰਾਂ ਹੀ ਰਹਿ ਜਾਂਦਾ ਹੈ।

ਪੰਜਾਬੀ ਸਮਾਜ ਬਿਨਾ ਸ਼ੱਕ ਇਕ ਭਿਆਨਕ ਸੰਕਟ ਦੇ ਸਾਮਣੇ ਹੈ ਤੇ ਇਸਦੀ ਪੇਸ਼ਕਾਰੀ ਨਾਵਲ ਵਰਗੀਆਂ ਵਿਧਾਵਾਂ ਵਿਚ ਹੋਣੀ ਚਾਹੀਦੀ ਹੈ ਪਰ ਇਸ ਪੇਸ਼ਕਾਰੀ ਨੂੰ ਪਹਿਲਾਂ ਤੋਂ ਹੀ ਬਣੀ ਬਣਾਈ ਕਿਸੇ ਧਾਰਨਾ ਅਧੀਨ ਕਰਨ ਦੀ ਥਾਂ ਵਡੇਰੇ ਪ੍ਰਸੰਗਾਂ ਚ ਕਰਨਾ ਲੇਖਕੀ ਧਰਮ ਹੈ। ਪਿਛਲੇ ਸਮੇਂ ਵਿਚ ਪੰਜਾਬੀ ਵਿਚ ਨਾਵਲ ਲਿਖਣ ਦੀ ਰੁਚੀ ਵਧੀ ਹੈ। ਵਿਸ਼ੇਸ਼ ਕਰਕੇ ਕਹਾਣੀਕਾਰਾਂ ਨੇ ਨਾਵਲ ਵੱਲ ਰੁਖ਼ ਕੀਤਾ ਹੈ। ਜੇ ਇਹ ਗੰਭੀਰਤਾ ਨਾਲ ਲਿਆ ਕਦਮ ਹੈ ਤਾਂ ਇਸਦਾ ਸਵਾਗਤ ਕੀਤਾ ਜਾਣਾ ਚਾਹਿਦਾ ਹੈ ਪਰ ਜਿਸ ਤਰ੍ਹਾਂ ਕਾਹਲ ਦੀ ਭਾਵਨਾ ਕੁਛ ਨਾਵਲਾਂ ਵਿਚ ਦਿਸੀ ਹੈ ਉਹ ਚੰਗੇ ਸੰਕੇਤ ਨਹੀਂ ਹਨ। ਪੰਜਾਬੀ ਨਾਵਲ ਨੇ ਸਮਾਜਕ-ਯਥਾਰਥ ਧਰਮੀ ਵਿਧਾ ਵਜੋਂ ਇਤਿਹਾਸ ਚ ਚੰਗੀਆਂ ਕਿਰਤਾਂ ਦਿੱਤੀਆਂ ਹਨ ਨਵੇਂ ਨਾਵਲ ਲੇਖਕ ਨੂੰ ਗੱਲ ਉਸ ਤੋਂ ਅਗੇਰੇ ਤੋਰਨ ਲਈ ਸੰਕਲਪਸ਼ੀਲ ਹੋਣਾ ਪਵੇਗਾ।


**ਪਤਾ- ਸੰਚਾਰ ਕੇਂਦਰ, ਪੀ.ਏ.ਯੂ. ਲੁਧਿਆਣਾ, ਮੁਬਾਇਲ 83605-79037**



**ਅਧਿਐਨ-3**

# ਦਿਹਾਤੀ ਸਮਾਜ ਦੀਆਂ ਜਾਤੀ-ਜਮਾਤੀ ਵਿਸੰਗਤੀਆਂ ’ਤੇ ਉਸਰਦੀ ‘ਪ੍ਰੋਹਿਤਗਿਰੀ’ ਦਾ ਬਿਰਤਾਂਤ: ਪੰਡੋਰੀ ਪ੍ਰਹਿਤਾਂ

**- ਪ੍ਰੋ ਜੇ ਬੀ ਸੇਖੋਂ**




ਨਿੰਦਰ ਗਿੱਲ ਦੀ ਪੰਜਾਬੀ ਨਾਵਲ ਨਿਗਾਰੀ ਵਿਚ ਵਿਸ਼ੇਸ਼ ਥਾਂ ਹੈ ਪਰ ਇਹ ਥਾਂ ਪੰਜਾਬੀ ਨਾਵਲ ਸਮੀਖਿਆ ਦੀ ਮੁੱਖ ਧਾਰਾ ਤੋਂ ਗੈਰਹਾਜ਼ਰ ਕੀਤੀ ਜਾਂਦੀ ਰਹੀ ਹੈ। ਉਹ ਪੰਜਾਬ ਦੇ ਸਾਂਝੇ ਸਰੋਕਾਰਾਂ ਅਤੇ ਫਿਕਰਾਂ ਦਾ ਨਾਵਲਕਾਰ ਹੈ ਜਿਸਨੇ ਹਾਸ਼ੀਆਗਤ ਵਰਗਾਂ ਨੂੰ ਨਾਵਲੀ ਟੈਕਸਟ ਦੇ ਕੇਂਦਰ ਵਿਚ ਰੱਖ ਕੇ ਬਹੁਧਰੁਵੀ ਵਿਚਾਰਧਾਰਕ ਸੰਵਾਦ ਲਈ ਧਰਾਤਲ ਤਿਆਰ ਕੀਤਾ ਹੈ। ਇਸਦੇ ਬਾਵਜੂਦ ਉਹ ਖੁਦ ਪੰਜਾਬੀ ਸਮੀਖਿਆ ਵਿਚ ਹਾਸ਼ੀਆਗ੍ਰਸਤ ਰਿਹਾ ਹੈ। ਇਸਦੇ ਕਈ ਕਾਰਨ ਹੋ ਸਕਦੇ ਹਨ। ਨਾਵਲੀ ਕ੍ਰਿਤਾਂ ਦੀ ਰਚਨਾਵੀਂ ਕਾਲਕਤਾ ਦੇ ਵਹਿਣ ਵਿਚੋਂ ਆਲੋਚਨਾ ਦਾ ਵਿਚਾਰਧਾਰਕ ਪਰਿਪੇਖ ਲੱਭਣ ਅਤੇ ਪ੍ਰਵਿਰਤੀ ਕੇਂਦਰਿਤ ਆਲੋਚਨਾ ਪਰੰਪਰਾ ਨੇ ਨਿੰਦਰ ਗਿੱਲ ਵਰਗੇ ਕਈ ਹੋਰ ਸਮਰੱਥ ਨਾਵਲਕਾਰਾਂ ਨਾਲ ਵੀ ਨਿਆਂ ਨਹੀਂ ਕੀਤਾ। ਇਸ ਤੋਂ ਇਲਾਵਾ ਆਲੋਚਨਾ ਵਿਚ ਕਿਸੇ ਸਾਹਿਤਕਾਰ ਦੀ ਇਕ ਲਿਖ਼ਤ ਦਾ ਇੰਨਾ ਪ੍ਰਚਾਰ ਕਰ ਦਿੱਤਾ ਜਾਂਦਾ ਹੈ ਕਿ ਉਸਦਾ ਸਮੁੱਚਾ ਕ੍ਰਿਤਤਵ ਧੁੰਦਲਾ ਜਾਂਦਾ ਹੈ। ਨਿੰਦਰ ਗਿੱਲ ਨੂੰ ਵੀ ਉਸਦੇ ਇਕ ਨਾਵਲ ‘ਪੰਜਾਬ 84’ ਤੱਕ ਸਿਮਟਾ ਕੇ ਦੇਖਿਆ ਜਾਂਦਾ ਰਿਹਾ ਹੈ ਪਰ ਉਹ ਅੱਠ ਨਾਵਲਾਂ ਦਾ ਸਿਰਜਕ ਹੈ। ਜਿਨ੍ਹਾਂ ਵਿਚ ਦਹਿਸ਼ਤ ਦੇ ਦਿਨ੍ਹਾਂ ਵਿਚ,ਦਾਸਤਾਂ ਦਲਿਤਾਂ ਦੀ,ਚੋਣ ਹਲਕਾ ਪਾਇਲ,ਪਲ ਪਲ ਮਰਨਾ, ਗਿਰ ਰਿਹਾ ਗ੍ਰਾਫ਼,ਵਾਅਦਾ ਮੁਆਫ਼ ਗਵਾਹ,ਉਹ ਤਿੰਨ ਦਿਨ , ਪੰਡੋਰੀ ਪ੍ਰੋਹਿਤਾਂ ਵਰਗੇ ਨਾਵਲ ਸ਼ਾਮਿਲ ਹਨ। ਇਨ੍ਹਾਂ ਨਾਵਲਾਂ ਵਿਚ ਦਲਿਤ ਮਸਲੇ ਨੂੰ ਕਈ ਕੋਨਾਂ ਤੋਂ ਪੇਸ਼ ਕਰਨ ਵਾਲਾ ਲੇਖਕ ਹੈ ( ਦਾਸਤਾਂ ਦਲਿਤਾਂ ਦੀ) ਪਰਵਾਸ ਦੇ ਰਵਾਇਤੀ ਮੁੱਦਿਆਂ ਦੀ ਥਾਂ ਇਨ੍ਹਾਂ ਪ੍ਰਤੀ ਬਾਹਰਮੁਖੀ ਸੰਵਾਦ ਸਿਰਜਦਾ ਰਿਹਾ ਹੈ ( ਗਿਰ ਰਿਹਾ ਗ੍ਰਾਫ) ਰਾਜਨੀਤੀ ਅਤੇ ਨਿਆਇਕ ਵਿਵਸਥਾ ਦੀ ਗੰਦਲਚੋਦ ਵਿਚ ਪਿਸਦੇ ਸਮਾਜ ਦੀ ਦਾਸਤਾਨ ਪੇਸ਼ ਕਰਦਾ ਹੈ ( ਚੋਣ ਹਲਕਾ ਪਾਇਲ,ਵਾਅਦਾ ਮੁਆਫ਼ ਗਵਾਹ ) ਵੱਖ ਵਾਦ, ਅੱਤਵਾਦ ਦੇ ਚੱਕਰਵਿਊ ਵਿਚ ਘਿਰਦੀ ਪੰਜਾਬੀ ਸੰਵੇਦਨਾ ਦਾ ਪੇਸ਼ਕਾਰ ਰਿਹਾ ਹੈ (ਦਹਿਸ਼ਤ ਦੇ ਦਿਨ੍ਹਾਂ ਵਿਚ)। ਕੁੱਲ ਮਿਲਾ ਕੇ ਨਿੰਦਰ ਗਿੱਲ ਨੇ ਆਪਣੇ ਇਨ੍ਹਾਂ ਨਾਵਲਾਂ ਵਿਚ ਪੰਜਾਬ ਦੀ ਸਮਾਜਿਕ ਬਣਤਰ ਉੱਤੇ ਹਾਵੀ ਰਹੇ ਧਾਰਮਿਕ ਪ੍ਰਸਤੀ, ਨਸਲ ਪ੍ਰਸਤੀ, ਮੂਲ ਪ੍ਰਸਤੀ, ਜਾਤ ਪ੍ਰਸਤੀ, ਫਿਰਕਾ ਪ੍ਰਸਤੀ, ਲਿੰਗ ਪ੍ਰਸਤੀ, ਜਮਾਤ ਪ੍ਰਸਤੀ ਆਦਿ ਦੇ ਮੁੱਦਿਆਂ ਨੂੰ ਸੰਵਾਦੀ ਰੂਪ ਵਿਚ ਪੇਸ਼ ਕੀਤਾ ਹੈ। ਨਿੰਦਰ ਗਿੱਲ ਦੀ ਨਾਵਲੀ ਚੇਤਨਾ ਸੱਤਾ ਦੇ ਅਸੰਖ ਰੂਪਾਂ ਅਤੇ ਇਸਦੇ ਧਰੁਵੀਕਰਣ ਪ੍ਰਤੀ ਬਾਹਰਮੁਖੀ ਦ੍ਰਿਸ਼ਟੀ ਰੱਖਦੀ ਹੈ। ਉਹ ਨਾਵਲ ਦੇ ਸਿਰਜਣ ਪੈਟਰਨ ਵਿਚ ਅਨਯਪੁਰਖੀ ਬਿਰਤਾਂਤਕਾਰੀ ਦੁਆਰਾ ਸਮਾਜਕ ਵਿਸੰਗਤੀਆਂ ਨੂੰ ਕਈ ਕੋਨਾਂ ਤੋਂ ਮੁਖ਼ਾਤਬ ਹੋ ਕੇ ਦੇਖਦਾ ਹੈ। ਨਾਵਲੀ ਪ੍ਰਵਚਨ ਵਿਚ ਉਸਦੀ ਸਿੱਧੀ ਦਖ਼ਲਅੰਦਾਜ਼ੀ ਵੀ ਉਦੋਂ ਦਰਕਿਨਾਰ ਹੋ ਜਾਂਦੀ ਹੈ ਜਦੋਂ ਉਹ ਕਿਸੇ ਨਿਸ਼ਚਤ ਵਿਚਾਰਧਾਰਾ ਅਤੇ ਪੂਰਵ ਨਿਰਧਾਰਤ ਦ੍ਰਿਸ਼ਟੀਕੋਣ ਤੋਂ ਰਹਿਤ ਹੋ ਕੇ ਨਾਵਲੀ ਟੈਕਸਟ ਨੂੰ ਕਾਟਵੇਂ ਸੰਵਾਦ ਵਿਚ ਪ੍ਰਸਤੁਤ ਕਰਦਾ ਹੈ। ਇਸ ਨਾਲ ਉਹ ਨਾਵਲ ਵਿਚ ਪਾਤਰ ਅਤੇ ਪਾਠਕ ਦੀ ਭਰਵੀਂ ਸ਼ਮੂਲੀਅਤ ਕਰ ਦਿੰਦਾ ਹੈ।

ਨਿੰਦਰ ਗਿੱਲ ਦਾ ਨਾਵਲ **‘ਪੰਡੋਰੀ ਪ੍ਰੋਹਿਤਾਂ’** (**ਪ੍ਰਕਾਸ਼ਕ: ਸੰਗਰਾਮ ਪਬਲਿਸ਼ਰਜ਼ ਲੁਧਿਆਣਾ, ਮੁੱਲ: 125 ਰੁਪਏ, ਪੰਨੇ: 183**) ਪੰਜਾਬ ਦੇ ਦਿਹਾਤੀ ਸਮਾਜ ਦੀਆਂ ਜਾਤੀ ਜਮਾਤੀ ਵਿਸੰਗਤੀਆਂ ਦੇ

ਦਵੰਦ ਨੂੰ ਪੇਸ਼ ਕਰਦਾ ਹੈ। ਭਾਰਤ ਦੇ ਕੌਮੀ ਮੁਕਤੀ ਅੰਦੋਲਨ ਮਗਰੋਂ ਦੇਸ਼ ਦੀ ਆਜ਼ਾਦੀ ਦੇ ਸੁਪਨੇ ਦੀ ਜਦੋਂ ਪੂਰਤੀ ਹੁੰਦੀ ਹੈ ਤਾਂ ਪਿੰਡ ਦੀ ਇਕਾਈ ਇਕ ਵੱਖਰੀ ਸਮਾਜਕ ਆਰਥਿਕ ਚੇਤਨਾ ਵਿਚੋਂ ਗੁਜ਼ਰਦੀ ਹੈ। ਇਸ ਚੇਤਨਾ ਵਿਚ ਆਜ਼ਾਦ ਭਾਰਤੀ ਮਨੁੱਖ ਦਾ ਜਿਹੜਾ ਬਿੰਬ ਉਸਾਰਿਆ ਜਾਂਦਾ ਹੈ ਉਹ ਪਿਛੋਂ ਧਰਮ,ਜਾਤ,ਖੇਤਰ ਅਤੇ ਸਟੇਟ ਦੀ ਸੱਤਾ ਦੇ ਦਮਨ ਵਿਚ ਪਿਸਦਾ ਹੈ। ਲੇਖਕ ਨੇ ਇਸ ਟੈਕਸਟ ਵਿਚ ਆਜ਼ਾਦੀ ਪਿਛੋਂ ਦੇ ਭਾਰਤੀ ਸਮਾਜ ਨੂੰ ਖੇਤਰਵਾਦ ਨਸਲਪ੍ਰਸਤੀ, ਜਾਤਪ੍ਰਸਤੀ, ਕੌਮਵਾਦ, ਵੱਖਵਾਦ, ਅੱਤਵਾਦ ਦੀਆਂ ਚੁਣੌਤੀਆਂ ਦੇ ਪ੍ਰਸੰਗ ਵਿਚ ਉਭਾਰਿਆ ਹੈ। ਰਚਨਾ ਦਾ ਕੇਂਦਰ ਬਿੰਦੂ ਪੰਜਾਬ ਦੇ ਮਾਲਵੇ ਖੇਤਰ ਦਾ ਇਕ ਪਿੰਡ 'ਪੰਡੋਰੀ ਪ੍ਰਹਿਤਾਂ' ਹੈ। ਇਹ ਪਿੰਡ ਪੰਜਾਬ ਦੇ ਅਰਧ ਜਗੀਰੂ ਸਮਾਜ ਦੀ ਪ੍ਰਤੱਖ ਉਦਾਹਰਣ ਹੈ, ਜਿਸ ਵਿਚ ਜਾਤਾਂ ਪਾਤਾਂ ਦੀ ਗੁੰਝਲਦਾਰ ਬਣਤਰ ਵਸਨੀਕਾਂ ਦੇ ਮਨ ਮਸਤਕ ਵਿਚ ਪੀੜ੍ਹੀ-ਦਰ-ਪੀੜ੍ਹੀ ਘਰ ਕਰ ਗਈ ਹੈ। ਲੇਖਕ ਇਸ ਪਿੰਡ ਦੀ ਬਿਰਤਾਂਤਕ ਲੋਕੇਲ ਉੱਤੇ ਸਮੁੱਚਾ ਨਾਵਲੀ ਪ੍ਰਵਚਨ ਖੜ੍ਹਾ ਕਰਦਾ ਹੈ ਜਿਸ ਵਿਚ ਉਹ ਵੀਹਵੀਂ ਸਦੀ ਦੇ ਪੰਜਵੇਂ ਦਹਾਕੇ ਤੋਂ ਲੈ ਕੇ ਨੌਂਵੇਂ ਦਹਾਕੇ ਤੱਕ ਦਾ ਸਮਾਜਿਕ ਦਸਤਾਵੇਜ਼ ਉਲੀਕਦਾ ਹੈ। ਆਲੋਚਨਾਤਮਿਕ ਮੁਹਾਵਰੇ ਵਿਚ ਇਹ ਨਾਵਲ ਦਲਿਤ ਸਮਾਜ ਦੀ ਹਾਸ਼ੀਅਗਤ ਵਰਗੀ ਸਥਿਤੀ ਨੂੰ ਰੂਪਮਾਨ ਕਰਦੀ ਰਚਨਾ ਹੈ ਪਰ ਰਵਾਇਤੀ ਦਲਿਤ ਨਾਵਲ ਵਿਚ ਸਮਾਜ ਦੇ ਇਕ ਵਿਸ਼ੇਸ਼ ਵਰਗ ਨੂੰ ਦਲਿਤ ਵਰਗਵੰਡ ਵਿਚ ਰੱਖ ਕੇ ਉਸ ਨਾਲ ਹੁੰਦੇ ਭੇਦਭਾਵ ਅਤੇ ਸ਼ੋਸ਼ਣੀ ਪ੍ਰਸੰਗ ਪੇਸ਼ ਕਰ ਵਾਲੇ ਗਲਪੀ ਪੈਟਰਨ ਹੀ ਉਭਾਰੇ ਜਾਂਦੇ ਰਹੇ ਹਨ। ਇਹ ਨਾਵਲ ਮਜ਼ਬੀ ਦਲਿਤ ਭਾਈਚਾਰੇ ਦੀ ਮਨੋਬਣਤਰ ਅਤੇ ਸਦੀਆਂ ਤੋਂ ਦਮਿਤ ਰਹੀ ਸਮਾਜਿਕ ਸਭਿਆਚਾਰਕ ਹੋਂਦ ਅਤੇ ਹਸਤੀ ਦਾ ਪ੍ਰਵਚਨ ਹੈ , ਇਸ ਪੱਖ ਤੋਂ ਇਹ ਰਚਨਾ ਜਿੱਥੇ ਦਲਿਤ ਵਸਤੂ ਯਥਾਰਥ ਨੂੰ ਰਵਾਇਤੀ ਦਲਿਤ ਨਾਵਲ ਵਾਲੇ ਇਕਹਿਰੇ ਅਤੇ ਇਕ ਧਰੁਵੀ ਪਰਿਪੇਖ ਤੋਂ ਵਿਛੁੰਨਦੀ ਹੈ ਉਥੇ ਹੀ ਮਜ਼ਬੀ ਭਾਈਚਾਰੇ ਦੀ ਵਰਗੀ ਹੋਂਦ ਨੂੰ ਇਤਿਹਾਸਕ ਤੇ ਸਭਿਆਚਾਰਕ ਚੁਣੌਤੀਆਂ ਦੇ ਪ੍ਰਸੰਗ ਵਿਚ ਉਭਾਰਦੀ ਹੈ।

ਨਾਵਲ ਦੀ ਬਿਰਤਾਂਤਕ ਚਾਲ ਫਲੈਸ਼ ਬੈਕ ਵਿਧੀ ਦੀ ਹੈ ਜਿਸ ਅਧੀਨ ਨਾਵਲ ਦੇ ਆਰੰਭ ਵਿਚ ਕਮਿਉਨਿਸਟ ਨੌਜਵਾਨ ਪਾਤਰ ਤਰਲੋਚਨ ਪਿੰਡ ਪੰਡੋਰੀ ਪ੍ਰੋਹਿਤਾਂ ਦੇ ਇਕ ਵਸਨੀਕ ਕਰਤਾਰੇ ਦੀ ਅਖ਼ਬਾਰ ਲਈ ਇੰਟਰਵਿਊ ਲੈਣ ਸਬੰਧੀ ਪੁੱਜਦਾ ਹੈ । ਇਸ ਪਿਛੋਂ ਕਰਤਾਰੇ ਪਾਤਰ ਦੀ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਹਸਤੀ ਨੂੰ ਵੀਹਵੀਂ ਸਦੀ ਦੇ ਲੰਮੇ ਇਤਿਹਾਸਕ ਕਾਲਖੰਡ 'ਤੇ ਫੈਲਾ ਕੇ ਪੇਸ਼ ਕੀਤਾ ਜਾਂਦਾ ਹੈ। ਕਰਤਾਰਾ ਮਜ਼ਬੀ (ਬਾਲਮੀਕੀ) ਸਮਾਜ ਦਾ ਪ੍ਰਤੀਨਿਧ ਪਾਤਰ ਹੈ ਜਿਹੜਾ ਕਿ ਬਾਲਮੀਕੀ ਸਮਾਜ ਦੀ ਪਿੰਡ ਪੱਧਰੀ ਇਕਾਈ ਦੀ ਪ੍ਰੋਹਿਤਗਿਰੀ ਕਰਦਾ ਹੈ। ਇਸ ਪ੍ਰੋਹਿਤਗਿਰੀ ਦਾ ਸੰਕਲਪ ਭਾਰਤੀ ਸਨਾਤਨੀ ਧਰਮ ਵਿਚ ਕਰਮ ਕਾਂਡੀ ਰਸਮਾਂ ਰੀਤਾਂ ਨਾਲ ਜੁੜਿਆ ਹੈ । ਕਰਤਾਰਾ ਅਜਿਹਾ ਪਾਤਰ ਹੈ ਜੋ ਕਿ ਮਜ਼ਬੀ ਸਮਾਜ ਦੇ ਜਨਮ, ਵਿਆਹ ਅਤੇ ਮੌਤ ਸਮੇਤ ਜੀਵਨ ਦੇ ਹੋਰ ਸ਼ੁਭ ਅਸ਼ੁੱਭ ਮੌਕਿਆਂ 'ਤੇ ਕਰਮਕਾਂਡੀ ਰੀਤਾਂ ਰਸਮਾਂ ਕਰਕੇ ਪੈਸੇ ਕਮਾਉਂਦਾ ਹੈ।

ਨਾਵਲ ਦਾ ਮੁੱਖ ਪਾਤਰ ਕਰਤਾਰਾ ਪਹਿਲੇ ਪੰਜਾਬੀ ਦਲਿਤ ਨਾਵਲ ਦੇ ਕੇਂਦਰੀ ਪਾਤਰਾਂ ਤੋਂ ਵਿਲੱਖਣ ਕਿਸਮ ਦਾ ਹੈ। ਉਹ ਪੰਜਾਬੀ ਗਲਪ ਦੇ ਰਵਾਇਤੀ ਦਲਿਤ ਪਾਤਰਾਂ ਵਾਂਗ ਦਮਿਤ, ਲਤਾੜਿਆ ਜਾਂ ਨਿਰੋਲ ਜਾਤੀਗਤ ਹੀਣਤਾ ਦੇ ਗੁਨਾਹ ਬੋਧ ਹੇਠਾਂ ਦੱਬਿਆ ਪਾਤਰ ਨਹੀਂ , ਨਾ ਹੀ ਉਹ ਕਮਿਉਨਿਸਟ ਪਾਤਰਾਂ ਦੀ ਟਿਪੀਕਲ ਪੇਸ਼ਕਾਰੀ ਵਾਂਗ ਦਲਿਤ ਵਰਗ ਨੂੰ ਜਾਤ ਨਾਲੋਂ ਜਮਾਤੀ ਚੇਤਨਾ ਨਾਲ ਜੋੜਨ ਵਾਲੀ ਨਾਇਕਕਾਰੀ ਵਾਲਾ ਹੈ। ਇਸ ਤੋਂ ਇਲਾਵਾ ਉਹ ਰਿਜ਼ਰਵੇਸ਼ਨ ਹਾਸਿਲ ਕਰਕੇ ਪੜ੍ਹੀ ਲਿਖੀ ਸ਼੍ਰੇਣੀ ਵਿਚਲਾ ਮੱਧਵਰਗੀ ਦਲਿਤ ਪਾਤਰ ਵੀ ਨਹੀਂ ਹੈ ਜਿਹੜਾ ਆਰਥਿਕ ਸੰਪੰਨਤਾ ਦੇ ਬਾਵਜੂਦ ਮਾਨਸਿਕ ਅਲਗਾਓ ਅਤੇ ਬੇਗਾਨਗੀ ਦੇ ਭਾਵ ਬੋਧ ਵਾਲਾ ਹੈ। ਕਰਤਾਰਾ ਪੰਜਾਬੀ ਦਲਿਤ ਨਾਵਲ ਦੇ ਮੁੱਖ ਪਾਤਰ ਨੂੰ ਨਵੀਂ ਜ਼ੁਬਿਸ਼ ਦੇਣ ਵਾਲਾ ਪਾਤਰ ਹੈ ਇਸ ਕਰਕੇ ਇਸ ਟੈਕਸਟ ਨੂੰ ਸਮਝਣ ਲਈ ਕਰਤਾਰੇ ਦੀ



ਮਾਨਸਿਕ, ਸਮਾਜਿਕ ਅਤੇ ਸਭਿਆਚਾਰਕ ਬਣਤਰ ਨੂੰ ਜਾਣਨਾ ਲਾਜ਼ਮੀ ਹੈ। ਇਹ ਨਾਵਲ ਕਰਤਾਰੇ 'ਤੇ ਇੰਨਾ ਕੇਂਦਿਰਤ ਹੈ ਕਿ ਨਾਵਲ ਦੀ ਵਸਤੂ, ਰੂਪ ਅਤੇ ਦ੍ਰਿਸ਼ਟੀ ਇਸੇ ਪਾਤਰ ਦੀ ਪਰਿਕਰਮਾ ਕਰਦੀ ਹੈ। ਨਾਵਲਕਾਰ ਨੇ ਕਰਤਾਰੇ ਨੂੰ ਦਲਿਤ ਜੀਵਨ ਦੇ ਉਸ ਦਵੰਦ ਵਿਚੋਂ ਪੈਦਾ ਹੋਇਆ ਸਿੱਧ ਕੀਤਾ ਹੈ ਜਿੱਥੇ ਵੀਹਵੀਂ ਸਦੀ ਦੇ ਕੌਮੀ ਮੁਕਤੀ ਅੰਦੋਲਨ, ਵਿਗਿਆਨਕ ਚੇਤਨਾ, ਸਮਾਜਵਾਦੀ ਮਾਨਵਵਾਦੀ ਵਿਚਾਰਧਾਰਾ , ਧਾਰਮਿਕ ਅੰਦੋਲਨ ਅਤੇ ਹੋਰ ਸਮਾਜਕ ਲਹਿਰਾਂ ਦੇ ਬਾਵਜੂਦ ਸਮਾਜ ਦੇ ਹਾਸ਼ੀਅਤ ਵਰਗ ਦੀ ਜੀਵਨ ਸਥਿਤੀ ਵਿਚੋਂ ਹਕੀਕੀ ਤੌਰ 'ਤੇ ਕੋਈ ਸੁਧਾਰ ਨਹੀਂ ਆਉਂਦਾ। ਨਾਵਲ ਵੀਹਵੀਂ ਸਦੀ ਦੇ ਪਿੰਡ ਦੇ ਜਿਹੜੇ ਸੀਨ ਪੇਸ਼ ਕਰਦਾ ਹੈ ਉਨ੍ਹਾਂ ਵਿਚੋਂ ਇਸ ਸਦੀ ਦੇ ਪਿਛਲੇ ਅੱਧ ਦੀ ਸਿਆਸੀ , ਸਮਾਜਿਕ ਅਤੇ ਸਭਿਆਚਾਰਕ ਬਣਤਰ ਦੇ ਗੁੰਝਲਦਾਰ ਦ੍ਰਿਸ਼ ਪੇਸ਼ ਹੁੰਦੇ ਹਨ। ਨਾਵਲ ਵਿਚ ਪਿੰਡ ਪੱਧਰ ਦੀਆਂ ਆਰਥਿਕ, ਸਮਾਜਿਕ ਵਿਸੰਗਤੀਆਂ ਵਿਚ ਮਜ਼ਬੀ ( ਬਾਲਮੀਕੀ) ਵਰਗ ਦੀ ਹੋਂਦ ਦੇ ਜਿੰਨੇ ਗਲਪੀ ਵੇਰਵੇ ਇਸ ਨਾਵਲ ਦੀ ਬਿਰਤਾਂਤਕਾਰੀ ਦਾ ਹਿੱਸਾ ਬਣੇ ਹਨ ਉਹ ਆਪਣੇ ਆਪ ਵਿਚ ਇਸ ਹਾਸ਼ੀਅਤ ਸਮਾਜ ਦੀ ਦਸਤਾਵੇਜ਼ੀ ਪੇਸ਼ਕਾਰੀ ਵਾਲੇ ਹਨ। ਕਰਤਾਰਾ ਇਸ ਪੇਸ਼ਕਾਰੀ ਦਾ ਸੂਤਰਧਾਰ ਬਣਦਾ ਹੈ। ਉਹ ਮਜ਼ਬੀ ਸਮਾਜ ਦਾ ਪਾਤਰ ਹੈ ਅਤੇ ਇਸੇ ਸਮਾਜ ਦਾ ਬੁਲਾਰਾ ਬਣਦਾ ਹੈ। ਪ੍ਰੋਹਿਤਵਾਦੀ ਰੀਤਾਂ ਰਸਮਾਂ ਕਰਦਾ ਉਹ ਹਰ ਕਿਸਮ ਦੀ ਰਾਜਸੀ, ਸਮਾਜਿਕ ਅਤੇ ਧਾਰਮਿਕ ਲਹਿਰਾਂ ਨਾਲ ਜੁੜੀ ਵਿਚਾਰਧਾਰਾ ਦਾ ਜਾਣੂੰ ਬਣਦਾ ਹੈ। ਨਾਵਲ ਵਿਚ ਉਸਦਾ ਸੰਵਾਦ ਇਕ ਅਦਿੱਖ ਪਾਤਰ ਨਾਲ ਨਿੰਰਤਰ ਚੱਲਦਾ ਰਹਿੰਦਾ ਹੈ ਅਤੇ ਕਈ ਵਾਰੀ ਉਹ ਖ਼ੁਦ ਪੈਦਾ ਕੀਤੇ ਪ੍ਰਸ਼ਨਾ ਦੇ ਉੱਤਰ ਵੀ ਦਿੰਦਾ ਹੈ ਇਸ ਨਾਲ ਨਾਵਲਕਾਰ ਕਰਤਾਰੇ ਨੂੰ ਕਾਟਵੇਂ ਵਿਰੋਧਾਂ ਅਤੇ ਟਾਕਰਵੇਂ ਸੰਵਾਦ ਵਾਲੇ ਮੁੱਖ ਪਾਤਰ ਵਜੋਂ ਸਪਲੀਮੈਂਟ ਕਰ ਦਿੰਦਾ ਹੈ ਜਿਸ ਕੋਲ ਮਜ਼ਬੀ ਵਰਗ ਦੀ ਹੋਂਦ ਅਤੇ ਹਸਤੀ ਦੀ ਇਤਿਹਾਸਕ, ਸਮਾਜਿਕ ਅਤੇ ਸਭਿਆਚਾਰਕ ਸਮਝ ਵੱਖਰੀ ਕਿਸਮ ਦੀ ਹੈ। ਉਹ ਮਜ਼ਾਕੀਆ ਕਿਸਮ ਦਾ ਪਾਤਰ ਹੈ ਅਤੇ ਮਜ਼ਬੀ ਸਮਾਜ ਦੇ ਲੋਕਾਂ ਨੂੰ ਜ਼ਜ਼ਮਾਨ ਸਮਝ ਕੇ ਉਨ੍ਹਾਂ ਦੀਆਂ ਰੀਤਾਂ ਰਸਮਾਂ ਕਰਦਾ ਹੈ। ਨਾਵਲ ਵਿਚ ਪ੍ਰੋਹਿਤਗਿਰੀ ਦਾ ਇਹ ਸੰਕਲਪ ਇੰਨਾਂ ਵੱਡਾ ਹੈ ਕਿ ਕਰਤਾਰੇ ਦੀ 'ਪ੍ਰੋਹਿਤਗਿਰੀ' ਬਹੁਤ ਪਿਛਾਂਹ ਰਹਿ ਜਾਂਦੀ ਹੈ। ਭਾਰਤੀ ਸਮਾਜਕ ਪ੍ਰਬੰਧ ਵਿਚ ਖੇਤਰਾਂ, ਜਾਤਾਂ, ਉਪ ਜਾਤਾਂ, ਗੋਤਾਂ, ਲਿੰਗ ਭੇਦਭਾਵਾਂ ਅਤੇ ਇਨ੍ਹਾਂ ਵਿਤਕਰਿਆਂ ਉੱਤੇ ਉਸਰੀ 'ਪ੍ਰੋਹਿਤਗਿਰੀ ' ਸਮੁੱਚੇ ਤੌਰ 'ਤੇ ਇਸ ਨਾਵਲ ਦਾ ਵਿਚਾਰਕ ਨੁਕਤਾ ਹੈ। ਮਨੁੱਖ ਦੀ ਮਨੁੱਖ ਵਜੋਂ ਪਛਾਣ ਦਾ ਖਤਮ ਹੋ ਕੇ ਉਸਨੂੰ ਜਾਤਾਂ, ਧਰਮਾਂ, ਖੇਤਰਾਂ ਦੀਆਂ ਸੌੜੀਆਂ ਹੱਦਬੰਦੀਆਂ ਅਤੇ ਇਨ੍ਹਾਂ ਹੱਦਬੰਦੀਆਂ ਵਿਚੋਂ ਕੱਢਣ ਦਾ ਦਾਅਵਾ ਕਰਨ ਵਾਲੇ ਆਗੂਆਂ , ਲਹਿਰਾਂ ਦੀਆਂ ਵੱਖਰੀਆਂ ਗੱਦੀਆਂ ਅਤੇ ਪ੍ਰੋਹਿਤਗਿਰੀਆਂ ਦੀ ਪੇਸ਼ਕਾਰੀ ਇਸ ਨਾਵਲੀ ਪ੍ਰਵਚਨ ਨੂੰ ਅਤੀ ਸੰਵਾਦੀ ਟੈਕਸਟ ਬਣਾ ਦਿੰਦੀਆਂ ਹਨ। ਇੰਝ 'ਪ੍ਰੋਹਿਤਗਿਰੀ' ਦਾ ਮੈਟਾਫਰ ਨਾਵਲੀ ਬਿਰਤਾਂਤ ਦੇ ਆਰ ਪਾਰ ਫੈਲਿਆ ਹੈ, ਜਿਸਦੀ ਬਣਤਰ ਨੂੰ ਜਾਤਾਂ ਦੀ ਰਾਜਨੀਤੀ ਨਾਲ ਜੋੜ ਕੇ ਉਭਾਰਿਆ ਗਿਆ ਹੈ।

'ਪ੍ਰੋਹਿਤਗਿਰੀ' ਦੇ ਇਸ ਸੰਕਲਪ ਨੂੰ ਨਾਵਲੀ ਪ੍ਰਵਚਨ ਵਿਚ 'ਉਸਾਰ' ਕੇ ਇਸਨੂੰ ਸੱਟ ਮਾਰਨ ਵਾਲੀ ਇਸ ਰਚਨਾ ਦਾ ਮੁੱਖ ਪਾਤਰ ਕਰਤਾਰਾ ਖ਼ੁਦ 'ਪ੍ਰੋਹਿਤ' ਹੈ ਪਰ ਉਹ ਆਪਣੇ ਧੰਦੇ ਨੂੰ ਮਜ਼ਬੀ ਸਮਾਜ ਦੇ ਲੋਕਾਂ ਦੇ ਹਿਤਾਂ ਵਾਲਾ ਅਤੇ ਬ੍ਰਾਹਮਣਿਕ ਰੀਤਾਂ ਦੀ ਕੱਟੜਤਾ ਅਤੇ ਭਿੱਟਤਾ ਵਾਲੀ ਪਹੁੰਚ ਤੋਂ ਚੰਗਾ ਸਮਝ ਕੇ ਕਰਦਾ ਹੈ। ਨਾਵਲ ਵਿਚ ਕਰਤਾਰਾ ਕਦੇ ਵੀ ਗੰਭੀਰ, ਪ੍ਰਤੀਬੱਧ ਜਾਂ ਸਪੱਸ਼ਟ ਸੋਚ ਵਿਚਾਰ ਵਾਲਾ ਨਹੀਂ ਹੈ ਉਹ ਸਮੇਂ ਸਮੇਂ 'ਤੇ ਕਦੇ ਕਾਂਗਰਸ,ਕਦੇ ਰਿਪਬਲਿਕ, ਕਦੇ ਅੰਬਡਕਰਵਾਦੀ, ਕਦੇ ਕਮਿਉਨਿਸਟ , ਕਦੇ ਨਕਸਲੀ, ਕਦੇ ਸਿਖ ਵੱਖਵਾਦੀ ਆਦਿ ਵਿਚਾਰਾਂ ਵੱਲ ਆਕਰਸ਼ਿਤ ਹੁੰਦਾ ਆਪਣੀ ਪ੍ਰੋਹਿਤਗਿਰੀ ਦੀ ਦੁਕਾਨ ਚਲਾਉਂਦਾ ਰਹਿੰਦਾ ਹੈ। ਅਜਿਹੇ ਪਾਤਰ ਦੀ ਸਿਰਜਣਾ ਕਰਦਿਆਂ ਲੇਖਕ ਨੇ ਵੀਹਵੀਂ ਸਦੀ ਦੇ ਪਿਛਲੇ ਅੱਧ ਦੀ ਗਲਪੀ ਇਤਿਹਾਸਕਾਰੀ ਕਰ ਦਿੱਤੀ ਹੈ ਜਿਸ ਅਧੀਨ ਪੰਜਾਬ ਦੇ ਪਿੰਡ ਦੀ ਸੰਸਕ੍ਰਿਤੀ ਉੱਤੇ ਵੱਖ ਵੱਖ ਲਹਿਰਾਂ ਦੇ ਪ੍ਰਭਾਵ ਉਜਾਗਰ ਕਰਦਿਆਂ ਮਜ਼ਬੀ ਸਮਾਜ

ਦੀ ਹਾਸ਼ੀਅਤ ਰਹੀ ਸਥਿਤੀ ਦੇ ਵੇਰਵੇ ਬੜੀ ਬਾਰੀਕਬੀਨੀ ਪਹੁੰਚ ਨਾਲ ਉਲੀਕੇ ਹਨ। ਇੱਥੇ ਨਾਵਲ ਦਾ ਦੂਜਾ ਵਿਚਾਰਕ ਨੁਕਤਾ ਸਦੀਆਂ ਤੋਂ ਸਬਰ ਅਤੇ ਜ਼ਬਰ ਹੇਠਾਂ ਦੱਬੇ ਮਜ਼੍ਹਬੀ ਜਨ ਸਮੂਹ ਦੀ ਦਮਿਤ ਮਾਨਸਿਕ-ਸਮਾਜਿਕ ਹਾਲਤ ਬਾਰੇ ਚਿੰਤਨ ਕਰਨਾ ਹੈ ਅਤੇ ਨਾਲ ਹੀ ਸਮਾਜ ਸੁਧਾਰ, ਸਮਾਨਤਾ, ਭਰਾਤਰੀਭਾਵ ਅਤੇ ਇਨਕਲਾਬੀ ਚੇਤਨਾ ਦੇ ਦਾਅਵੇ ਕਰਨ ਵਾਲੀਆਂ ਲਹਿਰਾਂ ਦੀ ਸਾਰਥਿਕਤਾ ਪ੍ਰਤੀ ਬਾਹਰਮੁਖੀ ਅਤੇ ਵਿਗਿਆਨਕ ਦ੍ਰਿਸ਼ਟੀ ਰੱਖ ਕੇ ਇਨ੍ਹਾਂ ਦਾ ਗਲਪੀ ਮੁਤਾਲਿਆ ਕਰਨਾ ਹੈ।

ਨਾਵਲ ਵਿਚ ਪੰਡੋਰੀ ਪ੍ਰੋਹਿਤਾਂ ਪਿੰਡ ਦੀ ਭੂਗੋਲਿਕ ਸਥਿਤੀ ਦੇ ਵੇਰਵੇ ਦੇ ਕੇ ਲੇਖਕ ਮਜ਼੍ਹਬੀ ਘਰਾਂ ਨਾਲ ਜੱਟਾਂ , ਜੁਲਾਹਿਆਂ, ਰਵੀਦਾਸੀਆਂ ਆਦਿ ਵਲੋਂ ਕੀਤੀ ਜਾਂਦੀ ਭਿੱਟ ਤੇ ਛੂਆ ਛਾਤ ਦੇ ਅਨੇਕਾਂ ਵੇਰਵੇ ਨਸ਼ਰ ਕਰਦਾ ਹੈ। ਭਿੱਟ ਦੇ ਇਹ ਭਾਵ ਆਜ਼ਾਦੀ ਤੋਂ ਬਾਅਦ ਸੁਤੰਤਰਤਾ ਦੇ ਅਹਿਸਾਸ ਵਾਲੇ ਭਾਰਤੀ ਮਨੁੱਖ ਦੇ ਬਿੰਬ ਨੂੰ ਉਦੋਂ ਖੰਡਿਤ ਕਰਦੇ ਹਨ ਜਦੋਂ ਬਾਹਰਲੀ ਆਜ਼ਾਦੀ ਦੇ ਨਾਅਰੇ ਇਨ੍ਹਾਂ 'ਭਿੱਟ ਭਾਵਾਂ' ਅੱਗੇ ਤੁਰੰਤ ਕਾਫ਼ੂਰ ਹੁੰਦੇ ਪੇਸ਼ ਹੋਏ ਹਨ। ਇਸਦੇ ਨਾਲ ਹੀ ਨਾਵਲ ਵਿਚ ਸੋਸ਼ਤ ਸਮਾਜਿਕ ਬਣਤਰ ਦਾ ਸਦੀਆ ਬੱਧੀ ਇਤਿਹਾਸ ਪਿੰਡ ਸੰਸਕ੍ਰਿਤੀ ਦੀ ਮਾਨਸਿਕ ਬਣਤਰ ਦਾ ਅਟੁੱਟ ਹਿੱਸਾ ਬਣ ਕੇ ਚੱਲਦੇ ਜੀਵਨ ਵਿਹਾਰ ਵਿਚ ਸਿਰ ਚੁੱਕਦਾ ਦਿਸਦਾ ਹੈ। ਹਿੰਦੂ ਬ੍ਰਾਹਮਣਵਾਦ ਦੇ ਸਦੀਵੀ ਦਮਨ ਤੋਂ ਦੁਖੀ ਹੋ ਕੇ ਦੇਸ਼ ਦੀ ਵੰਡ ਦੌਰਾਨ ਦਲਿਤ ਵਰਗ ਦਾ ਮੁਸਲਮਾਨ ਧਰਮ ਵੱਲ ਚਲੇ ਜਾਣ ਦਾ ਸੰਕਲਪ ਹਿੰਦੂ ਆਗੂਆਂ ਨੂੰ 'ਧਰਮ ਸੰਕਟ' ਵਿਚ ਪਾ ਦਿੰਦਾ ਹੈ। ਇਹ ਵਰਤਾਰੇ ਨਾਵਲ ਦੇ ਆਰੰਭ ਵਿਚ ਕਰਤਾਰੇ ਦੇ ਬਚਪਨ ਦੀਆਂ ਯਾਦਾਂ ਦੇ ਰੂਪ ਵਿਚ ਪੇਸ਼ ਹੋਏ ਮਿਲਦੇ ਹਨ। ਇਸ ਪਿਛੋਂ ਪੰਜਵੇਂ ਛੇਵੇਂ ਦਹਾਕੇ ਦੌਰਾਨ ਸਿਖਿਅਕ ਸੰਸਥਾਵਾਂ, ਧਾਰਮਿਕ ਸੰਸਥਾਵਾਂ ਅਤੇ ਜਨਤਕ ਥਾਵਾਂ 'ਤੇ ਭਿੱਟ ਅਤੇ ਛੂਆ ਛਾਤ ਦੇ ਵੇਰਵਿਆਂ ਦਿੰਦਿਆਂ ਲੇਖਕ ਨੇ ਉਸ ਦੌਰ ਦੀਆਂ ਮਨੋ ਬਣਤਰਾਂ ਨੂੰ ਨਾਵਲੀ ਟੈਕਸਟ ਦਾ ਹਿੱਸਾ ਬਣਾਇਆ ਹੈ। ਫਲੈਸ਼ਬੈਕ ਅਤੇ ਚੇਤਨਾ ਪ੍ਰਵਾਹ ਦੀਆਂ ਗਲਪੀ ਵਿਧੀਆਂ ਨਾਲ ਪੇਸ਼ ਹੋਏ ਇਹ ਪ੍ਰਸੰਗ ਪੰਜਾਬ ਦੀ ਭਾਰੂ ਕਿਸਾਨੀ ਧਿਰਾਂ ਦੀ ਮਨੋ ਬਣਤਰ ਨੂੰ ਵੀ ਰੂਪਮਾਨ ਕਰਦੇ ਹਨ ਅਤੇ ਪਿੰਡ ਦੀ ਸਭਿਆਚਾਰਕ ਇਕਾਈ ਵਿਚ ਜਾਤੀਗਤ ਹਾਸ਼ੀਏ ਦਾ ਸੰਤਾਪ ਭੋਗਦੀਆਂ ਧਿਰਾਂ ਦੇ ਦਮਿਤ ਅਵਚੇਤਨ ਦੇ ਪੇਸ਼ਕਾਰ ਵੀ ਬਣਦੇ ਹਨ।

ਨਾਵਲ ਦੀ ਬਿਰਤਾਂਤਕ ਚਾਲ ਪਿੱਛਲਝਾਤ ਵਿਧੀ ਵਾਲੀ ਹੈ। ਇਸ ਵਿਚ ਕੇਂਦਰੀ ਪਾਤਰ ਕਰਤਾਰੇ ਦੀਆਂ ਮਨੋ ਸਿਮਰਤਿਆਂ, ਜੀਵਨ ਪ੍ਰਸੰਗ ਅਤੇ ਕਾਮਰੇਡ ਤਰਲੋਚਨ ਨਾਲ ਗੱਲਬਾਤ ਇਸ ਟੈਕਸਟ ਨੂੰ ਪੰਜਾਬ ਦੇ ਸਮਾਜਿਕ ਜੀਵਨ ਪ੍ਰਤੀ ਸੰਵਾਦ ਬਣਾਉਂਦੇ ਗਲਪੀ ਵਰਤਾਰੇ ਹਨ। ਕਰਤਾਰਾ ਭਾਰਤ ਦੇ ਪ੍ਰਾਚੀਨ ਇਤਿਹਾਸ, ਸਿਖ ਇਤਿਹਾਸ, ਅੰਗਰੇਜ਼ੀ ਰਾਜ ਕਾਲ ਅਤੇ ਸਮਕਾਲ ਬਾਰੇ ਚਿੰਤਨ ਕਰਦਾ ਕਾਟਵੀਆਂ, ਟਾਕਰਵੀਆਂ, ਸਵੈ ਵਿਰੋਧੀ ਅਤੇ ਤਿੱਖੀਆਂ ਦਲੀਲਾਂ ਪੈਦਾ ਕਰਦਾ ਹੈ ਇਨ੍ਹਾਂ ਵਿਚੋਂ ਦਲਿਤ ਵਰਗ ਦੇ ਸਦੀਵੀ ਦਮਨ ਅਤੇ ਸੱਤਾਧਾਰੀ ਧਿਰਾਂ ਬਾਰੇ ਗਹਿਰਾ ਸੰਵਾਦ ਪੈਦਾ ਹੁੰਦਾ ਹੈ। ਉਹ ਪੰਜਾਬ ਦੇ ਛੇਵੇਂ ਸੱਤਵੇਂ ਦਹਾਕੇ ਵਿਚ ਉੱਠੀਆਂ ਕਮਿਊਨਿਸਟ ਧਿਰਾਂ ਦੇ 'ਇਨਕਲਾਬੀ ਘੋੜਿਆਂ' 'ਤੇ ਸਵਾਰ ਹੋਈਆਂ ਧਿਰਾਂ ਬਾਰੇ ਡੂੰਘਾ ਸਵਾਲ ਉਠਾਉਂਦਾ ਇਸਨੂੰ 'ਦੱਲਾਗਿਰੀ' ਤੇ 'ਪ੍ਰੋਹਿਤਗਿਰੀ' ਬਣਾ ਕੇ ਅਵਸਰਵਾਦ ਤੇ ਵਿਅਕਤੀਵਾਦ ਦੇ ਭੇਟੇ ਚੜ੍ਹਾਉਣ ਵਾਲੇ 'ਆਗੂਆਂ' ਬਾਰੇ ਉਤੇਜ਼ਤ ਸੰਵਾਦ ਪ੍ਰਸਤੁਤ ਕਰਦਾ ਹੈ। ਕਮਿਊਨਿਸਟਾਂ ਵਲੋਂ ਜਮਾਤੀ ਸੰਘਰਸ਼ ਦੇ ਸੰਕਲਪ ਹੇਠਾਂ ਜਾਤੀ ਚੇਤਨਾ ਪ੍ਰਤੀ ਅਪਨਾਈ ਸੰਕੋਚਵੀਂ ਅਤੇ ਭੇਦਭਾਵੀ ਦ੍ਰਿਸ਼ਟੀ ਦੇ ਵੇਰਵੇ ਵੀ ਥਾਂ ਥਾਂ ਨਸ਼ਰ ਹੋਏ ਹਨ। ਇਹ ਵੇਰਵੇ ਜਾਤੀਗਤ ਸਰਦਾਰੀ ਦੇ ਦਿਹਾਤੀ ਦ੍ਰਿਸ਼ ਵੀ ਪੇਸ਼ ਕਰਦੇ ਹਨ ਅਤੇ ਕਮਿਊਨਿਸਟ ਧਿਰਾਂ ਦੀ ਵੱਖਰੀ 'ਪ੍ਰੋਹਿਤਗਿਰੀ' ਨੂੰ ਉਜਾਗਰ ਕਰਦੇ ਇਨ੍ਹਾਂ ਦੇ ਸਿਧਾਂਤਕ ਵਿਹਾਰਕ ਖੱਪਿਆਂ 'ਤੇ ਸਵਾਲ ਉਠਾਉਂਦੇ ਹਨ-

"ਏਹ ਜੱਟਾਂ ਦਾ ਮੁੰਡੀਰ ਵਾਧਾ ਨੌਜਵਾਨ ਸਭਾ ਦੇ ਬਹਾਨੇ ਹਰੀਜਨਾਂ ਦੇ ਵੇਹੜੇ ਉਵੇਂ ਆਉਂਦਾ ਜਿਵੇਂ ਕਿਸੇ ਵੇਲੇ ਵਪਾਰ ਬਹਾਨੇ ਅੰਗਰੇਜ਼ਾਂ ਦੀ ਈਸਟ ਇੰਡੀਆ ਕੰਪਨੀ ਭਾਰਤ ਆਈ ਸੀ ਤੇ ਮਗਰੋਂ



ਰਾਜ ਭਾਗ 'ਤੇ ਕਾਬਜ਼ ਹੋ ਬੈਠੀ ਸੀ। ਅੰਗਰੇਜ਼ਾਂ ਦੀ ਭਾਰਤ ਦੇ ਕੱਚੇ ਮਾਲ 'ਤੇ ਅੱਖ ਹੋਣ ਵਾਂਗ ਇਹਨਾਂ ਦੀ ਹਰੀਜਨਾਂ ਦੀਆਂ ਕੱਚੀਆਂ ਕੁਆਰੀਆਂ ਕੁੜੀਆਂ 'ਤੇ ਅੱਖ ਹੈ। ਅੰਗਰੇਜ਼ਾਂ ਦੇ ਭਾਰਤੀ ਕੱਚੇ ਮਾਲ ਨੂੰ ਵਲੈਤ ਲੈ ਜਾਣ ਵਾਂਗ ਇਹ ਜੱਟ ਜਿੰਮੀਦਾਰ ਹਰੀਜਨਾਂ ਦੀਆਂ ਕੁੜੀਆਂ ਨੂੰ ਘਰੋਂ ਕੱਢ ਉਨ੍ਹਾਂ ਨੂੰ ਵਰਗਲਾ ਵਰਤ ਖੱਜਲ ਖੁਆਰ ਕਰ ਮੁੜ ਘਰਾਂ ਨੂੰ ਮੋੜ ਦਿੰਦੇ ਹਨ। ਕ੍ਰਿਸ਼ਚਨ ਤੇ ਕਮਿਊਨਿਸਟਾਂ ਵਿਚ ਬਹੁਤਾ ਫਰਕ ਨਹੀਂ। ਮੇਰੀ ਗੱਲ ਦਾ ਯਕੀਨ ਨਹੀਂ ਤਾਂ ਪਰਖ ਕਰਕੇ ਵੇਖ ਲਵੋ। ਇਨ੍ਹਾਂ ਜੱਟਾਂ ਜ਼ਿਮੀਦਾਰਾਂ ਦੇ ਮੁੰਡਿਆਂ ਨੂੰ ਕਹੋ ਜੇਕਰ ਤੁਹਾਡਾ ਸਮਾਜਵਾਦ ਨਾਲ ਐਨਾ ਹੀ ਲਗਾਓ ਹੈ ਤਾਂ ਪਹਿਲਾਂ ਆਪਣੀ ਜ਼ਮੀਨ ਜਾਇਦਾਦ ਬਰਾਬਰ ਹਰੀਜਨਾ ਲੋੜਵੰਦਾਂ ਵਿਚ ਵੰਡ ਦਿਉ। ਬਾਹਰ ਸਮਾਜਵਾਦ ਲਿਆਉਣ ਤੋਂ ਪਹਿਲਾਂ ਆਪਣੇ ਘਰੋਂ ਹੀ ਸਮਾਜਵਾਦ ਲਿਆਉਣਾ ਸ਼ੁਰੂ ਕਿਉਂ ਨਹੀਂ ਕਰਦੇ। ਬਾਕੀ ਬਾਅਦ 'ਚ ਵੇਖ ਲਿਉ।" [1].

ਅਜਿਹੇ ਕਾਟਵੇਂ ਅਤੇ ਉਤੇਜ਼ਕ ਸੰਵਾਦ ਨਾਵਲੀ ਪ੍ਰਵਚਨ ਦਾ ਅਟੁੱਟ ਹਿੱਸਾ ਹਨ ਕਈ ਵਾਰ ਇਹ ਵਾਰਤਾਲਾਪ ਜਾਤੀਗਤ ਖੁੰਦਕਾਂ ਅਤੇ ਆਰੋਪਬਾਜ਼ੀਆਂ ਦੀ ਰਾਜਨੀਤੀ ਦੀ ਭੇਟ ਚੜ੍ਹਦੇ ਇਤਰਾਜ਼ਯੋਗ ਸਵੀਪ ਸਟੇਟਮੈਂਟਾਂ ਦੀਆਂ ਹੱਦਾਂ ਵੀ ਛੂਹ ਜਾਂਦੇ ਹਨ ਅਤੇ ਨਾਵਲ ਦਾ ਧਰਮੀ ਤੇ ਕਲਾਤਮਿਕ ਸਰੂਪ ਸਵਾਲੀਆ ਨਿਸ਼ਾਨ ਹੇਠਾਂ ਆਉਂਦਾ ਹੈ। ਇਨ੍ਹਾਂ ਤਲਖ਼ ਟਿੱਪਣੀਆਂ ਦਾ ਵਾਹਕ ਕਰਤਾਰਾ ਹੈ ਜੋ ਕਮਿਊਨਿਸਟਾਂ ਦੇ ਸੰਘਰਸ਼ੀ ਪੈਂਤੜਿਆਂ 'ਤੇ ਵਿਅੰਗ ਕਰਦਿਆਂ ਦਲਿਤ ਸਮਾਜ ਦੇ ਸੁਧਾਰ ,ਇਕਜੁੱਟਤਾ ਅਤੇ ਸੰਘਰਸ਼ ਦੇ ਦਾਅਵੇ ਅਧੀਨ ਖੜ੍ਹੀ ਹੋਈ ਰਿਪਬਲਿਕ ਪਾਰਟੀ ਅਤੇ ਪਿਛੋਂ ਬਹੁਜਨ ਸਮਾਜ ਪਾਰਟੀ ਦੀਆਂ ਨੀਤੀਆਂ ਅਤੇ ਵਿਹਾਰਕ ਅਮਲਾਂ ਵਿਚ ਖੱਪਿਆਂ ਬਾਰੇ ਵੀ ਅਜਿਹੇ ਤੱਤੇ ਪ੍ਰਤੀਕਰਮ ਪੇਸ਼ ਕਰਦਾ ਹੈ । ਨਾਵਲ ਵਿਚ ਮਜ਼੍ਹਬੀ ਸਮਾਜ ਨੂੰ 'ਨੀਚਾਂ ਅੰਦਰ ਨੀਚ' ਕਹਿ ਕੇ ਉਹ ਅੰਬੇਡਕਰਵਾਦੀਆ ਅਤੇ ਬਸਪਾ ਵਾਲਿਆਂ ਨੂੰ ਲੰਮੇਂ ਹੱਥੀਂ ਲੈਂਦਾ ਨਾਵਲ ਵਿਚਲੀ ਆਪਣੀ ਬੌਧਿਕ ਸਮਰੱਥਾ ਤੋਂ ਅੱਗੇ ਹੋ ਕੇ ਆਪਣੇ ਬੋਲ ਉਚਾਰਦਾ ਹੈ ਅਤੇ ਨਾਵਲਕਾਰ ਨੂੰ ਟੈਕਸਟ ਵਿਚ ਸਿੱਧੇ ਉਤਰਨ ਦੀ ਵੱਡੀ ਸਪੇਸ ਪੈਦਾ ਕਰਦਾ ਰਹਿੰਦਾ ਹੈ ਪਰ ਫਿਰ ਵੀ ਇਨ੍ਹਾਂ ਬੋਲਾਂ ਵਿਚ ਪੰਜਾਬ ਦੇ ਸਿਆਸੀ ਮਾਹੌਲ ਅੰਦਰ ਦਮਿਤ ਹੋਈਆਂ ਕਈ ਪ੍ਰਤਿਧੁਨੀਆ ਸੁਣਾਈ ਪੈਂਦੀਆਂ ਹਨ-" ਏਹ ਸਾਡੇ ਭੰਗੀ ਭਰਾ ਅੰਬੇਦਕਰ ਦੇ ਨਾਂ 'ਤੇ ਪਾਰਟੀ ਚਲਾਉਂਦੇ ਆ। ਪਰ ਇਹ ਦੱਸਣ ਕਿ ਇਨ੍ਹਾਂ ਵਿਚ ਕਿਹੜਾ ਰਾਸ਼ਟਰੀ ਪੱਧਰ ਦਾ ਭੰਗੀ ਲੀਡਰ ਹੈ। ਇਨ੍ਹਾਂ ਦਾ ਵਰਤਾਓ ਸਾਡੇ ਨਾਲ ਬ੍ਰਾਹਮਣਾਂ ਵਰਗੇ ਹੀ ਹੈ। ਜੋ ਜਗ੍ਹਾ ਕਿਸਾਨਾਂ ਵਿਚ ਜੱਟਾਂ ਦੀ ਹੈ, ਉਹ ਹੀ ਜਗ੍ਹਾ ਦਲਿਤਾਂ ਵਿਚ ਰਵੀਦਾਸੀਆਂ ਦੀ ਹੈ। ਕਿਸਾਨਾਂ ਵਿਚ ਜੱਟਾਂ ਦੇ ਡੋਮੀਨੇਟ ਕਰਨ ਵਾਂਗ ਦਲਿਤਾਂ ਵਿਚ ਵੀ ਰਵੀਦਾਸੀਏ ਡੋਮੀਨੇਟ ਕਰਦੇ ਹਨ।"[2].

ਅਜਿਹੇ ਗਲਪੀ ਵਰਤਾਰੇ ਨਾਵਲ ਵਿਚ ਥਾਂ ਥਾਂ ਵਾਪਰਦੇ ਹਨ ਜਿਨ੍ਹਾਂ ਵਿਚ ਕਰਤਾਰਾ ਪਾਤਰ ਕਮਿਊਨਿਸਟਾਂ, ਅੰਬੇਡਕਰਵਾਦੀਆਂ, ਨਕਸਲਵਾਦੀਆਂ, ਵੱਖਵਾਦੀਆਂ, ਕਾਂਗਰਸ, ਅਕਾਲੀ ਅਤੇ ਹੋਰ ਪਾਰਟੀਆਂ ਸੰਗਠਨਾਂ ਦੇ ਸਿਧਾਂਤਕ ਅਤੇ ਵਿਹਾਰਕ ਖੱਪਿਆਂ 'ਤੇ ਤਨਜ਼ਾਂ ਕੱਸਦਾ ਹੈ। ਇਸ ਪੱਖੋਂ ਉਹ ਕਾਂਗਰਸ ਨੂੰ ਜਾਗੀਰਦਾਰਾਂ ਦੀ ਜਮਾਤ, ਬਹੁਜਨ ਸਮਾਜ ਪਾਰਟੀ ਨੂੰ ਦਲਿਤਾਂ ਦੇ ਇਕ ਫਿਰਕੇ ਦੀ ਕਰੀਮੀ ਲੇਅਰ ਤੱਕ ਸਿਮਟਣ ਵਾਲੀ ਪਾਰਟੀ, ਅਕਾਲੀਆਂ ਨੂੰ ਭਾਰੂ ਜੱਟ ਸਿੱਖ ਕਿਸਾਨੀ ਦਾ ਪ੍ਰਵਚਨਕਾਰੀ ਸੰਗਠਨ, ਕਮਿਊਨਿਸਟਾਂ ਨੂੰ ਸੱਤਾ ਨਾਲ ਸਾਂਝ ਭਿਆਲੀ ਵਾਲੇ 'ਸੁਧਾਰਵਾਦ' ਆਦਿ ਲਕਬ ਦੇ ਕੇ ਸੰਬੋਧਨ ਕਰਦਾ ਹੈ। ਇਹ ਸੰਬੋਧਨਕਾਰੀ ਕਰਤਾਰੇ ਦੀ ਭਾਸ਼ਣੀ ਸੁਰ ਵਿਚ ਨਾਵਲ ਦੇ ਆਰ ਪਾਰ ਫੈਲੀ ਹੋਈ ਹੈ ਜਿਸ ਕਰਕੇ ਨਾਵਲ ਦਾ ਸੰਬੋਧਨੀ ਲਹਿਜ਼ਾ ਵਿਅੰਗਾਂ ਤੇ ਤਨਜ਼ਾਂ ਦੀ ਰਾਮਕਾਰ ਵਿਚ ਹੀ ਫੈਲਦਾ ਰਹਿੰਦਾ ਹੈ ਅਤੇ ਗੌਣ ਪਾਤਰਾਂ ਦਾ ਕਿਰਦਾਰ, ਸਥਿਤੀ ਤੇ ਸੰਬੋਧਨ ਗੈਰ ਹਾਜ਼ਰ ਰਹਿੰਦਾ ਹੈ। ਲੇਖਕ ਨੇ ਕਰਤਾਰੇ ਨੂੰ ਆਪਣੇ ਵਿਚਾਰਧਾਰਕ ਗੁਰਜ਼ ਨਾਲ ਲੈਸ ਕੀਤਾ ਹੈ ਅਤੇ ਉਹ ਮੱਧਕਾਲੀਨ ਭਾਰਤ, ਪੰਜਾਬ ਦੀ ਲੋਕਧਾਰਾ, ਸੰਸਕ੍ਰਿਤੀ, ਰਾਜਨੀਤਕ ਹਾਲਾਤ ਅਤੇ ਇਥੋਂ ਦੇ ਜਨਜੀਵਨ ਦੀ

ਤਵਾਰੀਖੀ ਤੌਰ ਦਾ ਮੁਲਾਂਕਣ ਕਰਦਾ ਤੁਰੰਤ ਸਿੱਟੇ ਸੁੱਟਦਾ ਜਾਂਦਾ ਹੈ।ਸਧਾਰਣ ਅਤੇ ਸੁਭਾਵਕ ਸਥਿਤੀਆਂ ਵਿਚ ਅਜਿਹਾ ਵਾਪਰਨਾ ਕਠਿਨ ਹੈ ਜਿਸ ਕਰਕੇ ਕਈ ਥਾਂ ਉੱਤੇ ਇਹ ਨਾਵਲ ਸੰਵਾਦ ਦੀ ਥਾਂ ਵਿਚਾਰਾਂ ਦੇ ਸਪਾਟ ਵੇਰਵਿਆਂ ਨੂੰ ਪਾਠਕਾਂ ਉੱਤੇ ਥੋਪਦਾ ਵੀ ਦਿਸਦਾ ਹੈ।ਕਰਤਾਰੇ ਵਰਗਾ ਪਾਤਰ ਪੰਜਾਬ ਦੇ ਦਲਿਤ ਸੁਭਾਅ ਦੀ ਪ੍ਰਤੀਨਿਧਤਾ ਕਰਨ ਦੀ ਥਾਂ ਦਲਿਤ ਹੋਂਦ ਦਾ ਵਿਸ਼ਲੇਸ਼ਣਕਾਰੀ ਪਾਤਰ ਹੈ।ਉਹ ਜਿਸ ਗਿਆਨ ਦਾ ਨਾਵਲ ਵਿਚ ਉਤਪਾਦਨ ਕਰਦਾ ਹੈ ਉਹ ਬੇਸ਼ੱਕ ਮਾਅਨੇਖੇਜ਼ ਹੈ, ਉਤੇਜ਼ਕ ਹੈ ਅਤੇ ਸੰਵਾਦੀ ਹੈ ਪਰ ਕਰਤਾਰੇ ਦੀ ਸੁਤੰਤਰ ਹੋਂਦ ਨੂੰ ਸਥਾਪਿਤ ਨਹੀਂ ਕਰਦਾ ਸਗੋਂ ਲੇਖਕ ਦੇ ਨਾਵਲੀ ਦਖ਼ਲ ਦਾ ਸਿੱਧਾ ਪ੍ਰਗਟਾਵਾ ਬਣਦਾ ਹੈ।ਇਸ ਤੋਂ ਇਲਾਵਾ ਨਾਵਲ ਦਾ ਦੂਜਾ ਦੋਸ਼ ਆਪਣੇ ਤਤਕਾਲੀ ਸਮੇਂ ਦੀ ਚੇਤਨਾ ਫੜਨ ਤੋਂ ਖੁੰਝਣ ਦਾ ਹੈ।ਇਸਦੀ ਉਦਾਹਰਣ ਅੱਠਵੇਂ ਦਹਾਕੇ ਵਿਚ ਪੰਡੋਰੀ ਵਿਖੇ ਕੰਧ ਦੇ ਮਸਲੇ ਉੱਤੇ ਮਜ਼ਬ੍ਹੀਆਂ ਅਤੇ ਜੱਟਾਂ ਦਾ ਜਿਹੜਾ ਵਿਰੋਧ ਪੈਦਾ ਹੁੰਦਾ ਦਿਖਾਇਆ ਹੈ ਉਹ ਤਤਕਾਲ ਦੇ ਸਮੇਂ ਨਾਲ ਨਿਆਂ ਨਹੀਂ ਕਰਦਾ।ਇਸ ਵਿਚ ਦਲਿਤਾਂ ਮੁੰਡਿਆਂ ਦੀ ਵਿਰੋਧੀ ਸੁਰ ਪੈਦਾ ਕਰਨ ਲਈ ਨਿੰਦਰ ਗਿਲ ਨੇ ਜਿਹੜਾ ਸੰਵਾਦ ਮਜ਼ਬ੍ਹੀਆਂ ਦੀ ਪਹਿਲੀ ਪੀੜ੍ਹੀ ਨਾਲ ਖੜ੍ਹਾ ਕੀਤਾ ਹੈ ਉਹ ਤਤਕਾਲ ਚੇਤਨਾ ਨਾਲ ਮਾਫ਼ਕ ਨਹੀਂ ਬੈਠਦਾ।

"ਤੁਸੀਂ ਯਾਗਰੁਕ ਨਹੀਂ ਸੀ , ਯਾਗਰੁਕ ਹਾਂ।ਤੁਸੀਂ ਸੰਗਠਤ ਨਹੀਂ ਸੀ ਅਸੀਂ ਸੰਗਠਿਤ ਹਾਂ।ਵੱਡੀ ਗੱਲ ਤੁਸੀਂ ਜਨਮ ਤੋਂ ਲੈ ਕੇ ਮਰਨ ਤੱਕ ਜੱਟਾਂ 'ਤੇ ਨਿਰਭਰ ਸੀ ਜਦੋਂ ਅਸੀਂ ਨਿਰਭਰ ਨਹੀਂ ਹਾਂ।ਉਲਟਾ ਵੋਟਾਂ 'ਤੇ ਕੋਟਾਂ ਕਰਕੇ ਜੱਟ ਸਾਡੇ 'ਤੇ ਨਿਰਭਰ ਹੁੰਦੇ ਜਾ ਰਹੇ ਹਨ।ਧਰਤੀ ਦੇ ਮਾਲਕ ਜੱਟ ਸਾਡੇ 'ਤੇ ਕਾਹਦੀ ਧੌਂਸ ਕਰਨਗੇ।ਅੱਧਿਓ ਵੱਧ ਧਰਤੀ ਉਨ੍ਹਾਂ ਦੀ ਕਿਤੇ ਨਾ ਕਿਤੇ ਗਹਿਣੇ ਪਈ ਹੈ।ਧਨ ਕਿਹੜੇ ਜੱਟ ਕੋਲ ਹੈ।"[3]

ਸਮੁੱਚੇ ਨਾਵਲ ਵਿਚ ਕਰਤਾਰਾ ਵੀਂਹਵੀਂ ਸਦੀ ਦੇ ਪਿਛਲੇ ਅੱਧ ਦੀ ਸਿਆਸੀ, ਸਮਾਜਿਕ ਅਤੇ ਸਭਿਆਚਾਰਕ ਸਥਿਤੀ ਸਬੰਧੀ ਇਕ ਪੁਲੀਟਕਲ ਸੋਸ਼ੋਲੋਜਿਕੀਕਲ ਪ੍ਰਵਚਨ ਖੜ੍ਹਾ ਕਰਦਾ ਹੈ। ਇਹ ਪ੍ਰਵਚਨ ਪੰਜਾਬ ਦੀ ਸਮਾਜਿਕ ਸਭਿਆਚਾਰਕ ਬਣਤਰ ਦੀਆਂ ਵਿਸੰਗਤੀਆਂ ਨੂੰ ਫੜਦਾ ਹੈ।ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਲਹਿਰਾਂ ਦਾ ਮੁਲਾਂਕਣ ਇਸ ਕ੍ਰਿਤ ਦੀ ਕੇਂਦਰੀ ਧੁਨੀ ਹੈ।ਲਹਿਰਾਂ ਦੇ ਸਿਧਾਂਤਕ ਵਿਹਾਰਕ ਖੱਪਿਆਂ ਦੇ ਨਾਲ ਨਾਲ ਰਾਜਨੀਤਕ ਪਾਰਟੀਆਂ ਵਲੋਂ ਸੱਤਾ ਪ੍ਰਾਪਤੀ ਲਈ ਵਰਤੇ ਜਾਂਦੇ ਮਾਰੂ ਪੈਂਤੜਿਆਂ ਦਾ ਸਟੀਕ ਵਿਸ਼ਲੇਸ਼ਣ ਵੀ ਇਸ ਨਾਵਲ ਦੀ ਅਹਿਮ ਪ੍ਰਾਪਤੀ ਹੈ।ਇਸਦੀ ਉਦਾਹਰਣ ਭਾਰਤ ਵਿਤ ਪੂੰਜੀਵਾਦੀ ਜਾਗੀਰਦਾਰੀ ਪਾਰਟੀਆਂ ਵਲੋਂ ਆਪਣੇ ਹਿਤਾਂ ਲਈ ਦਲਿਤ ਪਾਰਟੀਆਂ ਦੇ ਉਭਾਰ ਨੂੰ ਹਵਾ ਦੇਣ ਅਤੇ ਮੁੜ ਇਨ੍ਹਾਂ ਦੀ ਵਰਤੋਂ ਕਰਕੇ ਦਲਿਤਾਂ ਦਾ 'ਸਟੇਟਸ ਕੋ' ਰੱਖਣ ਵਰਗੇ ਪੈਂਤੜੇ ਨਾਵਲਕਾਰ ਨੇ ਭਲੀਭਾਂਤ ਫੜੇ ਹਨ।ਇਸ ਤੋਂ ਇਲਾਵਾ ਦਲਿਤ ਆਗੂਆਂ ਵਲੋਂ ਵੀ ਪਾਰਟੀ 'ਤੇ ਕਾਠੀ ਪਾ ਕੇ ਦਲਿਤ ਵਰਗਾਂ ਨਾਲ ਅਜਿਹਾ ਰਵੱਇਆ ਰੱਖਣ ਦੇ ਪ੍ਰਸੰਗ ਪੇਸ਼ ਕਰਕੇ ਸੱਤਾ ਦੀਆਂ ਸਾਂਝ ਭਿਆਲੀਆਂ ਪ੍ਰਸਤੁਤ ਹੋਈਆਂ ਹਨ। ਮਿਸਾਲ ਵਜੋਂ ਆਜ਼ਾਦੀ ਤੋਂ ਬਾਅਦ ਭਾਰਤੀ ਲੋਕਤੰਤਰ ਵਿਚ ਦਲਿਤਾਂ ਦੀ ਭਲਾਈ ਲਈ ਚਲਾਈਆਂ ਯੋਜਨਾਵਾਂ ਦਲਿਤਾਂ ਦੀ ਕਾਂਗਰਸ ਭਗਤੀ ਦਾ ਆਧਾਰ ਬਣ ਗਈਆਂ ।ਕਾਂਗਰਸ ਨੇ ਅਜਿਹੇ ਦਲਿਤ ਆਗੂ ਪੈਦਾ ਕੀਤੇ ਜਿਨ੍ਹਾਂ ਨੇ ਦਲਿਤਾਂ ਨੂੰ ਚੇਤਨ ਕਰਨ ਦੇ ਪਰਦੇ ਹੇਠ ਪੂੰਜੀਵਾਦੀ ਜਾਗੀਰਦਾਰੀ ਪ੍ਰਬੰਧ ਦੀ ਸੇਵਾ ਕੀਤੀ। ਇਸ ਪਿਛੋਂ ਡੀ ਐਸ ਫੋਰ ਦੇ ਜਨਮ ਤੇ ਮਗਰੋਂ ਬਹੁਜਨ ਸਮਾਜ ਪਾਰਟੀ ਦੇ ਉਭਾਰ ਨਾਲ ਦਲਿਤਾਂ ਵਿਚ ਆਪਣੀਆਂ ਵੋਟਾਂ ਨਾਲ ਆਪਣਾ ਨੇਤਾ ਚੁਣਨ ਦਾ ਪੈਦਾ ਹੋਇਆ ਅਹਿਸਾਸ ਇਕ ਵੱਖਰੇ ਧੁਰਵੀਕਰਣ ਨੂੰ ਜਨਮ ਦਿੰਦਾ ਹੈ ਇਸ ਧੁਰਵੀਕਰਣ ਦੀਆਂ ਅਨੇਕਾਂ ਸੋਸ਼ਣੀ ਪਰਤਾਂ ਹਨ।ਪੂੰਜੀਵਾਦੀ ਸਾਮੰਤਵਾਦੀ ਵਿੰਗ ਕਾਂਗਰਸ ਦੀ ਅਸਫਲਤ 'ਤੇ ਬੀ ਜੇ ਪੀ ਨੂੰ ਉਭਾਰਨਾ ਆਰੰਭ ਕਰ ਦਿੰਦਾ ਹੈ ਅਤੇ ਦਲਿਤ ਕਾਡਰ ਦੇ ਵਿਰੋਧ ਵਿਚ ਧਾਰਮਿਕ ਕਾਰਡ ਵਰਤਣਾ ਆਰੰਭ ਕਰ ਦਿੰਦਾ ਹੈ।ਇਸਦਾ ਪ੍ਰਗਟਾਵਾ ਫਾਂਸੀਵਾਦੀ ਤਾਕਤਾਂ ਦੇ ਸਮਕਾਲੀ ਰੁਝਾਨਾਂ ਵਿਚੋਂ



ਦੇਖਿਆ ਜਾ ਸਕਦਾ ਹੈ ।ਇਨ੍ਹਾਂ ਵਿਚਾਰਧਾਰਕ ਸੂਤਰਾਂ ਦੀ ਪੇਸ਼ਕਾਰੀ ਲਈ ਨਿੰਦਰ ਗਿਲ ਨੇ ਉਨ੍ਹਾਂ ਸਮੂਹ ਰਾਜਸੀ ਧਿਰਾਂ ਨੂੰ ਬੇਪਰਦ ਕਰਨ ਦਾ ਯਤਨ ਕੀਤਾ ਹੈ ਜਿਨ੍ਹਾਂ ਨੇ ਧਰਮ ਨਿਰਪੱਖ,ਪ੍ਰਗਤੀਸ਼ੀਲ,ਦਲਿਤ ਸੁਧਾਰ ਦੇ ਮਖੌਟੇ ਪਾ ਕੇ ਦਲਿਤਾਂ, ਘੱਟ ਗਿਣਤੀਆਂ ਅਤੇ ਹੋਰ ਕਿਰਤੀ ਵਰਗਾਂ ਦਾ ਘਾਣ ਕੀਤਾ ਹੈ।

ਨਿੰਦਰ ਗਿਲ ਦਾ ਇਹ ਨਾਵਲ ਪਾਤਰਾਂ ਦੀਆਂ ਸਿਮਰਤੀਆਂ, ਵਾਰਤਾਲਾਪ, ਸਵੈ ਪੜਚੋਲ ਅਤੇ ਆਤਮ ਬਚਨੀ ਦੁਆਰਾ ਉਤੇਜ਼ਕ ਅਤੇ ਕਾਟਵੀਂ ਭਾਸ਼ਾ ਦਾ ਪ੍ਰਯੋਗ ਕਰਦਾ ਹੈ। ਨਾਵਲਕਾਰ ਕੋਲ ਸਮਾਜਿਕ ਵਰਤਾਰਿਆਂ ਨੂੰ ਫੜਨ ਅਤੇ ਪੇਸ਼ਕਾਰੀ ਵਾਲੀ ਕ੍ਰਿਟੀਕ ਦ੍ਰਿਸ਼ਟੀ ਹੈ।ਉਹ ਧਰਮਾਂ ਅਤੇ ਜਾਤਾਂ ਦੀ ਸੱਤਾਗਿਰੀ ਅੰਦਰ ਝਾਕ ਕੇ ਮਨੁੱਖ ਵਲੋਂ ਆਪਣੇ ਹਿਤਾਂ ਲਈ ਇਸਨੂੰ ਵਰਤਣ ਦੀਆਂ ਕੋਝੀਆਂ ਚਾਲਾਂ ਦਾ ਭੇਤੀ ਹੈ।ਮਹਾਤਮਾ ਬੁੱਧ ਦੇ ਆਗਮਨ ਅਤੇ ਮੱਧਕਾਲੀ ਭਗਤੀ ਲਹਿਰ ਦਾ ਜ਼ਿਕਰ ਕਰਕੇ ਉਹ ਲੋਕ ਮੁਕਤੀ ਵਾਲੀਆਂ ਇਨ੍ਹਾਂ ਲਹਿਰਾਂ ਨੂੰ ਸੱਤਾ ਵਲੋਂ ਆਪਣੇ ਹਿਤਾਂ ਲਈ ਵਰਤ ਹੁੰਦੀਆਂ ਰਹੀਆਂ ਸਾਜ਼ਿਸ਼ਾਂ ਦਾ ਜ਼ਿਕਰ ਛੇੜਦਾ ਹੈ ਅਤੇ ਆਧੁਨਿਕ ਕਾਲ ਵਿਚ ਲੋਕ ਹਿਤਾਂ ਲਈ ਉੱਠੀਆਂ ਲਹਿਰਾਂ ਨਾਲ ਵੀ ਵਾਪਰੀ ਅਜਿਹੀ ਹੋਣੀ ਦੇ ਪ੍ਰਸੰਗ ਉਲੀਕਦਾ ਹੈ।ਅਜਿਹੇ ਗਲਪੀ ਪ੍ਰਸੰਗਾਂ ਲਈ ਉਹ ਸਿਧਾਂਤ ਅਤੇ ਵਿਹਾਰ ਦੀ ਵਿੱਥ ਦੇ ਪੈਟਰਨ ਦੁਆਰਾ ਵੱਖ ਵੱਖ ਧਰਮਾਂ, ਜਾਤਾਂ, ਫਿਰਕਿਆਂ ਦੇ ਆਗੂਆਂ ਦੇ ਕਿਰਦਾਰ 'ਤੇ ਸਵਾਲ ਉਠਾਉਂਦਾ ਹੈ ਅਤੇ ਪ੍ਰੋਹਿਤਗਿਰੀ ਦੇ ਹਰ ਖੇਤਰ ਵਿਚ ਪ੍ਰਵੇਸ਼ ਕਰ ਗਏ ਵਰਤਾਰਿਆਂ 'ਤੇ ਆਪਣੀ ਚਿੰਤਾ ਪੇਸ਼ ਕਰਦਾ ਹੈ। ਇਸ ਕਾਰਜਸਿੱਧੀ ਲਈ ਉਹ ਕੁਝ ਗਲਪੀ ਪ੍ਰਤੀਕ ਚੁਣਦਾ ਹੈ ਜਿਵੇਂ ਸੱਤਾ ਦੇ ਵਿਰੋਧ ਵਿਚ ਉੱਠਦੀਆਂ ਜਾਤੀਗਤ ਜਮਾਤੀਗਤ ਚੇਤਨਾ ਵਾਲੀਆਂ ਆਵਾਜ਼ਾਂ ਨੂੰ ਉਹ 'ਲੂਣ ਦੇ ਪਹਾੜ' , ਅਖੌਤੀ ਕਮਿਊਨਿਸਟਾਂ ਨੂੰ ਮਾਓ ਜੇ ਤੁੰਗ ਦੇ ਮੁਤਬੰਨੇ, ਕਾਗਜ਼ੀ ਇਨਕਲਾਬ ਨੂੰ ਵਨ ਵੇਅ ਟਰੈਫਿਕ, ਕਮਿਊਨਿਸਟਾਂ ਤੇ ਕਾਂਗਰਸੀਆਂ ਨੂੰ ਬੁਰਜ਼ੂਵਾਦੀਆਂ ਦੀਆਂ ਬਾਹਾਂ, ਅਕਾਲੀ ਪਾਰਟੀ ਨੂੰ ਜ਼ਿੰਮੀਦਾਰਾਂ ਦੀ ਜਾਇਦਾਦ, ਜਾਤਾਂ ਅੰਦਰ ਜਾਤਾਂ-ਗੋਤਾਂ ਦੀ ਸੱਤਾ ਨੂੰ 'ਵੀਹ ਭਈਏ, ਬਾਈ ਚੁੱਲ੍ਹੇ' ਵਰਗੇ ਰੂਪਕਾਂ ਨਾਲ ਤੁਲਨਾ ਦਿੰਦਾ ਹੈ। ਇਸ ਨਾਲ ਉਹ ਨਾਵਲ ਦੀ ਰਵਾਇਤੀ ਬਿਰਤਾਂਤਕਾਰੀ ਵਾਂਗ ਇਸਨੂੰ ਮਹਿਜ਼ ਘਟਨਾਵਾਂ ਦੇ ਵਾਪਰਨ ਜਾਂ ਸੂਚਨਾਵਾਂ ਦੀ ਸਿੱਧੀ ਸਪਾਟ ਭਰਮਾਰ ਤੋਂ ਬਚਾ ਲੈਂਦਾ ਹੈ ਅਤੇ ਸਮਾਜਿਕ ਵਰਤਾਰਿਆਂ ਦੀ ਦਵੰਦ ਨੂੰ ਫੜਨ ਵਾਲੀ ਗਲਪੀ ਭਾਸ਼ਾ ਦਾ ਨਿਰਮਾਣ ਕਰਦਾ ਹੈ।

ਕੁਲ ਮਿਲਾ ਕੇ ਸਮਕਾਲ ਅੰਦਰ ਲਿਖੇ ਜਾ ਰਹੇ ਪੰਜਾਬੀ ਨਾਵਲ ਵਿਚ ਨਿੰਦਰ ਗਿਲ ਦੀ ਆਪਣੀ ਥਾਂ ਹੈ।ਵੀਂਹਵੀਂ ਸਦੀ ਦੇ ਆਜ਼ਾਦੀ ਪਿਛੋਂ ਦੇ ਦਿਹਾਤੀ ਸਮਾਜ ਨੂੰ ਕੇਂਦਰ ਬਣਾ ਕੇ ਲਿਖਣ ਵਾਲੇ ਹੋਰ ਵੀ ਕਈ ਨਾਵਲਕਾਰ ਹਨ ਜਿਨ੍ਹਾਂ ਵਿਚ ਬਲਬੀਰ ਪਰਵਾਨਾ, ਅਵਤਾਰ ਸਿੰਘ ਬਿਲਿੰਗ ਆਦਿ ਦੇ ਨਾਮ ਵਿਸ਼ੇਸ਼ ਹੈ।ਬਲਬੀਰ ਪਰਵਾਨਾ ਕਮਿਊਨਿਸਟ ਲਹਿਰ ਦੇ ਉਪਜਣ ਅਤੇ ਬਿਨਸਣ ਦੇ ਪ੍ਰਸੰਗ ਉਲੀਕਦਾ ਹੋਇਆ ਪੰਜਾਬ ਦੇ ਪੇਂਡੂ ਸਮਾਜ ਸਭਿਆਚਾਰ ਵਿਚ ਆਈਆਂ ਤਬਦੀਲੀਆਂ ਨੂੰ ਰਜਿਸਟਰ ਕਰਦਾ ਹੈ, ਬਿਲਿੰਗ ਦੇ ਨਾਵਲ ਕਿਸਾਨੀ ਸਮਾਜ ਦੇ ਜਗੀਰੂ ਚੇਤਨ-ਅਵਚੇਤਨ ਨੂੰ ਬਦਲਦੇ ਸਮਾਜਿਕ ਸਰੋਕਾਰਾਂ ਦੇ ਪ੍ਰਸੰਗ ਵਿਚ ਫੜਦੇ ਹਨ।ਨਿੰਦਰ ਗਿਲ ਨੇ ਦਿਹਾਤੀ ਸਮਾਜ ਦੇ ਉਸ ਦਵੰਦ ਦੀ ਇਤਿਹਾਸਕ ਪੇਸ਼ਕਾਰੀ ਕੀਤੀ ਹੈ ਜਿਸ ਵਿਚ ਜਾਤਾਂ,ਉਪਜਾਤਾਂ, ਗੋਤਾਂ ਅਤੇ ਧਰਮਾਂ ਦੀਆਂ ਸੰਸਥਾਵਾਂ ਦੀ ਸੇਵਾ ਕਰਦੀ ਪ੍ਰੋਹਿਤਗਿਰੀ ਵਿਚ ਪੰਜਾਬੀ ਮਨੁੱਖ ਦੀ ਸਾਲਮ ਹੋਂਦ ਕਤਰਾ ਕਤਰਾ ਹੋ ਕੇ ਰਹਿ ਗਈ ਹੈ।ਜਾਤੀਗਤ ਵਿਸੰਗਤੀਆਂ ਦੀ ਪੇਸ਼ਕਾਰੀ ਕਰਦਿਆਂ ਇਹ ਨਾਵਲੀ ਪ੍ਰਵਚਨ ਖੁਦ ਅਨੇਕਾਂ ਵਿਸੰਗਤੀਆਂ ਅਤੇ ਦਵੰਦਾਂ ਨੂੰ ਹੰਢਾਉਂਦਾ ਹੈ।ਇਹੀ ਇਸ ਨਾਵਲ ਦੀ ਸੀਮਾ ਅਤੇ ਸੰਭਾਵਨਾ ਦਾ ਦਵੰਦ ਹੈ।

ਹਵਾਲੇ-1.ਨਿੰਦਰ ਗਿੱਲ, ਪੰਡੋਰੀ ਪ੍ਰਿਹਤਾਂ, ਪੰਨਾ 8.
2. ਉਹੀ , ਪੰਨਾ 49
3. ਉਹੀ , ਪੰਨਾ 90

**ਸ੍ਰੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਮਾਹਿਲਪੁਰ,ਹੁਸ਼ਿਆਰਪੁਰ, 94175 86028**

**ਅਧਿਐਨ-4**

# ਪੰਜਾਬੀ ਕਹਾਣੀ ਦਾ ਬੌਧਿਕ ਵਿਵਹਾਰ ਤੇ ਪੰਜਾਬੀ ਕਹਾਣੀਕਾਰ

-ਨਿਰੰਜਣ ਬੋਹਾ

ਪਿੱਛਲੇ ਤਿੰਨ ਕੁ ਦਹਾਕਿਆਂ ਦੌਰਾਨ ਸਮਾਜਿਕ, ਆਰਥਿਕ ਤੇ ਸਭਿਆਚਾਰਕ ਖੇਤਰ ਵਿਚ ਆਈਆਂ ਵਿਆਪਕ ਤਬਦੀਲੀਆਂ ਦੇ ਸਮਾਂਤਰ ਹੀ ਸਾਹਿਤ ਸਿਰਜਣਾ ਦੇ ਖੇਤਰ ਵਿਚ ਵੀ ਤਿੱਖੀਆਂ ਤੇ ਹੈਰਾਨਕੁੰਨ ਤਬਦੀਲੀਆਂ ਵੇਖਣ ਨੂੰ ਮਿਲੀਆਂ ਹਨ ਇਸ ਸਮੇ ਦੌਰਾਨ ਸਾਹਿਤ ਸਿਰਜਣਾ ਦੇ ਪੁਰਾਣੇ ਮੰਤਵੀ ਮਾਪਦੰਡ ਲਗਾਤਾਰ ਟੁੱਟਦੇ ਰਹੇ ਹਨ ਤੇ ਮਨੋਵਿਗਿਆਨਕ ਯਥਾਰਥ ਤੇ ਨਵ ਯਥਾਰਥ ਦੇ ਨਾਂ ਤੇ ਨਵੇਂ ਮਾਪਦੰਡ ਸਥਾਪਿਤ ਹੁੰਦੇ ਰਹੇ ਹਨ। ਅਸਲ ਵਿਚ ਇਹੀ ਸਮਾਂ ਹੈ ਜਦੋਂ ਸੂਚਨਾ ਤੇ ਸੰਚਾਰ ਦੇ ਖੇਤਰ ਵਿੱਚ ਆਈ ਵਿਸ਼ਵ ਕ੍ਰਾਂਤੀ ਨੇ ਮਨੁੱਖ ਦੇ ਸਮਾਜਿਕ ਤੇ ਸ਼ਭਿਆਚਾਰਕ ਖੇਤਰ ਵਿਚ ਵਿਆਪਕ ਦਖਲ ਅੰਦਾਜ਼ੀ ਕਰਕੇ ਉਸਦੀ ਜੀਵਨ ਜਾਂਚ ਹੀ ਬਦਲ ਦਿੱਤੀ ਹੈ ਤੇ ਵੱਖ ਦੇਸ਼ਾ ਤੇ ਵੱਖ ਸਭਿਆਚਾਰਾਂ ਨੂੰ ਏਨਾਂ ਨੇੜੇ ਲੈ ਆਦਾਂ ਹੈ ਕਿ ਅੱਜ ਹਰ ਪਾਸੇ ਵਿਸ਼ਵੀਕਰਨ ਦਾ ਬੋਲਬਾਲਾ ਹੀ ਸੁਣਾਈ ਦੇ ਰਿਹਾ ਹੈ ਆਪਣੀ ਸਾਧਨ ਸੰਪਨਤਾ ਦੇ ਬਲਬੂਤੇ ਤੇ ਪੱਛਮੀ ਸੱਭਿਆਚਾਰ ਪੂਰਬੀ ਸਭਿਆਚਾਰ ਤੇ ਪੂਰੀ ਤਰਾਂ ਹਾਵੀ ਪ੍ਰਭਾਵੀ ਹੋਇਆ ਵਿਖਾਈ ਦੇਂਦਾ ਹੈ , ਜਿਸ ਕਾਰਨ ਸਾਡੇ ਪੁਰਾਣੇ ਮਾਨਵੀ ਮੁੱਲ ਤੇ ਸੰਸਕਾਰ ਲਗਾਤਾਰ ਦਮ ਤੋੜ ਰਹੇ ਹਨ ਤੇ ਪਛਮੀ ਤਰਜ਼ੇ ਜਿੰਦਗੀ ਦੇ ਮੁੱਲ ਇਨ੍ਹਾਂ ਦੀ ਥਾਂ ਲੈ ਰਹੇ ਹਨ ।ਵਿਸ਼ਵੀਕਰਨ ਦੀਆਂ ਹਿਮਾਇਤੀ ਤਾਕਤਾਂ ਦਾ ਪ੍ਰਚਾਰ ਆਪਣੇ ਵੱਲੋਂ ਤਾਂ ਇਹ ਪ੍ਰਭਾਵ ਸਿਰਜਦਾ ਹੈ ਕਿ ਸਾਡਾ ਦੇਸ਼ ਤਰੱਕੀ ਦੀਆਂ ਨਵੀਆਂ ਸਿਖਰਾਂ ਛੂਹ ਰਿਹਾ ਹੈ ਤੇ ਬੜੀ ਤੇਜੀ ਨਾਲ ਨਵੀਂ ਆਰਥਿਕ ਸ਼ਕਤੀ ਵਜੋ ਉਭਰ ਰਿਹਾ ਹੈ ਪਰ ਅਸਲ ਵਿਚ ਪੱਛਮ ਤੋਂ ਪ੍ਰਭਾਵਿਤ ਵਿਸ਼ਵੀ ਮਾਨਤਾਵਾਂ ਨੇ ਸਾਨੂੰ ਸੰਵੇਦਨਸੀਲ ਮਨੁੱਖ ਤੋਂ ਮਕਾਨਕੀ ਢੰਗ ਨਾਲ ਕੰਮ ਕਰਨ ਵਾਲੀ ਮਸ਼ੀਨ ਬਣਾ ਕੇ ਰੱਖ ਦਿੱਤਾ ਹੈ ।

ਜੇ ਅਸੀਂ ਪਿੱਛਲੇ ਤਿੰਨ ਕੁ ਦਹਾਕਿਆਂ ਦੌਰਾਨ ਲਿਖੀ ਗਈ ਪੰਜਾਬੀ ਕਹਾਣੀ ਨੂੰ ਨੂੰ ਗਵਾਹ ਬਣਾ ਕੇ ਮਨੁੱਖੀ ਜੀਵਨ ਤੇ ਉਸਦੀ ਸੋਚ ਤੇ ਵਰਤੋਂ ਵਿਵਹਾਰ ਵਿਚ ਆਈਆਂ ਵੱਡੀਆ ਤਬਦੀਲੀਆਂ ਨੂੰ ਵਾਚੀਏ ਤਾਂ ਸਾਨੂੰ ਸਹਿਜੇ ਹੀ ਪਤਾ ਚੱਲ ਜਾਵੇਗਾ ਕਿ ਇਸ ਸਮੇਂ ਦੌਰਾਨ ਦੌਰਾਨ ਭਾਰਤੀ ਲੋਕਾ ਨੇ ਵਿਸ਼ਵੀ ਤਰਜ਼ ਦੇ ਪੂੰਜੀਵਾਦੀ ਪੱਛਮੀ ਸਭਿਆਚਾਰ ਨੂੰ ਅਚੇਤ ਤੇ ਸੁਚੇਤ ਦੋਹਾਂ ਤਰਾਂ ਨਾਲ ਕਬੂਲਿਆ ਹੈ ,ਜਿਸ ਕਾਰਨ ਉਹਨਾ ਦੇ ਜੀਵਨ ਦੀ ਅਸਲ ਤੇ ਲੋਕਾਇਤੀ ਪਹਿਚਾਣ ਗੁਆਚਦੀ ਜਾ ਰਹੀ ਹੈ ਅਜੋਕੇ ਮਨੁੱਖ ਦੇ ਆਪਣੇ ਪੂਰਵਜ਼ੀ ਸਭਿਆਚਾਰਕ ਪਿਛੋਕੜ ਨਾਲੋਂ ਟੁੱਟਣ ਤੇ ਨਵੇ ਵਿਸ਼ਵੀ ਸਭਿਆਚਾਰ ਨਾਲ ਜੁੜਣ ਦੀ ਪ੍ਰੀਕਿਰਿਆ ਨੇ ਮਨੁੱਖੀ ਮਨ ਨੂੰ ਅਤਿਅੰਤ ਗੁੰਝਲਦਾਰ ਤੇ ਜਟਿਲ ਬਣਾ ਦਿੱਤਾ ਹੈ ਅੱਜ ਦਾ ਮਨੁੱਖ ਹਰ ਵੇਲੇ ਉਲਝਿਆ ਰਹਿੰਦਾ ਹੈ ਕਿ ਉਹ ਕੀ ਕਰੇ ਤੇ ਕੀ ਨਾ ਕਰੇ ਵਿਸ਼ਵੀ ਸੰਚਾਰ ਸਾਧਨਾ ਨੇ ਅੱਜ ਦੇ ਮਨੁੱਖੀ ਜੀਵਨ ਮੁੱਲਾਂ ਵਿਚ ਤਬਦੀਲੀ ਦੀ ਰਫਤਾਰ ਏਨੀ ਤੇਜ ਕਰ ਦਿੱਤੀ ਹੈ ਕਿ ਮਨੁੱਖ ਕੀ ਠੀਕ ਹੈ ਤੇ ਕੀ ਗਲਤ ਹੈ ਦਾ ਫੈਸਲਾ ਵੀ ਨਹੀਂ ਲੈ ਪਾ ਰਿਹਾ ਠੀਕ ਤੇ ਗਲਤ ਦੀ ਚੋਣ ਵਿਚ ਉਲਝੀ ਮਨੁੱਖੀ ਮਨ ਦੀ ਅਜਿਹੀ ਦਵੰਦਮਈ ਸਥਿਤੀ ਤੇ ਇਸ ਵਿਚੋਂ ਪੈਦਾ ਹੋਣ ਵਾਲੀਆਂ ਸੂਖਮ ਪ੍ਰਤੀਕ੍ਰਿਆਵਾਂ ਨੂੰ ਸ਼ੁੱਧ ਤੇ ਯਥਾਰਥਕ ਰੂਪ ਵਿਚ ਬਿਆਨ ਕਰਨ ਦੀ ਲੋੜ ਨੇ ਹੀ ਨਵੀਂ ਕਹਾਣੀ ਤੇ ਨਵੇਂ ਨਾਵਲ ਨੂੰ ਜਨਮ ਦਿੱਤਾ ਹੈ। ਭਾਵੇਂ ਗਲਪੀ ਵਿਧਾ ਖੇਤਰ ਵਿਚ ਕਹਾਣੀ ਤੇ ਨਾਵਲ ਵਿਧਾ ਪਹਿਲਾਂ ਵੀ ਸਾਂਝੀਵਾਲਤਾ ਤੇ ਪੂੰਜੀਵਾਦੀ ਯੁੱਗ ਦੇ ਵਿਅਕਤੀਵਾਦ ਦੇ ਆਪਸੀ ਟਕਰਾਓ ਤੇ ਤਣਾਓ ਨੂੰ ਸਫਲਤਾ



ਪੂਰਬਕ ਬਿਆਨਦੇ ਰਹੇ ਹਨ ਪਰ ਨਵੀਂ ਪੰਜਾਬੀ ਕਹਾਣੀ ਨੇ ਇਸ ਬਿਆਨਕਾਰੀ ਨੂੰ ਸ਼ਿੱਦਤ ਦੀ ਪੱਧਰ ਤੇ ਲੈ ਆਂਦਾ ਹੈ।

ਜਿਸ ਤਰਾਂ ਵਿਸ਼ਵੀਕਰਨ ਕੋਈ ਸਮਾਬੱਧ ਸਮੇਂ ਵਿੱਚ ਘਟੀ ਘਟਣਾ ਨਹੀਂ ਹੈ ਸਗੋਂ ਇਹ ਪੜਾਅ ਦਰ ਪੜਾਅ ਨਿਰੰਤਰ ਵਿਕਾਸ ਕਰਨ ਵਾਲਾ ਆਰਥਿਕ ਤੇ ਰਾਜਨੀਤਕ ਤੇ ਸਮਾਜਿਕ ਵਰਤਾਰਾ ਹੈ। ਇਸੇ ਤਰਾਂ ਨਵੀਂ ਕਹਾਣੀ ਵੀ ਵਿਸ਼ੇ ਰੂਪ ਤੇ ਸ਼ੈਲੀ ਪੱਖੋਂ ਪੜਾਅ ਦਰ ਪੜਾਅ ਆਪਣੇ ਵਿਚ ਬਦਲਾਓ ਲਿਉਂਦਿਆਂ ਅਤੇ ਆਪਣੀ ਨਵੀਨਤਾ ਨੂੰ ਉਜਾਗਰ ਕਰਦਿਆਂ ਆਪਣੇ ਮੌਜੂਦਾ ਵਿਕਸਿਤ ਰੂਪ ਤੱਕ ਪਹੁੰਚੀ ਹੈ ਜੀਵਨ ਮੁੱਲਾਂ ਵਿਚ ਨਿੰਰਤਰ ਆਉਣ ਵਾਲੇ ਸੂਖਮ ਬਦਲਾਵਾਂ ਨੂੰ ਪੇਸ਼ ਕਰ ਸਕਣਾ ਹੁਣ ਬਿਰਤਾਂਤਕ ਤੇ ਘਟਣਾ ਪ੍ਰਧਾਨ ਕਹਾਣੀ ਦੇ ਵੱਸ ਦਾ ਰੋਗ ਨਹੀਂ ਹੈ। ਵਿਖੰਡਤ ਮਨੁੱਖੀ ਮਾਨਸਿਕ ਵਿਚ ਪੈਦਾ ਹੋਣ ਵਾਲੀਆਂ ਮਹੀਨ ਪ੍ਰਤੀਕ੍ਰਿਆਵਾ, ਮਨੁੱਖੀ ਮਨ ਦੀ ਨਿਰੰਤਰ ਟੁੱਟ ਭੱਜ ਤੇ ਨਵੇ ਉਸਾਰ ਦੀ ਪ੍ਰੀਕ੍ਰਿਆ ਨੂੰ ਸਮਝਣ ਲਈ ਨਵੇਂ ਅਨੁਭਵ ਦੀ ਲੋੜ ਹੈ , ਇਸ ਲਈ ਇਹ ਕਾਰਜ਼ ਪੁਰਾਣੀ ਤੇ ਸਹਿਜ ਭਾਵੀ ਜੀਵਨ ਜਾਂਚ ਨਾਲ ਜੁੜੇ ਰਹਿਣ ਵਾਲੇ ਤੀਜੀ ਪੀੜ੍ਹੀ ਦੇ ਕਹਾਣੀਕਾਰਾਂ ਲਈ ਕੁਝ ਔਖਾ ਹੈ। ਪਰ ਕਹਾਣੀਕਾਰਾਂ ਦੀ ਚੌਥੀ ਪੀੜ੍ਹੀ, ਜਿੱਥੇ ਖੁਦ ਨਵੇਂ ਯੁਗ ਦੀਆਂ ਨਵੀਆਂ ਮਨੋ ਸਮਾਜਿਕ ਸਮੱਸਿਆਵਾਂ ਨਾਲ ਜੂਝ ਰਹੀ ਹੈ ਉੱਥੇ ਉਹ ਪੁਰਾਣੀਆਂ ਪੂਰਵਜ਼ੀ ਕਦਰਾਂ ਕੀਮਤਾ ਨਾਲ ਲਕੀਰੀ ਮੋਹ ਵੀ ਨਹੀਂ ਰੱਖਦੀ ਇਸ ਲਈ ਉਹ ਨਵੇਂ ਉਸਰ ਰਹੇ ਸਮਾਜਿਕ ਯਥਾਰਥ ਨੂੰ ਹੂ- ਬਹੂ ਪੇਸ਼ ਕਰਨ ਦੀ ਵਧੇਰੇ ਸਮਰੱਥ ਸਾਬਿਤ ਹੋਈ ਹੈ

ਪੀੜ੍ਹੀ ਅੰਤਰ ਦੇ ਤੌਰ 'ਤੇ ਕਹਾਣੀਕਾਰ ਦੀ ਵੰਡ ਦਾ ਅਧਾਰ ਉਨ੍ਹਾ ਦੀ ਉਮਰ ਨੂੰ ਬਣਾਉਣਾ ਮੈਂ ਤਰਕ ਸੰਗਤ ਨਹੀਂ ਸਮਝਦਾ ਭਾਵੇ ਨਵੀਂ ਕਹਾਣੀ ਦੀ ਵਾਗਡੋਰ ਨੌਜਵਾਨ ਕਹਾਣੀਕਾਰ ਅੱਗੇ ਹੋ ਕੇ ਸੰਭਾਲ ਰਹੇ ਹਨ ਸਾਰੇ ਨੌਜਵਾਨ ਕਹਾਣੀਕਾਰਾਂ ਨੂੰ ਨਵੀਂ ਕਹਾਣੀ ਦੇ ਤਰਜ਼ਮਾਨ ਨਹੀਂ ਮੰਨਿਆ ਜਾ ਸਕਦਾ ਇਹਨਾ ਵਿਚੋਂ ਬਹੁਤ ਸਾਰੇ ਕਹਾਣੀਕਾਰ ਅਜੇ ਵੀ ਲਕੀਰੀ ਬਿਰਤਾਂਤ ਵਾਲੀਆ ਘਟਨਾ ਪ੍ਰਧਾਨ ਕਹਾਣੀਆਂ ਲਿਖ ਰਹੇ ਹਨ ਤੇ ਦੂਸਰੇ ਪਾਸੇ ਤੀਜੀ ਪੀੜ੍ਹੀ ਦੇ ਕੁਝ ਉਮਰ ਦਰਾਜ਼ ਕਹਾਣੀਕਾਰ ਜਿਵੇਂ ਪ੍ਰੇਮ ਪ੍ਰਕਾਸ਼, ਗੁਰਬਚਨ ਸਿੰਘ ਭੁੱਲਰ , ਰਾਮ ਸਰੂਪ ਅਣਖੀ, ਦਲਬੀਰ ਚੇਤਨ , ਕਿਰਪਾਲ ਕਜ਼ਾਕ, ਜਿੰਦਰ, ਜੁਗਿੰਦਰ ਨਿਰਾਲਾ, ਗੁਰਦਿਆਲ ਦਲਾਲ , ਪਰਗਟ ਸਿੰਘ ਸਿੱਧੂ, ਜਸਵੀਰ ਭੁਲਰ, ਨੱਛਤਰ, ਲਾਲ ਸਿੰਘ, ਸੁਖਵੰਤ ਕੋਰ ਮਾਨ ਆਦਿ ਨੇ ਪੰਜਾਬੀ ਕਹਾਣੀ ਦੇ ਨਵ ਯਥਾਰਥ ਨੂੰ ਬਹੁਤ ਸਫਲਤਾ ਪੂਰਬਕ ਰੂਪਮਾਨ ਕੀਤਾ ਹੈ ਤੇ ਅਜੇ ਵੀ ਕਰ ਰਹੇ ਹਨ ਅਸਲ ਵਿਚ ਕਹਾਣੀਕਾਰਾਂ ਦੀ ਪੀੜ੍ਹੀਆਂ ਨੂੰ ਕਾਲ ਖੰਡ ਅਨੁਸਾਰ ਵੰਡਣਾ ਵਧੇਰੇ ਤਰਕ ਸੰਗਤ ਹੈ ਭਾਵੇਂ ਨਵੀਂ ਪੰਜਾਬੀ ਕਹਾਣੀ ਦੇ ਕਿਸੇ ਕਾਲ ਖੰਡ ਦਾ ਨਿਸਚਿਤ ਸਮਾਂ ਨਿਰਧਾਰਤ ਨਹੀਂ ਕੀਤਾ ਜਾ ਸਕਦਾ ਪਰ ਜਿਸ ਤਰੀਕੇ ਨਾਲ ਪੰਜਾਬੀ ਕਹਾਣੀ 'ਚ ਵਿਸ਼ਾਗਤ ਤੇ ਰੂਪਗਤ ਖੇਤਰ ਵਿਚ ਵੱਡੀਆ ਤਬਦੀਲੀਆ ਆਈਆ ਹਨ, ਉਸ ਅਨੁਸਾਰ ਵੀਹਵੀ ਸਦੀ ਦੇ ਅੰਤਲੇ ਦਹਾਕੇ ਦੇ ਅਰੰਭ ਤੋਂ ਲੈ ਕੇ ਹੁਣ ਤੱਕ ਦੀ ਕਹਾਣੀ ਨੂੰ ਬਦਲ ਰਹੇ ਸਮਾਜ ਤੇ ਇਸ ਵਿੱਚ ਆ ਰਹੀਆ ਵੱਡੀਆ ਸਮਾਜਿਕ ਤਬਦੀਲੀਆਂ ਦੀ ਗਤੀ ਨੂੰ ਵਧੇਰੇ ਸ਼ਿੱਦਤ ਨਾਲ ਬਿਆਨ ਕਰਕੇ ਚੌਥੀ ਪੀੜ੍ਹੀ ਦੀ ਕਹਾਣੀ ਹੋਣ ਦਾ ਮਾਣ ਹਾਸਿਲ ਕੀਤਾ ਹੈ ਭਾਵੇਂ ਅਜੇ ਵੀ ਪਾਠਕਾਂ ਨੂੰ ਕੋਈ ਸੰਦੇਸ਼ ਜਾ ਸੇਧ ਦੇਣ ਦੇ ਨਾਂ ਤੇ ਆਦਰਸ਼ਵਾਦੀ ਰੰਗਣ ਵਾਲੀ ਕਹਾਣੀ ਲਿਖੀ ਜਾ ਰਹੀ ਹੈ ਫਿਰ ਵੀ ਵਰਤਮਾਨ ਦੌਰ ਦੀ ਕਹਾਣੀ ਆਪਣੇ ਨਵੇਂਪਣ ਦੇ ਬਹੁਤ ਸਾਰੇ ਲੱਛਣ ਵਿਖਾਈ ਦੇਂਦੇ ਹਨ।

ਨਵੀਂ ਕਹਾਣੀ ਦਾ ਨਵਾਂ ਬੌਧਿਕ ਵਿਵਹਾਰ ਮਨੁੱਖ ਦੇ ਬਾਹਰੀ ਥਥਾਰਥ ਨਾਲੋਂ ਉਸਦੇ ਅੰਤਰੀਵੀ ਮਨੋ ਵਿਗਿਆਨਕ ਯਥਾਰਥ ਨਾਲ ਵਾ-ਬਸਤਾ ਹੈ ਇਸ ਲਈ ਇਸ ਨਵੇਂ ਬੌਧਿਕ ਵਿਵਹਾਰ ਨਾਲ ਆਪਣੀ ਮਾਨਸਿਕ ਇੱਕਸੁਰਤਾ ਨਾ ਬਿਠਾ ਸਕਣ ਵਾਲੇ ਤੀਜੀ ਪੀੜ੍ਹੀ ਦੇ ਬਹੁਤ ਸਾਰੇ ਕਹਾਣੀਕਾਰ ਜਾਂ ਤਾਂ ਚੁੱਪ ਕਰਕੇ ਘਰ ਬੈਠ ਗਏ ਹਨ ਜਾਂ ਨਵੀਂ ਕਹਾਣੀ ਦੀਆਂ ਨਵੀਆਂ ਪ੍ਰਵਿਰਤੀਆਂ ਨੂੰ ਇਕ ਹੱਦ ਤੱਕ ਅਪਣਾ ਕੇ ਇਸ ਖੇਤਰ ਵਿਚ ਆਪਣੀ ਹੋਂਦ ਬਣਾਈ ਰਖਣ ਲਈ ਯਤਨਸ਼ੀਲ ਹਨ ਇਹ ਗੱਲ ਹੁਣ ਤੀਜੀ ਪੀੜ੍ਹੀ ਦੇ ਕਹਾਣੀਕਾਰਾ ਨੇ ਦਿਲੋਂ ਸਵੀਕਾਰ ਲਈ ਲੱਗਦੀ ਹੈ ਕਿ ਨਵੇਂ ਕਹਾਣੀਕਾਰ ਆਪਣੇ ਅਨੁਭਵ ਤੇ ਅਭਿਵਿਅਕਤੀ ਪੱਖੋਂ ਉਨ੍ਹਾਂ ਤੋਂ ਵੱਖਰੇ ਹਨ। ਪਹਿਲੀਆਂ ਤਿੰਨ ਪੀੜ੍ਹੀਆ ਦੇ ਕਹਾਣੀਕਾਰਾਂ ਨੇ ਆਪਣੇ ਆਪਣੇ ਸਮੇਂ ਵਿਚ ਪੰਜਾਬੀ ਕਹਾਣੀ ਦੇ ਬਹੁਤ ਸਾਰੇ ਨਵੇਂ ਦਿੱਸਹੱਦਿਆਂ ਦੀ ਨਿਸ਼ਾਨਦੇਹੀ ਕੀਤੀ ਹੈ ਪਰ ਸਮਾਂ ਏਨੀ ਤੇਜੀ ਨਾਲ ਬਦਲਿਆ ਹੈ ਕਿ ਉਹ ਨਵੇਂ ਸਮੇਂ ਦੇ ਨਵ ਯਥਾਰਥ ਨੂੰ ਆਪਣੀ ਮਾਨਸਿਕ ਸਵਕ੍ਰਿਤੀ ਦੇਣ ਤੋਂ ਹੁਣ ਆਪਣੇ ਆਪ ਨੂੰ ਅਸਮਰੱਥ ਪਾ ਰਹੇ ਹਨ। ਸਮੇਂ ਦੀ ਬਦਲਦੀ ਤੋਰ ਦੇ ਨਾਲ ਚੱਲਣ ਦੀ ਕੋਸ਼ਿਸ਼ ਕਰਨ ਵਾਲੇ ਪ੍ਰੇਮ ਪ੍ਰਕਾਸ਼ ਤੇ ਰਾਮ ਸਰੂਪ ਅਣਖੀ ਵਰਗੇ ਤੀਜੀ ਪੀੜ੍ਹੀ ਦੇ ਕੁਝ ਪ੍ਰੋਢ ਕਹਾਣੀਕਾਰਾਂ ਨੇ ਪੰਜਾਬੀ ਕਹਾਣੀ ਦੇ ਚੰਗੇਰੇ ਭਵਿੱਖ ਲਈ ਨਵੇਂ ਕਹਾਣੀਕਾਰਾਂ ਨੂੰ ਆਪਣੇ ਪਰਚਿਆ 'ਲਕੀਰ' ਤੇ 'ਕਹਾਣੀ ਪੰਜਾਬ' ਰਾਹੀ ਵਿਸ਼ੇਸ਼ ਮੰਚ ਪ੍ਰਦਾਨ ਕੀਤਾ ਤੇ ਦੋਹਾਂ ਨੇ ਨਵੀਂ ਕਹਾਣੀ ਨੂੰ ਲੈ ਕੇ ਕੁਝ ਕਹਾਣੀ ਸੰਗ੍ਰਹਿ ਵੀ ਸੰਪਾਦਿਤ ਕੀਤੇ ਸਨ। ਇਹ ਵੱਖਰੀ ਗੱਲ ਹੈ ਕਿ ਨਵੇਂ ਕਹਾਣੀਕਾਰਾਂ ਨੇ ਆਪਣੀ ਪ੍ਰਤਿਭਾ ਦੇ ਬਲਬੂਤੇ ਤੇ ਆਪਣੀ ਪਛਾਣ ਆਪ ਬਣਾਈ ਹੈ ਫਿਰ ਵੀ ਪ੍ਰੌਢ ਤੇ ਸਥਾਪਿਤ ਕਹਾਣੀਕਾਰਾਂ ਵੱਲੋਂ ਨਵੀ ਕਹਾਣੀ ਤੇ ਨਵੇਂ ਕਹਾਣੀਕਾਰਾਂ ਦੇ ਦੇ ਉਭਾਰ ਲਈ ਜਿਹੜਾ ਯੋਗਦਾਨ ਪਾਇਆ ਹੈ। ਉਸ ਦਾ ਆਪਣਾ ਇਕ ਵੱਖਰਾ ਸਾਹਿਤਕ ਮੁੱਲ ਹੈ। ਇਸ ਗੱਲ ਲਈ ਉਹਨਾਂ ਦੀ ਵਡਿਆਈ ਕਰਨੀ ਬਣਦੀ ਹੈ ਕਿ ਉਹਨਾਂ ਨਵੇਂ ਰਾਹੀਆਂ ਦੇ ਰਾਹ ਵਿਚ ਅੜਿਕਾ ਬਨਣ ਦੀ ਬਜਾਏ ਆਪ ਉਹਨਾਂ ਦੀ ਕਹਾਣੀ ਪ੍ਰਤਿਭਾ ਦੇ ਵਿਕਾਸ ਲਈ ਰਾਹ ਤਿਆਰ ਕੀਤਾ। ਨਵੀਂ ਕਹਾਣੀ ਦੀ ਪਿੱਠ ਥਾਪੜਨ ਲਈ ਪ੍ਰੇਮ ਪ੍ਰਕਾਸ , ਰਾਮ ਸਰੂਪ ਅਣਖੀ ਤੇ ਮੋਹਨ ਭੰਡਾਰੀ ਨੇ ਜਿਹੜੀ ਸਰਪ੍ਰਸਤੀ ਦਿੱਤੀ ਹੈ ਉਹ ਇਸ ਕਹਾਣੀ ਨੂੰ ਛੇਤੀ ਮਾਨਤਾ ਦਿਵਾਉਣ ਵਿਚ ਬਹੁਤ ਮੱਦਦਗਾਰ ਬਣੀ ਹੈ। ਨਵੀਨਤਾਂ ਤੇ ਪੁਰਾਨਤਾਂ ਦੀ ਹਮੇਸ਼ਾ ਟੱਕਰ ਰਹੀ ਹੈ, ਜੇ ਨਵੇਂ ਜੀਵਨ ਮੁੱਲਾਂ ਦੀ ਇਕ ਹੱਦ ਤੱਕ ਪੈਰਵਾਈ ਕਰਨ ਵਾਲੀ ਨਵੀਂ ਪੰਜਾਬੀ ਕਹਾਣੀ ਦੇ ਹੱਕ ਵਿਚ ਪ੍ਰੋਢ ਕਹਾਣੀਕਾਰ ਨਾ ਨਿਤਰਦੇ ਤਾਂ ਨਵੀ ਕਹਾਣੀ ਏਨੀ ਛੇਤੀ ਇਸ ਵੇਲੇ ਦੀ ਮੁੱਖ ਕਹਾਣੀਧਾਰਾ ਬਣ ਕੇ ਨਹੀ ਸੀ ਉਭਰ ਸਕਦੀ।

ਨਵੀ ਪੰਜਾਬੀ ਕਹਾਣੀ ਆਪਣੇ ਪਾਤਰਾਂ ਦੀ ਚਰਿਤਰ ਉਸਾਰੀ ਨਾਇਕ- ਖਲਨਾਇਕ , ਨੈਤਿਕ - ਅਨੈਤਿਕ ਠੀਕ ਗਲਤ ਜਾਂ ਪ੍ਰਵਾਨਿਤ ਵਰਜਿਤ ਦੇ ਦ੍ਰਿਸ਼ਟੀਕੋਨ ਤੋਂ ਨਹੀਂ ਕਰਦੀ ਸਗੋਂ ਇਸ ਪੇਸ਼ਕਾਰੀ ਲਈ ਨਿਰੋਲ ਯਥਾਰਥਕ ਦ੍ਰਿਸ਼ਟੀ ਕੋਨ ਅਪਨਾਉਦੀ ਹੈ । ਇਹ ਕਹਾਣੀ ਅਜਿਹੀਆਂ ਆਦਰਸ਼ਕ ਸਥਿਤਿਆ ਸਿਰਜਣ ਵਿਚ ਵੀ ਵਿਸਵਾਸ਼ ਨਹੀਂ ਰੱਖਦੀ ਜਿਹੜੀਆਂ ਕੁਝ ਚੋਣਵੇਂ ਪਾਤਰਾਂ ਨੂੰ ਉਹਨਾਂ ਦੀ ਮਨੁੱਖਤਾ ਪ੍ਰਤੀ ਸਕਾਰਤਮਕ ਸੋਚ ਦੇ ਅਧਾਰ ਤੇ ਨਾਇਕ ਦੇ ਤੌਰ ਤੇ ਉਭਾਰਦੀਆਂ ਹਨ ਤੇ ਕੁਝ ਨੂੰ ਵਿਰੋਧੀ ਸੋਚ ਦੀ ਤਰਜਮਾਨੀ ਕਰਨ ਕਰਕੇ ਖਲਨਾਇਕ ਦਾ ਦਰਜ਼ਾ ਦੇਂਦੀਆ ਹਨ ਨਵੀਂ ਕਹਾਣੀ ਦਾ ਨਾਇਕ ਤੇ ਖਲਨਾਇਕ ਇਕੋ ਜਿਸਮ ਵਿਚ ਵਾਸਾ ਕਰਦਾ ਹੈ ਤੇ ਸਮੇਂ, ਸਥਿਤੀਆਂ, ਸਮਾਜਿਕ ਦਬਾਵਾਂ ਤੇ ਵਿਅਕਤੀਗਤ ਹਿੱਤਾ ਮੁਤਾਬਿਕ ਕਿਸੇ ਵੇਲੇ ਨਾਇਕ ਤੇ ਕਿਸੇ ਵੇਲੇ ਖਲਨਾਇਕ ਦਾ ਰੂਪ ਧਾਰਨ ਕਰ ਲੈਂਦਾ ਹੈ। ਭਾਵੇਂ ਸੁਜਾਨ ਸਿੰਘ, ਕੁਲਵੰਤ ਸਿੰਘ ਵਿਰਕ ਤੇ ਸੰਤੋਖ ਸਿੰਘ ਧੀਰ ਦੇ ਯੁੱਗ ਤੋਂ ਲੈ ਹੁਣ ਤੱਕ ਦੇ ਕਹਾਣੀਕਾਰਾਂ ਵੱਲੋਂ ਕਹਾਣੀ ਪ੍ਰਤੀ ਯਥਰਥਿਕ ਪਹੁੰਚ ਅਪਨਾਉਣ ਦੇ ਦਾਅਵੇ ਕੀਤੇ ਜਾ ਰਹੇ



ਹਨ ਤੇ ਸਾਹਿਤ ਸਮੀਖਿਅਕਾਂ ਵੱਲੋਂ ਵੀ ਉਹਨਾਂ ਨੂੰ ਯਥਾਰਥਵਾਦੀ ਕਹਾਣੀਕਾਰ ਵਜੋਂ ਸਵੀਕਾਰਿਆ ਜਾਂਦਾ ਰਿਹਾ ਹੈ ਪਰ ਹਕੀਕਤ ਇਹ ਹੈ ਕਿ ਪੰਜਾਬੀ ਕਹਾਣੀ ਵਿੱਚਲੇ ਯਥਾਰਥਕ ਦੇ ਪ੍ਰਮਾਣਿਕ ਹੋਣ ਦਾ ਪੁਖਤਾ ਸਬੂਤ ਨਵੀਂ ਪੰਜਾਬੀ ਕਹਾਣੀ ਨੇ ਹੀ ਪੇਸ਼ ਕੀਤਾ ਹੈ। ਸਾਡੀ ਪੂਰਵਲੀ ਕਹਾਣੀ ਆਪਣੇ ਪਾਤਰਾ ਦਾ ਸਮਾਜਿਕ ਯਥਾਰਥ ਪੇਸ਼ ਕਰਦਿਆਂ ਵੀ ਇਕ ਤਰਾਂ ਦੇ ਇੱਛਤ ਤੇ ਉਦੇਸ਼ ਮੂਲਕ ਆਦਰਸ਼ ਦੀ ਸਥਾਪਨਾ ਦੇ ਮੰਤਵ ਨਾਲ ਜੁੜੀ ਰਹੀ ਹੈ। ਮਾਰਕਸਵਾਦੀ ਆਲੋਚਨਾਂ ਦੀ ਭਾਸ਼ਾ ਵਿਚ ਇਸ ਨੂੰ 'ਇੱਛਤ ਯਥਾਰਥ' ਦਾ ਨਾ ਦਿੱਤਾ ਜਾਂਦਾ ਹੈ। ਇੱਛਾ ਕਦੇ ਵੀ ਕਲਪਣਾ ਰਹਿਤ ਨਹੀਂ ਹੁੰਦੀ, ਇਸ ਤਰਾਂ ਇੱਛਤ ਯਾਥਰਥਵਾਦ ਨੂੰ ਵੀ ਨਿਰੋਲ ਤੇ ਸ਼ੁਧ ਯਥਾਰਥ ਦਾ ਨਾਂ ਨਹੀਂ ਦਿੱਤਾ ਜਾ ਸਕਦਾ ਨਵੀਂ ਕਹਾਣੀ ਮਨੁੱਖੀ ਮਾਨਸਿਕਤਾ ਵਿਚ ਵੱਖ ਵੱਖ ਸਮੇਂ ਤੇ ਵੱਖ ਵੱਖ ਪ੍ਰਸਥਿਤੀਆਂ ਅਨੁਸਾਰ ਆਉਂਦੇ ਬਦਲਾਵਾਂ ਤੇ ਉਤਰਾਵਾਂ ਚੜਾਵਾਂ ਨੂੰ ਉਹਨਾਂ ਦੇ ਵਾਸਤਵਿਕ ਸਰੂਪ ਰੂਪ ਵਿਚ ਪੇਸ਼ ਕਰਨ ਵਿਚ ਹੀ ਵਿਸਵਾਸ਼ ਰੱਖਦੀ ਹੈ ਤੇ ਅੱਜ ਦੇ ਮਨੁੱਖ ਨੂੰ ਉਸੇ ਰੂਪ ਵਿਚ ਹੀ ਪੇਸ਼ ਕਰਦੀ ਹੈ ਜਿਹਾ ਉਹ ਅੰਦਰੋ ਹੈ ਇੱਥੇ ਤੀਜੀ ਪੀੜ੍ਹੀ ਦੇ ਬਹੁਤੇ ਕਹਾਣੀਕਾਰਾਂ ਦੀ ਵਿਚਾਰਧਾਰਕ ਪ੍ਰਤੀਬੱਧਤਾ ਉਹਨਾਂ ਨੂੰ ਇਹ ਇਜਾਜ਼ਤ ਨਹੀਂ ਦੇਂਦੀ ਕੇ ਉਹ ਸਮੇਂ ਦੇ ਯਥਾਰਥ ਨੂੰ ਪੇਸ਼ ਕਰਕੇ ਆਪਣੇ ਹੀ ਕਹਾਣੀਆਂ ਵੱਲੋਂ ਸਿਰਜੇ ਪੂਰਵਲੇ ਆਦਰਸ਼ ਦੀ ਉਲੰਘਣਾ ਕਰਨ ਸਾਰੀ ਉਮਰ ਵਿਚਾਰਧਾਰਕ ਪ੍ਰਤੀਬੱਧਤਾ ਨਿਭਾਉਣ ਵਾਲੇ ਕਹਾਣੀਕਾਰਾਂ ਨੂੰ ਅਜਿਹਾ ਕਰਨਾ ਵੀ ਨਹੀਂ ਚਾਹੀਦਾ ਉਹਨਾਂ ਪੰਜਾਬੀ ਕਹਾਣੀ ਲਈ ਬਹੁਤ ਕੁਝ ਕੀਤਾ ਹੈ ਤੇ ਪੰਜਾਬੀ ਕਹਾਣੀ ਦੇ ਇਤਹਾਸ ਵਿਚ ਉਹਨਾਂ ਦਾ ਨਾ ਗੂੜ੍ਹੇ ਅੱਖਰਾਂ ਵਿਚ ਲਿਖਿਆ ਜਾ ਚੁੱਕਾ ਹੈ ਨਵੀਂ ਕਹਾਣੀ ਦੀ ਆਮਦ ਦਾ ਅਰਥ ਇਹ ਨਹੀਂ ਹੈ ਕਿ ਹੁਣ ਪ੍ਰਗਤੀਵਾਦੀ ਦੌਰ ਦੀ ਕਹਾਣੀ ਦਾ ਸਾਹਿਤਕ ਮੁੱਲ ਘੱਟ ਗਿਆ ਹੈ।

1990 ਤੋਂ ਪਹਿਲਾਂ ਲਿਖੀ ਕਹਾਣੀ ਦੇ ਪਾਤਰ ਕਹਾਣੀਕਾਰ ਦਾ ਆਖਾ ਸਹਿਜੇ ਹੀ ਮੰਨ ਲੈਂਦੇ ਸਨ ਤੇ ਕਹਾਣੀਕਾਰ ਵੱਲੋਂ ਕਹਾਣੀ ਦਾ ਕੋਈ ਸਮਾਜ ਉਸਾਰੂ ਜਾਂ ਸਮਾਜ ਦੀ ਬਹੁ ਗਿਣਤੀ ਵੱਲੋਂ ਪ੍ਰਵਾਨਿਤ ਗਲਪੀ ਬਿੰਬ ਉਸਾਰਣ ਦੇ ਯਤਨਾਂ ਵਿਚ ਉਸਦੇ ਸਹਾਇਕ ਦੀ ਭੂਮਿਕਾ ਨਿਭਾਉਂਦੇ ਸਨ ਪਰ ਨਵੀਂ ਕਹਾਣੀ ਦੇ ਪਾਤਰ ਕੁਝ ਅਮੋੜ ਕਿਸਮ ਦੇ ਹਨ, ਜਿਹੜੇ ਕਹਾਣੀਕਾਰ ਤੇ ਹੀ ਇਹ ਦਬਾਓ ਪਾਉਂਦੇ ਹਨ ਕਿ ਉਹਨਾਂ ਨੂੰ ਉਹਨਾਂ ਦੇ ਹਿੱਸੇ ਦਾ ਯਥਾਰਥ ਜਿਉਂ ਲੈਣ ਦਿੱਤਾ ਜਾਵੇ ਉਹ ਕਿਸੇ ਵੀ ਸੂਰਤ ਵਿਚ ਕਹਾਣੀਕਾਰ ਦੇ ਹੱਥਾਂ ਦੀਆਂ ਕੱਠਪੁਲੀਆ ਬਨਣ ਲਈ ਤਿਆਰ ਨਹੀਂ ਪਹਿਲਾਂ ਵਾਲੀ ਕਹਾਣੀ ਦਾ ਅੰਤ ਕਰਨ ਸਮੇ ਕਹਾਣੀਕਾਰ ਦੀ ਵਧੇਰੇ ਮਰਜ਼ੀ ਚਲਦੀ ਸੀ ਪਰ ਨਵੀਂ ਕਹਾਣੀ ਦਾ ਅੰਤ ਉਸਦੇ ਪਾਤਰਾਂ ਦੀ ਮਰਜ਼ੀ ਤੇ ਨਿਰਭਰ ਹੈ। ਕਹਾਣੀ ਲਿਖਦਿਆਂ ਕਈ ਵਾਰ ਪਾਤਰ ਮੂੰਹ ਜ਼ੋਰ ਹੋ ਕੇ ਕਹਾਣੀ ਦੇ ਅੰਤ ਨੂੰ ਉਸ ਸਥਿਤੀ ਤੇ ਪਹੁੰਚਾ ਦੇਂਦੇ ਹਨ ਜਿਸ ਬਾਰੇ ਨਾ ਤਾਂ ਕਹਾਣੀਕਾਰ ਨੇ ਕਹਾਣੀ ਸ਼ੁਰੂ ਕਰਨ ਤੋਂ ਪਹਿਲਾ ਸੋਚਿਆ ਹੁੰਦਾ ਹੈ ਤੇ ਨਾ ਹੀ ਪਾਠਕ ਇਸ ਬਾਰੇ ਕੋਈ ਆਗਾਊ ਅਨੁਮਾਨ ਲਾ ਸਕਦੇ ਹਨ।

ਨਵੀਂ ਕਹਾਣੀ ਮਨੁੱਖੀ ਅਜਾਦੀ ਦੇ ਸਕੰਲਪ ਨੂੰ ਵੀ ਨਵੇ ਸਿਰਿਓਂ ਪ੍ਰਭਾਸ਼ਿਤ ਕਰਦੀ ਹੈ। ਇਹ ਕਹਾਣੀ ਹਰ ਉਸ ਸਮਾਜਿਕ ਪਰੰਪਰਾਂ ਤੇ ਜਾਬਤੇ ਨੂੰ ਤੋੜਣ ਵਿਚ ਵਿਸ਼ਵਾਸ਼ ਰੱਖਦੀ ਹੈ। ਜਿਹੜਾ ਮਨੁੱਖ ਨੂੰ ਅਜ਼ਾਦ ਤੌਰ ਤੇ ਵਿਚਰਣ ਤੋਂ ਰੋਕਦਾ ਹੋਵੇ। ਇਹ ਕਹਾਣੀ ਪੱਛਮ ਦੀ ਤਰਜ਼ ਤੇ ਮਨੁੱਖ ਦੀਆਂ ਕਾਮ ਪੂਰਤੀ ਨਾਲ ਜੁੜੀਆਂ ਭਾਵਨਾਵਾਂ ਨੂੰ ਸਦਾਚਾਰ ਤੇ ਨੈਤਿਕ ਜਾਬਤੇ ਦੀ ਉਲੰਘਣਾ ਦੇ ਰੂਪ ਵਿਚ ਪੇਸ਼ ਨਹੀਂ ਕਰਦੀ ਸਗੋਂ ਇਹਨਾਂ ਨੂੰ ਮਨੁੱਖ ਦੀਆਂ ਕੁਦਰਤੀ ਲੋੜ ਦੇ ਰੂਪ ਵਿਚ ਉਭਾਰਦੀ ਹੈ। ਇਹ ਕਹਾਣੀਆਂ ਕਈ ਵਾਰ ਪਿਆਰ ਖੁਲ੍ਹ ਨੂੰ ਜਿਨਸੀ ਸਬੰਧਾ ਦੀ ਖੁੱਲ੍ਹ ਨਾਲ ਜੋੜ ਕੇ ਵੀ ਇਸ

ਨੂੰ ਸਮਾਜਿਕ ਮਾਨਤਾ ਦਿਵਾਉਣ ਦੇ ਰਾਹ ਤੁਰ ਪੈਂਦੀਆ ਹਨ। ਇਸ ਤਰਾਂ ਦੀਆਂ ਕਹਾਣੀਆਂ ਵਿਚ ਇਹ ਤੱਥ ਸਾਫ਼ ਤੌਰ ਤੇ ਉਭਰ ਕੇ ਸਾਹਮਣੇ ਆਉਂਦੇ ਹਨ ਕਿ ਬਾਹਰੀ ਤੌਰ ਤੇ ਕਾਮ ਸਬੰਧੀ ਨੈਤਿਕ ਜਾਬਤੇ ਦਾ ਢਿੰਡੋਰਾਂ ਪਿੱਟਣ ਵਾਲੇ ਮਨੁੱਖ ਦਾ ਅੰਦਰਲਾ ਜਾਬਤਾ ਬਹੁਤ ਕੰਮਜੋਰ ਹੈ। ਜਦੋਂ ਚੌਥੀ ਪੀੜ੍ਹੀ ਦੇ ਕੁਝ ਲੇਖਕਾਂ ਨੇ ਕਾਮ ਸਬੰਧੀ ਮਨੁੱਖੀ ਮਨੋ-ਗਰੰਥੀਆਂ ਦੇ ਨਿਸੰਗ ਵਰਨਣ ਨੂੰ ਆਪਣੀਆ ਲਿਖਤਾਂ ਦਾ ਹਿੱਸਾ ਬਣਾਇਆ ਤਾਂ ਸਾਹਿਤਕ ਪਰੰਪਰਾ ਤੇ ਆਧੁਨਿਕਤਾ ਵਿਚਕਾਰ ਵਿਆਪਕ ਤਣਾਓ ਵੇਖਣ ਨੂੰ ਮਿਲਿਆ ਤੇ ਰਾਮ ਸਰੂਪ ਅਣਖੀ ਵਰਗੇ ਸਮਰੱਥ ਕਹਾਣੀਕਾਰਾਂ ਨੂੰ ਵੀ ਕਾਮ ਕਹਾਣੀਆਂ ਲਿਖਣ ਵਾਲੇ ਕਹਾਣੀਕਾਰ ਕਹਿ ਕੇ ਭੰਡਿਆ ਜਾਂਦਾ ਰਿਹਾ ਪਰ ਪਿਛਲੇ ਡੇਢ ਕੁ ਦਹਾਕੇ ਤੋਂ ਆਈ ਸੰਚਾਰ ਕ੍ਰਾਂਤੀ ਨੇ ਇਸ ਵਿਸ਼ੇ ਪ੍ਰਤੀ ਪਾਠਕਾਂ ਦੀ ਸੋਚ ਨੂੰ ਬਦਲਣਾ ਸ਼ੁਰੂ ਕੀਤਾ ਤਾਂ ਇਹ ਤਣਾਓ ਘਟਣ ਲੱਗ ਪਿਆ। ਹੁਣ ਉਹ ਸਮਾਂ ਹੈ ਜਦੋਂ ਸਮਲਿੰਗਕਤਾ ਵਰਗੇ ਅਤਿ ਵਰਜਿਤ ਸਮਝੇ ਜਾਂਦੇ ਵਿਸ਼ਿਆ ਤੇ ਵੀ ਧੜੱਲੇ ਨਾਲ ਕਲਮ ਅਜਮਾਈ ਹੋਣ ਲੱਗ ਪਈ ਹੈ। ਇਸੇ ਲਈ ਸਮਾਜਿਕ ਤੇ ਨੈਤਿਕ ਤੌਰ ਤੇ ਵਰਜਿਤ 'ਚੌਥੀ ਕੂੰਟ' ਵਿਚ ਜਾਣ ਦੀ ਦਲੇਰੀ ਕਰਨ ਵਾਲੇ ਲੇਖਕਾਂ ਨੂੰ ਪ੍ਰਬੁੱਧ ਕਹਾਣੀਕਾਰ ਪ੍ਰੇਮ ਪ੍ਰਕਾਸ਼ ਨੇ ਚੌਥੀ ਕੂੰਟ ਦੇ ਕਹਾਣੀਕਾਰ ਹੋਣ ਦਾ ਦਰਜ਼ਾ ਦਿੱਤਾ ਹੋਇਆ ਹੈ। ਪ੍ਰੇਮ ਪ੍ਰਕਾਸ਼ ਦਾ ਮੰਨਣਾ ਸੀ ਕਿ ਪਹਿਲੀਆਂ ਤਿੰਨ ਪੀੜ੍ਹੀਆ ਦੇ ਕਹਾਣੀਕਾਰ ਪੂਰਵਜ਼ੀ ਸੰਸਕਾਰਾਂ ਵਿਚ ਬੱਝੇ ਹੋਏ ਕੇਵਲ ਸਮਾਜ ਦੀਆਂ ਤਿੰਨ ਕੂੰਟਾ ਵੱਲ ਹੀ ਜਾਂਦੇ ਰਹੇ ਹਨ, ਜਦੋ ਕਿ ਚੌਥੀ ਪੀੜ੍ਹੀ ਦੇ ਕਹਾਣੀਕਾਰਾਂ ਨੇ ਚੌਥੀ ਤੇ ਵਰਜਿਤ ਕੂੰਟ ਵਿਚ ਜਾਣ ਦੀ ਜ਼ੁਅਰਤ ਵਿਖਾਈ ਹੈ।

ਸਮਾਜਿਕ ਤੌਰ ਤੇ ਵਰਜਿਤ ਕਰਾਰ ਦਿੱਤੇ ਔਰਤ ਮਰਦ ਦੇ ਜਿਨਸੀ ਸਬੰਧ ਦੀ ਪੇਸ਼ਕਾਰੀ ਪੁਰਾਣੀ ਜਾ 1980 ਤੋਂ ਪਹਿਲਾਂ ਦੀ ਕਹਾਣੀ ਵਿਚ ਹੁੰਦੀ ਰਹੀ ਹੈ ਪਰ ਇਹਨਾਂ ਸਬੰਧਾਂ ਦੀ ਖੁੱਲ੍ਹ ਕੇ ਵਕਾਲਤ ਕਰਨ ਤੇ ਮਰਦ ਔਰਤ ਅੰਦਰ ਕਾਮ ਜ਼ਜ਼ਬਿਆਂ ਦੀ ਸ਼ਿੱਦਤ ਬਿਆਨੀ ਕਰਨ ਦੀ ਜ਼ੁਅਰਤ ਨਵੀਂ ਕਹਾਣੀ ਦੇ ਉਪਾਸ਼ਕ ਕਹਾਣੀਕਾਰਾਂ ਨੇ ਹੀ ਕੀਤੀ ਹੈ ਤੀਜੀ ਪੀੜ੍ਹੀ ਦੇ ਕਹਾਣੀਕਾਰ ਪ੍ਰੇਮ ਪ੍ਰਕਾਸ਼, ਅਜੀਤ ਕੌਰ , ਗੁਰਬਚਨ ਸਿੰਘ ਭੁੱਲਰ ਤੇ ਰਾਮ ਸਰੂਪ ਅਣਖੀ ਨੇ ਵਰਜਿਤ ਰਿਸ਼ਤਿਆ ਨੂੰ ਪ੍ਰਵਾਨਿਤ ਰਿਸ਼ਤਿਆ ਵਜੋ ਮਾਨਤਾ ਦੇਣ ਦੀ ਪਹਿਲ ਕਦਮੀ ਕੀਤੀ ਤਾਂ ਨਿਰਮਲ ਜਸਵਾਲ. ਵੀਨਾ ਵਰਮਾ, ਜਿੰਦਰ, ਜੁਗਿੰਦਰ ਨਿਰਲਾ, ਜਗਰੂਪ ਸਿੰਘ ਦਾਤੇਵਾਸ, ਤਲਵਿੰਦਰ ਸਿੰਘ, ਬਲਬੀਰ ਪਰਵਾਨਾ, ਹਰਪਾਲ ਜੀਤ ਪਾਲੀ, ਗੁਰਪਾਲ ਲਿੱਟ , ਪ੍ਰੇਮ ਗੋਰਖੀ, ਗੁਰਚਰਨ ਚਾਹਲ ਭੀਖੀ, ਦਲਬੀਰ ਚੇਤਨ, ਦਰਸ਼ਨ ਮਿਤਵਾ ਤੇ ਐਸ ਬਲਵੰਤ ਆਦਿ ਤੀਜੀ ਪੀੜ੍ਹੀ ਦੇ ਕਹਾਣੀਕਾਰਾਂ ਨੇ ਇਸ ਵਿਸ਼ੇ ਦੇ ਅਗਲੇ ਵਿਸਥਾਰ ਤਲਾਸ਼ ਕਰਨ ਵਿਚ ਆਪਣੇ ਵੱਲੋਂ ਕੋਈ ਕਸਰ ਬਾਕੀ ਨਹੀਂ ਰੱਖੀ ਇਸ ਤੋਂ ਬਾਦ ਆਉਣ ਵਾਲੀ ਕਹਾਣੀਕਾਰਾਂ ਦੀ ਚੌਥੀਂ ਪੀੜ੍ਹੀ ਵਿੱਚੋਂ ਸੁਖਜੀਤ, ਦੇਸ ਰਾਜ ਕਾਲੀ, ਭਗਵੰਤ ਰਸੂਲਪੁਰੀ, ਤ੍ਰਿਪਤਾ ਕੇ. ਸਿੰਘ, ਅਜਮੇਰ ਸਿੱਧੂ, ਕੁਲਵੰਤ ਗਿੱਲ ਸੁਕੀਰਤ, ਰਸਪਿੰਦਰ ਰਿਸਮ, ਜਤਿੰਦਰ ਹਾਂਸ , ਜਸਵੀਰ ਰਾਣਾ, ਸਰੂਪ ਸਿਆਲਵੀ ਆਦਿ ਕਹਾਣੀਕਾਰਾਂ ਨੇ ਤਾਂ ਔਰਤ ਮਰਦ ਵਿਚਲੇ ਵਰਜਿਤ ਸਬੰਧਾਂ ਦੀ ਪੇਸ਼ਕਾਰੀ ਨੂੰ ਮਨੁੱਖੀ ਦੀ ਕੁਦਰਤੀ ਲੋੜਾਂ ਵਿਚ ਸ਼ਾਮਿਲ ਕਰਕੇ ਇਸ ਨੂੰ ਪੰਜਾਬੀ ਕਹਾਣੀ ਦੀ ਆਪਣੇ ਸਮੇਂ ਦੀ ਮੁੱਖ ਧਾਰਾ ਹੀ ਬਣਾ ਦਿੱਤਾ। ਉਕਤ ਸਾਰੇ ਕਹਾਣੀਕਾਰਾਂ ਪ੍ਰਗਤੀਵਾਦੀ ਪੰਜਾਬੀ ਕਹਾਣੀ ਦੇ ਦੌਰ ਵਿਚੋਂ ਵੀ ਲੰਘ ਹੋਏ ਹਨ ਇਸ ਲਈ ਪੂਰਵਲੇ ਸੰਸਕਾਰਾਂ ਕਾਰਨ ਇਹ ਕਹਾਣੀਕਾਰ ਕਿਤੇ ਨਾ ਕਿਤੇ ਸਮਾਜਿਕ ਜਾਬਤਿਆ ਨੂੰ ਸਵੀਕਾਰਦੇ ਵੀ ਰਹੇ ਹਨ।

ਨੌਜਵਾਨ ਕਹਾਣੀਕਾਰ ਅਨੇਮਨ ਸਿੰਘ ਤੇ ਗੋਵਰਧਨ ਗੱਬੀ ਦਾ ਸਾਹਿਤਕ ਖੇਤਰ ਪ੍ਰਵੇਸ਼ ਹੀ ਉਸ ਦੌਰ ਵਿਚ ਹੋਇਆ ਜਦੋਂ ਨਵੀਂ ਪੰਜਾਬੀ ਕਹਾਣੀ ਦਾ ਬੋਲ ਬਾਲਾ ਹੈ ਸੀ ਤੇ ਸਮਾਜਿਕ ਪ੍ਰੰਪਰਾਵਾਂ



ਦੇ ਨਾਲ ਨਾਲ ਪੰਜਾਬੀ ਕਹਾਣੀ ਰੂਪ ਤੇ ਵਿਸ਼ੇ ਪੱਖੋ ਵੀ ਆਪਣੀਆਂ ਪੁਰਾਣੀਆ ਪ੍ਰੰਪਰਾਵਾ ਤੇ ਜਾਬਤਿਆਂ ਤੋਂ ਮੁਕਤ ਹੋਣ ਵੱਲ ਵੱਧ ਰਹੀ ਸੀ। ਇਸ ਲਈ ਇਨ੍ਹਾਂ ਕਹਾਣੀਕਾਰਾ ਵਿਚ ਸਮਾਜਿਕ ਵਰਜਨਾਵਾਂ ਨੂੰ ਵੰਗਾਰਣ ਦੀ ਜ਼ੁਅਰਤ ਆਪਣੇ ਪੂਰਵਲੇ ਕਹਾਣੀਕਾਰਾਂ ਨਾਲੋਂ ਬਹੁਤ ਵੱਧ ਹੈ 'ਲਕੀਰ' ਵਿਚ ਛਪੀ ਗਵਰਧਨ ਗੱਬੀ ਦੀ ਕਹਾਣੀ 'ਠਨ ਠਨ ਗੁਪਾਲ' ਅੰਦਰਲੀ ਵਰਜਿਤ ਸਬੰਧਾਂ ਦੀ ਬੇਬਾਕ ਤੇ ਨਿਸੰਗ ਬਿਆਨੀ ਨੇ ਇਕ ਵਾਰ ਉਲਾਰ ਪ੍ਰਗਤੀਵਾਦੀ ਪਾਠਕਾਂ ਵੱਲੋਂ ਉਸਦੀ ਅਰਥੀ ਫੂਕਣ ਦੀ ਨੌਬਤ ਵੀ ਲਿਆ ਦਿੱਤੀ ਸੀ। ਨਵੀਂ ਉਮਰ ਦੇ ਇਹ ਕਹਾਣੀਕਾਰ ਜਿਸਮ ਤੇ ਰੂਹ ਨੂੰ ਮਨੁੱਖੀ ਸ਼ਖਸ਼ੀਅਤ ਦੇ ਵੱਖਰੇ ਵੱਖਰੇ ਪਸਾਰ ਮੰਨ ਕੇ ਉਹ ਇਹਨਾਂ ਵਿਚਲੇ ਦਵੰਦਾਤਮਕ ਸਬੰਧਾਂ ਦੀਆਂ ਬਹੁਤ ਸਾਰੀਆਂ ਪਰਤਾਂ ਫਰੋਲਦੇ ਹਨ ਤੇ ਔਰਤ ਮਰਦ ਦੇ ਜਿਸਮਾਨੀ ਸੰਬਧਤ ਨੂੰ ਕੁਦਰਤੀ ਵਰਤਾਰੇ ਨਾਲ ਜੋੜ ਕੇ ਵਾਚਦੇ ਹਨ ਉਨ੍ਹਾਂ ਦੀਆਂ ਕਹਾਣੀਆ ਤੇ ਭਾਵੇ ਅਸ਼ਲੀਲਤਾ ਦੇ ਇਲਜ਼ਾਮ ਉੱਚੀ ਸੁਰ ਵਿਚ ਲੱਗੇ ਰਹੇ ਹਨ ਪਰ ਉਹਨਾਂ ਦੇ ਹੱਕ ਵਿਚ ਇਹ ਦਲੀਲ ਵੀ ਉੱਚੀ ਸੁਰ ਵਿਚ ਹੀ ਦੁਹਰਾਈ ਜਾਂਦੀ ਹੈ ਕਿ ਇਹ ਅਸਲੀਲਤਾ ਅੱਜ ਦੇ ਸਭਿਅਕ ਕਹਾਉਂਦੇ ਮਨੁੱਖੀ ਮਨ ਦੀਆਂ ਤੈਹਾ ਹੇਠ ਹੀ ਛੁੱਪੀ ਹੁੰਦੀ ਹੈ ਤੇ ਇਨ੍ਹਾ ਨਵੇਂ ਕਹਾਣੀਕਾਰਾਂ ਨੇ ਹੋਰ ਕੁਝ ਨਹੀਂ ਕੀਤਾ , ਕੇਵਲ ਇਸ ਛੁਪੀ ਅਸ਼ਲੀਲਤਾ 'ਤੇ ਚੜ੍ਹੇ ਵਿਖਾਵੇ ਦੇ ਆਦਰਸ਼ਾ ਦਾ ਗਲੇਫ ਹੀ ਉਤਰ ਕੇ ਪਰ੍ਹਾਂ ਸੁੱਟਿਆ ਹੈ

ਚੌਥੀ ਤੇ ਪੰਜਵੀ ਪੀੜ੍ਹੀ ਦੇ ਕਹਾਣੀਕਾਰਾਂ ਨੂੰ ਏਨੀ ਕੁ ਸਲਾਹ ਦੇਣੀ ਮੈਂ ਵਾਜਬ ਸਮਝਦਾ ਹਾਂ ਕਿ ਉਹ ਮਨੁੱਖੀ ਯਥਾਰਥ ਦੀ ਸੰਪੂਰਣਤਾ ਲਈ ਸਦੀਆ ਤੋਂ ਵਰਜਿਤ ਪ੍ਰਚਾਰੇ ਜਾਂਦੇ ਰਹੇ ਇਸ ਵਿਸ਼ੇ ਤੇ ਜੰਮ ਜੰਮ ਕਹਾਣੀਆਂ ਲਿਖਣ ਪਰ ਕਈ ਵਾਰ ਉਹ ਅਜਿਹਾ ਕਰਦਿਆਂ ਉਹ ਮਾਂ ਭੈਣ ਦੇ ਰਿਸ਼ਤੇ ਨੂੰ ਵੀ ਤਾਰ ਤਾਰ ਕਰ ਜਾਂਦੇ ਹਨ। ਕਿਸੇ ਪੁਰਸ਼ ਦੇ ਆਪਣੀ ਮਾਂ ਜਾਂ ਭੈਣ ਨਾਲ ਸਰੀਰਕ ਸਬੰਧ ਕਾਇਮ ਹੋਣ ਦੀਆਂ ਵਿਕਲੋਤਰੀਆਂ ਘਟਨਾਵਾਂ ਸਮਾਜ ਵਿਚ ਵਾਪਰ ਸਕਦੀਆ ਹਨ ਪਰ ਜਦੋਂ ਇਹ ਘਟਨਾਵਾਂ ਕਹਾਣੀਆਂ ਦਾ ਹਿੱਸਾ ਬਣ ਕੇ ਪ੍ਰਤੀਨਿੱਧ ਯਥਾਰਥ ਵਜੋਂ ਪੇਸ਼ ਹੋਣ ਲੱਗ ਪੈਣ ਤਾਂ ਸਮਾਜਿਕ ਜਾਬਤਾਂ ਏਨਾ ਟੁੱਟ ਜਾਵੇਗਾ ਕਿ ਸਮਾਜਿਕ ਅਨਾਰਕੀ ਪੈਦਾ ਹੋਣ ਦਾ ਖਤਰਾਂ ਪੈਦਾ ਹੋ ਸਕਦਾ ਹੈ ਕੁਝ ਪਰਿਵਾਰਕ ਰਿਸ਼ਤਿਆਂ ਦਾ ਸਨਮਾਨ ਕਰਨਾ ਸਾਡੇ ਲਈ ਬਹੁਤ ਜ਼ਰਰੀ ਹੈ। ਠੀਕ ਹੈ, ਕਾਮ ਮਨੁੱਖ ਦੀ ਮੁੱਢਲੀ ਲੋੜ ਹੈ ਪਰ ਕਾਮ ਖੁੱਲ੍ਹ ਦੇ ਨਾਂ ਤੇ ਹਰ ਸਮਾਜਿਕ ਰਿਸ਼ਤੇ ਦੀ ਪਕੀਜ਼ਗੀ ਭੰਗ ਹੋਣ ਲੱਗ ਪਈ ਤਾਂ ਇਹ ਸਾਡੇ ਸਾਰਿਆ ਲਈ ਘਾਤਕ ਸਿੱਧ ਹੋਵੇਗੀ।

ਭਾਵੇ ਕਾਮ ਕੁਠਿੰਤ ਮਾਨਸਿਕਤਾ ਦਾ ਸਜੀਵ ਵਰਨਣ ਕਰਨ ਕਰਕੇ ਕੁਝ ਕਹਾਣੀਕਾਰਾਂ ਨੇ ਨਵੀਂ ਪੰਜਾਬੀ ਕਹਾਣੀ ਦੇ ਖੇਤਰ ਵਿਚ ਆਪਣੀ ਵੱਖਰੀ ਪਛਾਣ ਬਣਾਈ ਹੈ। ਪਰ ਕੇਵਲ ਮਨੁੱਖ ਦੀ ਕਾਮ ਤ੍ਰਿਪਤੀ ਸਬੰਧੀ ਮਾਨਸਿਕ ਲੋੜਾਂ ਦਾ ਨਿਸੰਗ ਵਰਨਣ ਕਰਨ ਵਾਲੀ ਕਹਾਣੀ ਨੂੰ ਹੀ ਨਵੀ ਪੰਜਾਬੀ ਕਹਾਣੀ ਪਛਾਣ ਨਹੀਂ ਸਮਝਿਆ ਜਾਣਾ ਚਾਹੀਦਾ। ਪਿਛਲੇ ਤਿੰਨ ਦਹਾਕਿਆ ਦੌਰਾਨ ਇਸ ਪਛਾਣ ਦੇ ਹੋਰ ਵੀ ਬਹੁਤ ਸਾਰੇ ਨਵੇਂ ਚਿੰਨ੍ਹ ਉਭਰ ਕੇ ਸਾਹਮਣੇ ਆਏ ਹਨ। 1990 ਤੋਂ ਬਾਦ ਦੇ ਸਮੇਂ ਦੌਰਾਨ ਪੂੰਜੀ ਅਧਾਰਿਤ ਸਮਾਜਿਕ ਮਾਨਤਾਵਾਂ ਨੇ ਮਨੁੱਖੀ ਸੋਚ ਤੇ ਵਰਤੋਂ ਵਿਵਹਾਰ ਵਿਚ ਏਨੀ ਤਬਦੀਲੀ ਲੈ ਆਂਦੀ ਹੈ ਕਿ ਮਨੁੱਖੀ ਜੀਵਨ ਦੀ ਰਵਾਇਤੀ ਸ਼ੈਲੀ ਤੇ ਲੋਕਾਇਤੀ ਪਹਿਚਾਣ ਗੁੰਮ ਹੀ ਹੋ ਗਈ ਲੱਗਦੀ ਹੈ ਭਾਵੇਂ ਸ਼ਹਿਰ ਦੇ ਮੁਕਾਬਲੇ ਪਿੰਡ ਅਜੇ ਵੀ ਮੋਹ ਪਿਆਰ ਤੇ ਅਧਾਰਿਤ ਆਪਣੀ ਪੁਰਾਣੀ ਸਭਿਆਚਾਰਕ ਪਹਿਚਾਣ ਬਰਕਰਾਰ ਰੱਖਣ ਲਈ ਜੱਦੋਂ ਜਹਿਦ ਕਰ ਰਿਹਾ ਹੈ ਪਰ ਪਿੱਛਲੇ ਸਮੇ ਦੌਰਾਨ ਇਸ ਪਹਿਚਾਣ ਦੇ ਰੰਗ ਬਹੁਤ ਧੁੰਧਲੇ ਪਏ ਗਏ ਹਨ। ਕਿਸਾਨੀ ਸੰਕਟ ਤੇ ਖੁਦਕਸ਼ੀਆ ਦਾ ਵੱਧ ਰਿਹਾ ਰੁਝਾਨ ਇਸ ਵਿਕਾਸ ਪ੍ਰਕ੍ਰਿਆ ਦਾ ਹੀ ਉਭਰਵਾ ਸਿੱਟਾ ਹੈ ਪੰਜਾਬ ਦੇ ਨੌਜਵਾਨਾਂ ਵੱਲੋਂ ਆਪਣਾ

ਵਰਤਮਾਨ ਦਾਅ ਤੇ ਲਾ ਕੇ ਹਰ ਹਾਲ ਪੱਛਮੀ ਮੁਲਕਾਂ ਵਿਚ ਸੈਟ ਹੋਣ ਦੀਆਂ ਕੋਸ਼ਿਸ਼ਾਂ ਨੂੰ ਵੀ ਇਸ ਕੜੀ ਨਾਲ ਜੋੜ ਕੇ ਵੇਖਿਆ ਜਾ ਸਕਦਾ ਹੈ। ਨਵੀਂ ਕਹਾਣੀ ਇਹ ਚਿਤਾਵਨੀ ਦੇਂਦੀ ਹੈ ਕਿ ਨਵੇ ਵਿਸ਼ਵੀ ਵਰਤਾਰੇ ਵੱਲੋਂ ਜਿਸ ਤਰਾਂ ਸਮਾਜਿਕ ਸਰੋਕਾਰਾਂ ਨਾਲੋਂ ਟੁੱਟੇ ਹੋਏ ਤੇ ਸਵੈ- ਕੇਂਦਰਿਤ ਮਨੁੱਖ ਦੀ ਸਿਰਜਣਾ ਕੀਤੀ ਜਾ ਰਹੀ ਹੈ, ਉਹ ਮਨੁੱਖਤਾ ਤੇ ਮਨੁੱਖੀ ਕਦਰਾਂ ਕੀਮਤਾ ਲਈ ਵੱਡੇ ਖਤਰੇ ਦੀ ਘੰਟੀ ਹੈ। ਇਹ ਕਹਾਣੀ ਪਿੰਡ ਵਿਚ ਆ ਰਹੀਆਂ ਮਹਾਂ ਨਗਰੀ ਤਰਜ਼ ਦੀਆਂ ਤਬਦੀਲੀਆਂ ਤੇ ਇਸ ਦੇ ਵਿਨਾਸ਼ਕ ਸਿੱਟਿਆ ਨੂੰ ਵਾਚਣ ਸਬੰਧੀ ਪੂਰਨ ਗੰਭੀਰਤਾ ਵਿਖਾ ਰਹੀ ਹੈ। ਇਹ ਕਹਾਣੀ ਜਦੋਂ ਵਿਸ਼ਵੀ ਬਜ਼ਾਰ ਦੇ ਜਲੌਅ ਦੇ ਪ੍ਰਭਾਵ ਅਧੀਨ ਪ੍ਰਵਾਨ ਚੜ ਰਹੀ ਆਧੁਨਿਕ ਜੀਵਨ ਜਾਂਚ ਦਾ ਕੱਚ ਸੱਚ ਪੇਸ਼ ਕਰਦੀਆਂ ਹਨ ਤਾਂ ਪਤਾ ਚਲਦਾ ਹੈ ਕਿ ਸਹਿਜ, ਸੁਹਜ ਤੇ ਪਰੰਪਰਾਂ ਤੋਂ ਟੁੱਟ ਚੁੱਕਾ ਮਨੁੱਖ ਇਸ ਵੇਲੇ ਕਿੰਨੀ ਅਸੁੱਰਖਿਅਤ ਤੇ ਬੇ-ਮਕਸਦੀ ਜ਼ਿੰਦਗੀ ਜਿਉਂ ਰਿਹਾ ਹੈ ਇਕ ਘਰ ਅਜ਼ਾਦ ਹਿੰਦੀਆ ਦਾ( ਬਲਵਿੰਦਰ ਗਰੇਵਾਲ), ਸਾਈਨ ਵੈਲਯੂ ਦਾ ਜਲੌਅ ( ਬਲਬੀਰ ਪਰਵਾਨਾ), ਜਨੇਊ (ਭਗਵੰਤ ਰਸੂਲਪੁਰੀ ), ਹਾਏ ਉਏ ਦੁਲਿਆ (ਭੋਲਾ ਸਿੰਘ ਸੰਘੇੜਾ), ਸੁਫ਼ਨਾ ਤੇ ਸੱਚ ( ਅਵਤਾਰ ਸਿੰਘ ਬਿਲਿੰਗ ), ਕਾਰਗਿਲ ( ਬਲਦੇਵ ਸਿੰਘ ਧਾਲੀਵਾਲ ) ਮੁੱਲ ( ਰਾਮ ਸਰੂਪ ਅਣਖੀ ), ਤੀਜਾ ਯੁੱਧ (ਅਤਰਜੀਤ), ਮੈਨੂੰ ਕੀ ( ਜਰਨੈਲ ਸਿੰਘ), ਜੇ ਆਪਣੀ ਬਿਰਥਾ ਕਹੂੰ ( ਬਲਜਿੰਦਰ ਨਸਰਾਲੀ ), ਇਸ ਵਾਰ ਨਹੀਂ (ਅਜਮੇਰ ਸਿੱਧੂ ) , ਖੂਹ ਖਾਤੇ( ਜਸਵਿੰਦਰ ਸਿੰਘ), ਤ੍ਰਿਸੰਕੂ ( ਦਵਿੰਦਰ ਦੀਦਾਰ ), ਮਾਰਕਿਟ (ਸੁਖਜੀਤ), ਜ਼ਿੰਦਗੀ ਦੇ ਵਾ ਵਰੋਲੇ ( ਡਾ. ਜੁਗਿੰਦਰ ਨਿਰਾਲਾ), ਚਰਪਰੀ (ਦਰਸਨ ਜੋਗਾ), ਭੰਡਾ ਭੰਡਾਰੀਆ ਕਿੰਨਾਂ ਕੁ ਭਾਰ ( ਗੁਰਮੀਤ ਕੜਿਆਲਵੀ ), ਟੁੱਟਦੇ ਤਾਰੇ (ਜਸਪਾਲ ਮਾਨਖੇੜਾ), ਥੈਂਕਸ ਏ ਲੋਟ ਪੁੱਤਰਾ ( ਕੇਸਰਾ ਰਾਮ), ਲਾਹੇ ਹੋਏ ( ਪਵਨ ਪਰਿੰਦਾ), ਤੂੰ ਨਿਹਾਲਾ ਨਾ ਬਣੀ ( ਸਾਂਵਲ ਧਾਮੀ), ਸਿਖਰ ਦੁਪਹਿਰਾ ( ਜਸਵੀਰ ਸਿੰਘ ਰਾਣਾ), ਫੌਜੀ ( ਜਤਿੰਦਰ ਹਾਂਸ ), ਗਲੀ ਨੰਬਰ ਕੋਈ ਨਹੀਂ ( ਅਨੇਮਨ ਸਿੰਘ ) ਮੌਸਮ ( ਬੀ. ਐਸ. ਬੀਰ) ਯੁੱਧ ਦਾ ਅੰਤ( ਪ੍ਰਗਟ ਸਤੌਜ) ਜਿਨਾਂ ਦੇ ਰੂਪ ਨੇ ਸੋਹਣੇ ( (ਗੁਰਮੀਤ ਪਨਾਗ) ਦਲਦਲ (ਮਹਿੰਦਰ ਸਿੰਘ ਤਤਲਾ) ਤੂੰ ਕੱਲ੍ਹ ਨਾ ਆਵੀਂ ( ਹਰਜਿੰਦਰ ਸੂਰੇਵਾਲੀਆ), ਸ਼ਰਧਾਜਲੀ (ਕਰਮ ਸਿੰਘ ਮਾਨ) ਕਾਮਰੇਡ ਉਦਾਸ ਹੈ( ਗੁਰਮੇਲ ਮਡਾਹੜ) ਅੰਦਰਲਾ ਆਦਮੀ (ਸੁਖਮਿੰਦਰ ਸਿੰਘ ਸੇਖੋਂ ) ਉਮੀਦਾਂ ਦੀ ਮੌਤ ( ਪ੍ਰੀਤ ਨੀਤਪੁਰ) ਆਦਿ ਬਹੁਤ ਸਾਰੇ ਕਹਾਣੀਕਾਰਾ ਨੇ ਨਵੀਂ ਵਿਸ਼ਵੀ ਕਰਨ ਵਰਤਾਰੇ ਦੇ ਪੰਜਾਬੀ ਜਨ ਜੀਵਨ ਤੇ ਪੈ ਰਹੇ ਪ੍ਰਭਾਵ ਦਾ ਕਥਾਰਿਸ ਕਰਨ ਸਬੰਧੀ ਸੁਚੇਤ ਯਤਨ ਕੀਤੇ ਹਨ। ਲਾਲ ਸਿੰਘ, ਹਰਪ੍ਰੀਤ ਸਿੰਘ ਸੇਖਾ, ਖਾਲਿਦ ਹੁਸੈਨ, ਇੱਛੂਪਾਲ, ਕੁਲਜੀਤ ਮਾਨ, ਬਲਜੀਤ ਸਿੰਘ ਰੈਨਾ ਸੁਰਿੰਦਰ ਨੀਰ ਦਲਜੀਤ ਸ਼ਾਹੀ, ਗੁਰਮੀਤ ਸਿੰਘ ਸਿੰਗਲ , ਤਰਸਪਾਲ ਕੌਰ ਤੇ ਭੁਪਿੰਦਰ ਬੇਦੀ ਆਦਿ ਕਹਾਣੀਕਾਰਾਂ ਦੀਆਂ ਕਹਾਣੀਆਂ ਵਿਚੋਂ ਵੀ ਨਵੀ ਵਿਸ਼ਵੀ ਕਹਾਣੀ ਦਾ ਮੁੰਹਾਦਰਾਂ ਪਛਾਨਿਆ ਜਾ ਸਕਦਾ ਹੈ।

ਨਵੀ ਪੰਜਾਬੀ ਕਹਾਣੀ ਨੇ ਸਮਾਜ ਦੇ ਦਲਿਤ , ਦਮਿਤ ਤੇ ਹਾਸ਼ੀਆ ਕ੍ਰਿਤ ਲੋਕਾ ਨਾਲ ਵੀ ਆਪਣੀ ਮਾਨਸਿਕ ਨੇੜਤਾ ਦਾ ਖੁਲ੍ਹ ਕੇ ਪ੍ਰਗਟਾਵਾਂ ਕੀਤਾ ਹੈ ਕੋਈ ਕਹਾਣੀਕਾਰ ਮਾਨਸਿਕ ਤੌਰ ਤੇ ਜਿਨਾਂ ਇਸ ਵਰਗ ਦੇ ਨੇੜੇ ਹੈ ਉਸ ਮੁਤਾਬਿਕ ਉਸਦੀ ਕਹਾਣੀ ਨੇ ਵੀ ਉਹਨਾਂ ਦੀਆ ਮਨੋ ਸਮਾਜਿਕ ਸੱਮਸਿਆਵਾਂ ਦੀ ਥਾਹ ਜ਼ਰੂਰ ਪਾਈ ਹੈ ਫਿਰ ਵੀ ਕਹਾਣੀਕਾਰ ਅਤਰਜੀਤ, ਭੂਰਾ ਸਿੰਘ ਕਲੇਰ,ਕਿਰਪਾਲ ਕਜਾਕ,ਭਗਵੰਤ ਰਸੂਲਪੁਰੀ, ਗੁਰਮੀਤ ਕੜਿਆਲਵੀ, ਦੇਸ ਰਾਜ ਕਾਲੀ, ਪ੍ਰੇਮ ਗੋਰਖੀ, ਗੁਰਮੀਤ ਆਰਿਫ , ਤੇ ਸਰੂਪ ਸਿਆਲਵੀ ਆਦਿ ਦੀਆਂ ਕਹਾਣੀਆਂ ਨੇ ਦਲਿਤ ਸਮਾਜ ਵਿਚ ਆਪਣੇ ਹੱਕਾਂ ਤੇ ਹਿੱਤਾਂ ਪ੍ਰਤੀ ਚੇਤਨਾਂ ਪੈਦਾ ਕਰਨ ਲਈ ਵਿਸ਼ੇਸ਼ ਭੂਮਿਕਾ ਨਿਭਾਈ ਹੈ ਇਹ ਨਵੀਂ ਕਹਾਣੀ ਦੀ



ਵਿਸ਼ੇਸ਼ ਪ੍ਰਾਪਤੀ ਹੈ ਕਿ ਇਸ ਨੇ ਸਮਾਜ ਦੇ ਸੱਭ ਤੋਂ ਵੱਧ ਹਾਸ਼ੀਆ ਕ੍ਰਿਤ ਵਰਗ ( ਕਿੰਨਰ ਤੇ ਵੇਸ਼ਵਾ) ਦੀਆ ਮਨੋ ਸੰਵੇਦਨਾਵਾਂ ਤੱਕ ਪਹੁੰਚ ਕੇ ਇਹਨਾਂ ਨੂੰ ਇਹਨਾਂ ਦੇ ਹਿੱਸੇ ਦੇ ਮਨੁੱਖੀ ਅਧਿਕਾਰ ਦੇਣ ਲਈ ਜ਼ੋਰਦਾਰ ਵਕਾਲਤ ਕੀਤੀ ਹੈ ਦਲਿਤ ਲੋਕਾ ਵਿਚ ਸਾਰਿਆਂ ਤੋਂ ਹੇਠਲੀ ਦਰਜ਼ਾਬੰਦੀ ਵਿਚ ਆਉਂਦੇ ਇਸ ਵਰਗਾਂ ਬਾਰੇ ਜਿੰਦਰ ਤੇ ਜਸਵੀਰ ਰਾਣਾ ਵੱਲੋਂ ਦੋ ਵੱਖਰੇ ਵੱਖਰੇ ਕਹਾਣੀ ਸੰਗ੍ਰਹਿ ਵੀ ਸੰਪਾਦਿਤ ਕੀਤੇ ਗਏ ਹਨ ਇਸ ਵਿਸ਼ੇ ਤੇ ਬਲਦੇਵ ਸਿੰਘ, ਚੰਦਨ ਨੇਗੀ, ਮੋਹਨ ਭੰਡਾਰੀ, ਨਿਰਮਲ ਜਸਵਾਲ, ਮਨਿੰਦਰ ਕਾਂਗ ਗੁਰਸੇਵਕ ਸਿੰਘ ਪ੍ਰੀਤ, ਜਸਵੀਰ ਰਾਣਾ, ਅਨੇਮਨ ਸਿੰਘ ਤੇ ਗੁਰਮੀਤ ਕੜਿਆਲਵੀ, ਸੋਮਾ ਸਬਲੋਕ ਆਦਿ ਵੱਲੋਂ ਬੜੀਆ ਜਾਨਦਾਰ ਕਹਾਣੀਆ ਲਿਖੀਆਂ ਗਈਆ ਹਨ ਜਦੋ ਕੇ ਇਹ ਦੋਹੇ ਵਰਗ 1990 ਦੀ ਕਹਾਣੀ ਵੱਲੋਂ ਲੱਗਭਗ ਨਜ਼ਰ ਅੰਦਾਜ਼ ਹੀ ਕੀਤੇ ਹੋਏ ਸਨ। ਭਾਰਤੀ ਔਰਤ ਦੀ ਆਜੋਕੀ ਸਮਾਜਿਕ ਦਸ਼ਾ ਤੇ ਦਿਸ਼ਾ ਨੂੰ ਰੂਪਮਾਨ ਕਰਨ ਵਿਚ ਅਜੀਤ ਕੌਰ, ਵੀਨਾ ਵਰਮਾ, ਡਾ. ਸ਼ਰਨਜੀਤ ਕੌਰ , ਨਿਰਮਲ ਜਸਵਾਲ, ਪ੍ਰਵੇਜ਼ ਸੰਧੂ ਤੇ ਚੰਦਨ ਨੇਗੀ ਦੇ ਨਾਲ ਨਾਲ ਇਸ ਖੇਤਰ ਵਿਚ ਆਈਆਂ ਨਵੀਆਂ ਕੁੜੀਆਂ ਸਰਘੀ, ਅੰਜਨਾ ਸ਼ਿਵਦੀਪ, ਦੀਪਤੀ ਬਬੂਟਾ, ਸਿੰਮੀ ਪ੍ਰੀਤ ਕੌਰ ਤੇ ਪਵਿਤਰ ਕੌਰ ਮਾਟੀ, ਵਿਸ਼ਵ ਜੋਤੀ ਧੀਰ, ਤ੍ਰਿਪਤਾ ਕੇ. ਸਿੰਘ ਦੀਆਂ ਕਹਾਣੀਆਂ ਵੀ ਵਿਸ਼ੇਸ਼ ਜ਼ਿਕਰ ਦੀ ਮੰਗ ਕਰਦੀਆਂ ਹਨ। ਨਵੀਂ ਕਹਾਣੀ ਦੇ ਹਸਤਾਖਰ ਪਰਮਜੀਤ ਮਾਨ ਤੇ ਭੁਪਿੰਦਰ ਫੌਜੀ ਨੇ ਜਸਵੀਰ ਭੁੱਲਰ ਤੇ ਪ੍ਰਗਟ ਸਿੰਘ ਸਿੱਧੂ ਵੱਲੋਂ ਫੌਜੀ ਜੀਵਨ ਬਾਰੇ ਲਿਖਿਆ ਕਹਾਣੀਆਂ ਦੇ ਅਗਲੇ ਵਿਸਥਾਰ ਸਿਰਜੇ ਹਨ। ਜੇ ਪਰਮਜੀਤ ਮਾਨ ਦੀਆ ਕਹਾਣੀਆ ਮਹੀਨਿਆ ਬੱਧੀ ਦਿੱਸਦੀ ਦੁਨੀਆਂ ਤੋਂ ਟੁੱਟ ਕੇ ਸਮੁੰਦਰਾਂ ਦੀ ਹਿੱਕ ਤੇ ਨਿਵਾਸ ਕਰਨ ਵਾਲੇ ਜਲ ਸੈਨਿਕਾਂ ਦੇ ਵਿਸੇਸ਼ ਪ੍ਰਕਾਰ ਦੇ ਮਨੋ ਵਿਗਿਆਨ ਦੀ ਥਾਹ ਪਾਉਂਦੀਆਂ ਹਨ ਤਾਂ ਭੁਪਿੰਦਰ ਫੌਜੀ ਦੀਆ ਕਹਾਣੀਆਂ ਸੱਭ ਤੋਂ ਹੇਠਲੇ ਰੈਂਕ ਦੇ ਸੈਨਿਕਾ ਤੇ ਰੰਗਰੂਟਾ ਨਾਲ ਫੌਜ ਦੇ ਉੱਚ ਅਫਸਰਾਂ ਵੱਲੋਂ ਕੀਤੇ ਅਮਾਨਵੀ ਵਿਵਹਾਰ ਦੀਆ ਪਰਤਾਂ ਖੋਲ੍ਹਦੀਆਂ ਹਨ।

ਨਵੀ ਪੰਜਾਬੀ ਕਹਾਣੀ ਦੇ ਨਵੇਂ ਵਿਸ਼ਾਗਤ ਤੇ ਰੂਪਗਤ ਪਸਾਰ ਏਨੇ ਹਨ ਕਿ ਇਹਨਾਂ ਨੂੰ ਇਕ ਨਿਸਚਿਤ ਅਕਾਰ ਦੇ ਲੇਖ ਵਿਚ ਨਹੀਂ ਸਮੇਟਿਆ ਜਾ ਸਕਦਾ। ਨਵੀਂ ਕਹਾਣੀ ਦੇ ਦਲਿਤ ਸਰੋਕਾਰ, ਨਵੀ ਕਹਾਣੀ ਦੇ ਕਿਸਾਨੀ ਸਰੋਕਾਰ, ਨਵੀ ਕਹਾਣੀ ਵਿਚ ਨਾਰੀ ਚੇਤਨਾਂ, ਨਵੀ ਕਹਾਣੀ ਵਿਚ ਰਾਜਸੀ ਚੇਤਨਾਂ, ਨਵੀ ਕਹਾਣੀ ਵਿਚਲੀ ਉਤਰ ਆਧੁਨਿਕ ਚੇਤਨਾਂ, ਨਵੀ ਪਰਵਾਸੀ ਕਹਾਣੀ ਆਦਿ ਅਨੇਕਾ ਵਿਸ਼ੇ ਹਨ। ਜਿਹਨਾਂ ਰਾਹੀ ਨਵੀ ਕਹਾਣੀ ਦੀਆਂ ਵਿਭਿੰਣ ਵਿਸ਼ਾਗਤ ਪਰਤਾਂ ਨੂੰ ਵੱਡਾ ਵਿਸਥਾਰ ਦਿੱਤਾ ਜਾ ਸਕਦਾ ਹੈ ਨਵੀਂ ਕਹਾਣੀ ਵਿਚ ਨਿਤ ਨਵੀ ਸ਼ੈਲੀਗਤ ਤਜਰਬੇ ਵੀ ਹੋ ਰਹੇ ਹਨ, ਜਿਹਨਾਂ ਬਾਰੇ ਕਈ ਵੱਖਰੇ ਲੇਖ ਲਿਖੇ ਜਾ ਸਕਦੇ ਹਨ। ਲੇਖ ਦੇ ਅਕਾਰ ਦੀ ਸੀਮਾ ਤੇ ਇਸ ਕਹਾਣੀ ਬਾਰੇ ਆਪਣੇ ਅਨੁਭਵ ਦੀ ਸੀਮਾਂ ਵੱਲ ਵੇਖਦਿਆਂ, ਮੈਂ ਇਸ ਦੇ ਸਾਰੇ ਪਹਿਲੂਆਂ ਨੂੰ ਵਿਸਥਾਰ ਦੇਣ ਦਾ ਮੋਹ ਤਿਆਗਣਾ ਹੀ ਵਾਜਿਬ ਸਮਝਿਆ ਹੈ। ਨਵੀਂ ਕਹਾਣੀ ਬਾਰੇ ਕਹਾਣੀਕਾਰਾਂ ਦੀ ਗਿਣਤੀ ਵੀ ਹੁਣ ਏਨੀ ਹੋ ਗਈ ਹੈ ਕਿ ਸਾਰਿਆ ਦਾ ਜ਼ਿਕਰ ਕਰ ਸਕਣਾ ਮੇਰੀ ਸਮਰੱਥਾ ਦੀ ਪਕੜ ਵਿਚ ਨਹੀਂ ਹੈ। ਨਵੀਂ ਕਹਾਣੀ ਬਾਰੇ ਲਿਖੇ ਮੇਰੇ ਇਸ ਲੇਖ ਦਾ ਮਕਸਦ ਇਸ ਕਹਾਣੀ ਬਾਰੇ ਬਣੀ ਆਪਣੀ ਸਮਝ ਨੂੰ ਵਿਅਕਤ ਕਰਨਾ ਹੀ ਹੈ। ਆਪਣੀ ਇਸ ਸਮਝ ਨਾਲ ਤੁਹਾਡੀ ਸਹਿਮਤੀ ਜਾਂ ਅਸਿਹਮਤੀ ਦੋਹਾਂ ਦਾ ਸਵਾਗਤ ਹੈ।

**ਪਤਾ -ਹਰਦਿਆਲ ਕਾਟੇਜ਼, ਮਾਡਲ ਟਾਊਨ, ਬੋਹਾ ( ਮਾਨਸਾ)3 ਮੁਬਾਈਲ- 89682 82700**

**ਅਧਿਐਨ-5**

# ਪੰਜਾਬੀ ਕਹਾਣੀ ਵਿਚ ਦਲਿਤ ਸੰਵੇਦਨਾ/- ਮਮਤਾ ਰਾਣੀ

ਸੰਵੇਦਨਾ ਅਨੁਭਵ ਅਤੇ ਗਿਆਨ ਦੀ ਕਿਰਿਆ ਦਾ ਨਾਮ ਹੈ। ਸੰਵੇਦਨਸ਼ੀਲ ਵਿਚਾਰਾਂ ਨੂੰ ਸਮਝ ਕੇ ਮਨੁੱਖ ਬੌਧਿਕ ਤੌਰ 'ਤੇ ਤਰੱਕੀ ਕਰਦਾ ਹੈ। ਰਚਨਾਕਾਰ ਆਪਣੇ ਜੀਵਨ-ਯਥਾਰਥ ਅਤੇ ਅਨੁਭਵ ਨੂੰ ਆਧਾਰਸ਼ਿਲਾ ਵਜੋਂ ਵਰਤ ਕੇ ਸੰਵੇਦਨਾ ਦੀ ਪਹਿਲੀ ਕਿਰਿਆ ਨੂੰ ਸੰਚਾਰਿਤ ਕਰਦਾ ਹੈ। ਸੰਵੇਦਨ ਹੋਣ ਦੀ ਪ੍ਰਕਿਰਿਆ ਵੱਖ-ਵੱਖ ਪ੍ਰਾਕ੍ਰਿਤਕ ਜੀਵਾਂ ਦੇ ਜ਼ਿਹਨ ਵਿਚ ਵੱਖੋ-ਵੱਖਰੇ ਰੂਪ ਵਿਚ ਹੁੰਦੀ ਹੈ। ਮਨੁੱਖ ਨੂੰ ਛੱਡ ਕੇ ਦੂਸਰੇ ਜੀਵ-ਜੰਤੂ ਸਿਰਫ਼ ਖਾਣ-ਪੀਣ, ਘਰ ਬਣਾਉਣ, ਬੱਚੇ ਪੈਦਾ ਕਰਨ, ਪਾਲਣ ਅਤੇ ਸ਼ਿਕਾਰ ਕਰਨ ਦੇ ਨਾਲ-ਨਾਲ ਆਪਣੀ ਜਾਨ ਬਚਾਉਣ ਤੱਕ ਹੀ ਸੰਵੇਦਨ ਹੋਏ ਨਜ਼ਰ ਆਉਂਦੇ ਹਨ ਪਰ ਮਨੁੱਖ ਆਪਣੇ ਅਤੀਤ, ਵਰਤਮਾਨ ਅਤੇ ਭਵਿੱਖ ਨਾਲ ਸੰਬੰਧਿਤ ਹਰ ਪ੍ਰਕਾਰ ਦੀ ਕਿਰਿਆ ਪ੍ਰਤਿ ਸੰਵੇਦਨ ਹੁੰਦਾ ਹੈ। ਇਹ ਮਨੁੱਖੀ ਜ਼ਿਹਨ ਵਿਚ ਵਾਪਰਦੀਆਂ ਸੰਵੇਦਨ ਪ੍ਰਕਿਰਿਆਵਾਂ ਹੀ ਹੁੰਦੀਆਂ ਹਨ ਜੋ ਉਸਨੂੰ ਦੂਸਰੇ ਜੀਵ-ਜੰਤੂਆਂ ਤੋਂ ਵੱਖਰਾ ਅਤੇ ਉੱਤਮ ਸਿੱਧ ਕਰਦੀਆਂ ਹਨ। ਇਸੇ ਪਰਿਪੇਖ ਵਿਚ ਸੰਵੇਦਨਾ ਕਲਾ ਨੂੰ ਗਤੀਮਾਨ ਕਰਨ ਦੀ ਇਕ ਪ੍ਰਕਿਰਿਆ ਹੈ ਜਿਸਦਾ ਪ੍ਰਗਟਾਅ ਪ੍ਰਤੱਖ ਗਿਆਨ ਰਾਹੀਂ ਹੁੰਦਾ ਹੈ। ਅਭਿਆਸ ਅਤੇ ਤਜ਼ਰਬੇ ਪ੍ਰਤੀ ਕਿਸੇ ਵਿਅਕਤੀ ਵਿਸ਼ੇਸ਼ ਦਾ ਭਾਵੁਕ ਅਤੇ ਬੌਧਿਕ ਹੁੰਗਾਰਾ ਜ਼ਰੂਰ ਹੁੰਦਾ ਹੈ। ਸੰਵੇਦਨਾ ਮਨੁੱਖ ਦੇ ਜ਼ਿਹਨ ਉੱਤੇ ਪੈਣ ਵਾਲੇ ਬੌਧਿਕ ਦਬਾਓ ਦੀ ਪ੍ਰਤਿਕਿਰਿਆ ਹੈ ਜੋ ਜੀਵਨ ਅਨੁਭਵ ਦੌਰਾਨ ਉਤਪੰਨ ਹੋਈ ਬੌਧਿਕਤਾ ਜਾਂ ਸਮਝ ਵਿਚੋਂ ਆਪਣੀ ਹੋਂਦ ਗ੍ਰਹਿਣ ਕਰਦੀ ਹੈ। ਇਸ ਤਰ੍ਹਾਂ ਰਚਨਾਕਾਰ ਆਪਣੀਆਂ ਗਿਆਨ ਇੰਦਰੀਆਂ ਦੇ ਮਾਧਿਅਮ ਨਾਲ ਦ੍ਰਿਸ਼ਟਮਾਨ ਜਗਤ ਦੀਆਂ ਵਸਤੂਆਂ ਅਤੇ ਉਨ੍ਹਾਂ ਦੀਆਂ ਕਿਰਿਆਵਾਂ/ਪ੍ਰਤੀਕਿਰਿਆਵਾਂ ਦਾ ਅਨੁਭਵ ਸਹਿਜ ਰੂਪ ਵਿਚ ਕਰਦਾ ਰਹਿੰਦਾ ਹੈ। ਅਨੁਭਵ ਦੀ ਇਸ ਕਿਰਿਆ ਦਾ ਸਿੱਧਾ ਪ੍ਰਭਾਵ ਉਸਦੇ ਸੰਵੇਦਨਸ਼ੀਲ ਮਨ ਉੱਤੇ ਪੈਂਦਾ ਹੈ ਜਿਸ ਨਾਲ ਉਸਦੀ ਚੇਤਨਾ ਸ਼ਕਤੀ ਪ੍ਰਭਾਵਿਤ ਹੋ ਕੇ ਉਸਦੇ ਅਨੁਭਵ ਨੂੰ ਵਿਅਕਤ ਕਰਨ ਲਈ ਉਤੇਜਿਤ ਕਰਦੀ ਹੈ। ਰਚਨਾਕਾਰ ਆਪਣੇ ਅੰਤਰ ਮਨ ਉੱਤੇ ਪਏ ਪ੍ਰਭਾਵਾਂ ਨੂੰ ਆਪਣੀ ਅੰਤਰ ਦ੍ਰਿਸ਼ਟੀ ਨਾਲ ਸਿਰਜ ਕੇ ਉਸ ਨੂੰ ਸ਼ਬਦਾਂ ਦਾ ਜਾਮਾ ਪਹਿਨਾਉਂਦਾ ਹੈ।

ਸਮਕਾਲੀ ਪੰਜਾਬੀ ਕਹਾਣੀ ਵਿਚ ਦਲਿਤ ਜੀਵਨ-ਯਥਾਰਥ ਅਤੇ ਦਲਿਤ ਸੰਵੇਦਨਾ ਵਿਭਿੰਨ ਪੱਧਰਾਂ 'ਤੇ ਰੂਪਮਾਨ ਹੋ ਰਹੀ ਹੈ। ਦਲਿਤ ਸੰਵੇਦਨਾ ਨੂੰ ਕਹਾਣੀਕਾਰ ਗੁਰਦਿਆਲ ਸਿੰਘ, ਗੁਰਮੀਤ ਕੜਿਆਲਵੀ, ਅਜਮੇਰ ਸਿੱਧੂ ਅਤੇ ਭਗਵੰਤ ਰਸੂਲਪੁਰੀ ਨੇ ਆਪਣੀਆਂ ਕਹਾਣੀਆਂ ਵਿਚ ਸਮੱਗਰਤਾ ਸਹਿਤ ਪੇਸ਼ ਕੀਤਾ ਹੈ। ਗੁਰਦਿਆਲ ਸਿੰਘ ਨੇ 'ਸੱਗੀ ਫੁੱਲ', 'ਚੰਨ ਦਾ ਬੂਟਾ', 'ਓਪਰਾ ਘਰ', 'ਕੁੱਤਾ ਤੇ ਆਦਮੀ', 'ਬਿਗਾਨਾ ਪਿੰਡ', 'ਰੁੱਖੇ ਮਿੱਸੇ ਬੰਦੇ', 'ਪੱਕਾ ਟਿਕਾਣਾ', 'ਮਸਤੀ ਬੋਤਾ' ਅਤੇ 'ਕਰੀਰ ਦੀ ਢਿੰਗਰੀ' ਕਹਾਣੀ-ਸੰਗ੍ਰਹਿ ਵਿਚ ਸ਼ੋਸ਼ਤ ਵਰਗ ਦੀ ਸੰਘਰਸ਼ਮਈ ਅਤੇ ਲੋੜਾਂ-ਥੁੜਾਂ ਭਰੀ ਜ਼ਿੰਦਗੀ ਨੂੰ ਬਹੁਤ ਹੀ ਕਰੀਬ ਤੋਂ ਚਿਤਰਿਆ ਹੈ। ਇਉਂ ਸਾਧਾਰਨ ਮਨੁੱਖ ਦੀਆਂ ਆਰਥਕ ਮਜ਼ਬੂਰੀਆਂ ਅਤੇ ਸਭਿਆਚਾਰਕ ਪਰਿਵਰਤਨ ਉਸ ਦੀ ਕਹਾਣੀ ਦਾ ਮੂਲ ਧੁਰਾ ਹਨ। ਉਸ ਦੀਆਂ ਕਹਾਣੀਆਂ ਦੀ ਮੁੱਖ ਸੁਰ ਰੁਮਾਂਟਕ ਆਦਰਸ਼ਵਾਦੀ ਨਾ ਹੋ ਕੇ ਯਥਾਰਥਵਾਦੀ ਹੈ। ਉਸ ਦੀ ਕਹਾਣੀ 'ਬਿੱਲੀ ਦੀ ਬਦਬੋ' ਦਲਿਤਾਂ ਵਿਚ ਆਈ ਚੇਤਨਾ ਨਾਲ ਸੰਬੰਧਤ ਕਹਾਣੀ ਹੈ। ਪਰੰਪਰਾਵਾਦੀ ਮਾਨਸਿਕਤਾ ਵਾਲੇ ਉੱਚ ਵਰਗੀ



ਦਲਿਤਾਂ ਤੋਂ ਹਰ ਗੰਦਗੀ ਨੂੰ ਸਾਫ਼ ਕਰਵਾਉਂਦੇ ਸਨ। ਉਹਨਾਂ ਨਾਲ ਅਣਮਨੁੱਖੀ ਵਿਵਹਾਰ ਅਤੇ ਸ਼ੋਸ਼ਣ ਕਰਨ ਨੂੰ ਉੱਚ ਜਾਤੀਆਂ ਆਪਣਾ ਜਾਤੀਗਤ ਅਧਿਕਾਰ ਸਮਝਦੀਆਂ ਹਨ। ਦਲਿਤ ਵਰਗ ਵੀ ਵਗਾਰ ਵਿਚ ਕੰਮ ਨੂੰ ਆਪਣੀ ਕਿਸਮਤ ਦੀ ਖੇਡ ਮੰਨਦਾ ਸੀ। ਵੋਟਾਂ ਦੇ ਅਧਿਕਾਰ ਕਾਰਨ ਉਹ ਉੱਚ ਵਰਗ ਦੀ ਧੌਂਸ ਮੰਨਣ ਤੋਂ ਬਾਗੀ ਹੋ ਗਏ ਹਨ। ਇਹ ਵਰਗ ਆਪਣੇ ਕੰਮ ਦੇ ਘੰਟਿਆ ਪ੍ਰਤੀ ਸੁਚੇਤ ਹੋ ਗਿਆ ਹੈ। ਕਹਾਣੀ ਵਿਚ ਬਾਬੂਆਂ ਦੇ ਮੁਹੱਲੇ ਵਿਚ ਕੋਈ ਮਰੀ ਬਿੱਲੀ ਸੁੱਟ ਜਾਂਦਾ ਹੈ ਜਾਂ ਬਿੱਲੀ ਉੱਥੇ ਆ ਕੇ ਮਰ ਜਾਂਦੀ ਹੈ, ਇਸ ਬਾਰੇ ਭੇਦ ਨਹੀਂ ਖੁੱਲ੍ਹਦਾ, ਪ੍ਰੰਤੂ ਬਿੱਲੀ ਦੀ ਬਦਬੋ ਬਹੁਤ ਆ ਰਹੀ ਹੈ। ਇਸ ਬਦਬੋ ਕਾਰਨ ਮੁਹੱਲੇ ਦੇ ਲੋਕਾਂ ਨੂੰ ਸਾਹ ਲੈਣਾ ਔਖਾ ਹੋ ਰਿਹਾ ਹੈ। ਉਹ ਆਪ ਮਰੀ ਬਿੱਲੀ ਨੂੰ ਟਿਕਾਣੇ ਲਾਉਣ ਦੀ ਕੋਈ ਹੀਲ-ਹੁੱਜਤ ਨਹੀਂ ਕਰਦੇ ਸਗੋਂ ਮੁਹੱਲੇ ਦੇ ਜਮਾਂਦਾਰ ਤੋਂ ਬਿੱਲੀ ਚੁਕਵਾ ਲੈਣ ਦੀ ਯੋਜਨਾ ਘੜਦੇ ਹਨ।

ਕਹਾਣੀਕਾਰ ਦੀ ਸੰਵੇਦਨਸ਼ੀਲ ਦ੍ਰਿਸ਼ਟੀ ਨਿਮਨ ਸ਼੍ਰੇਣੀਆਂ ਨਾਲ ਹੁੰਦੇ ਅਮਾਨਵੀ ਵਿਵਹਾਰ ਨੂੰ ਚਿੰਤਨੀ ਅੰਦਾਜ਼ ਵਿਚ ਪ੍ਰਸਤੁਤ ਕਰਦੀ ਹੈ। ਇਸ ਪ੍ਰਸੰਗ ਵਿਚ ਉਹ ਲਿਖਦਾ ਹੈ, "ਪੰਜਾਹਵਿਆਂ ਤੇ ਸੱਠਵਿਆਂ ਵਿਚ ਜਦੋਂ ਹੀਗਲ, ਮਾਰਕਸ, ਏਂਗਲਜ਼, ਲੈਨਿਨ ਤੇ ਪਲੈਖਾਨੋਵ ਨੂੰ ਪੜ੍ਹਿਆ ਤੇ ਸਮਝਿਆ ਤਾਂ ਪਹਿਲੀ ਵਾਰ ਇਹ ਅਹਿਸਾਸ ਹੋਇਆ ਕਿ ਸਿਰਫ਼ ਇਹੋ ਬੰਦੇ, ਮੇਰੇ ਜਿਹੇ ਆਮ ਬੰਦੇ ਦੇ ਜੀਵਨ ਨੂੰ ਸਮਝਦੇ ਤੇ ਇਹਦੇ ਦੁੱਖਾਂ ਸੁੱਖਾਂ ਬਾਰੇ ਸਪਸ਼ਟ ਨਿਖੇੜੇ ਕਰ ਸਕਦੇ ਹਨ।...ਇਹਨਾਂ ਦੀਆਂ ਲਿਖਤਾਂ ਤੋਂ ਹੀ ਜਾਣਿਆ ਕਿ ਮੇਰੇ ਗ਼ਰੀਬ ਘਰੇ ਜੰਮ ਕੇ ਸਾਰੀ ਉਮਰ ਕਸ਼ਟ ਭੋਗਣ ਦੇ ਕੀ ਕਾਰਨ ਹਨ? ਕਿਉਂ ਮੇਰੇ ਵਰਗੇ ਹੀ ਕਿੰਨੇ ਹੋਰ ਬੱਚੇ, ਜਵਾਨ ਜੋ ਕਦੇ ਡੱਕਾ ਭੰਨ ਕੇ ਦੂਹਰਾ ਨਹੀਂ ਕਰਦੇ, ਗੁਦੈਲਿਆਂ ਉੱਤੇ ਸੌਂਦੇ ਹਨ।"[1] ਕਹਾਣੀ 'ਬਿੱਲੀ ਦੀ ਬਦਬੋ' ਦੇ ਬਿਰਤਾਂਤਕ ਵੇਰਵਿਆਂ ਵਿਚ ਮੁਹੱਲੇ ਦੇ ਉੱਚ ਵਰਗੀ ਲੋਕ ਜਮਾਂਦਾਰ 'ਤੇ ਫੋਕਾ ਰੋਹਬ ਪਾ ਕੇ ਉਸ ਨੂੰ ਡਰਾਉਣਾ ਚਾਹੁੰਦੇ ਹਨ ਪਰ ਜਮਾਂਦਾਰ ਦੀ ਸੰਵੇਦਨਸ਼ੀਲ ਸੋਚ ਉਸਨੂੰ ਆਪਣੇ ਨਾਲ ਹੁੰਦੇ ਅਮਾਨਵੀ ਵਿਵਹਾਰ ਨੂੰ ਬਦਲਣ ਲਈ ਚੇਤਨ ਕਰਦੀ ਹੈ। ਇਸ ਸੰਦਰਭ ਵਿਚ ਕਹਾਣੀ ਦੇ ਹੇਠਲੇ ਪ੍ਰਸੰਗ ਵਿਚਾਰੇ ਜਾ ਸਕਦੇ ਹਨ : -

"ਕੁਣ ਸਾ-ਲਾ ਕਾ-ਹੈ ਅਮ-ਨੇ ਬੀ-ਲੀ ਮਾਰੀ-ਈ ਸੈ...ਹਮਾ-ਰੀ ਰਾਤ ਕੀ ਡਿ-ਪਟੀ ਨਹੀਂ... ਅਮ ਕਿਸੀ ਕੇ ਨੌ-ਕਰ ਨਾ-ਈਂ, ਏਸ ਬ-ਖ਼-ਤ !"[2]

ਸਮਕਾਲੀ ਦੌਰ ਵਿਚ ਦਲਿਤ ਵਰਗ ਨੂੰ ਸਮਾਜਕ ਸਮਾਨਤਾ ਦਾ ਦਰਜਾ ਦੇਣ ਲਈ ਅਨੇਕ ਕਾਨੂੰਨ ਸਥਾਪਤ ਹੋਏ ਹਨ। ਇਸ ਪਰਿਪੇਖ ਵਿਚ ਉਨ੍ਹਾਂ ਨੂੰ ਰਾਜਨੀਤੀ ਦੇ ਖੇਤਰ ਵਿਚ ਵਿਚ ਵੀ ਬਹੁਤ ਸਾਰੀਆਂ ਸਹੂਲਤਾਂ ਮਿਲੀਆਂ ਹਨ। ਇਸ ਕਹਾਣੀ ਦੇ ਬਿਰਤਾਂਤਕ ਮੋਟਿਫ਼ਾਂ ਵਿਚ ਉੱਚ ਵਰਗ ਦੇ ਲੋਕ ਜਮਾਂਦਾਰ ਨੂੰ ਕੁੱਟ ਕੇ ਜਾਂ ਵਗਾਰ ਕੇ ਉਸਤੋਂ ਮਰੀ ਬਿੱਲੀ ਚੁਕਵਾਉਣਾ ਚਾਹੁੰਦੇ ਹਨ। ਇਸੇ ਤਰ੍ਹਾਂ ਉਹ ਘੱਟ ਪੈਸੇ ਦੇ ਕੇ ਨਵੀਂ ਪੀੜ੍ਹੀ ਦੇ ਓਡੀ ਨਾਮੀ ਦਲਿਤ ਲੜਕੇ ਤੋਂ ਵੀ ਇਹ ਕੰਮ ਕਰਵਾਉਣ ਦੀ ਕੋਸ਼ਿਸ਼ ਕਰਦੇ ਹਨ ਪਰ ਓਡੀ ਉੱਚ ਵਰਗ ਦੀਆਂ ਚਾਲਬਾਜ਼ੀਆਂ ਤੋਂ ਭਲੀਭਾਂਤ ਸੰਵੇਦਨਸ਼ੀਲ ਹੈ। ਇਸ ਲਈ ਉਹ ਮਰੀ ਬਿੱਲੀ ਨੂੰ ਚੁੱਕਣੋਂ ਹੀ ਇਨਕਾਰੀ ਨਹੀਂ ਸਗੋਂ ਸਦੀਆਂ ਤੋਂ ਗੁਲਾਮ ਮਾਨਸਿਕਤਾ ਵਾਲੀ ਦਲਿਤ ਜਾਤ 'ਤੇ ਕਰੋਧਿਤ ਹੁੰਦਾ ਹੈ। ਦਲਿਤਾਂ ਦੀ ਮਾਨਸਿਕ ਅਧੀਨਤਾ ਨੂੰ ਨਕਾਰਦਾ ਹੋਇਆ ਓਡੀ ਉੱਚ ਵਰਗ ਦੀ ਧੌਂਸ ਅਤੇ ਵਗਾਰ ਕਰਨ ਤੋਂ ਨਾਬਰ ਦਿਖਾਈ ਦਿੰਦਾ ਹੈ। ਇਸ ਸੰਬੰਧ ਵਿਚ ਕਹਾਣੀ ਬਿਰਤਾਂਤ ਦੀ ਇਹ ਸਥਿਤੀ ਪੜ੍ਹੀ ਜਾ ਸਕਦੀ ਹੈ, "ਗੰਦ ਹੋਉਂਗੇ ਤੁਸੀ...ਥੋਡੀ ਸੜੀ-ਮਰੀ ਬਿੱਲੀ !...ਮੈਂ ਕਿਉਂ ਗੰਦ ਬਣਾਂ ! ਮੇਰਾ ਪਿਉ ਸੀ ਜਿਹੜਾ ਥੋਡਾ ਗੰਦ-ਕੂੜਾ ਢੌਂਦਾ ਰਿਹਾ-ਦੋ-ਦੋ ਪੈਸਿਆਂ ਪਿੱਛੇ !...ਮੈਂ ਤਾਂ ਸਾਹਬ ਧਾਰ ਨ੍ਹੀ ਮਾਰਦਾ ਥੋਡੀ ਪਚੀਸੀ-ਪੰਜਾਹੀ 'ਤੇ। ਪੰਜੀਆਂ-ਦਸੀਆਂ ਨੂੰ ਮੋੜ ਕੇ ਲੈ-ਲੋ...ਵਿਚ !"[3] ਇਸੇ ਤਰ੍ਹਾਂ 'ਗੋਲੀਆਂ ਦੀ ਜਿੱਤ ਹਾਰ' ਕਹਾਣੀ ਦਲਿਤ ਸਮਾਜ ਵਿਚ ਆ ਰਹੀ ਚੇਤਨਾ ਨਾਲ ਸੰਬਾਦ ਰਚਾਉਂਦੀ ਹੈ।

ਇਸ ਕਹਾਣੀ ਦਾ ਬਿਰਤਾਂਤਕ ਚੌਖਟਾ 'ਸਫ਼ਰ' ਦੇ ਮੋਟਿਫ਼ ਨੂੰ ਆਧਾਰ ਬਣਾ ਕੇ ਸੰਚਾਰ ਕਰਦਾ ਹੈ। ਕਹਾਣੀ ਬਿਰਤਾਂਤ ਵਿਚ ਬੇਰੂ ਅਤੇ ਚੰਨਣ ਪਾਤਰ ਵੋਟ ਦੇ ਅਧਿਕਾਰ ਨੂੰ ਮੁੱਖ ਰੱਖ ਕੇ ਚਿੰਤਨ-ਚੇਤਨਾ ਦੀ ਪ੍ਰਕਿਰਿਆ ਵਿਚ ਪੈਂਦੇ ਹਨ। ਇਸੇ ਤਰ੍ਹਾਂ ਕਹਾਣੀ ਬਿਰਤਾਂਤ ਵਿਚ ਇੱਕ ਮੁੱਛ-ਫੁੱਟ ਗੱਭਰੂ ਨਾਲ ਇੱਕ ਦਿਹਾੜੀਦਾਰ ਦਲਿਤ ਮਜ਼ਦੂਰ ਬੈਠਦਾ ਹੋਇਆ ਦਿਖਾਇਆ ਗਿਆ ਹੈ ਪਰ ਉਸ ਗੱਭਰੂ ਨੂੰ ਆਪਣੇ ਨਾਲ ਦਲਿਤ ਦਾ ਬੈਠਣਾ ਸਵੀਕਾਰ ਨਹੀਂ, ਜਿਸ ਕਾਰਨ ਉਹ ਉਸਨੂੰ ਡਰਾ ਧਮਕਾ ਕੇ ਸੀਟ ਤੋਂ ਉਠਾਉਣਾ ਚਾਹੁੰਦਾ ਹੈ। ਦਲਿਤ ਪਾਤਰ ਉਸ ਦਾ ਡਰ ਨਹੀਂ ਮੰਨਦਾ, ਸਗੋਂ ਉਸਦੀਆਂ ਧਮਕੀਆਂ ਦਾ ਜਵਾਬ ਉਲਟਾ ਧਮਕੀਆਂ ਵਿਚ ਹੀ ਦਿੰਦਾ ਹੈ। ਬਦਲਦੀਆਂ ਪਰਸਥਿਤੀਆਂ ਕਾਰਨ ਉਸਦੀ ਜ਼ਿਆਦਤੀ ਨੂੰ ਚੁੱਪ ਚਾਪ ਬਰਦਾਸ਼ਤ ਨਹੀਂ ਕਰਦਾ। ਇਸ ਸੰਬੰਧੀ ਕਹਾਣੀ ਬਿਰਤਾਂਤ ਦੇ ਇਹ ਮੋਟਿਫ਼ ਵਿਚਾਰੇ ਜਾ ਸਕਦੇ ਹਨ, "ਜੇ ਐਂ ਗੱਲ ਐ ਤਾਂ ਫੇਰ ਮਾਰ ... ਜੇ ਹੁਣ ਤੇਰਾ ਖੋਪੜ ਨਾ ਭੰਨ ਦਿਆਂ ਤਾਂ।"[4]

ਕਹਾਣੀਕਾਰ ਅੱਜ ਦੀ ਨਵੀਂ ਪੀੜ੍ਹੀ ਦੇ ਆਪਣੇ ਹੱਕਾਂ ਪ੍ਰਤੀ ਸੁਚੇਤ ਹੋਣ ਅਤੇ ਦੱਬੂ ਮਾਨਸਿਕਤਾ ਦੇ ਨਕਾਰਨ ਨੂੰ ਪੁਰਾਣੇ ਸਮੇਂ ਵਿਚ ਵਾਪਰੀ ਘਟਨਾ ਨਾਲ ਜੋੜ ਕੇ ਪੇਸ਼ ਕਰਦਾ ਹੈ। ਉਸ ਨੇ ਬਿਰਤਾਂਤ ਸਿਰਜਣ ਲਈ ਫਲੈਸ਼ਬੈਕ (ਪਿੱਛਲਝਾਤ) ਵਿਧੀ ਦੀ ਵਰਤੋਂ ਬਾਖ਼ੂਬੀ ਕੀਤੀ ਹੈ। ਕਹਾਣੀ ਵਿਚ ਬੇਰੂ ਦਾ ਪਿਉ ਰੇਲਗੱਡੀ ਵਿਚ ਕਿਸੇ ਬ੍ਰਾਹਮਣ ਨਾਲ ਬੈਠਾ ਸਫ਼ਰ ਕਰ ਰਿਹਾ ਹੈ। ਇਸ ਲਈ ਇੱਕੋ ਸੀਟ 'ਤੇ ਬੈਠੇ ਹੋਣ ਕਾਰਣ ਉਹਨਾਂ ਦੇ ਕੱਪੜਿਆਂ ਦਾ ਇੱਕ ਦੂਜੇ ਨਾਲ ਛੂਹ ਜਾਣਾ ਸੁਭਾਵਕ ਹੈ, ਪਰ ਬ੍ਰਾਹਮਣ ਨੂੰ ਉਸ ਦਲਿਤ ਨਾਲ ਬੈਠਣ ਤਾਂ ਕੀ ਉਸਦੇ ਖੇਸ ਦਾ ਆਪਣੀ ਧੋਤੀ ਨਾਲ ਲੱਗਣਾ ਹੀ ਸਵੀਕਾਰ ਨਹੀਂ ਸੀ। ਉਹ ਉਸਨੂੰ ਗਾਲ੍ਹਾਂ ਕੱਢਦਾ ਹੈ। ਬੇਰੂ ਦਾ ਪਿਉ ਆਪਣੀ ਪ੍ਰੰਪਰਾਵਾਦੀ ਮਾਨਸਿਕਤਾ ਕਾਰਨ ਬ੍ਰਾਹਮਣ ਦੇ ਭ੍ਰਿਸ਼ਟ ਹੋਣ ਤੋਂ ਡਰ ਜਾਂਦਾ ਹੈ ਅਤੇ ਚੁੱਪ ਕਰਕੇ ਗੱਡੀ ਤੋਂ ਉਤਰ ਜਾਂਦਾ ਹੈ। ਅੱਜ ਦੀ ਨੀਵੀਂ ਜਾਤ ਵਿਚ ਜਨਮੀ ਨਵੀਂ ਪੀੜ੍ਹੀ ਆਪਣੇ ਸਵੈਮਾਨ ਨੂੰ ਬਰਕਰਾਰ ਰੱਖਦੀ ਹੋਈ ਆਪਣੇ ਬਜ਼ੁਰਗਾਂ ਵਾਂਗ ਕਿਸੇ ਉੱਚ ਵਰਗੀ ਵਿਅਕਤੀ ਨਾਲ ਬੈਠਣ ਤੋਂ ਨਹੀਂ ਕਤਰਾਉਂਦੀ, ਸਗੋਂ ਉਹ ਉਹਨਾਂ ਦੇ ਬਰਾਬਰ ਮਾਣ ਨਾਲ ਬੈਠਦੀ ਹੈ। ਕਹਾਣੀ ਦੇ ਬੇਰੂ ਪਾਤਰ ਨੂੰ ਆਪਣੇ ਪਿਉ ਦਾ ਇਸ ਤਰ੍ਹਾਂ ਗੱਡੀ ਬਦਲ ਲੈਣਾ ਚੰਗਾ ਨਹੀਂ ਲੱਗਦਾ ਕਿਉਂਕਿ ਅੱਜ ਉਹ ਆਪਣੇ ਆਪ ਨੂੰ ਉੱਚ ਵਰਗ ਦੇ ਬਰਾਬਰ ਸਮਝਣ ਲੱਗ ਪਿਆ ਹੈ। ਇਸ ਲਈ ਚੰਨਣ ਦੇ ਜਵਾਬ ਵਿਚ ਉਹ ਕਹਿੰਦਾ ਹੈ :

ਲਾਲੇ ਦੇ ਪਿਉ ਦੀ ਗੱਡੀ ਸੀ ਬਈ ਗਾਲਾਂ ਦੇ ਕੇ ਉਤਾਰ ਦਿੰਦਾ ! ਤੂੰ ਸਿਆਣੈਂ ... ਕਰਾਇਆ ਤਾਂ ਉਹਨੇ ਵੀ ਦਿੱਤਾ ਸੀ ਕਿ ਨਹੀਂ"...! ਇਹਦੇ ਨਾਲ ਕਾਹਦਾ ਧਰਮ ਭ੍ਰਿਸ਼ਟ ਹੋ ਜਾਂਦਾ ਬਈ ਚੰਨਣਾ ! ਸਾਡੇ 'ਚ ਭਲਾ ਜਾਨ ਨੀਂ ਹੁੰਦੀ ![5]

ਇਸ ਤਰ੍ਹਾਂ ਸਦੀਆਂ ਦੀ ਗੁਲਾਮੀ ਕਰਨ ਵਾਲੀ ਕੌਮ ਦਾ ਸਥਾਪਤੀ ਪ੍ਰਤੀ ਵਿਦਰੋਹ ਹੀ ਉਨ੍ਹਾਂ ਵਿਚ ਨਵੇਂ ਯੁਗ ਦੀ ਵਿਚਾਰਧਾਰਕ ਦ੍ਰਿਸ਼ਟੀ ਸਿਰਜਦਾ ਹੈ। ਗੁਰਦਿਆਲ ਸਿੰਘ ਦੀਆਂ ਕਹਾਣੀਆਂ ਸਾਧਾਰਨ ਲੋਕਾਂ ਦੀਆਂ ਸਮੱਸਿਆਵਾਂ ਦੀ ਤਰਜ਼ਮਾਨੀ ਕਰਦੀਆਂ ਹਨ। ਉਸਨੇ ਜੀਵਨ ਦੇ ਨਿਗੂਣੇ ਅਤੇ ਸਾਧਾਰਨ ਵਰਤਾਰੇ, ਜਿਹਨਾਂ ਨੂੰ ਅੱਜ ਤੱਕ ਅਣਗੌਲਿਆ ਕੀਤਾ ਜਾਂਦਾ ਸੀ, ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਨ ਦਾ ਸਫ਼ਲ ਯਤਨ ਕੀਤਾ ਹੈ। ਉਹ ਨਿੱਜੀ ਅਨੁਭਵ ਨੂੰ ਸਮੂਹਿਕ ਅਨੁਭਵ ਵਿਚ ਬਦਲ ਕੇ ਪੇਸ਼ ਕਰਨ ਵਾਲਾ ਇੱਕ ਯਥਾਰਥਵਾਦੀ ਕਹਾਣੀਕਾਰ ਹੈ।



ਪੰਜਾਬੀ ਕਹਾਣੀ ਦੇ ਖੇਤਰ ਵਿਚ ਗੁਰਮੀਤ ਕੜਿਆਲਵੀ ਨੇ ਵੀ ਦਲਿਤ ਜੀਵਨ-ਯਥਾਰਥ ਨੂੰ ਪੇਸ਼ ਕਰਨ ਲਈ ਨਵੇਂ ਪ੍ਰਤਿਮਾਨ ਸਿਰਜੇ ਹਨ। ਉਸਦੀਆਂ ਕਹਾਣੀਆਂ ਦੇ ਵਸਤੂਗਤ ਵੇਰਵੇ ਪਾਠਕ ਦੀ ਅੰਤਰ ਆਤਮਾ ਅੱਗੇ ਅਨੇਕ ਸੁਆਲ ਖੜ੍ਹੇ ਕਰਦੇ ਹਨ ਅਤੇ ਨਾਲ ਹੀ ਉਨ੍ਹਾਂ ਦੇ ਬਣੇ ਬਣਾਏ ਸੋਚ-ਚੌਖਟਿਆਂ ਨੂੰ ਚਕਨਾਚੂਰ ਵੀ ਕਰ ਦਿੰਦੇ ਹਨ। ਪਾਠਕ ਨੂੰ ਆਚੰਭਿਤ ਤੇ ਆਕਰਸ਼ਿਤ ਕਰਨ ਦੀ ਉਸ ਕੋਲ ਵਿਸ਼ੇਸ਼ ਮੁਹਾਰਤ ਹੈ। ਉਸਦੀਆਂ ਕਹਾਣੀਆਂ 'ਈਜਵਾ ਤੂੰ ਦੌੜੀ ਚੱਲ...', 'ਕੋਈ ਹੋਰ ਗੱਲ ਸੁਣਾ', 'ਸੰਸਾਰੀ', 'ਚੀਰਹਰਨ,' 'ਇੱਜ਼ਤਦਾਰ', 'ਨਮੋਲ਼ੀਆਂ', 'ਆਫ਼ਤ', 'ਊਣੇ' ਅਤੇ 'ਸਾਰੰਗੀ ਦੀ ਮੌਤ' ਦਾ ਘਟਨਾਵੀ ਫੋਕਸ ਵਰਤਮਾਨ ਤੋਂ ਭੂਤ, ਭੂਤ ਤੋਂ ਵਰਤਮਾਨ ਅਤੇ ਵਰਤਮਾਨ ਤੋਂ ਵਰਤਮਾਨ ਦੀ ਗਹਿਰਾਈ ਨੂੰ ਆਪਣੇ ਕਲੇਵਰ ਵਿਚ ਲੈਂਦਾ ਹੋਇਆ ਦਲਿਤ ਲੋਕਾਂ ਦੀਆਂ ਵਾਸਤਵਿਕ ਸਮੱਸਿਆਵਾਂ ਨੂੰ ਅਗਰਭੂਮਿਤ ਕਰਦਾ ਹੈ। ਕਹਾਣੀ ਬਿਰਤਾਂਤ ਨਾਲ ਪਾਠਕ ਨੂੰ ਬੰਨ੍ਹਣ ਲਈ ਉਹ ਪਿੱਛਲਝਾਤ, ਅੱਗਲਝਾਤ, ਸੰਵਾਦ, ਯਾਦਾਂ, ਸੋਚਾਂ, ਵਿਅੰਗ, ਲਕਾਓ-ਪ੍ਰਟਾਓ, ਮੌਕਾ-ਮੇਲ, ਕਹਾਣੀ ਅੰਦਰ ਕਹਾਣੀ ਦੀ ਜੁਗਤ, ਅਜਨਬੀਕਰਨ ਅਤੇ ਵਿਸਾਹ ਸਿਰਜਨਾ ਆਦਿ ਜੁਗਤਾਂ ਦੀ ਸਫ਼ਲ ਵਰਤੋਂ ਕਰਦਾ ਹੈ। ਇਉਂ ਉਸਦੀਆਂ ਕਹਾਣੀਆਂ ਦਾ ਬਿਰਤਾਂਤ ਇਕ-ਤੰਦੀ ਨਹੀਂ ਸਗੋਂ ਬਹੁ-ਤੰਦੀ ਹੈ। ਕਹਾਣੀਆਂ ਦੇ ਬਿਰਤਾਂਤਕ ਮੋਟਿਫ਼ਾਂ ਵਿਚ ਘਟਨਾਵਾਂ ਦਾ ਵਿਕਾਸ ਲੜੀਦਾਰ ਕ੍ਰਮ ਵਿਚ ਨਹੀਂ ਸਗੋਂ ਗੁੰਝਲਦਾਰ ਬਣਤਰ ਦਾ ਧਾਰਨੀ ਹੈ। ਉਹ ਆਪਣੀਆਂ ਕਹਾਣੀਆਂ ਦਾ ਆਰੰਭ ਸਿਖ਼ਰਲੀ ਸਥਿਤੀ ਤੋਂ ਸ਼ੁਰੂ ਕਰਦਾ ਹੋਇਆ ਵਰਤਮਾਨ ਤਣਾਉਪੂਰਨ ਸਥਿਤੀ ਨਾਲ ਸੰਬੰਧਿਤ ਵਾਪਰ ਚੁੱਕੀਆਂ ਘਟਨਾਵਾਂ ਨੂੰ ਪਿੱਛਲਝਾਤ ਰਾਹੀਂ ਪੇਸ਼ ਕਰਕੇ ਅੱਗਲਝਾਤ ਰਾਹੀਂ ਉਸਦਾ ਫੈਲਾਉ ਭਵਿੱਖ ਵਿੱਚ ਉਸਾਰਦਾ ਹੈ। ਕਹਾਣੀ ਦੇ ਪਾਤਰ ਬੀਤ ਚੁੱਕੀਆਂ ਘਟਨਾਵਾਂ ਨੂੰ ਯਾਦ ਕਰਦੇ ਹੋਏ ਕਹਾਣੀ ਦੀ ਬਿਰਤਾਂਤਕ ਤੋਰ ਨੂੰ ਅਗਾਂਹ ਤੋਰਦੇ ਹਨ ਜਿਸ ਸਦਕਾ ਕਹਾਣੀ ਬਿਰਤਾਂਤ ਇਕ ਪਲ ਵਰਤਮਾਨ ਵਿੱਚ ਵਿਚਰਦਾ ਹੈ ਅਤੇ ਦੂਜੇ ਪਲ ਹੀ ਪਾਠਕ ਨੂੰ ਪਿਛੋਕੜ ਵਿੱਚ ਵਾਪਰੀ ਸਥਿਤੀ ਵਿੱਚ ਲੈ ਜਾਂਦਾ ਹੈ। ਕਹਾਣੀ ਵਿਚਲੇ ਪਾਤਰ ਜਦੋਂ ਅਤੀਤ ਦੀਆਂ ਯਾਦਾਂ ਵਿੱਚ ਗੁਆਚਦੇ ਹਨ ਤਾਂ ਉਹ ਇਸ ਕਿਸਮ ਦੇ ਵਾਕੰਸ਼/ਉਪਵਾਕ ਪ੍ਰਯੋਗ ਕਰਦੇ ਹਨ ਕਿ ਕਹਾਣੀ ਬਿਰਤਾਂਤ ਵਿੱਚ ਇਸ ਤਰ੍ਹਾਂ ਮੋੜਾ ਬਿਲਕੁਲ ਵੀ ਉਪਰਾ ਪ੍ਰਤੀਤ ਨਹੀਂ ਹੁੰਦਾ ਸਗੋਂ ਸਹਿਜਤਾ ਦਾ ਪ੍ਰਮਾਣ ਹੋ ਨਿਬੜਦਾ ਹੈ। ਉਸਦੀਆਂ ਕਹਾਣੀਆਂ ਵਿਚ ਪਿੱਛਲਝਾਤ ਅਤੇ ਵਰਤਮਾਨ ਜੁਗਤਾਂ ਦਾ ਅਨੋਖਾ ਸੁਮੇਲ ਗੁੰਦਿਆ ਹੈ। ਇਸੇ ਤਰ੍ਹਾਂ ਕਹਾਣੀਆਂ ਦੇ ਥੀਮਕ ਪੈਟਰਨ ਵਿਚ ਨਵੀਂ ਰੂਹ ਫੂਕਣ ਲਈ ਉਸਨੇ ਪਾਤਰਾਂ ਤੋਂ ਚੁਭਵੇਂ ਰੂਪ ਵਿਚ ਅਜਿਹੀ ਵਾਰਤਾਲਾਪ ਕਰਵਾਈ ਹੈ ਜੋ ਜਾਤੀਪਾਤੀ ਸਿਸਟਮ ਉੱਤੇ ਵਿਭਿੰਨ ਪੱਖਾਂ ਤੋਂ ਵਿਅੰਗ ਕਰਦੀ ਹੈ। ਗੁਰਮੀਤ ਕੜਿਆਲਵੀ ਦੀਆਂ ਕਹਾਣੀਆਂ ਦੇ ਥੀਮਕ ਅਤੇ ਰੂਪਗਤ ਪਾਸਾਰਾਂ ਸੰਬੰਧੀ ਟਿੱਪਣੀ ਕਰਦਿਆਂ ਪਰਮਪਾਲ ਸਿੰਘ ਬਾਦਲ ਆਪਣੀ ਪੁਸਤਕ 'ਗੁਰਮੀਤ ਕੜਿਆਲਵੀ ਦਾ ਕਥਾ-ਬੋਧ' ਵਿਚ ਲਿਖਦਾ ਹੈ ਕਿ, "ਸਮਕਾਲੀ ਪੰਜਾਬੀ ਕਹਾਣੀ ਵਿਚ ਗੁਰਮੀਤ ਕੜਿਆਲਵੀ 'ਦਲਿਤ ਵਰਗ ਨੂੰ ਸਮਰਪਿਤ' ਕਥਾਕਾਰ ਵਜੋਂ ਜਾਣਿਆ-ਪਛਾਣਿਆ ਜਾਂਦਾ ਹੈ। ਉਸਨੇ ਦਲਿਤ ਜੀਵਨ ਯਥਾਰਥ ਨੂੰ ਰੂਪਮਾਨ ਕਰਨ ਲਈ ਉਨ੍ਹਾਂ ਦਿੱਖ-ਅਦਿੱਖ ਇਤਿਹਾਸਕ, ਮਿਥਿਹਾਸਕ, ਆਪ ਬੀਤੀਆਂ, ਜੱਗ-ਬੀਤੀਆਂ ਘਟਨਾਵਾਂ/ਵੇਰਵਿਆਂ ਨੂੰ ਆਪਣੇ ਕਥਾ-ਸੰਸਾਰ ਦਾ ਹਿੱਸਾ ਬਣਾਇਆ ਹੈ ਜੋ ਪੰਜਾਬੀ ਕਹਾਣੀ ਸਾਹਿਤ ਵਿਚੋਂ ਹੁਣ ਤੱਕ ਛਾਂਗੇ ਜਾਂਦੇ ਰਹੇ ਹਨ। ਉਸਦੀਆਂ ਕਹਾਣੀਆਂ ਵਿਲੱਖਣ ਭਾਸ਼ਾ ਸ਼ਕਤੀ ਤੇ ਵਿਸ਼ਿਆਂ ਦਾ ਪ੍ਰਦਰਸ਼ਨ ਕਰਦੀਆਂ ਹਨ। ਕਲਾ-ਪੱਖ ਤੋਂ ਵੀ ਉਸਨੇ ਨਵੇਂ ਪ੍ਰਯੋਗ ਕੀਤੇ ਹਨ।"[6]

ਗੁਰਮੀਤ ਕੜਿਆਲਵੀ ਨੇ ਸਮਾਜਕ ਵਿਸ਼ਿਆਂ ਨੂੰ ਬੜੀ ਸੂਝ ਅਤੇ ਸਮੱਗਰਤਾ ਨਾਲ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ ਹੈ। ਇਸ ਸੰਬੰਧ ਵਿਚ ਸਮਕਾਲੀ ਦੌਰ ਵਿੱਚ ਰਚੀ ਜਾ ਰਹੀ ਕਹਾਣੀ ਨੇ ਜੇਕਰ ਥੀਮ ਪੱਖੋਂ ਅਨੇਕ ਬਦਲਾਵ ਕੀਤੇ ਹਨ ਤਾਂ ਰੂਪਗਤ ਪੱਧਰ ਤੇ ਵੀ ਇਸਨੇ ਪਰੰਪਰਾ ਨਾਲੋਂ ਆਪਣੇ ਬਿਰਤਾਂਤ ਦੀ ਪੇਸ਼ਕਾਰੀ ਨੂੰ ਨਿਖੇੜ ਲਿਆ ਹੈ। ਸਮਕਾਲੀ ਕਹਾਣੀ ਦਾ ਰੂਪ ਅਤੇ ਵਿਸ਼ੇ ਪੱਖੋਂ ਵੱਖਰਤਾ ਦਾ ਘੇਰਾ ਏਨਾ ਵਿਸ਼ਾਲ ਹੋ ਗਿਆ ਹੈ ਕਿ ਇਸ ਵਿੱਚ ਹਰ ਸਾਹਿਤਕ ਵਿਧਾ ਦੇ ਬੀਜ ਪੁੰਗਰਦੇ ਹੋਏ ਦਿਖਾਈ ਦਿੰਦੇ ਹਨ। ਜੇਕਰ ਕਹਾਣੀ ਬਿਰਤਾਂਤ ਦਾ ਥੀਮ ਪਾਠਕ ਉੱਤੇ ਆਪਣਾ ਵਿਸ਼ੇਸ਼ ਪ੍ਰਭਾਵ ਪਾਉਂਦਾ ਹੈ ਤਾਂ ਰੂਪਕ ਪੱਖ ਵੀ ਪਾਠਕ ਨੂੰ ਰਚਨਾ ਨਾਲ ਬੰਨ੍ਹਕੇ ਰੱਖਦਾ ਹੈ। ਇਉਂ ਸਾਹਿਤਕ ਰਚਨਾਵਾਂ ਵਿਚ ਚੰਗੇ ਥੀਮ ਦੇ ਨਾਲ-ਨਾਲ ਚੰਗੀ ਪੇਸ਼ਕਾਰੀ ਦਾ ਵੀ ਵਿਸ਼ੇਸ਼ ਮਹੱਤਵ ਹੁੰਦਾ ਹੈ। ਗੁਰਮੀਤ ਕੜਿਆਲਵੀ ਦੀ ਸੰਵੇਦਨਸ਼ੀਲ ਦ੍ਰਿਸ਼ਟੀ ਕਿਸੇ ਨਾ ਕਿਸੇ ਪੱਖੋਂ 'ਊਣੇ' ਰਹਿ ਗਏ ਲੋਕਾਂ ਦੇ ਜੀਵਨ-ਯਥਾਰਥ ਨੂੰ ਪੇਸ਼ ਕਰਨ ਨਾਲ ਸੰਬੰਧਿਤ ਹੈ। ਇਸ ਸੰਦਰਭ ਵਿਚ ਡਾ. ਰਜਨੀਸ਼ ਬਹਾਦਰ ਦੀ ਟਿੱਪਣੀ ਪ੍ਰਸੰਗਿਕ ਹੈ ਕਿ, "ਗੁਰਮੀਤ ਦੀਆਂ ਕਹਾਣੀਆਂ ਉਸ ਦੇ ਵਾਸਤਵਿਕ ਜੀਵਨ ਵਿਚੋਂ ਉਪਜੀਆਂ ਕਲਾਤਮਕ ਪੁੱਠ ਦਿੱਤੀਆਂ ਕਿਰਤਾਂ ਹਨ।...ਉਸ ਦੀਆਂ ਕਹਾਣੀਆਂ ਵਿਚੋਂ ਲੋਕ ਮਨ ਦੀ ਪੀੜਾ ਪੂਰੀ ਸ਼ਿੱਦਤ ਨਾਲ ਉਭਰਦੀ ਹੈ। ਇਹ ਆਰਥਕ ਨਾ ਬਰਾਬਰੀ, ਸਮਾਜਕ ਪਾੜੇ ਤੇ ਬੇਇਨਸਾਫੀ ਵਿਚੋਂ ਉਭਰਦੀ ਹੈ।" [7] ਇਹ ਲੋਕ-ਪੀੜ ਹੀ ਹੈ ਜੋ ਕੜਿਆਲਵੀ ਦੀਆਂ ਕਹਾਣੀਆਂ ਦੇ ਥੀਮਕ ਵੇਰਵਿਆਂ ਦੀ ਵਿਚਾਰਧਾਰਾ ਨੂੰ ਪ੍ਰਸਤੁਤ ਕਰਦੀ ਹੈ। 'ਊਣੇ' ਕਹਾਣੀ-ਸੰਗ੍ਰਹਿ ਦੀਆਂ ਕਹਾਣੀਆਂ ਦੇ ਥੀਮਕ ਵੇਰਵੇ ਦਲਿਤ ਜੀਵਨ ਯਥਾਰਥ ਨੂੰ ਵਿਭਿੰਨ ਭਾਗਾਂ ਵਿਚ ਵਿਭਾਜਤ ਕਰਕੇ ਪੇਸ਼ ਕਰਦੇ ਹਨ। ਇਉਂ ਕਹਾਣੀ-ਸੰਗ੍ਰਹਿ ਦੇ ਥੀਮਕ ਪਾਸਾਰਾਂ ਵਿਚ ਇਕ ਪਾਸੇ ਦਲਿਤ ਸਮਝੇ ਜਾਂਦੇ ਉਨ੍ਹਾਂ ਲੋਕਾਂ ਦੀ ਸਮਾਜਕ ਸਥਿਤੀ ਨੂੰ ਰੂਪਮਾਨ ਕਰਦੇ ਹਨ ਜੋ ਜਾਤੀਗਤ ਵੰਡੀਆਂ ਵਿਚ ਨਿਮਨ ਸਥਾਨ 'ਤੇ ਹੋਣ ਕਾਰਨ ਸਮਾਜਕ ਤੇ ਆਰਥਕ ਤੌਰ 'ਤੇ ਊਣੇ ਰਹਿ ਗਏ ਹਨ। ਇਹ ਊਣਾਪਣ ਹੀ ਇਸ ਕਹਾਣੀ ਸੰਗ੍ਰਹਿ ਦੀਆਂ ਸਮੁੱਚੀਆਂ ਕਹਾਣੀਆਂ ਦਾ ਫ਼ੇਬੁਲਾ (ਕੱਚੀ ਸਮੱਗਰੀ) ਬਣ ਕੇ ਸੰਚਾਰ ਕਰਦਾ ਹੈ। ਉਸਦੀਆਂ ਕਹਾਣੀਆਂ ਦੇ ਪਾਤਰ ਆਪਣੇ ਸਰੀਰਕ ਅਤੇ ਮਾਨਸਿਕ ਊਣੇਪਣ ਨੂੰ ਪੂਰਨ ਕਰਨ ਲਈ ਉੱਚ ਵਰਗਾਂ ਨਾਲ ਖਹਿਬੜਦੇ ਹਨ ਪਰ ਸੱਤਾ 'ਤੇ ਕਾਬਜ ਧਿਰਾਂ ਉਨ੍ਹਾਂ ਦੇ ਸੰਘਰਸ਼ ਨੂੰ ਖੁੰਢਾ ਕਰ ਦਿੰਦੀਆਂ ਹਨ ਜਿਸ ਸਦਕਾ ਇਨ੍ਹਾਂ ਲੋਕਾਂ ਦਾ ਦੁਖਾਂਤ ਪੀੜ੍ਹੀ-ਦਰ-ਪੀੜ੍ਹੀ ਵਿਕਰਾਲ ਰੂਪ ਧਾਰਕੇ ਇਨ੍ਹਾਂ ਨੂੰ ਪੀੜਤ ਕਰਦਾ ਰਹਿੰਦਾ ਹੈ। ਇਸ ਕਹਾਣੀ ਸੰਗ੍ਰਹਿ ਵਿਚ ਸ਼ਾਮਿਲ ਕਹਾਣੀ 'ਹਵਾ ਵਿਚ ਲਟਕਦੀ ਜ਼ਿੰਦਗੀ' ਨਿਮਨ ਵਰਗ ਦੇ ਨੌਕਰੀ ਪੇਸ਼ਾ ਪਰ ਕੱਚੀ ਨੌਕਰੀ ਕਰਦੇ ਪਰਿਵਾਰ ਦੇ ਜੀਵਨ ਯਥਾਰਥ ਨੂੰ ਵਿਭਿੰਨ ਪੱਖਾਂ ਤੋਂ ਪ੍ਰਸਤੁਤ ਕਰਦੀ ਹੈ। ਇਸ ਕਹਾਣੀ ਦੀ ਸਿਰਜਣ ਪ੍ਰਕਿਰਿਆ ਅਤੇ ਥੀਮਕ ਵੇਰਵਿਆਂ ਸੰਬੰਧੀ ਗੁਰਮੀਤ ਕੜਿਆਲਵੀ ਦੇ ਆਪਣੇ ਵਿਚਾਰ ਹਨ ਕਿ, "ਬੇਰੁਜ਼ਗਾਰੀ ਦੇ ਦਿਨੀਂ ਮੈਂ ਡਗਰੂ ਡਰੇਨ 'ਤੇ ਖਾਸਾ ਸਮਾਂ ਬੇਲਦਾਰੀ (ਕਹਿਣ ਨੂੰ ਸੁਪਰਵਾਈਜ਼ਰੀ) ਕਰਦਾ ਰਿਹਾ ਹਾਂ। ਉਦੋਂ ਮੈਂ ਸੜਕਾਂ, ਡਰੇਨਾਂ 'ਤੇ ਕੰਮ ਕਰਦੇ ਮਜ਼ਦੂਰਾਂ, ਬੇਲਦਾਰਾਂ, ਮੇਟਾਂ ਅਤੇ ਓਵਰਸੀਅਰਾਂ ਦੀ ਜ਼ਿੰਦਗੀ ਨੂੰ ਨੇੜਿਓਂ ਦੇਖਿਆ। ਫੇਰ ਜਨ ਸਿਹਤ ਮਹਿਕਮੇ ਵਿਚ ਕੱਚੇ ਕਾਮੇ ਵਜੋਂ 8-10 ਸਾਲ ਬਤੌਰ ਪੰਪ ਉਪਰੇਟਰ ਕੰਮ ਕੀਤਾ। ਮੇਰੇ ਨਾਲ ਦੇ ਬਹੁਤੇ ਪੰਪ ਉਪਰੇਟਰ, ਮਾਲੀ, ਫਿੱਟਰ, ਪਲੰਬਰ, ਸੀਵਰਮੈਨ ਅਤੇ ਡੀਜ਼ਲ ਮਕੈਨਿਕ ਆਦਿ ਵੀ ਡੇਲੀਵੇਜਰ ਹੀ ਸਨ। ਕੱਚੇ ਹੋਣ ਕਾਰਨ ਛਾਂਟੀ ਦੀ ਤਲਵਾਰ ਹਰ ਵੇਲੇ ਇਨ੍ਹਾਂ ਦੇ ਸਿਰ ਉਪਰ ਲਟਕਦੀ ਰਹਿੰਦੀ ਸੀ। ਕੱਢੇ ਜਾਣ ਦੇ ਡਰੋਂ ਅਫ਼ਸਰਾਂ ਦੀਆਂ ਬੁੱਤੀਆਂ ਵੀ ਕਰਨੀਆਂ ਪੈਂਦੀਆਂ ਅਤੇ ਸ਼ੋਸ਼ਣ ਵੀ ਸਹਿਣਾ ਪੈਂਦਾ ਸੀ। ਸਾਥੀਆਂ ਦੀ ਹਾਲਤ ਮੈਂ ਵੇਖਦਾ ਰਹਿੰਦਾ ਸੀ। ਸੇਮ ਉਪਰ ਬੇਲਦਾਰ ਵਜੋਂ ਨੌਕਰੀ ਕਰਦਿਆਂ 60-60 ਕਿਲੋਮੀਟਰ ਦਾ ਫਾਸਲਾ ਸਾਈਕਲ



ਉਪਰ ਤਹਿ ਕਰੀਦਾ ਸੀ। ਇਸ ਦੇ ਬਾਵਜੂਦ 900-950 ਰੁਪਏ ਦੀ ਮਾਮੂਲੀ ਤਨਖਾਹ ਵਿਚੋਂ ਵੀ ਓਵਰਸੀਅਰ ਨੇ ਤਨਖਾਹ ਦੇ ਮਸਟਰੋਲ 'ਤੇ ਦਸਤਖਤ ਕਰਵਾ ਕੇ ਕੁੱਝ ਰੁਪਏ ਕੱਟ ਲਏ ਸਨ। ਉਦੋਂ ਮੇਰਾ ਦਿਲ ਪੁੱਛਿਆ ਜਾਣ ਦਾ ਸੀ। ਬਸ ਕੱਚੇ ਹੋਣ ਕਾਰਨ ਸਾਰਾ ਦਰਦ ਅੰਦਰੋਂ-ਅੰਦਰ ਪੀ ਗਿਆ ਸਾਂ। ਮੈਨੂੰ ਆਪਣੇ ਵਰਗਿਆਂ ਦੀ ਜ਼ਿੰਦਗੀ ਹਵਾ ਵਿਚ ਲਟਕਦੀ ਪ੍ਰਤੀਤ ਹੁੰਦੀ। ਸੋ ਇਸ ਤਰ੍ਹਾਂ ਕਹਾਣੀ 'ਹਵਾ ਵਿਚ ਲਟਕਦੀ ਜ਼ਿੰਦਗੀ' ਦੇ ਮੁੱਖ ਪਾਤਰ 'ਜੱਗੇ ਬੇਲਦਾਰ' ਦੇ ਰੂਪ ਵਿਚ ਵੀ ਮੈਂ ਕਿਤੇ ਨਾ ਕਿਤੇ ਆਪਣੀ ਇਸ ਕਹਾਣੀ ਵਿਚ ਮੌਜੂਦ ਹਾਂ।" [8]

ਇਸ ਕਹਾਣੀ ਦਾ ਕੇਂਦਰੀ ਪਾਤਰ ਜੰਗ ਸਿੰਘ ਪੰਜਾਬ ਡ੍ਰੇਨ ਵਿਭਾਗ ਵਿਚ ਕੱਚੇ ਕਾਮੇ (ਬੇਲਦਾਰ) ਵਜੋਂ ਨੌਕਰੀ ਕਰਦਾ ਹੈ। ਕਹਾਣੀ ਬਿਰਤਾਂਤ ਦੇ ਸ਼ੁਰੂ ਵਿਚ ਕਹਾਣੀਕਾਰ ਨੇ ਤੁਲਨਾਤਮਕ ਪਰਿਪੇਖ ਵਿਚ ਫ਼ੌਰੀ ਵਿਗੋਪਨ ਵਜੋਂ ਡ੍ਰੇਨ ਵਿਭਾਗ ਦੇ ਜੇ. ਈ. ਵੱਲੋਂ ਜੰਗ ਸਿੰਘ ਅਤੇ ਉਸਦੇ ਨਾਲ ਦੇ ਦੋ ਪੱਕੇ ਬੇਲਦਾਰਾਂ ਨੂੰ ਆਪਣੇ ਘਰ ਵਿਚ ਕੰਮ ਕਰਵਾਉਂਦਾ ਦਿਖਾਇਆ ਹੈ। ਇਸ ਕਹਾਣੀ ਦਾ ਕੇਂਦਰੀ ਪਾਤਰ ਕਈ ਇਛਾਵਾਂ ਮਨ ਵਿਚ ਰੱਖਕੇ ਸਰੀਰਕ ਸ਼ਕਤੀ ਤੋਂ ਵੱਧ ਮੁਸ਼ੱਕਤ ਕਰਦਾ ਹੈ। ਉਹ ਅਫ਼ਸਰਾਂ ਦੇ ਘਰਾਂ ਵਿਚ ਬਿਨਾਂ ਪੈਸੇ ਲਏ ਇਸ ਲਈ ਕੰਮ ਕਰਦਾ ਹੈ ਕਿ ਅਫ਼ਸਰ ਖੁਸ਼ ਹੋ ਕੇ ਉਸ ਨੂੰ ਪੱਕਾ ਕਰ ਦੇਣਗੇ ਪਰ ਸਥਿਤੀ ਵਿਡੰਬਣਾ ਇਹ ਹੈ ਕਿ ਉਸਦੀਆਂ ਇਛਾਵਾਂ ਪੂਰੀਆਂ ਨਹੀਂ ਹੁੰਦੀਆਂ। ਜਦੋਂ ਉਸਦੀਆਂ ਇਛਾਵਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਉਹ ਆਪਣੇ ਮੁੰਡੇ ਟਹਿਲੇ ਨੂੰ ਦਸ ਜਮਾਤਾਂ ਪੜ੍ਹਾ ਕੇ ਆਪਣੇ ਵਿਭਾਗ ਵਿਚ ਨੌਕਰੀ ਲਵਾਉਣ ਦੀ ਭ੍ਰਾਂਤੀ ਸਿਰਜਦਾ ਹੈ। ਇਸ ਪ੍ਰਸੰਗ ਵਿਚ ਉਹ ਅਫ਼ਸਰਾਂ ਦੀ ਲੋੜੋਂ ਵੱਧ ਸੇਵਾ ਅਤੇ ਮਿੰਨਤਾਂ-ਤਰਲਾ ਕਰਨ ਲੱਗਦਾ ਹੈ। ਇਉਂ ਹੀ ਜੰਗ ਸਿੰਘ ਮਾਨਸਿਕ ਪੱਧਰ 'ਤੇ ਆਪਣੇ ਮੁੰਡੇ ਨੂੰ ਨੌਕਰੀ 'ਤੇ ਲਗਾਉਣ ਲਈ ਮਨ ਹੀ ਮਨ ਅਨੇਕ ਪ੍ਰਕਾਰ ਦੇ ਸੁਪਨੇ ਬੁਣਦਾ ਹੈ। ਉਸਦੀ ਮਾਨਸਿਕ ਇੱਛਾ ਹੈ ਕਿ ਉਹ ਹਰ ਸੰਭਵ ਜਤਨ ਕਰਕੇ ਆਪਣੇ ਪੁੱਤਰ ਨੂੰ ਪੜ੍ਹਾਕੇ ਖੇਤ-ਮਜ਼ਦੂਰੀ ਦੇ ਔਖੇ ਕੰਮ ਤੋਂ ਉਸਦਾ ਖਹਿੜਾ ਛੁਡਾ ਦੇਵੇ। ਇਸ ਤਰ੍ਹਾਂ ਕਰਨ ਨਾਲ ਜਿੱਥੇ ਉਸਨੂੰ ਆਰਥਕ ਠੁੰਮਣਾ ਮਿਲੇਗਾ ਉੱਥੇ ਉਸਦੇ ਪੁੱਤਰ ਨੂੰ ਜਾਤੀ-ਪਾਤੀ ਮੇਹਣਿਆਂ ਤੋਂ ਵੀ ਛੁਟਕਾਰਾ ਮਿਲਣ ਲਈ ਰਾਹ ਵੀ ਪੱਧਰਾ ਹੋਵੇਗਾ ਪਰ ਸਥਿਤੀ ਦੀ ਵਿਡੰਬਣਾ ਇਹ ਹੈ ਕਿ ਜੀ. ਈ. ਜੰਗ ਸਿੰਘ ਨੂੰ ਕੰਮ ਤੋਂ ਹਟਾ ਕੇ ਉਸ ਦੀ ਜਗ੍ਹਾ ਤੇ ਆਪਣੇ ਕਿਸੇ ਜਾਣਕਾਰ ਬੰਦੇ ਨੂੰ ਰੱਖ ਲੈਂਦਾ ਹੈ। ਕਹਾਣੀ ਵਿਚ ਇਹ ਸਥਿਤੀ ਜੰਗ ਸਿੰਘ ਦੀਆਂ ਆਸਾਂ 'ਤੇ ਪਾਣੀ ਫੇਰ ਦਿੰਦੀ ਹੈ। ਇਸ ਤਰ੍ਹਾਂ ਉਸ ਦੀਆਂ ਕਹਾਣੀਆਂ ਆਪਣੇ ਤਨ ਹੰਢਾਏ ਅਨੁਭਵਾਂ ਦਾ ਕਲਾਤਮਕ ਰੂਪ ਹਨ। ਦਲਿਤ ਜਾਤੀ ਨਾਲ ਜੁੜਿਆ ਹੋਣ ਕਰਕੇ ਉਸਨੂੰ ਇਸ ਜਾਤੀ ਦਾ ਡੂੰਘੇਰਾ ਅਨੁਭਵ ਹੈ। ਉਸ ਨੇ ਇਸ ਜਾਤੀ ਨਾਲ ਜੁੜੇ ਲੋਕਾਂ ਦੇ ਮਨ ਦੀ ਪੀੜਾ ਨੂੰ ਆਪਣੀਆਂ ਕਹਾਣੀਆਂ ਵਿਚ ਪੂਰੀ ਸ਼ਿੱਦਤ ਨਾਲ ਪੇਸ਼ ਕੀਤਾ ਹੈ। ਇਸੇ ਤਰ੍ਹਾਂ 'ਹੱਡਾਰੋੜੀ ਤੇ ਰੇਹੜੀ' ਕਹਾਣੀ ਵਿਚ ਉਸਨੇ ਦਲਿਤ ਜਾਤੀ ਦੀ ਤ੍ਰਾਸਦਿਕ ਹੋਣੀ ਅਤੇ ਉਹਨਾਂ ਵਿਚ ਆ ਰਹੀ ਚੇਤਨਾ ਨੂੰ ਆਧਾਰ ਬਣਾਇਆ ਹੈ। ਦਲਿਤ ਜਾਤੀ ਦੀ ਮਾਨਸਿਕ ਦਸ਼ਾ ਦੇ ਵਿਭਿੰਨ ਪਹਿਲੂ 'ਹੱਡਾਰੋੜੀ ਤੇ ਰੇਹੜੀ' ਕਹਾਣੀ ਵਿਚੋਂ ਮਿਲਦੇ ਹਨ। ਇਹ ਕਹਾਣੀ ਨਿਮਨ ਜਾਤੀ ਵਿਅਕਤੀ ਦੇ ਆਰਥਕ ਤੌਰ 'ਤੇ ਉੱਚੇ ਉਠ ਜਾਣ ਦੇ ਬਾਵਜੂਦ ਵੀ ਆਪਣੀ ਜਾਤੀਗਤ ਮਾਨਸਿਕ ਹੀਣਤਾ ਨਾਲ ਜੁੜੇ ਰਹਿਣ ਦੀ ਕਹਾਣੀ ਹੈ। ਡਾ. ਸੁਖਪਾਲ ਸਿੰਘ ਥਿੰਦ ਨੇ ਉਸਦੀ 'ਹੱਡਾ ਰੋੜੀ ਤੇ ਰੇਹੜੀ' ਕਹਾਣੀ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਹੈ ਕਿ, "ਜਾਤੀ ਹੀਣਤਾ ਅਤੇ ਜਾਤੀ ਗੌਰਵ ਵੱਲ ਤੁਰਨ ਦੇ ਸਫ਼ਰ ਨੂੰ ਗੁਰਮੀਤ ਕੜਿਆਲਵੀ ਦੀ ਕਹਾਣੀ 'ਹੱਡਾ ਰੋੜੀ ਤੇ ਰੇਹੜੀ' ਬਹੁਤ ਕਲਾਤਮਿਕਤਾ ਨਾਲ ਇਕ ਵੱਖਰੇ ਦ੍ਰਿਸ਼ਟੀਕੋਣ ਤੋਂ ਪੂਰਿਆਂ ਕਰਦੀ ਹੈ। ਅਨਾਜ ਸਪਲਾਈ ਮਹਿਕਮੇ ਵਿਚ ਸੁਪਰਵਾਈਜ਼ਰ ਦੇ ਰੁਤਵੇ ਤਕ ਪਹੁੰਚਿਆ ਦਲਿਤ ਪਾਤਰ ਪ੍ਰਕਾਸ਼ ਆਪਣੀ ਬਦਲੀ

ਜਮਾਤੀ ਸਥਿਤੀ ਕਾਰਨ ਆਪਣੀ ਮੌਜੂਦਾ ਜਾਤੀ ਸਥਿਤੀ ਤੋਂ ਵੀ ਛੁਟਕਾਰਾ ਪਾਉਣਾ ਚਾਹੁੰਦਾ ਹੈ। ਉਹ ਬਚਪਨ ਤੋਂ ਹੀ ਆਪਣੇ ਬਾਪ ਨਾਲ ਮੁਰਦਾਨ ਢੋਣ ਦਾ ਕੰਮ ਕਰਦਾ ਰਿਹਾ ਹੈ। ਮੁਰਦਾਨ ਢੋਣ ਲਈ ਵਰਤੀ ਜਾਂਦੀ ਰੇਹੜੀ ਉਸ ਨੂੰ ਬਦਲੀ ਸਥਿਤੀ ਵਿਚ ਕਲੰਕ ਜਾਪਦੀ ਹੈ।"[9] ਇਸ ਕਹਾਣੀ ਦਾ ਕੇਂਦਰੀ ਪਾਤਰ 'ਪਰਗਾਸ਼' ਆਪਣੀ ਅਣਥੱਕ ਮਿਹਨਤ ਦੇ ਬਲਬੂਤੇ ਸਰਕਾਰੀ ਨੌਕਰੀ ਪ੍ਰਾਪਤ ਕਰ ਲੈਂਦਾ ਹੈ ਪਰ ਜਾਤੀਗਤ ਮੇਹਣੇ ਅਤੇ ਪਛਾਣ ਨਾਲ ਸੰਬੰਧਿਤ ਸਰੋਕਾਰ ਉਸਨੂੰ ਮਾਨਸਕ ਤੌਰ 'ਤੇ ਪੀੜਤ ਕਰਦੇ ਹਨ। ਉਸਨੂੰ ਆਪਣੇ ਪਿਤਾ ਵੱਲੋਂ ਮੁਰਦਾ ਪਸ਼ੂਆਂ ਨੂੰ ਢੋਣ ਲਈ ਘਰ ਵਿਚ ਰੱਖੀ ਰੇਹੜੀ ਆਪਣੀ ਜਾਤੀਗਤ ਪਛਾਣ ਦਾ ਅਹਿਸਾਸ ਕਰਵਾਉਂਦੀ ਰਹਿੰਦੀ ਹੈ। ਇਹੀ ਰੇਹੜੀ ਉਸਦੇ ਵਿਆਹ ਨਾ ਹੋਣ ਵਿਚ ਅੜਿਕਾ ਬਣਦੀ ਹੈ। ਇਹੀ ਕਾਰਨ ਹੈ ਕਿ ਉਹ ਇਸ ਰੇਹੜੀ ਅਤੇ ਇਸ ਨਾਲ ਜੁੜੇ ਧੰਦੇ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹੈ ਪਰੰਤੂ ਉਸਦਾ ਪਿਤਾ 'ਕੰਮ ਹੀ ਪੂਜਾ ਹੈ' ਦੀ ਧਾਰਨਾ ਉੱਤੇ ਚੱਲਕੇ ਆਪਣੇ ਕਿੱਤੇ ਅਤੇ ਕਿੱਤੇ ਨਾਲ ਜੁੜੇ ਚਿੰਨ੍ਹ ਨੂੰ ਆਪਣਾ ਮਾਣ ਸਮਝਦਾ ਹੈ। ਇਉਂ ਇਹ ਕਹਾਣੀ ਦਲਿਤ ਸਮਾਜ ਦੀ ਨਵੀਂ ਅਤੇ ਪੁਰਾਣੀ ਪੀੜ੍ਹੀ ਦੀ ਸੰਵੇਦਨਾ ਅਤੇ ਵੇਦਨਾ ਨਾਲ ਸੰਬੰਧਿਤ ਥੀਮਕ ਸਰੋਕਾਰਾਂ ਨੂੰ ਬਾਖ਼ੂਬੀ ਪੇਸ਼ ਕਰਦੀ ਹੈ। ਬਲਦੇਵ ਸਿੰਘ ਨੇ ਇਸ ਕਹਾਣੀ ਸੰਬੰਧੀ ਟਿੱਪਣੀ ਕਰਦੇ ਹੋਏ ਲਿਖਿਆ ਹੈ ਕਿ, "ਪਰਗਾਸ ਮਾਨਸਿਕ ਤੌਰ ਤੇ ਅੰਦਰੋਂ ਸੰਤਾਪ ਭੋਗਦਾ ਹੈ। ਆਪਣਿਆਂ ਨੂੰ ਛੱਡ ਨਹੀਂ ਸਕਦਾ ਤੇ ਉਪਰਲਿਆਂ 'ਚ ਰਲ ਨਹੀਂ ਸਕਦਾ। ਆਪਣੇ ਸਾਥੀਆਂ ਨੂੰ ਘਰ ਵੀ ਨਹੀਂ ਲਿਜਾ ਸਕਦਾ, ਉੱਥੇ ਪਸ਼ੂ ਖਿੱਚਣ ਵਾਲੀ ਰੇਹੜੀ ਪਈ ਹੈ। ਸਾਡੇ ਪੇਂਡੂ ਸਭਿਆਚਾਰ ਵਿਚ ਜੱਟ-ਵਾਦ ਐਨਾ ਭਾਰੂ ਹੈ ਕਿ ਬਾਕੀ ਸਭ ਫ਼ਿਰਕੇ ਨਿੱਕੀਆਂ ਸੁੱਕੀਆਂ ਜਾਤਾਂ ਹੋ ਨਿਬੜੇ ਹਨ। ਹੀਣ ਭਾਵਨਾ ਦਾ ਸ਼ਿਕਾਰ ਪਰਗਾਸ ਰੇਹੜੀ ਨੂੰ ਅੱਗ ਲਾਉਣ ਦੀ ਸੋਚਦਾ ਹੈ, ਪਰ ਇਸੇ ਰੇਹੜੀ ਕਰਕੇ, ਉਹ ਪੜ੍ਹ ਸਕਿਆ ਹੈ, ਇਸੇ ਰੇਹੜੀ ਸਦਕਾ, ਉਹਨਾ ਦੇ ਪਰਿਵਾਰ ਦੀ ਰੋਟੀ ਚਲਦੀ ਰਹੀ ਹੈ। ਪਰਗਾਸੇ ਦੀ ਮਾਨਸਿਕਤਾ ਦੀ ਪੇਸ਼ਕਾਰੀ ਇੰਨੀ ਸਹਿਜ ਤੇ ਯਥਾਰਥਕ ਹੈ, ਹਰ ਕੋਈ ਸੋਚਦਾ ਹੈ, ਜੇ ਇਸ ਦੀ ਜਗ੍ਹਾ ਮੈਂ ਹੁੰਦਾ, ਏਵੇਂ ਕਰਦਾ।...ਇਹੀ ਨਿਭਾਅ ਇਸ ਕਹਾਣੀ ਦੀ ਪ੍ਰਾਪਤੀ ਹੈ।"[10]

ਇਸੇ ਤਰ੍ਹਾਂ 'ਘਟੀਆ ਲੋਕ' ਕਹਾਣੀ ਵਿਚਲੇ ਸ਼ਹਿਰੀ ਪਾਤਰ ਆਪਣੇ ਸਟੇਟਸ ਨੂੰ ਬਰਕਰਾਰ ਰੱਖਣ ਲਈ ਆਪਣੇ ਬਚਪਨ ਦੇ ਪੇਂਡੂ ਦੋਸਤਾਂ ਨਾਲ ਮਿਲਣ ਤੋਂ ਕਿਨਾਰਾ ਕਰਦੇ ਹਨ ਪਰ ਜਦੋਂ ਕਹਾਣੀ ਦਾ ਕੇਂਦਰੀ ਪਾਤਰ ਆਪਣੇ-ਆਪ ਨੂੰ ਉੱਚੇ ਲੋਕਾਂ ਵਿਚ ਸ਼ਾਮਿਲ ਕਰਨ ਦਾ ਭਰਮ ਸਿਰਜਦਾ ਹੈ ਤਾਂ ਉਸਨੂੰ ਅਨੇਕ ਮਾਨਸਿਕ ਸਮੱਸਿਆਵਾਂ ਵਿਚੋਂ ਗੁਜਰਨਾ ਪੈਂਦਾ ਹੈ। ਕਹਾਣੀ ਵਿਚ ਆਪਣੇ ਆਪ ਨੂੰ ਉੱਚੀ ਜਾਤੀ ਦਾ ਸਮਝਦੇ ਪਾਤਰਾਂ ਨੂੰ ਕੇਂਦਰੀ ਪਾਤਰ ਵੱਲੋਂ ਆਪਣੇ ਪਿਤਾ ਦੇ ਨਾਮ ਨਾਲ ਸਿੰਹੁ (ਸਿੰਘ) ਸ਼ਬਦ ਲਗਾਉਣਾ ਰੜਕਦਾ ਹੈ। ਉਹ ਵਿਅੰਗਮਈ ਮੇਹਣੇ ਮਾਰ ਕੇ ਮੈਂ ਪਾਤਰ ਦੇ ਮਾਨ-ਸਨਮਾਨ ਨੂੰ ਲੀਰੋ-ਲੀਰ ਕਰ ਦਿੰਦੇ ਹਨ। ਇਸ ਤਰ੍ਹਾਂ ਗੁਰਮੀਤ ਕੜਿਆਲਵੀ ਦੀਆਂ ਕਹਾਣੀਆਂ ਦੇ ਬਿਰਤਾਂਤਕ ਵੇਰਵੇ ਉੱਚ ਵਰਗਾਂ ਵੱਲੋਂ ਨਿਮਨ ਵਰਗਾਂ ਨੂੰ ਦਿੱਤੇ ਜਾਂਦੇ ਜਾਤੀਗਤ ਵੇਰਵਿਆਂ ਨੂੰ ਪ੍ਰਸਤੁਤ ਕਰਦੇ ਹਨ। ਇਸ ਪ੍ਰਸੰਗ ਵਿਚ ਉਸਨੇ ਦਲਿਤ ਵਰਗ ਦੀਆਂ ਯਥਾਰਥਕ ਸਮੱਸਿਆਵਾਂ/ਵੇਦਨਾਵਾਂ ਨੂੰ ਸੁਚੇਤ ਰੂਪ ਵਿਚ ਪੇਸ਼ ਕੀਤਾ ਹੈ। ਉਹ ਜਾਤ-ਪਾਤ, ਊਚ-ਨੀਚ ਅਤੇ ਛੂਤ-ਛਾਤ ਦੇ ਕੋਹੜ ਨੂੰ ਜੜੋਂ ਖਤਮ ਕਰਨ ਲਈ ਸੰਵੇਦਨਸ਼ੀਲ ਹੈ।

ਇਉਂ ਹੀ ਅਜਮੇਰ ਸਿੱਧੂ ਨੇ ਆਪਣੇ ਕਹਾਣੀ ਸੰਗ੍ਰਹਿ 'ਨਚੀਕੇਤਾ ਦੀ ਮੌਤ', 'ਖੂਹ ਗਿੜਦਾ ਹੈ' ਅਤੇ 'ਖ਼ੁਸ਼ਕ ਅੱਖ ਦਾ ਖ਼ਾਬ' ਦੇ ਪ੍ਰਕਾਸ਼ਨ ਨਾਲ ਦਲਿਤ ਜੀਵਨ-ਯਥਾਰਥ ਨੂੰ ਵਿਭਿੰਨ ਪੱਧਰਾਂ 'ਤੇ ਰੂਪਮਾਨ ਕੀਤਾ ਹੈ। ਉਸ ਦੀ ਕਹਾਣੀ 'ਗੌਰਜਾਂ' ਦਾ ਕੇਂਦਰੀ ਪਾਤਰ ਆਰਥਕ ਤੌਰ 'ਤੇ ਸੰਪੰਨ ਹੋਣ ਦੇ ਬਾਵਜੂਦ ਵੀ



ਨਿਮਨ ਜਾਤੀ ਦੇ ਹੋਣ ਦਾ ਸੰਤਾਪ ਭੋਗਦਾ ਹੈ। ਆਪਣੀ ਮਿਹਨਤ, ਸੇਵਾ ਭਾਵਨਾ ਅਤੇ ਪ੍ਰਸਥਿਤੀਆਂ ਦੇ ਅਨੁਕੂਲ ਹੋਣ ਕਾਰਨ ਇਹ ਪਾਤਰ ਮੁਰੱਬਿਆਂ ਦਾ ਮਾਲਕ ਬਣ ਕੇ ਜੀਤੂ ਬਾਵੇ ਤੋਂ ਸਰਦਾਰ ਜਗਜੀਤ ਵਿਚ ਰੂਪਾਂਤਰਤ ਹੋ ਜਾਂਦਾ ਹੈ। ਵੋਟਾਂ ਵਿਚ ਖੜ੍ਹਾ ਹੋ ਕੇ ਉਹ ਸਰਪੰਚ ਵੀ ਬਣ ਜਾਂਦਾ ਹੈ। ਲੋਕਾਂ ਦਾ ਉਸ ਪ੍ਰਤੀ ਵਿਵਹਾਰ ਬਦਲਦਾ ਜਾਂਦਾ ਹੈ। ਉਸਨੂੰ ਬਣਦਾ ਮਾਣ-ਸਨਮਾਨ ਦੇਣ ਲਈ ਉੱਚੀ ਜਾਤ ਵਾਲੇ ਉਸਨੂੰ ਸਰਦਾਰ ਜੀ ਕਹਿ ਕੇ ਬੁਲਾਉਂਦੇ ਹਨ। ਲੋਕ ਸੰਬੋਧਨੀ ਰੂਪ ਵਿਚ ਉਸਨੂੰ ਮਾਣ ਵਡਿਆਈ ਦਿੰਦੇ ਹਨ, ਪਰ ਉਹਨਾਂ ਦੇ ਮਨਾਂ ਵਿਚੋਂ ਜੀਤੂ ਬਾਵੇ ਤੋਂ ਸਰਦਾਰ ਜਗਜੀਤ ਸਿੰਘ ਬਣੇ ਪਾਤਰ ਲਈ ਕੋਈ ਸਤਿਕਾਰਤ ਭਾਵਨਾ ਨਹੀਂ ਹੈ। ਮਾਰਕਸਵਾਦੀ ਦ੍ਰਿਸ਼ਟੀ ਤੋਂ ਦਲਿਤ ਉਹ ਹੈ, ਜੋ ਉਤਪਾਦਨ ਸਾਧਨਾਂ ਤੋਂ ਵੰਚਿਤ ਹੋ ਕੇ ਸਭਿਆਚਾਰਕ, ਧਾਰਮਕ ਅਤੇ ਰਾਜਨੀਤਕ ਪੱਧਰ 'ਤੇ ਸ਼ੋਸ਼ਿਤ ਹੋ ਰਿਹਾ ਹੈ। ਉਹਨਾਂ ਦਾ ਵਿਚਾਰ ਹੈ ਕਿ ਆਰਥਕ ਕਾਣੀ ਵੰਡ ਹੀ ਮਨੁੱਖ ਦੀ ਗੁਲਾਮੀ ਦਾ ਮੂਲ ਕਾਰਨ ਹੈ। ਆਰਥਕ ਵਿਤਕਰਿਆਂ ਦੀ ਸਮਾਪਤੀ ਨਾਲ ਇਹ ਮਸਲਾ ਆਪਣੇ ਆਪ ਸੁਲਝ ਜਾਵੇਗਾ, ਪਰ ਕਹਾਣੀ ਦੇ ਪਾਤਰ ਨਾਲ ਅਜਿਹਾ ਕੁਝ ਨਹੀਂ ਵਾਪਰਦਾ ਹੈ। ਉਹ ਆਰਥਕ ਤੌਰ 'ਤੇ ਸੰਪੰਨ ਹੋ ਕੇ ਲੋਕਾਂ ਪਾਸੋਂ ਉਹ ਇੱਜ਼ਤ ਅਤੇ ਵਡਿਆਈ ਪ੍ਰਾਪਤ ਕਰਨੋਂ ਅਸਮਰਥ ਹੈ, ਜਿਹੜੀ ਸਮਾਜ ਵਿਚ ਉੱਚ ਜਾਤੀ ਦੇ ਵਿਅਕਤੀ ਨੂੰ ਪ੍ਰਾਪਤ ਹੁੰਦੀ ਹੈ। ਉਹਨਾਂ ਲਈ ਸਰਦਾਰ ਜਗਜੀਤ ਸਿੰਘ ਅਤੇ ਜੀਤੂ ਬਾਵਾ ਇਕ ਦਲਿਤ ਬੰਦੇ ਦੇ ਦੋ ਨਾਂ ਹਨ। ਸਰਦਾਰ ਜਗਜੀਤ ਸਿੰਘ ਲੋਕਾਂ ਵੱਲੋਂ ਮਿਲੀ ਫੋਕੀ ਇੱਜ਼ਤ ਕਾਰਨ ਖੁਸ਼ੀ ਵਿਚ ਫੁੱਲਿਆ ਰਹਿੰਦਾ ਹੈ, ਪਰ ਕਹਾਣੀ ਦੇ ਅੰਤ ਵਿਚ ਲੋਕਾਂ ਦੇ ਉਸ ਦੀ ਜਾਤੀ ਪ੍ਰਤੀ ਪ੍ਰਗਟਾਏ ਘ੍ਰਿਣਾਯੋਗ ਸ਼ਬਦ ਉਸਨੂੰ ਜਾਤੀਗਤ ਹੀਣਤਾ ਦਾ ਅਹਿਸਾਸ ਕਰਵਾ ਜਾਂਦੇ ਹਨ। ਜਿਵੇਂ ਅਸੀਂ ਕਹਾਣੀ ਵਿਚ ਦੇਖਦੇ ਹਾਂ, "ਨੀ ਧੰਨੋ ! ਕੀ ਗੱਲ ਐ। ਆਹ ਅੱਜ ਆਲੇ-ਦੁਆਲੇ ਦੀ ਬੜੀ ਸਜਾਵਟ ਕੀਤੀ ਹੋਈ ਹੈ। ਕਿਸੇ ਮੰਤਰੀ ਨੇ ਆਉਣਾ ?" "ਕਾਹਨੂੰ ਚਿੰਤੀਏ ! ਅੱਜ ਗੌਰਜਾਂ...ਸਮਝੀ ਨ੍ਹੀਂ। ਜੀਤੂ ਬਾਵਾ ਦੀ ਕੁੜੀ ਦਾ ਰਿਸ਼ਤਾ ਹੋਣ ਲੱਗਾ ਐ।"[11]

ਇਸੇ ਤਰ੍ਹਾਂ ਭਗਵੰਤ ਰਸੂਲਪੁਰੀ ਨੇ ਆਪਣੇ ਕਹਾਣੀ ਸੰਗ੍ਰਹਿ 'ਕੁਵੇਲੇ ਤੁਰਿਆ ਪਾਂਧੀ', 'ਮੈਂ ਸ਼ੈਤਾਨ ਤੇ ਇੰਦੂਮਣੀ', 'ਮਰਨ ਰੁੱਤ', 'ਤੀਜਾ ਨੇਤਰ' ਅਤੇ 'ਕੁੰਭੀ ਨਰਕ' ਵਿਚਲੀਆਂ ਕਹਾਣੀਆਂ ਰਾਹੀਂ ਦਲਿਤ ਜਾਤੀ ਨਾਲ ਜੁੜੇ ਅਹਿਮ ਅਤੇ ਗੰਭੀਰ ਮਸਲਿਆਂ ਨੂੰ ਛੋਹਿਆ ਗਿਆ ਹੈ। ਅਰਥ ਵਿਵਸਥਾ 'ਤੇ ਕਾਬਜ਼ ਹੋਣ ਕਾਰਣ ਸਮਾਜ ਅੰਦਰਲੀ ਹਾਕਮ ਧਿਰ ਆਪਣੇ ਹਿੱਤਾਂ ਅਨੁਸਾਰ ਵਿਵਸਥਾ ਨੂੰ ਤੋੜਦੀ ਤੇ ਬਣਾਉਂਦੀ ਹੈ। ਕਾਬਜ਼ ਧਿਰ ਦਾ ਹੀ ਸੱਤਾ 'ਤੇ ਕਬਜ਼ਾ ਹੈ। ਆਮ ਮਨੁੱਖ ਨੂੰ ਗਿਆਨ ਤੇ ਚੇਤਨਾ ਤੋਂ ਕੋਰੇ ਰੱਖਿਆ ਜਾਂਦਾ ਹੈ ਤਾਂ ਕਿ ਉਹ ਬੁਰਜੂਆਜੀ ਧਿਰ ਦੀਆਂ ਚਾਲਾਂ ਨੂੰ ਨਾ ਸਮਝ ਸਕਣ। ਸ਼ਕਤੀਸ਼ਾਲੀ ਧਿਰ ਦੇ ਖਿਲਾਫ਼ ਵਿਦਰੋਹ ਮਾਨਵ-ਮੁਕਤੀ ਦਾ ਰਸਤਾ ਬਣਾਉਂਦਾ ਹੈ। ਮਨੁੱਖ ਆਜ਼ਾਦੀ ਇਸ ਸਮੇਂ ਦੀ ਮੁੱਖ ਲੋੜ ਹੈ। ਇਸ ਆਜ਼ਾਦੀ ਨੂੰ ਕਹਾਣੀਕਾਰ ਦਲਿਤ ਵਰਗ ਦੇ ਰੂ-ਬ-ਰੂ ਰੱਖ ਕੇ ਵਾਚਣ ਦੀ ਕੋਸ਼ਿਸ਼ ਕਰਦਾ ਹੈ। 'ਫੈਸਲਾ' ਕਹਾਣੀ ਵਿਚ ਹਾਸ਼ੀਆਗਤ ਵਰਗ ਦੀ ਇਸੇ ਆਜ਼ਾਦੀ ਦੇ ਮਸਲੇ ਨੂੰ ਪੇਸ਼ ਕੀਤਾ ਗਿਆ ਹੈ। ਇਸ ਕਹਾਣੀ ਵਿਚਲੇ ਦਲਿਤ ਪਾਤਰ ਆਪਣੀ ਚੇਤਨਤਾ ਕਾਰਨ ਹਾਸ਼ੀਏ ਤੋਂ ਕੇਂਦਰ ਵੱਲ ਸਰਕਦੇ ਨਜ਼ਰ ਆਉਂਦੇ ਹਨ। ਉਨ੍ਹਾਂ ਦੀ ਇਸ ਹਾਸ਼ੀਆਗਤ ਸਥਿਤੀ ਲਈ ਸਾਡਾ ਸਮਾਜਕ-ਆਰਥਕ ਵਰਤਾਰਾ ਕਾਰਜਸ਼ੀਲ ਨਜ਼ਰ ਆਉਂਦਾ ਹੈ। ਪੁਰਾਣੀ ਪੀੜ੍ਹੀ ਆਪਣੀ ਮਾੜੇ ਆਰਥਿਕ ਹਾਲਾਤ ਕਾਰਨ ਸੱਤਾਧਾਰੀ ਧਿਰ ਦਾ ਵਿਰੋਧ ਕਰਨੋਂ ਅਸਮਰੱਥ ਹੈ। ਉਹਨਾਂ ਦੀਆਂ ਪਰਸਥਿਤੀਆਂ ਹੀ ਉਹਨਾਂ ਨੂੰ ਚੁੱਪ ਰਹਿਣ ਲਈ ਮਜ਼ਬੂਰ ਕਰਦੀਆਂ ਹਨ, "ਸਾਨੂੰ ਵੀ ਗੁੱਸਾ ਆਉਂਦਾ ਜਦੋਂ ਸਾਡੀ ਇੱਜ਼ਤ ਘੱਟੇ ਆਗੂ ਉੱਡਦੀ ਐ...ਪਰ ਕੀ ਕਰੀਏ ਪੁੱਤ ?...ਪਿੰਡ ਰਹਿ ਕੇ ਆਹ ਢਿੱਡ ਵੀ ਭਰਨਾ।"[12] ਨਵੀਂ ਪੀੜ੍ਹੀ ਇਹਨਾਂ

ਆਰਥਕ ਮਜ਼ਬੂਰੀਆਂ ਤੋਂ ਨਿਜ਼ਾਤ ਪਾਉਣ ਲਈ ਯਤਨ ਕਰਦੀ ਹੈ। ਉਹ ਆਰਥਕ ਸੰਘਰਸ਼ ਨਾਲੋਂ ਆਪਣੀ ਹੋਂਦ ਦੀ ਲੜਾਈ ਲੜਨਾ ਚਾਹੁੰਦੇ ਹਨ। ਇਸ ਪੀੜ੍ਹੀ ਦੇ ਆਪਣੀ ਹੋਂਦ ਪ੍ਰਤੀ ਜਾਗਰੂਕ ਹੋਣ ਨੂੰ ਕਹਾਣੀ ਵਿਚਲੀ ਮੁੱਖ ਘਟਨਾ ਰਾਹੀਂ ਖੋਲ੍ਹਿਆ ਗਿਆ ਹੈ। ਕਹਾਣੀ ਲਕੀਰੀ ਬਿਰਤਾਂਤ ਨਾਲ ਅੱਗੇ ਚੱਲਦੀ ਹੈ। ਇਕ-ਦੋ ਥਾਈਂ ਮੁੱਖ ਘਟਨਾ ਨੂੰ ਉਭਾਰਨ ਲਈ ਪਿਛਲਝਾਤ ਜੁਗਤ ਵਰਤੀ ਗਈ ਹੈ। ਮੁੱਖ ਸਮੱਸਿਆ ਕਹਾਣੀ ਵਿਚ ਕਾਲੇ ਲੇਲੇ ਦਾ ਗੁੰਮ ਹੋ ਜਾਣਾ ਹੈ, ਜਿਸ ਤੋਂ ਕਹਾਣੀ ਸ਼ੁਰੂ ਹੋ ਕੇ ਅੰਤ ਵੱਲ ਵੱਧਦੀ ਹੈ। ਦਲਿਤ ਪਾਤਰ ਘੀਲਾ ਆਪਣੇ ਪੁੱਤਰ ਨਿੱਕੇ ਦੇ ਨਾਲ ਬੱਕਰੀਆਂ ਚਾਰਨ ਜਾਂਦਾ ਹੈ। ਭੁੱਕੀ ਦਾ ਨਸ਼ਾ ਕੀਤੇ ਹੋਣ ਕਾਰਨ ਉਸਨੂੰ ਨੀਂਦ ਆ ਜਾਣੀ ਸੁਭਾਵਕ ਸੀ। ਅਚਾਨਕ ਬੱਦਲਵਾਹੀ ਹੋਣ ਕਾਰਨ ਉਹ ਧੱਕੇਜੋਰੀ ਨਾਲ ਆਪਣੇ ਬੱਕਰੀਆਂ ਦੇ ਇੱਜੜ ਨੂੰ ਘਰ ਲੈ ਕੇ ਪਰਤਦਾ ਹੈ। ਮੀਂਹ ਰੁਕਣ ਉਪਰੰਤ ਲੇਲਿਆਂ ਸਮੇਤ ਬੱਕਰੀਆਂ ਦੀ ਕੀਤੀ ਗਿਣਤੀ ਵਿਚੋਂ ਆਸ ਨਾਲੋਂ ਵੱਧ ਪੈਸੇ ਵਸੂਲ ਕਰਾਉਣ ਵਾਲਾ ਲੇਲਾ ਕਿਤੇ ਨਜ਼ਰੀ ਨਹੀਂ ਪੈਂਦਾ। ਇਸੇ ਤਰ੍ਹਾਂ ਕਹਾਣੀ ਵਿਚੋਂ ਮਿਲਦੇ ਵੇਰਵਿਆਂ ਅਨੁਸਾਰ ਲੇਲੇ ਨੂੰ ਮਾਰਨ ਦਾ ਦੋਸ਼ ਵਿਰਕਾਂ ਦੇ ਮੁੰਡੇ ਨਿੰਦਰ, ਨੰਦੇ ਤੇ ਮੰਗੀ ਉਪਰ ਲੱਗਦਾ ਹੈ। ਅਜੈਬ ਸਿੰਘ ਵਿਰਕ ਆਪਣੇ ਪੁੱਤੇ ਮੰਗੀ 'ਤੇ ਲੇਲੇ ਨੂੰ ਮਾਰਨ ਦੇ ਲੱਗੇ ਦੋਸ਼ ਨੂੰ ਹਟਾਉਣ ਲਈ ਘੀਲੇ ਨੂੰ ਹਜ਼ਾਰ ਰੁਪਏ ਰਿਸ਼ਵਤ ਦੇਣ ਦੀ ਕੋਸ਼ਿਸ਼ ਕਰਦਾ ਹੈ। ਘੀਲੇ ਦਾ ਅਵਚੇਤਨ ਆਪਣੀ ਜਾਤੀਗਤ ਹੀਣਤਾ ਤੋਂ ਮੁਕਤ ਨਹੀਂ ਹੈ। ਉਹ ਪੈਸੇ ਲੈ ਕੇ ਮਾਮਲਾ ਨਿਬੇੜਨ ਦੇ ਹੱਕ ਵਿਚ ਹੈ, ਪਰ ਨਵੀਂ ਪੀੜ੍ਹੀ ਦਾ ਪਾਤਰ ਮਾਘੀ (ਘੀਲੇ ਦਾ ਪੁੱਤਰ) ਅਮੀਰ ਵਰਗ ਦੀਆਂ ਕੂਟਨੀਤਕ ਚਾਲਾਂ ਤੋਂ ਜਾਣੂ ਹੈ ਕਿ ਉਹ ਉਹਨਾਂ ਦੀ ਆਰਥਕ ਮਜ਼ਬੂਰੀ ਦਾ ਫਾਇਦਾ ਉਠਾਉਣਾ ਚਾਹੁੰਦੇ ਹਨ। ਅਜੈਬ ਸਿੰਘ ਵਿਰਕ ਉਹਨਾਂ ਨੂੰ ਰਿਸ਼ਵਤ ਦੇ ਕੇ ਆਪਣੀ ਇੱਜਤ ਨੂੰ ਪੰਚਾਇਤ ਵਿਚ ਰੁਲਣ ਤੋਂ ਬਚਾਉਣਾ ਚਾਹੁੰਦਾ ਹੈ। ਜਦੋਂ ਉਹ ਮਾਘੀ ਨੂੰ ਆਪਣੇ ਹੱਕ ਵਿਚ ਕਰਨੋਂ ਅਸਮਰਥ ਹੋ ਜਾਂਦਾ ਹੈ ਤਾਂ ਉਹ ਉਸਨੂੰ ਡਰਾ-ਧਮਕਾ ਕੇ ਚੁੱਪ ਕਰਵਾਉਣਾ ਚਾਹੁੰਦਾ ਹੈ, ਪਰ ਮਾਘੀ ਉਸ ਦੀਆਂ ਧਮਕੀਆਂ ਤੋਂ ਬੇਖਬਰ ਹੋ ਕੇ ਪੈਸੇ ਨੂੰ ਤਰਜੀਹ ਦੇਣ ਨਾਲੋਂ ਉਸ ਨੂੰ ਪੰਚਾਇਤ ਵਿਚ ਖੜ੍ਹਾ ਕਰਨ ਦੇ ਹੱਕ ਵਿਚ ਹੈ। ਕਹਾਣੀ ਬਿਰਤਾਂਤ ਵਿਚ ਉਸ ਦੇ ਵਿਚਾਰ, "ਅਹੀਂ ਹੁਣ ਵਿਕਾਊ ਮਾਲ ਨਹੀਂ ਬਣ ਕੇ ਜੀਣਾ"[13] ਉਸਦੀ ਸੰਵੇਦਨਸ਼ੀਲ ਦ੍ਰਿਸ਼ਟੀ ਨੂੰ ਪ੍ਰਗਟਾਉਂਦੇ ਹਨ। ਉਹ ਇਸ ਗੱਲ ਤੋਂ ਚੰਗੀ ਤਰ੍ਹਾਂ ਜਾਣੂ ਹੋ ਚੁੱਕਾ ਜਾਪਦਾ ਹੈ ਕਿ ਮੁੱਠੀ ਭਰ ਲੋਕ ਸਾਡੀ ਬਹੁਗਿਣਤੀ 'ਤੇ ਰਾਜ ਕਰਦੇ ਹਨ। ਜਦੋਂ ਉਸ ਵਰਗੇ ਦਲਿਤ ਲੋਕ ਇਕੱਠੇ ਹੋ ਜਾਣਗੇ ਤਾਂ ਹੀ ਸਮਾਜ ਵਿਚ ਉਹ ਆਪਣੇ ਬਣਦੇ ਹੱਕ ਪ੍ਰਾਪਤ ਕਰ ਸਕਣਗੇ। ਪੰਚਾਇਤ ਉਸਦੇ ਹੱਕ ਵਿਚ ਭੁਗਤਦੀ ਹੈ, ਭਾਵੇ ਵਿਰਕ ਪਰਿਵਾਰਾਂ ਨੂੰ ਇਹ ਫੈਸਲਾ ਸਵੀਕਾਰ ਨਹੀਂ, "ਪਰ ਸਰਪੰਚ ਦਾ ਫੈਸਲਾ ਸੁਣ ਕੇ ਮਾਘੀ ਦਾ ਚਿਤ ਕਰਦਾ ਸੀ ਕਿ ਉਹ ਜ਼ੋਰ ਦੀ ਕਿਲਕਾਰੀ ਮਾਰੇ।"[14] ਇਹ ਫੈਸਲਾ ਦਲਿਤ ਜਾਤੀ ਦੇ ਇੱਕ-ਜੁਟ ਹੋ ਕੇ ਆਪਣੇ ਹਿੱਤਾਂ ਪ੍ਰਤੀ ਚੇਤੰਨ ਹੋਣ ਦਾ ਪ੍ਰਤੀਕ ਹੈ। ਕਹਾਣੀ ਦੇ ਆਰੰਭ ਵਿਚ ਵਰਤੇ ਗਏ ਮੈਟਾਫ਼ਰ ਹਨੇਰੀ, ਝੱਖੜ ਅਤੇ ਬੱਦਲਾਂ ਦੀ ਸ਼ੇਰ ਵਰਗੀ ਗਰਜ਼ ਰਾਹੀਂ ਇਹ ਜ਼ਾਹਰ ਹੁੰਦਾ ਹੈ ਕਿ ਦਲਿਤ ਮੁਸ਼ਕਿਲਾਂ ਵਿਚ ਫਸ ਚੁੱਕੇ ਹਨ। ਇਹ ਉਹ ਵੇਲਾ ਹੈ, ਜਿਸ ਵਿਚੋਂ ਉਹ ਹੌਸਲੇ ਤੇ ਜਾਗਰੂਕਤਾ ਰਾਹੀਂ ਬਾਹਰ ਨਿਕਲ ਸਕਦੇ ਹਨ। ਮਾਘੀ ਪਾਤਰ ਆਪਣੀ ਚੇਤਨੰਤਾ ਰਾਹੀਂ ਇਸ ਸਮੱਸਿਆ ਤੇ ਭਾਰੂ ਪੈਂਦਾ ਹੈ। ਉਸਦੀ ਤੀਖਣ ਸੋਚ ਕਾਰਨ ਉਸ ਦੀ ਜਿੱਤ ਹੁੰਦੀ ਹੈ।

ਸੋ ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਕਹਾਣੀਕਾਰਾਂ ਨੇ ਸਮਾਜ ਵਿਚ ਦਲਿਤਾਂ ਨਾਲ ਹੋ ਰਹੇ ਜਾਤੀਗਤ ਅਨਿਆਂ ਨੂੰ ਬਾਖ਼ੂਬੀ ਸਮਝ ਕੇ ਦਲਿਤ ਸੰਵੇਦਨਾ ਨੂੰ ਚਿੰਤਨੀ ਹਲੂਣਾ ਦਿੱਤਾ ਹੈ। ਇਨ੍ਹਾਂ ਕਹਾਣੀਕਾਰਾਂ ਦੀਆਂ ਕਹਾਣੀਆਂ ਦੇ ਥੀਮਕ ਵੇਰਵੇ ਸਮਾਜ ਵਿਚ



ਹਾਸ਼ੀਏ 'ਤੇ ਵਿਚਰਦੇ ਲੋਕਾਂ ਦੀਆਂ ਵਿਡੰਬਨਾਕਾਰੀ ਸਥਿਤੀਆਂ ਨੂੰ ਵਿਭਿੰਨ ਪ੍ਰਸੰਗਾਂ ਵਿਚ ਪੇਸ਼ ਕਰਦੇ ਹੋਏ ਦਲਿਤ ਲੋਕਾਂ ਦੀ ਸੰਵੇਦਨਾ ਨੂੰ ਵਧੇਰੇ ਗਹਿਰਾਈ ਨਾਲ ਪ੍ਰਸਤੁਤ ਕਰਦੇ ਹਨ।

**ਹਵਾਲੇ ਅਤੇ ਟਿੱਪਣੀਆਂ**


1. ਗੁਰਦਿਆਲ ਸਿੰਘ, ਲੇਖਕ ਦਾ ਅਨੁਭਵ ਤੇ ਸਿਰਜਣ ਪ੍ਰਕਿਰਿਆ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995, ਪੰਨਾ 58
2. ਗੁਰਦਿਆਲ ਸਿੰਘ, ਪੱਕਾ ਟਿਕਾਣਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2011, ਪੰਨੇ 82-83
3. ਉਹੀ, ਪੰਨਾ 84
4. ਉਹੀ, ਪੰਨਾ 44
5. ਉਹੀ, ਪੰਨੇ 45-56
6. ਪਰਮਪਾਲ ਸਿੰਘ ਬਾਦਲ, ਗੁਰਮੀਤ ਕੜਿਆਲਵੀ ਦਾ ਕਥਾ-ਬੋਧ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2015, ਪੰਨਾ-09
7. ਡਾ. ਰਜਨੀਸ਼ ਬਹਾਦਰ ਸਿੰਘ, ਅਜੋਕੀ ਪੰਜਾਬੀ ਕਹਾਣੀ : ਕਥਾ ਪ੍ਰਵਚਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005, ਪੰਨਾ-59
8. ਗੁਰਮੀਤ ਕੜਿਆਲਵੀ, ਮੇਰੇ ਪਾਤਰ ਆਮ ਲੋਕਾਂ ਵਿਚੋਂ ਹੁੰਦੇ ਹਨ, ਉਨ੍ਹਾਂ ਵਰਗੇ, (ਸੰਪਾ.), ਰਜਨੀਸ਼ ਬਹਾਦਰ ਸਿੰਘ, ਪੰਜਾਬੀ ਕਹਾਣੀ ਦੇ ਪਾਤਰ (ਵਿਧੀ ਤੇ ਵਿਹਾਰ), ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2013, ਪੰਨਾ 88-89
9. ਡਾ. ਸੁਖਪਾਲ ਸਿੰਘ ਥਿੰਦ, ਪੰਜਾਬੀ ਕਹਾਣੀ ਦੀ ਦਲਿਤ ਚੇਤਨਾ, ਡਾ. ਐੱਸ ਤਰਸੇਮ, ਤਲਵਿਦਰ ਸਿੰਘ, ਕਥਾ ਸੰਵਾਦ, ਕੇਂਦਰੀ ਪੰਜਾਬੀ ਲੇਖਕ ਸਭਾ, ਜਲੰਧਰ, 2001, ਪੰਨਾ-79
10. ਬਲਦੇਵ ਸਿੰਘ, ਮਨੁੱਖੀ-ਮਨ ਦੀਆਂ ਤਹਿਆਂ ਫਰੋਲੀਆਂ ਕਹਾਣੀਆਂ ਦਾ ਸੰਗ੍ਰਹਿ 'ਅੱਕ ਦਾ ਬੂਟਾ', ਗੁਰਮੀਤ ਕੜਿਆਲਵੀ, ਅੱਕ ਦਾ ਬੂਟਾ, ਪੰਨਾ-10
11. ਅਜਮੇਰ ਸਿੱਧੂ, 'ਨਚੀਕੇਤਾ ਦੀ ਮੌਤ', ਪੰਨਾ-31
12. ਭਗਵੰਤ ਰਸੂਲਪੁਰੀ, ਤੀਜਾ ਨੇਤਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005, ਪੰਨਾ-116
13. ਉਹੀ, ਪੰਨਾ 118
14. ਉਹੀ, ਪੰਨਾ 119


**ਅਸਿਸਟੈਂਟ ਪ੍ਰੋਫ਼ੈਸਰ, ਪੰਜਾਬ ਯੂਨੀਵਰਸਿਟੀ, ਰੀਜ਼ਨਲ ਸੈਂਟਰ, ਸ੍ਰੀ ਮੁਕਤਸਰ ਸਾਹਿਬ**

**ਪਾਠਕਾਂ ਦੇ ਧਿਆਨ ਹਿੱਤ**

'ਕਹਾਣੀ ਧਾਰਾ' ਉਨ੍ਹਾਂ ਹੀ ਪਾਠਕਾਂ ਨੂੰ ਡਾਕ ਰਾਹੀਂ ਭੇਜਿਆ ਜਾਂਦਾ ਹੈ, ਜਿਨ੍ਹਾਂ ਦੇ ਸਾਨੂੰ ਚੰਦੇ ਪ੍ਰਾਪਤ ਹੁੰਦੇ ਹਨ। ਪਰਚੇ ਦਾ ਡਾਕ ਖਰਚ ਕਾਫੀ ਵੱਧ ਗਿਆ ਹੈ। ਪਾਠਕ ਜਦੋਂ ਚੰਦਾ ਖਤਮ ਹੋ ਜਾਵੇ, ਆਪਣੇ ਆਪ ਹੀ ਚੰਦਾ ਭੇਜ ਦਿਆ ਕਰਨ, ਅਸੀਂ ਕੇਵਲ ਇਕ ਅੱਧੀ ਵਾਰ ਹੀ ਸੂਚਿਤ ਕਰ ਸਕਦੇ ਹਾਂ।

-ਸੰਪਾਦਕ

**ਅਧਿਐਨ-6**

# ਗੁਰਬਚਨ ਭੁੱਲਰ ਦੀਆਂ ਕਹਾਣੀਆਂ ਵਿਚ ਰਿਸ਼ਤਿਆਂ ਦੀ ਪੇਸ਼ਕਾਰੀ

**- ਕੁਲਵਿੰਦਰ ਸਿੰਘ**

ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਉਹ ਸਮਾਜ ਵਿਚ ਵਿਚਰਨ ਲਈ ਅਨੇਕਾਂ ਕਿਸਮ ਦੇ ਰਿਸ਼ਤਿਆਂ ਵਿਚ ਬੱਝਦਾ ਹੈ ਅਤੇ ਇਹ ਰਿਸ਼ਤੇ ਉਸ ਨੂੰ ਸਭਿਅਕ ਮਨੁੱਖ ਬਣਾਉਣ ਵਿਚ ਸਮਰੱਥ ਯੋਗਦਾਨ ਪਾਉਂਦੇ ਹਨ। ਸਮਾਜਿਕ ਵਿਵਸਥਾ ਨੂੰ ਕਾਇਮ ਰੱਖਣ ਲਈ ਰਿਸ਼ਤਾ-ਨਾਤਾ ਪ੍ਰਣਾਲੀ ਹੋਂਦ ਗ੍ਰਹਿਣ ਕਰਦੀ ਹੈ। ਰਿਸ਼ਤਿਆਂ ਦੀ ਸਿਰਜਣ ਪ੍ਰਕਿਰਿਆ ਦੁਆਰਾ ਮਨੁੱਖ ਨੈਤਿਕ ਕਦਰਾਂ-ਕੀਮਤਾਂ ਅਪਨਾਉਂਦਾ ਹੋਇਆ ਸਭਿਅਕ ਪ੍ਰਾਣੀ ਬਣਨ ਦਾ ਮਾਣ ਪ੍ਰਾਪਤ ਕਰਦਾ ਹੈ।

'ਰਿਸ਼ਤਾ' ਮੂਲ ਰੂਪ ਵਿਚ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਜਿਸ ਨੂੰ ਧਾਗਾ, ਤਾਰ, ਡੋਰੀ, ਮੋਤੀਆਂ ਦੀ ਲੜੀ, ਨਾਤਾ, ਸਬੰਧ ਆਦਿ ਅਰਥਾਂ ਵਿਚ ਵਿਚਾਰਿਆ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਰਿਸ਼ਤਾ ਸ਼ਬਦ ਦੀ ਵਿਆਖਿਆ, "ਸਾਕ, ਸਬੰਧ, ਜੋੜ, ਤਾਗਾ, ਡੋਰਾ, ਤੰਦ " ਵਜੋਂ ਕਰਦੇ ਹਨ। ਉਪਰੋਕਤੇ ਰਿਸ਼ਤੇ ਜਾਂ ਸਬੰਧਾਂ ਪ੍ਰਤੀ ਧਾਰਨਾਵਾਂ ਜਾਂ ਵਿਆਖਿਆਵਾਂ ਨੂੰ ਵਿਚਾਰਨ ਉਪਰੰਤ ਇਨ੍ਹਾਂ ਸ਼ਬਦਾਂ ਨੂੰ ਅਜਿਹੇ ਅਰਥਾਂ ਵਿਚ ਲਿਆ ਜਾ ਸਕਦਾ ਹੈ ਜਿਸ ਵਿਚ ਵਿਅਕਤੀ ਪਰਸਪਰ ਸਹਿਯੋਗ, ਨੇੜਤਾ, ਮਿਲਵਰਤਨ, ਮਿੱਤਰਤਾ, ਦੁਆਰਾ ਵਿਅਕਤੀਗਤ ਜਾਂ ਸਮੂਹਿਕ ਰੂਪ ਵਿਚ ਇਕੱਠੇ ਰਹਿੰਦੇ ਹੋਏ ਰਿਸ਼ਤਿਆਂ ਵਿਚ ਬੱਝੇ ਹੁੰਦੇ ਹਨ।

ਇਸ ਪੇਪਰ ਵਿਚ ਗੁਰਬਚਨ ਸਿੰਘ ਭੁੱਲਰ ਦੁਆਰਾ ਰਚਿਤ ਚੋਣਵਾਂ ਕਹਾਣੀ ਸੰਗ੍ਰਹਿ 'ਦੀਵੇ ਵਾਂਗ ਬਲਦੀ ਅੱਖ' ਨੂੰ ਵਿਚਾਰਿਆ ਜਾਵੇਗਾ। ਇਨ੍ਹਾਂ ਸਮੁੱਚੀਆਂ ਕਹਾਣੀਆਂ ਨੂੰ ਆਧਾਰ ਬਣਾਉਂਦੇ ਹੋਏ ਰਿਸ਼ਤਿਆਂ ਦੇ ਬਦਲਦੇ ਸਰੂਪ ਨੂੰ ਸਮਝਣ ਦਾ ਯਤਨ ਕੀਤਾ ਜਾਵੇਗਾ। ਦੂਸਰੇ ਕਹਾਣੀਕਾਰਾਂ ਨਾਲੋਂ ਉਸਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਆਪਣੇ ਪਾਤਰਾਂ ਨੂੰ ਉਪਭੋਗਤਾਵਾਦੀ ਰੁਚੀਆਂ ਦੀ ਦਲਦਲ ਵਿਚੋਂ ਡਿਗਣ ਤੋਂ ਬਚਾਉਂਦਾ ਹੋਇਆ ਉਨ੍ਹਾਂ ਨੂੰ ਮਨੁੱਖਤਾ ਦੇ ਰਾਹ ਉੱਪਰ ਤੋਰਦਾ ਹੈ । ਜਿਸ ਕਾਰਨ ਉਸ ਦੇ ਬਹੁਤੇ ਵਧੇਰੇ ਪਾਤਰ ਰਿਸ਼ਤਿਆਂ ਦੀ ਪ੍ਰਸੰਗਿਕਤਾ ਨੂੰ ਸਮਝਦੇ ਹੋਏ ਇਨ੍ਹਾਂ ਨੂੰ ਬਣਾਈ ਰੱਖਦੇ ਹਨ।

**ਆਰਥਿਕ ਪੱਖ** : ਭਾਰਤੀ ਸਮਾਜ ਵਿਚ ਰਿਸ਼ਤਿਆਂ ਦੀ ਸਿਰਜਣਾ ਲਈ ਸਮਾਜ ਦੁਆਰਾ ਪ੍ਰਵਾਨਿਤ ਸੰਸਥਾ ਵਿਆਹ ਪ੍ਰਬੰਧ ਹੈ। ਸਮਾਜਿਕ ਨਿਯਮ-ਵਿਧਾਨ ਅਨੁਸਾਰ ਔਰਤ ਮਰਦ ਦੇ ਵਿਵਾਹਿਕ ਸਬੰਧਾਂ ਵਿਚ ਬੱਝਣ ਲਈ ਮਰਦ ਪ੍ਰਧਾਨ ਸਮਾਜ ਦਾ ਸਭ ਤੋਂ ਪਹਿਲਾ ਕਾਰਜ ਮਰਦ ਦੀ ਆਰਥਿਕਤਾ ਨੂੰ ਪ੍ਰਮੁੱਖਤਾ ਦੇਣਾ ਹੈ। ਇਸ ਲਈ ਭਾਰਤੀ/ਪੰਜਾਬੀ ਸਭਿਆਚਾਰ ਵਿਚ ਔਰਤ ਮਰਦ ਦਾ ਰਿਸ਼ਤਾ (ਵਿਆਹ) ਕਰਨ ਸਮੇਂ ਸਬੰਧਿਤ ਪਰਿਵਾਰ ਵਰ ਨਾਲੋਂ ਘਰ ਭਾਵ ਉਨ੍ਹਾਂ ਦੀ ਆਰਥਿਕ-ਸਮਾਜਿਕ ਸਥਿਤੀ ਨੂੰ ਵਧੇਰੇ ਤਰਜੀਹ ਦਿੰਦਾ ਹੈ। ਇਸ ਵਰਤਾਰੇ ਨੂੰ ਭੁੱਲਰ ਆਪਣੀਆਂ ਕਹਾਣੀਆਂ ਦੁਆਰਾ ਸਪੱਸ਼ਟ ਰੂਪ ਵਿਚ ਉਘਾੜਦਾ ਹੈ। ਕਹਾਣੀ 'ਓਪਰਾ ਮਰਦ' ਵਿਚ ਵਰ ਲੱਭਣ ਸਮੇਂ ਵਰ ਭਾਵ ਹਰਚੰਦ ਦਾ ਆਰਥਿਕ ਪੱਖੋਂ ਮਜ਼ਬੂਤ ਹੋਣਾ ਅਤੇ ਦੂਸਰਾ ਉਸਦਾ ਪਰਿਵਾਰ ਛੋਟਾ ਹੋਣ ਕਾਰਨ ਦੀਪੋ ਦਾ ਪਿਤਾ ਰਿਸ਼ਤਾ ਕਰਨ ਵਿਚ ਦੇਰ ਨਹੀਂ ਕਰਦਾ ਕਿਉਂਕਿ ਭਾਰਤੀ/ਪੰਜਾਬੀ ਸਮਾਜ ਵਿਚ ਰਿਸ਼ਤਾ ਜੋੜਨ ਸਮੇਂ ਇਨ੍ਹਾਂ ਪੱਖਾਂ ਨੂੰ ਵਧੇਰੇ ਅਹਿਮੀਅਤ ਪ੍ਰਾਪਤ ਹੈ। ਸਮਾਜ ਵਿਚ ਪ੍ਰਚਲਿਤ ਵਰ ਨਾਲੋਂ ਘਰ ਨੂੰ ਪਹਿਲ ਦੇਣ ਬਾਰੇ ਵਿਚਾਰਧੀਨ ਕਹਾਣੀ ਸਬੰਧੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਡਾ. ਜੋਗਿੰਦਰ ਸਿੰਘ ਰਾਹੀ ਆਖਦੇ ਹਨ ਕਿ ਇਸ ਕਹਾਣੀ ਵਿਚ ਵੀ ਰਿਸ਼ਤੇ ਲਈ ਵਰ ਨੂੰ ਨਹੀਂ, ਘਰ ਨੂੰ ਪਹਿਲ ਹੈ। ਇਹ ਯਥਾਰਥਕ ਵੀ ਹੈ, ਕਿਉਂਕਿ ਜੀਵਨ ਲਈ ਜੀਵਨ-ਨਿਰਬਾਹ ਦਾ ਕੋਈ ਵਸੀਲਾ ਹੋਣਾ ਲਾਜ਼ਮੀ



ਹੈ। ਇਹ ਵਸੀਲਾ ਰੁਜ਼ਗਾਰ ਜਾਂ ਰੋਜ਼ੀ ਰੋਟੀ ਦੀ ਗਰੰਟੀ ਦੇ ਰੂਪ ਵਿਚ ਜ਼ਮੀਨ-ਜਾਇਦਾਦ ਹੀ ਹੈ।"

ਇਸੇ ਕਿਸਮ ਦੀ ਕਹਾਣੀ 'ਚਗ਼ਲ' ਵਿਚ ਸੁਰਜੀਤ ਦਾ ਪਿਤਾ ਆਪਣੀ ਨਿਮਨ ਆਰਥਿਕਤਾ ਕਾਰਨ ਆਪਣੀ ਧੀ ਦਾ ਵਿਆਹ ਸ਼ਰਾਬੀ ਕਬਾਬੀ ਵਿਅਕਤੀ ਨਾਲ ਕਰਦਾ ਹੈ। ਇਹ ਨਸ਼ੇੜੀ ਵਿਅਕਤੀ ਆਪਣੇ ਨਸ਼ੇ ਦੀ ਪੂਰਤੀ ਹਿੱਤ ਆਪਣੀ ਔਰਤ ਨੂੰ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜ਼ਬੂਰ ਕਰਦਾ ਹੈ। ਜਿਸ ਕਾਰਨ ਸੁਰਜੀਤ ਅਨੇਕਾਂ ਥਾਂਵਾਂ ਤੇ ਵਿਕਦੀ ਹੋਈ ਕੈਲੇ ਅਮਲੀ ਕੋਲ ਪਹੁੰਚਦੀ ਹੈ। ਜਿਸ ਸਮਾਜ ਵਿਚ ਔਰਤ ਨੂੰ ਵਸਤੂਆਂ ਵਾਂਗ ਵੇਚਿਆ ਤੇ ਖਰੀਦਿਆ ਜਾਂਦਾ ਹੋਵੇ ਤਾਂ ਉਥੇ ਮਰਦ ਔਰਤ ਨੂੰ ਸਿਰਫ਼ ਭੋਗ-ਵਿਲਾਸ ਦੀ ਵਸਤੂ ਸਮਝਦਾ ਹੈ। ਉਹ ਔਰਤ ਮਨ ਦੀਆਂ ਭਾਵਨਾਵਾਂ ਦੀ ਕਦਰ ਨਹੀਂ ਕਰਦਾ ਸਗੋਂ ਉਸ ਨਾਲ ਜ਼ਬਰਦਸਤੀ ਕਰਦਾ ਹੋਇਆ ਉਸ ਉੱਪਰ ਸਰੀਰਕ ਤੇ ਮਾਨਸਿਕ ਤਸ਼ੱਦਦ ਵੀ ਕਰਦਾ ਹੈ। ਔਰਤ ਨੂੰ ਚਗ਼ਲ ਜਾਂ ਦੇਵੀ ਬਣਾਉਣ ਵਿਚ ਉਸਦੇ ਆਰਿਥਕ ਹਾਲਾਤ ਕਾਫ਼ੀ ਨਿਰਭਰ ਕਰਦੇ ਹਨ। ਜਿਸ ਕਾਰਨ ਉਹ ਵੇਚ ਖਰੀਦ ਦੀ ਵਸਤ ਬਣਨ ਲਈ ਮਜ਼ਬੂਰ ਹੈ ਜਿਹੜਾ ਕਿ ਮਨੁੱਖੀ ਜੀਵ ਹੋਣ ਦੇ ਨਾਤੇ ਅਮਾਨਵੀ ਵਰਤਾਰਾ ਹੈ। ਸਮਾਜ ਦੀ ਅਜਿਹੀ ਬੇਬਸ ਤੇ ਲਾਚਾਰ ਔਰਤ ਨੂੰ ਇੱਕ ਸਾਧਾਰਨ ਔਰਤ ਵੀ ਉਸ ਨੂੰ ਦੋਸ਼ੀ ਠਹਿਰਾਉਂਦੀ ਹੋਈ 'ਚਗ਼ਲ' ਆਖਦੀ ਹੈ। "ਕਿਉਂ ਭਾਬੀ, ਇਹ ਮਾੜੀ ਐ? ਫੁੱਲ ਵਰਗੀ ਤਾਂ ਪਈ ਐ।"..."ਫੁੱਲ ਵਰਗੀ ਐ ਸੁਆਹ, ਸੱਤੀਂ ਥਾਈਂ ਗੇੜੇ ਖਾ ਕੇ ਆਈ ਚਗ਼ਲ।" ਸਮਾਜ ਅਜਿਹਾ ਦੁਖਾਂਤ ਭੋਗਦੀ ਔਰਤ ਨੂੰ ਇਸ ਤਰ੍ਹਾਂ ਵੇਖਦਾ ਹੈ ਜਿਵੇਂ ਇਸ ਵਰਤਾਰੇ ਦੀ ਉਹ ਖ਼ੁਦ ਹੀ ਦੋਸ਼ੀ ਹੋਵੇ।

ਆਰਥਿਕਤਾ ਨਾਲ ਸਬੰਧਿਤ ਭੁੱਲਰ ਦੀ ਕਹਾਣੀ 'ਤੋਰੀ ਦੀ ਵੇਲ' ਵਿਚ ਵੀ ਰਿਸ਼ਤਾ (ਵਿਆਹ) ਕਰਨ ਸਮੇਂ ਮੁੰਡੇ ਦੀ ਉੱਚ ਆਰਥਿਕਤਾ ਕਾਰਨ ਉਸਦੇ ਬਦਸੂਰਤ ਚਿਹਰੇ ਨੂੰ ਨਜ਼ਰ ਅੰਦਾਜ਼ ਕਰਕੇ ਉਸ ਨਾਲ ਹੀਰ ਵਰਗੀ ਖ਼ੂਬਸੂਰਤ ਕੁੜੀ ਕੈਲੋ ਨੂੰ ਵਿਆਹਿਆ ਜਾਂਦਾ ਹੈ। ਪਰੰਤੂ ਕਹਾਣੀ ਦਾ ਮਾਨਵ ਹਿਤੈਸ਼ੀ ਪਾਤਰ ਧਰਮਾ ਉਸ ਦੇ ਪਿਤਾ ਨੂੰ ਜ਼ਮੀਨ ਦੇ ਲਾਲਚ ਕਾਰਨ ਆਪਣੀ ਫੁੱਲਾਂ ਵਰਗੀ ਧੀ ਨੂੰ ਕਿਸੇ ਵਡੇਰੀ ਉਮਰ ਦੇ ਵਿਅਕਤੀ ਨਾਲ ਵਿਆਹੁਣ ਉੱਤੇ ਡੂੰਘੀ ਚਿੰਤਾ ਵਿਅਕਤ ਕਰਦਾ ਆਖਦਾ ਹੈ ਕਿ "ਸਾਲਾ ਬੁਝੜ ਜੱਟ ! ਜ਼ਮੀਨ ਦੇ ਚਾਰ ਬਿੱਘਿਆਂ ਉਤੇ ਡਿੱਗ ਪਿਆ।"

ਇਸ ਤਰ੍ਹਾਂ ਆਰਥਿਕਤਾ ਜਿਥੇ ਰਿਸ਼ਤਿਆਂ ਦੀ ਸਿਰਜਣਾ ਲਈ ਆਧਾਰ ਬਣਦੀ ਹੈ। ਉਥੇ ਇਹ ਅਨਜੋੜ ਰਿਸ਼ਤਿਆਂ ਦੇ ਨਿਰਮਾਣ ਵਿਚ ਵੀ ਸਰਗਰਮ ਭੂਮਿਕਾ ਨਿਭਾਉਂਦੀ ਹੈ। ਭੁੱਲਰ ਇਸ ਕਿਸਮ ਦੇ ਅਨਜੋੜ ਰਿਸ਼ਤੇ ਨੂੰ ਕਹਾਣੀ 'ਗੁਆਚੀ ਪੈੜ' ਰਾਹੀਂ ਉਜਾਗਰ ਕਰਦਾ ਹੈ। ਕੁਲਵਿੰਦਰ ਕੌਰ ਭਰ ਜੁਆਨ ਅਵਸਥਾ ਵਿਚ ਹੈ ਜਦੋਂ ਕਿ ਉਸਦਾ ਪਤੀ ਵਡੇਰੀ ਉਮਰ ਦਾ ਵਿਅਕਤੀ ਹੈ। ਜਿਸ ਕਾਰਨ ਉਹ ਸਰੀਰਕ ਅਤੇ ਮਾਨਸਿਕ ਅਤ੍ਰਿਪਤੀ ਵਾਲਾ ਜੀਵਨ ਜਿਉਣ ਲਈ ਮਜ਼ਬੂਰ ਹੈ। ਔਰਤ ਮਜ਼ਬੂਰੀ, ਬੇਬਸੀ ਤੇ ਲਾਚਾਰੀ ਕਾਰਨ ਇਸ ਰਿਸ਼ਤੇ ਨੂੰ ਨਿਭਾਉਂਦੀ ਹੈ ਕਿਉਂਕਿ ਉਹ ਉਤਪਾਦਨ ਦੇ ਸਾਧਨਾਂ ਦੀ ਮਾਲਕ ਨਹੀਂ।

ਬਦਲਦੀਆਂ ਆਰਥਿਕ ਸਮਾਜਿਕ ਪ੍ਰਸਥਿਤੀਆਂ ਜਿਥੇ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਉਥੇ ਇਹ ਸੰਯੁਕਤ ਪਰਿਵਾਰਕ ਸੰਸਥਾ ਨੂੰ ਵੀ ਖੋਰਾ ਲਾਉਂਦੀਆਂ ਹਨ। ਭੁੱਲਰ ਇਸ ਤਬਦੀਲੀ ਨੂੰ ਭਲੀ-ਭਾਂਤ ਸਮਝਦਾ ਹੈ। 'ਦੀਵੇ ਵਾਂਗ ਬਲਦੀ ਅੱਖ' ਕਹਾਣੀ ਦੀ ਮਹਿੰਦਰੋ ਆਪਣੇ ਪੁੱਤਰ ਨੂੰ ਆਰਥਿਕ ਪੱਖੋਂ ਮਜ਼ਬੂਤ ਬਣਾਉਣ ਲਈ ਆਪਣੇ ਛੜੇ ਜੇਠ ਮੈਂਗਲ ਦੀ ਜ਼ਮੀਨ ਨੂੰ ਹਥਿਆਉਣ ਲਈ ਤਤਪਰ ਰਹਿੰਦੀ ਹੈ। ਜਿਸ ਕਾਰਨ ਪਹਿਲਾਂ ਉਸਦਾ ਰਿਸ਼ਤਾ (ਵਿਆਹ) ਨਹੀਂ ਹੋਣ ਦਿੰਦੀ ਅਤੇ ਫਿਰ ਮੈਂਗਲ ਨੂੰ ਨਾਟਕੀ ਢੰਗ ਨਾਲ ਅਜਿਹੀ ਚਾਲ ਵਿਚ ਫਸਾਉਂਦੀ ਹੈ ਜਿਸ ਵਿਚੋਂ ਉਸ ਦਾ ਬਾਹਰ ਨਿਕਲਣਾ ਅਸੰਭਵ ਹੈ। ਆਪਣੇ ਮੰਤਵ ਦੀ ਪੂਰਤੀ ਹਿੱਤ ਉਹ ਗੁਰਜੰਟ ਨੂੰ ਮੈਂਗਲ ਦੀ ਔਲਾਦ ਸਿੱਧ ਕਰਨ ਲਈ ਉਸ ਨੂੰ ਪੰਚਾਇਤ ਦੀ ਹਾਜ਼ਰੀ ਵਿਚ ਆਪਣੇ ਝੂਠੇ ਅਵੈਧ ਸਬੰਧਾਂ ਨੂੰ

ਵਾਸਤਵਿਕ ਸਿੱਧ ਕਰਨ ਲਈ ਧਰਮ ਨੂੰ ਆਪਣੇ ਮੰਤਵ ਲਈ ਵਰਤਦੀ ਹੈ। "ਮੈਂਗਲ ਦੀ ਜ਼ਮੀਨ ਜਾਊ ਮੈਂਗਲ ਦੀ ਔਲਾਦ ਨੂੰ!"..."ਮੈਂਗਲ ਦੀ ਔਲਾਦ ਨੂੰ!"..."ਔਹ ਦਿਸਦੈ ਵੱਡੇ ਮਹਾਰਾਜ ਦਾ ਝੰਡਾ"..."ਉਹਨੂੰ ਹਾਜਰ ਨਾਜਰ ਜਾਣ ਕੇ ਮੈਂਗਲ ਉਠੇ। ਜੇ ਤਾਂ ਆਹ ਜੁਆਕ ਇਹਦੈ, ਤਾਂ ਇਹਨੂੰ ਚੁੱਕ ਲਵੇ ਗੋਦੀ, ਨਹੀਂ ਤਾਂ..."

ਰਿਸ਼ਤਿਆਂ ਦੇ ਪਰਿਵਰਤਿਤ ਹੋਣ ਦਾ ਕਾਰਨ ਆਰਥਿਕਤਾ ਹੈ ਅਤੇ ਇਹ ਰਿਸ਼ਤੇ ਜ਼ਮੀਨ ਉੱਪਰ ਕੇਂਦਰਿਤ ਹਨ। ਜਿਸ ਦੇ ਫਲਸਰੂਪ ਇਹ "ਸਭ ਰਿਸ਼ਤੇ ਧਨ-ਦੌਲਤ ਅਤੇ ਜ਼ਮੀਨ-ਜਾਇਦਾਦ ਨਾਲ ਬੱਝੇ ਹੋਏ ਹਨ। ਮਾਇਆ-ਅਰਥਾਤ ਰਿਸ਼ਤਿਆਂ ਸਾਹਵੇਂ ਸਥਾਪਤ ਕਦਰਾਂ-ਕੀਮਤਾਂ ਅਤੇ ਲੋਕ ਲੱਜ ਦੀ ਭਾਵਨਾ ਖਲੋ ਨਹੀਂ ਸਕਦੀਆਂ। ਆਪਣੀ ਔਲਾਦ ਦੇ ਸੁੱਖ ਵਾਸਤੇ ਆਪਣੇ ਛੜੇ ਜੇਠ ਦੀ ਜ਼ਮੀਨ ਹਥਿਆਉਣ ਲਈ ਨਾਇਕਾ ਕਿਸੇ ਵੀ ਸਥਾਪਤ ਸਮਾਜਿਕ ਕਦਰ-ਕੀਮਤ ਦੀ ਪ੍ਰਵਾਹ ਨਹੀਂ ਕਰਦੀ ਅਤੇ ਭਰੀ ਪੰਚਾਇਤ ਵਿਚ ਜੇਠ ਨਾਲ ਆਪਣੇ ਨਾਜਾਇਜ਼ ਸਬੰਧਾਂ ਦਾ ਝੂਠਾ ਦਾਅਵਾ ਕਰਕੇ ਸਭਨਾਂ ਦੀਆਂ ਉਂਗਲਾਂ ਮੂੰਹ ਵਿਚ ਪੁਆ ਦਿੰਦੀ ਹੈ।"

ਪੰਜਾਬੀ ਸਮਾਜ ਦੀ ਆਰਥਿਕਤਾ ਦਾ ਪ੍ਰਮੁੱਖ ਆਧਾਰ ਜ਼ਮੀਨ ਜਾਇਦਾਦ ਦਾ ਵਧੇਰੇ ਹੋਣਾ, ਖੁਸ਼ਹਾਲੀ, ਮਾਨ-ਸਨਮਾਨ, ਚੌਧਰ, ਹੈਂਕੜਬਾਜੀ ਆਦਿ ਮਨੁੱਖੀ ਇੱਛਾਵਾਂ ਦੀ ਪੂਰਤੀ ਦਾ ਸਾਧਨ ਬਣਦੀ ਹੈ। ਜਿਸ ਦੇ ਫਲਸਰੂਪ ਲਹੂ ਦੇ ਰਿਸ਼ਤਿਆਂ ਵਿਚ ਵੀ ਬਦਲਾਅ ਆਉਂਦਾ ਹੈ। ਕਹਾਣੀ 'ਖ਼ੂਨ' ਦਾ ਕਰਤਾਰਾ ਆਪਣੇ ਭਰਾ ਜੱਗਰ ਦੇ ਕਤਲ ਪ੍ਰਤੀ ਜਾਨਣ ਉਪਰੰਤ ਵੀ ਉਹ ਆਪਣੇ ਭਰਾ ਨੂੰ ਸੁਚੇਤ ਨਹੀਂ ਕਰਦਾ ਕਿਉਂਕਿ ਉਹ ਉਸਦੀ ਔਰਤ ਤੇ ਦੌਲਤ ਨੂੰ ਆਪਣੇ ਕਬਜ਼ੇ ਵਿਚ ਕਰਕੇ ਆਰਥਿਕ ਤੇ ਸਮਾਜਿਕ ਉੱਚਤਾ ਪ੍ਰਾਪਤ ਕਰਨੀ ਚਾਹੁੰਦਾ ਹੈ। ਇਸੇ ਤਰ੍ਹਾਂ ਨਿਮਨ ਆਰਥਿਕਤਾ ਕਾਰਨ ਦੁਖਾਂਤ ਭੋਗਦੇ ਮਨੁੱਖ ਨੂੰ ਬਿਆਨ ਕਰਦੀਆਂ ਕਹਾਣੀਆਂ 'ਕੈਦ, ਉਮਰ ਕੈਦ', ਅਤੇ 'ਅੱਖਾਂ ਦੀ ਲਿਸ਼ਕ' ਵੀ ਗੌਲਣਯੋਗ ਹਨ।

**ਪਰਿਵਾਰਕ ਪੱਖ** : ਇਸ ਆਧਾਰ ਦੁਆਰਾ ਸਮਾਜ ਵਿਚ ਪਰਿਵਾਰਕ ਰਿਸ਼ਤਿਆਂ ਵਿਚ ਆ ਰਹੇ ਪਰਿਵਰਤਨਾਂ ਨੂੰ ਤਲਾਸ਼ਿਆ ਜਾਵੇਗਾ ਕਿ ਉਹ ਕਿਹੜੇ ਕਾਰਨ ਹਨ ਜਿਹੜੇ ਮਨੁੱਖ ਦੇ ਇਨ੍ਹਾਂ ਰਿਸ਼ਤਿਆਂ ਦੀ ਨੀਹਾਂ ਨੂੰ ਕਮਜ਼ੋਰ ਅਤੇ ਮਜ਼ਬੂਤ ਬਣਾਉਂਦੇ ਹਨ। ਕਹਾਣੀ 'ਥਕੇਵਾਂ' ਦੀ ਔਰਤ ਆਸੋ ਜੁਆਨ ਅਵਸਥਾ ਵਿਚ ਵਿਧਵਾ ਹੁੰਦੀ ਹੈ। ਉਹ ਆਪਣੇ ਦ੍ਰਿੜ ਇਰਾਦਿਆਂ ਸਦਕਾ ਔਰਤ ਤੋਂ ਮਰਦ ਬਣ ਕੇ ਆਪਣੇ ਪੁੱਤਰ ਨੂੰ ਪਾਲਣ ਦੇ ਨਾਲ-ਨਾਲ ਖੇਤੀ ਵੀ ਕਰਦੀ ਹੈ। ਆਪਣੀ ਇਸ ਦਲੇਰੀ ਅਤੇ ਸਿਰੜਤਾ ਕਾਰਨ ਪਰਿਵਾਰਕ ਰਿਸ਼ਤੇ ਨਿਭਾਉਣ ਲਈ ਆਪਣਾ ਜੀਵਨ ਨਿਸ਼ਾਵਰ ਕਰ ਦਿੰਦੀ ਹੈ।

ਇਸ ਕਿਸਮ ਦੇ ਪਰਿਵਾਰਕ ਰਿਸ਼ਤੇ ਨੂੰ 'ਜਿਸ ਮਰਨੇ ਤੇ ਜਗ ਡਰੈ' ਸਪੱਸ਼ਟਤਾ ਸਹਿਤ ਉਭਾਰਦੀ ਹੈ। ਰਾਮ ਸਿੰਘ ਮੌਤ ਨੂੰ ਅਟੱਲ ਸਚਾਈ ਮੰਨਣ ਵਾਲਾ ਵਿਅਕਤੀ ਹੈ ਜਿਹੜਾ ਦੂਸਰਿਆਂ ਨੂੰ ਇਹ ਸਚਾਈ ਮੰਨਣ ਲਈ ਪ੍ਰੇਰਿਤ ਕਰਦਾ ਹੈ। ਇਨ੍ਹਾਂ ਵਿਚ 'ਥਕੇਵਾਂ' ਦੀ ਆਸੋ, 'ਖ਼ੂਨ' ਦੀ ਕੁਲਵੰਤੋ, 'ਰਾਤਾਂ ਕਾਲੀਆਂ' ਦੀ ਪ੍ਰੇਮ ਕੌਰ ਆਦਿ ਔਰਤ ਪਾਤਰਾਂ ਨੂੰ ਵਿਚਾਰਿਆ ਜਾ ਸਕਦਾ ਹੈ।

ਪਰਿਵਾਰਕ ਰਿਸ਼ਤਿਆਂ ਨੂੰ ਪੇਸ਼ ਕਰਦੀ ਕਹਾਣੀ 'ਰਾਤਾਂ ਕਾਲੀਆਂ' ਹੈ। ਇਹ ਪਤੀ-ਪਤਨੀ ਦੇ ਰਿਸ਼ਤੇ ਵਿਚ ਪਤੀ ਦੀ ਗੈਰ-ਹਾਜ਼ਰੀ ਕਾਰਨ ਇਕੱਲਤਾ ਦਾ ਸੰਤਾਪ ਹੰਢਾਉਂਦੀ ਔਰਤ ਦੇ ਪਿਆਰ ਨੂੰ ਪ੍ਰਗਟ ਕਰਦੀ ਹੈ। ਇਸੇ ਤਰ੍ਹਾਂ ਕਹਾਣੀ 'ਕਸਤੂਰੀ ਵਾਲਾ ਮਿਰਗ' ਦੇ ਪਰਿਵਾਰਕ ਰਿਸ਼ਤਿਆਂ ਵਿਚ ਦੁਫਾੜ ਦਾ ਕਾਰਨ ਵੀ ਜ਼ਮੀਨ ਹੈ ਕਿਉਂਕਿ ਇਹ ਮਨੁੱਖ ਦੀ ਸਮਾਜਿਕ ਹੋਂਦ ਨਿਸਚਿਤ ਕਰਦੀ ਹੈ। ਸਰਦਾਰ ਉੱਤਮ ਸਿੰਘ ਸੰਧੂ ਦਾ ਆਪਣੇ ਪੁੱਤਰਾਂ ਨਾਲ ਝਗੜਾ ਇਸ ਕਾਰਨ ਹੁੰਦਾ ਹੈ ਕਿ ਉਹ ਜ਼ਮੀਨ ਦੀ ਮਾਲਕੀ ਆਪਣੇ ਕੋਲ ਰੱਖਣੀ ਚਾਹੁੰਦਾ ਹੈ।

**ਸਮਾਜਿਕ ਪੱਖ** : ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਉਹ ਸਮਾਜ ਵਿਚ ਰਹਿੰਦਾ ਹੋਇਆ ਅਨੇਕਾਂ



ਕਿਸਮ ਦੇ ਰਿਸ਼ਤਿਆਂ ਵਿਚ ਬੱਝਦਾ ਹੈ। ਜੇਕਰ ਉਹ ਦੂਸਰਿਆਂ ਨਾਲ ਸਮਾਜਿਕ ਸਬੰਧ ਨਹੀਂ ਸਿਰਜਦਾ ਤਾਂ ਉਸ ਨੂੰ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਆਧੁਨਿਕ ਸਮੇਂ ਵਿਅਕਤੀ ਰੁਜ਼ਗਾਰ ਪ੍ਰਾਪਤੀ ਹਿੱਤ ਪਿੰਡਾਂ ਤੋਂ ਸ਼ਹਿਰਾਂ ਵੱਲ ਦਾ ਰੁਖ਼ ਅਖਤਿਆਰ ਕਰਦਾ ਹੈ ਕਿਉਂਕਿ ਪਿੰਡ ਵਿਚ ਉਸਦਾ ਗੁਜ਼ਾਰਾ ਅਸੰਭਵ ਹੈ। ਜਿਸ ਕਾਰਨ ਸ਼ਹਿਰ 'ਚ ਰਹਿਣਾ ਉਸਦੀ ਮਜ਼ਬੂਰੀ ਬਣ ਗਈ ਹੈ। ਪੰਰਤੂ ਅਜਿਹਾ ਕਰਦਾ ਹੋਇਆ ਵਿਅਕਤੀ ਆਪਣੀਆਂ ਮੂਲ ਜੜ੍ਹਾਂ ਨਾਲੋਂ ਟੁੱਟ ਰਿਹਾ ਹੈ।

ਕਹਾਣੀ 'ਰੋਹੀ-ਬੀਆਬਾਨ' ਨਵੇਂ ਬਣੇ ਸ਼ਹਿਰੀ ਜੋੜੇ ਲਈ ਰੋਂਦੇ ਬੱਚੇ ਨੂੰ ਚੁੱਪ ਕਰਵਾਉਣ ਲਈ ਕੀਤੇ ਯਤਨਾਂ ਨੂੰ ਪ੍ਰਗਟਾਉਂਦੀ ਹੈ। ਪਰੰਤੂ ਬੱਚਾ ਅਨੇਕਾਂ ਕੋਸ਼ਿਸ਼ਾਂ ਉਪਰੰਤ ਵੀ ਚੁੱਪ ਨਹੀਂ ਹੁੰਦਾ। ਬੱਚੇ ਦੀ ਇਸ ਦੁਖਾਂਤਕ ਅਵਸਥਾ ਤੋਂ ਤੰਗ ਹੋਇਆ ਪਿਤਾ ਆਪਣੇ ਅਤੀਤ ਨੂੰ ਚੇਤੇ ਕਰਦਾ ਹੋਇਆ ਉਹ ਪੇਂਡੂ ਸੰਯੁਕਤ ਪਰਿਵਾਰਕ ਸੰਸਥਾ ਦੀ ਪ੍ਰਸੰਗਿਕਤਾ ਨੂੰ ਉਚਿਆਉਂਦਾ ਹੈ। ਪਰੰਪਰਾਗਤ ਸਮੇਂ ਪੇਂਡੂ ਸਮਾਜ ਵਿਚ ਜੇਕਰ ਕਿਸੇ ਦਾ ਬੱਚਾ ਜਾਂ ਬਜ਼ੁਰਗ ਬਿਮਾਰ ਹੁੰਦਾ ਤਾਂ ਸਾਰਾ ਆਂਢ-ਗੁਆਂਢ ਉਸ ਦੇ ਇਲਾਜ ਲਈ ਹਮਦਰਦੀ ਜਤਾਉਂਦਾ ਸੀ। ਪਰੰਤੂ ਆਧੁਨਿਕ ਸ਼ਹਿਰੀ ਸਭਿਆਚਾਰ ਵਿਚ ਮਨੁੱਖ ਨੂੰ ਮਨੁੱਖ ਨਾਲ ਕੋਈ ਲਾਗਉ ਨਹੀਂ ਰਿਹਾ। ਉਹ ਆਪਣੇ ਬੱਚੇ ਨੂੰ ਚੁੱਪ ਕਰਵਾਉਣ ਲਈ ਆਪਣੀ ਅਵਚੇਤਨਤਾ ਰਾਹੀਂ ਅਤੀਤ ਵਿਚ ਵਾਪਰੀ ਇਸ ਸਮੱਸਿਆ ਦਾ ਹੱਲ ਲੱਭਦਾ ਹੈ। ਜਿਸ ਅਨੁਸਾਰ ਉਹ ਬੱਚੇ ਦੀ ਪਿੱਠ ਵਿਚ ਸੁਆਹ ਦੀ ਥਾਂ ਪਾਊਡਰ ਦੀ ਚੁਟਕੀ ਪਾ ਦਿੰਦਾ ਹੈ ਜਿਸ ਨਾਲ ਬੱਚਾ ਇਕਦਮ ਚੁੱਪ ਹੋ ਜਾਂਦਾ ਹੈ। ਇਹ ਕਹਾਣੀ ਪਰੰਪਰਾਗਤ ਰਿਸ਼ਤਿਆਂ ਦੇ ਅਹਿਸਾਸ ਤੇ ਨਵਿਆਂ ਦੇ ਸਿਰਜਣ ਦੀ ਲੋੜ ਵਿਚਲੇ ਤਾਲਮੇਲ ਪੈਦਾ ਕਰਨ ਦੀ ਵਕਾਲਤ ਕਰਦੀ ਹੈ ਤਾਂ ਜੋ ਭਵਿੱਖ ਵਿਚ ਆਉਣ ਵਾਲੀਆਂ ਸਮੱਸਿਆਵਾਂ ਤੋਂ ਬਚਿਆ ਜਾ ਸਕੇ।

ਸਮਾਜਿਕ ਆਰਥਿਕ ਵਿਤਕਰੇਬਾਜੀ ਨੂੰ ਕਹਾਣੀ 'ਰੇਸ਼ਮ ਦੀ ਛੋਹ ਬੋਰੇ ਦਾ ਘਾਸਾ' ਯਥਾਰਥਕ ਰੂਪ ਵਿਚ ਚਿਤਰਦੀ ਹੈ। ਉਤਪਾਦਨ ਦੇ ਸਾਧਨਾਂ 'ਤੇ ਕਾਬਜ਼ ਧਿਰਾਂ ਆਪਣੇ ਅਧੀਨ ਕਾਮਾ ਸ਼੍ਰੇਣੀ ਦੀ ਲੁੱਟ-ਖਸੁੱਟ ਕਰਨ ਦੇ ਨਾਲ-ਨਾਲ ਉਨ੍ਹਾਂ ਦੀਆਂ ਔਰਤਾਂ ਨੂੰ ਵੀ ਆਪਣੀ ਹਵਸ ਦਾ ਸ਼ਿਕਾਰ ਬਣਾਉਂਦੀਆਂ ਹਨ। ਭੁੱਲਰ ਇਸ ਕਹਾਣੀ ਰਾਹੀਂ ਜਿਮੀਂਦਾਰ ਵਰਗ ਦੁਆਰਾ ਕਿਰਤੀ ਵਰਗ ਨਾਲ ਕੀਤੀਆਂ ਜਾਂਦੀਆਂ ਵਧੀਕੀਆਂ ਤੇ ਵਿਤਕਰਿਆਂ ਨੂੰ ਬੇਪਰਦ ਕਰਦਾ ਹੈ। ਪੰਜਾਬੀ ਸਮਾਜ ਵਿਚ ਮਾਲਕ ਤੇ ਸੀਰੀ ਦਾ ਰਿਸ਼ਤਾ ਮਾਲਕ ਤੇ ਗੁਲਾਮ ਸਬੰਧਾਂ ਨੂੰ ਦਰਸਾਉਂਦਾ ਹੈ। ਬਾਬਾ ਮੋਦਨ ਸਿੰਘ ਉਤਪਾਦਨ ਦੇ ਸਾਧਨਾਂ ਦਾ ਮਾਲਕ ਹੋਣ ਕਾਰਨ ਆਪਣੇ ਕਾਮਿਆਂ ਦੀਆਂ ਔਰਤਾਂ ਨੂੰ ਭੋਗਣ ਦੀ ਲਾਲਸਾ ਰੱਖਦਾ ਹੈ। ਉਹ ਆਪਣੇ ਸੀਰੀ ਸੰਗੂ ਨਾਲ ਲਿਖਤ ਹੋਣ ਦੇ ਬਾਵਜੂਦ ਵੀ ਉਸਦੀ ਬਿਮਾਰ ਮਾਂ ਦੇ ਇਲਾਜ ਲਈ ਪੈਸੇ ਦੇਣੋਂ ਇਨਕਾਰ ਕਰਦਾ ਹੈ। ਇਹ ਉੱਚ ਅਖੌਤੀ ਵਰਗ ਵਿਤਕਰੇਬਾਜੀ ਕਾਰਨ ਆਪਣੇ ਲਈ ਕਣਕ ਦੇ ਫੁਲਕੇ ਤੇ ਸਬਜ਼ੀ ਅਤੇ ਆਪਣੇ ਸੀਰੀਆਂ ਨੂੰ ਬਾਜਰੇ ਦੀਆਂ ਰੋਟੀਆਂ ਉੱਪਰ ਨਮਕ ਤੇ ਮਿਰਚਾਂ ਭੁੱਕ ਕੇ ਦਿੰਦਾ ਹੈ। ਨਤੀਜੇ ਵਜੋਂ ਸੰਗੂ ਇਸ ਵਿਤਕਰੇ ਦਾ ਵਿਰੋਧ ਕਰਦਾ ਹੋਇਆ ਧਨੀ ਵਰਗ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਦਾ ਪਰਦਾਫਾਸ਼ ਕਰਦਾ ਹੈ।

ਕਹਾਣੀ 'ਧੁੰਦ ਅਤੇ ਸੂਰਜ' ਸਮਾਜਿਕ ਰਿਸ਼ਤਿਆਂ ਦੀ ਮਹੱਤਤਾ ਨੂੰ ਉਜਾਗਰ ਕਰਦੀ ਹੈ। ਜਦੋਂ ਮਾਸਟਰ ਮਲਕੀਤ ਆਪਣੇ ਛੋਟੇ ਭਰਾ ਦੇ ਵਿਆਹ ਸਮੇਂ ਜ਼ਮਾਨਤ 'ਤੇ ਘਰ ਆਉਂਦਾ ਹੈ ਤਾਂ ਸਭ ਸਕੇ ਸਬੰਧੀ ਉਸ ਦੁਆਰਾ ਕੀਤੇ ਕਤਲ ਨੂੰ ਅਨੈਤਿਕ ਸਮਝਦੇ ਹਨ। ਜਿਸ ਦੇ ਫਲਸਰੂਪ ਉਹ ਆਪਣੇ ਆਪ ਨੂੰ ਦੋਸ਼ੀ ਸਮਝਦਾ ਹੋਇਆ ਦੁਵਿਧਾ ਵਿਚ ਫਸ ਜਾਂਦਾ ਹੈ। ਪਰੰਤੂ ਚਾਚੀ ਦਾਨ ਕੌਰ ਇਕ ਅਜਿਹੀ ਨਿਧੜਕ ਔਰਤ ਹੈ ਜਿਹੜੀ ਉਸਦੇ ਇਸ ਸੰਕਟ ਦਾ ਨਿਵਾਰਨ ਕਰਦੀ ਹੋਈ ਉਸਨੂੰ ਬਹਾਦਰ ਸੂਰਮਾ ਗਰਦਾਨਦੀ ਹੈ।

**ਰਾਜਨੀਤਕ ਪੱਖ** :ਭੁੱਲਰ ਪੰਜਾਬ ਦੀ ਆਪਸੀ ਭਾਈਚਾਰਕ ਸਾਂਝ ਮਿਲਵਰਤਨ ਤੇ ਸਹਿਯੋਗ ਦੀ ਭਾਵਨਾ ਨੂੰ ਪੇਸ਼ ਕਰਦਾ ਹੈ। ਉਹ ਪੰਜਾਬੀਆਂ ਨੂੰ ਧਾਰਮਿਕ ਵਲਗਣਾਂ ਤੋਂ ਉੱਪਰ ਉੱਠ ਕੇ ਮਨੁੱਖ ਨੂੰ ਮਨੁੱਖ ਸਮਝਣ ਵਾਲੀ ਪ੍ਰਵਿਰਤੀ ਨੂੰ ਸਪੱਸ਼ਟ ਰੂਪ ਵਿਚ ਉਘਾੜਦਾ ਹੈ। ਇਸ ਮਾਨਵਵਾਦੀ ਦ੍ਰਿਸ਼ਟੀ ਦੁਆਰਾ ਉਹ ਮਨੁੱਖੀ ਰਿਸ਼ਤਿਆਂ ਦੀਆਂ ਟੁੱਟੀਆਂ ਤੰਦਾਂ ਨੂੰ ਮੁੜ ਜੋੜਨ ਦਾ ਕੰਮ ਕਰਦਾ ਹੈ।

ਕਹਾਣੀ 'ਫੱਤੂ ਮਰਾਸੀ' ਦੇਸ਼ ਵੰਡ ਸਮੇਂ ਕਤਲ ਹੋਈ ਮਨੁੱਖਤਾ ਨੂੰ ਪੇਸ਼ ਕਰਦੀ ਹੈ। ਕਥਾਕਾਰ ਮਨੁੱਖ ਨੂੰ ਇਨ੍ਹਾਂ ਕੱਟੜ ਭਾਵਨਾਵਾਂ ਤੋਂ ਉੱਪਰ ਉੱਠ ਕੇ ਮਾਨਵਵਾਦੀ ਨਜ਼ਰੀਆ ਅਪਣਾਉਣ ਲਈ ਪ੍ਰੇਰਦਾ ਹੈ। ਉਹ ਫੱਤੂ ਦੇ ਪਕਿਸਤਾਨ ਤੋਂ ਵਾਪਿਸ ਭਾਰਤ ਪਰਤਣ ਸਮੇਂ ਦੀ ਵਾਸਤਵਿਕ ਸਥਿਤੀ ਨੂੰ ਉਜਾਗਰ ਕਰਦਾ ਹੈ।

ਇਸ ਕਿਸਮ ਦੀਆਂ ਕਹਾਣੀਆਂ 'ਵਿਰਲਾਂ ਵਿਚੋਂ ਝਾਕਦਾ ਹਨੇਰਾ' ਅਤੇ 'ਕੀ ਜਾਣਾ ਮੈਂ ਕੌਣ?' ਭਾਰਤ ਦੀ ਸੌੜੀ ਸਿਆਸਤ ਅਤੇ ਫਿਰਕੂਪੁਣੇ ਦੇ ਲੋਕ ਵਿਰੋਧੀ ਚਿਹਰੇ ਨੂੰ ਬੇਨਕਾਬ ਕਰਦੀਆਂ ਹਨ। ਇਸੇ ਕਿਸਮ ਦੀ ਕਹਾਣੀ 'ਕੀ ਜਾਣਾ ਮੈਂ ਕੌਣ' ਵਿਚ ਸ਼ਾਮ ਸਰੂਪ ਪੰਡਿਤ ਹਿੰਦੂ ਹੋਣ ਦੇ ਬਾਵਜੂਦ ਪੱਗ ਬੰਨਣ ਕਾਰਨ ਹਰਿਆਣੇ ਵਿਚ ਸਿੱਖ ਸਮਝ ਕੇ ਮਾਰਿਆ ਜਾਂਦਾ ਹੈ ਅਤੇ ਸਿਮਰਜੀਤ ਸਿੰਘ ਸਿੰਮੀ ਸਿੱਖ ਹੁੰਦਿਆਂ ਵਾਲ ਕਟਵਾਉਣ ਕਾਰਨ ਹਿੰਦੂ ਦਿੱਖ ਕਰਕੇ ਉਸ ਨੂੰ ਕਤਲ ਕੀਤਾ ਜਾਂਦਾ ਹੈ।

ਭਾਰਤੀ ਲੋਕਤੰਤਰੀ ਪ੍ਰਬੰਧ 'ਤੇ ਵਿਅੰਗ ਕਰਦੀ ਕਹਾਣੀ 'ਤਾਮਰ-ਪੱਤਰ' ਅਜਿਹੇ ਹੀ ਰਾਜਨੀਤਕ ਸਬੰਧਾਂ ਨੂੰ ਪੇਸ਼ ਕਰਦੀ ਹੈ। ਜਿਹੜੇ ਵਿਅਕਤੀ ਸੱਤਾਧਾਰੀ ਧਿਰ ਅਨੁਸਾਰ ਚਲਦੇ ਹਨ ਉਨ੍ਹਾਂ ਨੂੰ ਉੱਚ ਅਹੁਦਿਆਂ ਨਾਲ ਨਿਵਾਜਿਆ ਜਾਂਦਾ ਹੈ ਜਦੋਂ ਕਿ ਇਸ ਦੀ ਵਿਰੋਧਤਾ ਕਰਨ ਵਾਲਿਆਂ ਨੂੰ ਜੇਲ੍ਹਾਂ ਵਿਚ ਸੁੱਟਿਆ ਜਾਂਦਾ ਹੈ। ਇਸ ਕਿਸਮ ਦੀ ਕਹਾਣੀ 'ਵਖਤਾਂ ਮਾਰੇ' ਹੈ ਜਿਹੜੀ ਲੋਕਤੰਤਰੀ ਪ੍ਰਬੰਧ ਦੇ ਲੋਕ ਵਿਰੋਧੀ ਚਿਹਰੇ ਨੂੰ ਬੇਨਕਾਬ ਕਰਦੀ ਹੈ। ਸੱਤਾਧਾਰੀ ਧਿਰਾਂ ਆਪਣੇ ਵਿਰੁੱਧ ਉੱਠਣ ਵਾਲੀ ਹਰ ਆਵਾਜ਼ ਨੂੰ ਦਬਾਉਣ ਲਈ ਛੜਯੰਤਰ ਰਚਦੀਆਂ ਹਨ। ਭਾਰਤ ਵਿਚ ਲੋਕਤੰਤਰੀ ਵਿਵਸਥਾ ਹੈ ਜਿਸ ਦਾ ਮੁੱਖ ਏਜੰਡਾ ਲੋਕਾਂ ਦਾ ਕਲਿਆਣ ਕਰਨਾ ਹੈ। ਪਰੰਤੂ ਵਿਚਾਰਧੀਨ ਕਹਾਣੀ ਵਿਚ ਰਾਜਤੰਤਰ ਆਪਣੀ ਸੋਚੀ ਸਮਝੀ ਸਜਿਸ਼ ਅਧੀਨ ਝੂਠੇ ਪੁਲਿਸ ਮੁਕਾਬਲਿਆਂ ਦੁਆਰਾ ਆਪਣੀਆਂ ਸਮੱਸਿਆਵਾਂ ਦੀ ਪੂਰਤੀ ਲਈ ਸੰਘਰਸ਼ ਕਰ ਰਹੇ ਵਿਦਿਆਰਥੀਆਂ ਦਾ ਕਤਲ ਕਰਵਾਇਆ ਜਾਂਦਾ ਹੈ। ਇਸੇ ਤਰ੍ਹਾਂ 'ਮੋਰਚੇ' ਕਹਾਣੀ ਵੀ ਜਾਗੀਰਦਾਰੀ ਵਿਵਸਥਾ ਦੁਆਰਾ ਮੁਜ਼ਾਹਰਿਆਂ ਦੇ ਸ਼ੋਸ਼ਣ ਨੂੰ ਪੇਸ਼ ਕਰਦੀ ਹੈ।

**ਪਿਆਰ ਜਾਂ ਭਾਵੁਕ ਪੱਖ** : ਸਾਹਿਤ ਸਮਾਜ ਵਿਚ ਵਾਪਰਦੀਆਂ ਘਟਨਾਵਾਂ ਨੂੰ ਗਾਲਪਨਿਕ ਰੂਪ ਵਿਚ ਪ੍ਰਗਟਾਉਂਦਾ ਹੈ। ਉਹ ਮਨੁੱਖ ਦੇ ਬਾਹਰੀ ਰੂਪ ਨੂੰ ਸਿਰਜਣ ਦੇ ਨਾਲ-ਨਾਲ ਮਨੁੱਖੀ ਮਨ ਦੀਆਂ ਅੰਤਰੀਵ ਪਰਤਾਂ ਨੂੰ ਵੀ ਉਭਾਰਦਾ ਹੈ। ਸਾਹਿਤ ਮਨੁੱਖੀ ਭਾਵਨਾਵਾਂ ਮਮਤਾ, ਪ੍ਰੇਮ, ਪਿਆਰ, ਵਾਸ਼ਨਾ ਆਦਿ ਨੂੰ ਬੜੀ ਸ਼ੁਹਿਰਦਤਾ ਨਾਲ ਬਿਆਨ ਕਰਦਾ ਹੈ। ਭੁੱਲਰ ਆਪਣੀਆਂ ਕਹਣੀਆਂ ਵਿਚ ਅਜਿਹੀਆਂ ਭਾਵਨਾਵਾਂ ਨੂੰ ਪ੍ਰਗਟਾਉਣ ਸਮੇਂ ਆਪਣੇ ਪਾਤਰਾਂ ਨੂੰ ਭਾਵਨਾਵਾਂ ਦੇ ਵਹਿਣ ਵਿਚ ਨਹੀਂ ਵਹਿਣ ਦਿੰਦਾ ਸਗੋਂ ਆਪਣੀ ਮਾਨਵਵਾਦੀ ਦ੍ਰਿਸ਼ਟੀ ਰਾਹੀਂ ਉਨ੍ਹਾਂ ਨੂੰ ਰਿਸ਼ਤਿਆਂ ਦੀ ਪਵਿੱਤਰਤਾ ਦੇ ਦਰਸ਼ਨ ਕਰਵਾਉਂਦਾ ਹੋਇਆ ਸਹੀ ਰਸਤੇ ਉੱਪਰ ਤੋਰਨ ਲਈ ਯਤਨੀਸ਼ੀਲ ਰਹਿੰਦਾ ਹੈ।

ਕਹਾਣੀ 'ਓਪਰਾ ਮਰਦ' ਦੀ ਦੀਪੋ ਭਰਮ-ਭੁਲੇਖੇ ਅਧੀਨ ਰਣਧੀਰ ਨੂੰ ਆਪਣੇ ਪਤੀ ਵਜੋਂ ਚਿਤਵਦੀ ਹੈ। ਜਿਸ ਕਾਰਨ ਉਸ ਨੂੰ ਆਪਣਾ ਪਤੀ ਓਪਰਾ ਮਰਦ ਲੱਗਦਾ ਹੈ। ਪਰੰਤੂ ਜਦੋਂ ਬਿਰਤਾਂਤਕਾਰ ਮੌਕਾ-ਮੇਲ ਦੀ ਜੁਗਤ ਰਾਹੀਂ ਉਨ੍ਹਾਂ ਦਾ ਮੇਲ ਕਰਵਾਉਂਦਾ ਹੈ ਦੀਪੋ ਫਿਰ ਇਸ ਭਰਮ ਤੋਂ ਮੁਕਤ ਹੁੰਦੀ ਹੈ।

ਕਹਾਣੀ 'ਹਰ ਮੁਟਿਆਰ ਸੁਨੀਤਾ ਹੈ' ਦਾ ਰੰਗਾਨਾਥਨ ਫਿਲਮੀ ਹੀਰੋਇਨ ਸੁਨੀਤਾ ਦੀਆਂ



ਸਰੀਆਂ ਫਿਲਮਾਂ ਵੇਖਦਾ ਹੈ। ਉਹ ਸੁਨੀਤਾ ਨੂੰ ਇਕ ਤਰਫਾ ਪਿਆਰ ਕਰਦਾ ਹੈ ਅਤੇ ਉਸ ਨਾਲ ਵਿਆਹ ਕਰਵਾਉਣਾ ਚਾਹੁੰਦਾ ਹੈ।

ਕਹਾਣੀ 'ਚ.ਗਲ' ਔਰਤ ਮਨ ਦੀ ਭਾਵੁਕਤਾ ਨੂੰ ਪੇਸ਼ ਕਰਦੀ ਹੈ। ਮੈਂ ਪਾਤਰ ਸੁਰਜੀਤ ਨਾਲ ਆਪਣੀ ਭਾਵੁਕ ਸਾਂਝ ਸਦਕਾ ਉਸ ਦਾ ਸੰਗ ਮਾਣਨਾ ਚਾਹੁੰਦਾ ਹੈ। ਭੁੱਲਰ ਆਪਣੇ ਪਾਤਰਾਂ ਨੂੰ ਭਾਵੁਕਤਾ ਤੋਂ ਸੁਚੇਤ ਕਰਦਾ ਹੈ ਜਿਸ ਦੁਆਰਾ ਕਹਾਣੀ ਨਵਾਂ ਮੋੜ ਕੱਟਦੀ ਹੈ ਜਿਸ ਦੇ ਫਲਸਰੂਪ ਉਨ੍ਹਾਂ ਵਿਚਲੀ ਭਾਵੁਕ ਸਾਂਝ ਉਸੇ ਤਰ੍ਹਾਂ ਬਰਕਰਾਰ ਰਹਿੰਦੀ ਹੈ।


ਉਪਰੋਕਤ ਕਹਾਣੀਆਂ ਦੇ ਪਾਤਰ ਪਹਿਲਾਂ ਰਿਸ਼ਤਿਆਂ ਦੀ ਪਰਵਾਹ ਨਹੀਂ ਕਰਦੇ ਪਰੰਤੂ ਉਹ ਜਦੋਂ ਰਿਸ਼ਤਿਆਂ ਦੀ ਅਹਿਮੀਅਤ ਸਮਝਦੇ ਹਨ ਫਿਰ ਇਨ੍ਹਾਂ ਨੂੰ ਬਣਾਈ ਰੱਖਣ ਲਈ ਕਾਰਜਸ਼ੀਲ ਰਹਿੰਦੇ ਹਨ। ਮਿਸਾਲ ਵਜੋਂ 'ਓਪਰਾ ਮਰਦ' ਦੀ ਦੀਪੋ ਦੁਆਰਾ ਰਣਧੀਰ ਦਾ ਸੰਗ ਮਾਨਣ ਉਪਰੰਤ ਹਰਚੰਦ ਨੂੰ ਆਪਣਾ ਅਸਲ ਮਰਦ ਸਵੀਕਾਰ ਕਰਨਾ ਅਤੇ 'ਚਗਲ' ਕਹਾਣੀ ਦੀ ਸੁਰਜੀਤ ਦੁਆਰਾ ਮੈਂ ਪਾਤਰ ਪ੍ਰਤੀ ਕੀਤੇ ਆਪਣੇ ਪਿਆਰ ਦਾ ਇਜ਼ਹਾਰ ਉਨ੍ਹਾਂ ਨੂੰ ਰਿਸ਼ਤਿਆਂ ਦੀ ਉਲੰਘਣਾ ਤੋਂ ਰੋਕਦਾ ਹੈ। ਇਸੇ ਤਰ੍ਹਾਂ ਭਾਵੁਕ ਸਾਂਝ ਨਾਲ ਜੁੜੇ ਰਿਸ਼ਤਿਆਂ ਬਾਰੇ 'ਮੋਰਚੇ', 'ਤੋਰੀ ਦੀ ਵੇਲ', 'ਗੁਆਚੀ ਪੈੜ', 'ਮੈਂ ਗਜਨਵੀਂ ਨਹੀਂ' ਅਤੇ 'ਫੱਤੂ ਮਰਾਸੀ' ਕਹਾਣੀਆਂ ਵੀ ਵਿਚਾਰਨਯੋਗ ਹਨ। ਇਨ੍ਹਾਂ ਕਹਾਣੀਆਂ ਦੇ ਪਾਤਰ ਆਪਣੀ ਭਾਵੁਕ ਸਾਂਝ ਦੂਸਰਿਆਂ ਅੱਗੇ ਜ਼ਾਹਿਰ ਕਰਨ ਤੋਂ ਝਿਜਕ ਮਹਿਸੂਸ ਕਰਦੇ ਹਨ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰਬਚਨ ਸਿੰਘ ਭੁੱਲਰ ਆਰਥਿਕ, ਸਮਾਜਿਕ, ਰਾਜਨੀਤਕ ਤੇ ਧਾਰਮਿਕ ਪ੍ਰਬੰਧ ਪ੍ਰਤੀ ਸੁਚੇਤ ਕਹਾਣੀਕਾਰ ਹੈ। ਉਸ ਦੀਆਂ ਕਹਾਣੀਆਂ ਵਿਚੋਂ ਉਸਦੇ ਪੇਂਡੂ ਤੇ ਸ਼ਹਿਰੀ ਅਨੁਭਵ ਦੀ ਤਸਵੀਰ ਸਪੱਸ਼ਟ ਰੂਪ ਵਿਚ ਉਘੜਦੀ ਹੈ। ਉਹ ਰਿਸ਼ਤਿਆਂ ਨੂੰ ਪੇਸ਼ ਕਰਨ ਸਮੇਂ ਚੇਤੰਨ ਰਹਿੰਦਾ ਹੈ। ਪੰਜਾਬੀ ਸਭਿਆਚਾਰ ਵਿਚ ਵਧੇਰੇ ਤੌਰ 'ਤੇ ਕੁੜੀ ਦਾ ਰਿਸ਼ਤਾ (ਵਿਆਹ) ਕਰਨ ਸਮੇਂ ਕੇਵਲ ਆਰਥਿਕਤਾ ਨੂੰ ਆਧਾਰ ਬਣਾਉਂਦਿਆਂ ਰਿਸ਼ਤਾ ਸਿਰਜਣਾ ਵਿਗਿਆਨਕ ਆਧਾਰ ਨਹੀਂ ਕਿਉਂਕਿ ਆਰਥਿਕਤਾ ਜਿਥੇ ਰਿਸ਼ਤਿਆਂ ਨੂੰ ਜੋੜਨ ਵਿਚ ਮਹੱਤਤਾ ਰੱਖਦੀ ਹੈ ਉਥੇ ਇਹ ਅਨਜੋੜ ਰਿਸ਼ਤੇ ਸਿਰਜਣ ਵਿਚ ਵੀ ਅਹਿਮ ਭੂਮਿਕਾ ਨਿਭਾਉਂਦੀ ਹੈ। ਜਿਸ ਕਾਰਨ ਮਨੁੱਖ ਜੀਵਨ ਵਿਚੋਂ ਮਨਫੀ ਹੋ ਰਿਹਾ ਹੈ ਅਤੇ ਉਸਦੀ ਥਾਂ ਪੈਸੇ ਦੀ ਪ੍ਰਧਾਨਤਾ ਵਧਦੀ ਜਾ ਰਹੀ ਹੈ। ਭੁੱਲਰ ਆਪਣੇ ਪਾਤਰਾਂ ਉੱਪਰ ਭਾਵੁਕਤਾ ਨੂੰ ਹਾਵੀ ਨਹੀਂ ਹੋਣ ਦਿੰਦਾ ਜਿਸ ਕਰਕੇ ਉਸਦੇ ਪਾਤਰ ਆਪਣੇ ਕਿਸੇ ਨਿੱਜੀ ਸਵਾਰਥ ਅਧੀਨ ਰਿਸ਼ਤਿਆਂ ਦਾ ਘਾਣ ਨਹੀਂ ਕਰਦੇ। ਅਜੋਕੇ ਮਨੁੱਖ ਦਾ ਵਿਅਕਤੀਗਤ ਰੁਚੀਆਂ ਅਤੇ ਪੂੰਜੀਵਾਦੀ ਸੋਚ ਦੇ ਧਾਰਨੀ ਹੋਣ ਕਾਰਨ ਉਸ ਅੰਦਰਲਾ ਮਨੁੱਖ ਖਤਮ ਹੋ ਰਿਹਾ ਹੈ। ਅਜਿਹਾ ਵਿਅਕਤੀ ਆਪਣੇ ਨਿੱਜੀ ਸਵਾਰਥ ਲਈ ਕਿਸੇ ਵੀ ਹੱਦ ਤਕ ਗੁਜ਼ਰ ਸਕਦਾ ਹੈ। ਇਸ ਸਵਾਰਥਤਾ ਅਧੀਨ ਉਹ ਆਪਣੇ ਮਾਤਾ-ਪਿਤਾ, ਭੈਣ-ਭਰਾ, ਪਤਨੀ, ਬੱਚੇ, ਦੋਸਤਾਂ, ਮਿੱਤਰਾਂ ਆਦਿ ਵਿਚੋਂ ਕਿਸੇ ਦਾ ਵੀ ਕਤਲ ਕਰਨਾ ਪਵੇ ਤਾਂ ਉਹ ਕਰ ਸਕਦਾ ਹੈ। ਭੁੱਲਰ ਆਪਣੀਆਂ ਔਰਤ ਪਾਤਰਾਂ ਨੂੰ ਅਬੁਲਾ ਤੇ ਕਮਜ਼ੋਰ ਬਣਾ ਕੇ ਪੇਸ਼ ਨਹੀਂ ਕਰਦਾ ਸਗੋਂ ਉਹ ਆਪਣੇ ਪਰਿਵਾਰਕ ਰਿਸ਼ਤਿਆਂ ਨੂੰ ਸਿਰੜ ਤੇ ਦ੍ਰਿੜਤਾ ਨਾਲ ਨਿਭਾਉਂਦੀਆਂ ਹੋਈਆਂ ਤਾਕਤਵਰ ਔਰਤਾਂ ਵਜੋਂ ਚਿਤਰਦਾ ਹੈ। ਗੁਰਬਚਨ ਸਿੰਘ ਭੁੱਲਰ ਆਪਣੀਆਂ ਕਹਾਣੀਆਂ ਦੁਆਰਾ ਮਨੁੱਖ ਨੂੰ ਮਾਨਵਤਾ ਦੇ ਦਰਸ਼ਨ ਕਰਵਾਉਂਦਾ ਹੋਇਆ ਰਿਸ਼ਤਿਆਂ ਨੂੰ ਤਿੜਕਣ ਤੋਂ ਬਚਾਉਂਦਾ ਹੈ। ਉਹ ਆਪਣੇ ਪਾਤਰਾਂ ਨੂੰ ਰਿਸ਼ਤਿਆਂ ਦੀ ਸਮਾਜਿਕ ਤੇ ਸਭਿਆਚਾਰਕ ਪ੍ਰਸੰਗਿਕਤਾ ਪ੍ਰਤੀ ਚੇਤੰਨ ਕਰਦਾ ਹੋਇਆ ਉਨ੍ਹਾਂ ਨੂੰ ਮਾਨਵਤਾ ਦੇ ਰਸਤੇ ਉੱਪਰ ਤੋਰਨ ਲਈ ਹਮੇਸ਼ਾਂ ਯਤਨਸ਼ੀਲ ਰਹਿੰਦਾ ਹੈ।

**ਪਤਾ-ਰੀਸਰਚ ਸਕਾਲਰ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ,**
**ਮੋ. :9501245290**

**ਅਧਿਐਨ-7**

## ਤਿੰਨ ਤੀਏ ਸੱਤ ਦੀ ਦ੍ਰਿਸ਼ਟੀ / - ਡਾ. ਜਸਵਿੰਦਰ ਕੌਰ ਬਿੰਦਰਾ




ਪਹਿਲਾ ਦੋ ਕਹਾਣੀ-ਸੰਗ੍ਰਹਿਆਂ ਮਗਰੋਂ 'ਤਿੰਨ ਤੀਏ ਸੱਤ' (ਲੋਕ ਗੀਤ ਪ੍ਰਕਾਸ਼ਨ, ਪੰਨੇ : 164, ਮੁੱਲ -295/-) ਗੋਰਵਰਧਨ ਗੱਬੀ ਦਾ ਨਵੀਨ ਕਹਾਣੀ-ਸੰਗ੍ਰਹਿ ਹੈ। 'ਗੁਰਦੱਖਣਾ' ਤੋਂ ਬਾਦ ਕਾਫੀ ਅਰਸੇ ਬਾਦ ਇਸ ਦਾ ਇਹ ਸੰਗ੍ਰਹਿ ਆਇਆ ਹੈ। ਇਸ ਵਿੱਚ ਕੁੱਲ ਅੱਠ ਕਹਾਣੀਆਂ ਹਨ। ਅਸੀਂ ਜਿਸ ਤਰ੍ਹਾਂ ਦੇ ਦੌਰ ਵਿਚੋਂ ਗੁਜ਼ਰ ਰਹੇ ਹਾਂ, ਇਹ ਸਮਾਂ ਬਹੁਤ ਹੀ ਜਟਿਲ ਹੈ। ਸੰਸਾਰਿਕ ਸੁਖਾਂ ਦੀ ਭਰਮਾਰ ਨਾਲ ਬੰਦੇ ਅੰਦਰੋਂ ਬੰਦਾ ਹੀ ਬਦਲਣ ਲੱਗ ਪਿਆ ਹੈ। ਸਮਾਂ ਹਮੇਸ਼ਾ ਹੀ ਤੇਜ਼ ਚਾਲ ਚਲਦਾ ਰਿਹਾ ਹੈ, ਪਰ ਹੁਣ ਲੱਗਦਾ ਹੈ ਕਿ ਇਹ ਗਿਰਗਿਟ ਵਾਂਗੂ ਰੰਗ ਵੀ ਤੇਜ਼ੀ ਨਾਲ ਬਦਲਦਾ ਜਾ ਰਿਹਾ ਹੈ। ਜਿਸ ਕਾਰਣ ਇਸ ਦੀ ਤੇਜ਼ ਰਫ਼ਤਾਰ ਨਾਲ ਭੱਜਦੇ ਹੋਏ ਮਨੁੱਖਾਂ ਦੇ ਹੱਥੋਂ ਬਹੁਤ ਕੁਝ ਕਿਰਦਾ ਜਾ ਰਿਹਾ ਹੈ। ਪਰ ਪਿੱਛੇ ਮੁੜ ਕੇ ਦੇਖਣ ਦੀ ਫੁਰਸਤ ਕਿਸੇ ਕੋਲ ਨਹੀਂ ਹੈ। ਜਦੋਂ ਬਹੁਤ ਕੁਝ ਗਵਾਂ ਕੇ ਬੰਦਾ ਆਪਣਾ ਆਪ ਫਰੋਲਣ ਲੱਗਦਾ ਹੈ ਤਾਂ ਪਤਾ ਲੱਗਦਾ ਹੈ ਕਿ ਹਾਸਿਲ ਹੋਏ ਦਾ ਮੁੱਲ ਕੀ ਹੈ ਤੇ ਗਵਾਂ ਚੁੱਕੇ ਦੀ ਕੀਮਤ ਕੀ ਸੀ ?

ਗੋਵਰਧਨ ਗੱਬੀ ਦੀਆਂ ਕਹਾਣੀਆਂ ਬੰਦੇ ਦੇ ਅੰਦਰਲੇ ਨੂੰ ਫਰੋਲਣ ਦੇ ਰਾਹ ਤੁਰਦੀਆਂ ਹਨ।ਜਿਸ ਵਿੱਚ ਬੀਤਿਆ ਸਮਾਂ ਭਾਰੂ ਹੈ, ਇਸ ਸਮੇਂ ਵਿਚਲੀਆਂ ਗੰਢਾਂ ਬਾਦ ਦੇ ਜੀਵਨ ਉਤੇ ਵੀ ਡਾਢਾ ਪ੍ਰਭਾਵ ਪਾਉਂਦੀਆਂ ਹਨ।ਬਹੁਤ ਕੁਝ ਹੋਣ ਦੇ ਬਾਵਜੂਦ ਆਪਣਾ ਆਪ ਨਿੰਮੋਝੂਣ ਜਿਹਾ ਵੀ ਮਹਿਸੂਸ ਹੋਣ ਲੱਗਦਾ ਹੈ, ਕਿਉਂਕਿ ਜਿਨ੍ਹਾਂ ਕਾਰਣ ਉਹ ਗੰਢਾਂ ਬੱਝੀਆਂ, ਭਾਵੇਂ ਉਹ ਸਥਿਤੀਆਂ ਤੇ ਵਕਤ ਨਹੀਂ ਰਿਹਾ, ਕਾਫੀ ਕੁਝ ਸੁਧਰ ਗਿਆ। ਪਰਤੂੰ ਭਲੇ ਵੇਲੇ ਵੀ ਉਹ ਤੰਗੀਆਂ, ਤੁਰਸ਼ੀਆਂ ਭੁੱਲਦੀਆਂ ਨਹੀਂ, ਜਿਨ੍ਹਾਂ ਵਿਚੋਂ ਨਿਕਲ ਕੇ ਹੁਣ ਦੇ ਹਾਲਾਤ ਹਾਸਿਲ ਕੀਤੇ। ਇਹ ਬੰਦੇ ਦੀ ਫ਼ਿਤਰਤ ਹੈ, ਉਹ ਵਰਤਮਾਨ ਵਿੱਚ ਘੱਟ ਜੀਉਂਦਾ ਹੈ ਤੇ ਅਤੀਤ ਤੇ ਭਵਿੱਖ ਵਿੱਚ ਬਹੁਤਾ। ਇਸ ਸੰਗ੍ਰਹਿ ਦੀਆਂ ਵੀ ਬਹੁਤੀਆਂ ਕਹਾਣੀਆਂ ਸਮੇਂ ਦੇ ਬਦਲਾਵ ਦੇ ਨਾਲ ਪਾਤਰਾਂ ਦੇ ਜੀਵਨ, ਉਨ੍ਹਾਂ ਦੀਆਂ ਸਥਿਤੀਆਂ ਤੇ ਹਾਲਾਤਾਂ ਦਾ ਬਹੁਤਾ ਮੁਤਾਲਿਆ ਕਰਦੀਆਂ ਹਨ।

**'ਸਾਈਕਲ'** ਕਹਾਣੀ ਸਮੇਂ ਦੇ ਚੱਕਰ ਦਾ ਪ੍ਰਤੀਕ ਬਣਦੀ ਹੈ। ਇਸ ਵਿੱਚ ਸਾਈਕਲ ਤਿੰਨ ਪੀੜ੍ਹੀਆਂ ਵਿਚਾਲੇ ਸਾਈਕਲ ਦੀ ਮਹੱਤਤਾ ਤੇ ਲੋੜ ਨੂੰ ਉਨ੍ਹਾਂ ਦੀਆਂ ਸਥਿਤੀਆਂ ਅਨੁਸਾਰ ਪੇਸ਼ ਕਰਦੀ ਹੈ।



ਵਕਤਾ ਦੇ ਬਾਪ ਵੇਲੇ ਸਾਈਕਲ ਉਸ ਦੀ ਰੋਜ਼ੀ-ਰੋਟੀ ਲਈ ਪਿੰਡ-ਪਿੰਡ ਫੇਰੀ ਲਗਾਉਣ ਵਿੱਚ ਮਦਦਗਾਰ ਹੈ।ਵਕਤਾ ਲਈ ਸਾਈਕਲ ਦਾ ਮਹੱਤਵ ਸਕੂਲ ਜਾਂਦੇ ਹੋਏ 'ਪਿੰਕੀ ਨੂੰ ਆਪਣੇ ਪਿੱਛੇ ਬਿਠਾ ਕੇ ਲਿਜਾਣ ਤੇ ਟੌਹਰ ਦਿਖਾਉਣ ਦੀ ਲਖਾਇਕ ਹੈ। ਉਹ ਸਾਈਕਲ ਉਤੇ ਸਬਜ਼ੀ ਵੇਚਣ ਨਹੀਂ ਜਾਣਾ ਚਾਹੁੰਦਾ। ਜੋੜ-ਤੋੜ ਕੇ ਬਣਾਈ ਸਾਈਕਲ ਦੀ ਟੌਹਰ ਕੁਝ ਕਰ ਦਿਖਾਉਣ ਦੀ ਬਜਾਏ ਪਿੰਕੀ ਤੇ ਉਸ ਨੂੰ ਜ਼ੋਰ ਦੀ ਹੇਠਾਂ ਡਿੱਗਾ ਕੇ ਵਕਤਾ ਨੂੰ ਨੀਵਿਆਂ ਪਾ ਜਾਂਦੀ ਹੈ। ਅੱਜ ਦੇ ਸਮੇਂ ਵਿੱਚ ਉਸ ਦੇ ਭਤੀਜਿਆਂ ਲਈ ਸਾਈਕਲ ਇਕ ਖੇਡ ਹੈ। ਉਹ ਆਪਣੇ ਢੰਗ ਨਾਲ ਸਾਈਕਲ ਨੂੰ ਚਲਾਉਣਾ ਚਾਹੁੰਦੇ ਹਨ। ਕਹਾਣੀ ਦੇ ਅੰਤ ਵਿੱਚ ਰਸਤੇ ਵਿੱਚ ਇਕ ਵਾਰ ਟਕਰਾਈ ਪਿੰਕੀ ਦੀ ਮੁਸਕਰਾਹਟ ਤੋਂ ਲੱਗਦਾ ਹੈ ਕਿ ਉਸ ਨੂੰ ਨਹੀਂ ਪਤਾ ਕਿ ਵਕਤਾ ਕੋਲ ਹੁਣ ਕਾਰ ਹੈ। ਵਕਤਾ ਨੂੰ ਇਸੇ ਗੱਲ ਦਾ ਦੁਖ ਬਹੁਤਾ ਮਾਰਦਾ ਹੈ। ਉਹ ਸਾਈਕਲ ਦੇ ਪਹੀਏ ਵਾਂਗ ਸਮੇਂ ਦਾ ਪਹੀਆ ਪੁੱਠਾ ਚਲਾਉਣਾ ਚਾਹੁੰਦਾ ਹੈ।

ਸਦੀਆਂ ਤੋਂ ਪਿਛੜੀਆਂ ਜਾਤੀਆਂ ਦੇ ਮਨਾਂ ਵਿੱਚ ਬੈਠੀ ਕੁੜਿਤਣ ਨੂੰ ਹੁਣ ਬਾਹਰ ਨਿਕਲਣ ਦਾ ਰਾਹ ਮਿਲਣ ਲੱਗ ਪਿਆ ਹੈ। ਇਸੇ ਕਰ ਕੇ ਉਹ ਮਿਲੇ ਕਿਸੇ ਵੀ ਮੌਕੇ ਨੂੰ ਛੱਡਣਾ ਨਹੀਂ ਚਾਹੁੰਦੇ। ਇਹੋ ਜਿਹਾ ਇਕ ਸੰਗਠਨ ਮਾਸਿਕ ਇਕੱਤਰਤਾ ਵਿੱਚ ਜਿਸ ਸਵਰਨ ਜਾਤੀ ਦੀ ਚੇਅਰ ਪਰਸਨ ਦਰਸ਼ਨ ਕੌਰ ਨੂੰ ਰੱਜ ਕੇ ਗਾਲ੍ਹਾਂ ਕੱਢ ਕੇ ਆਪਣੀ ਭੜਾਸ ਕੱਢਦੇ ਹਨ, ਉਹ ਸੈਕੇਟਰੀ ਵਲੋਂ ਲਿਆਏ ਗਏ ਨਵੇਂ ਮੈਂਬਰ ਦੀ ਬਿਰਾਦਰੀ ਪਖੋਂ ਭੈਣ ਲੱਗਦੀ ਹੈ। ਜਦੋਂ ਜਗਜੀਤ ਸਿੰਘ ਨੂੰ ਦਰਸ਼ਨ ਕੌਰ ਨੂੰ ਗਾਲ੍ਹਾਂ ਕੱਢਣ ਲਈ ਕਿਹਾ ਜਾਂਦਾ ਹੈ ਤਾਂ ਪਤਾ ਲੱਗਦਾ ਹੈ ਕਿ ਉਹ ਸ਼ਰਾਬ ਦੇ ਨਸ਼ੇ ਵਿੱਚ ਚੂਰ ਹੋ ਕੇ ਸੌਂ ਚੁੱਕਾ ਹੈ। ਭਲਾ ਉਹ ਇੱਕਲਾ ਇਸ 'ਬਿਰਾਦਰੀ' ਦਾ ਮੁਕਾਬਲਾ ਕਿਵੇਂ ਕਰ ਸਕਦਾ ਸੀ ? ਜ਼ਮਾਨਾ ਬਹੁਮਤ ਦਾ ਹੈ, ਜਿਸ ਦਾ ਜ਼ੋਰ ਚਲਦਾ ਹੈ, ਉਹ ਚਲਾ ਲੈਂਦਾ ਹੈ।

ਕਹਾਣੀ **'ਤਿੰਨ ਤੀਏ ਸੱਤ'** ਇਸ ਬਦਲਦੇ ਦੌਰ ਦੀ ਗੱਲ ਕਰਦੀ ਹੈ, ਜਿਸ ਵਿੱਚ ਪੁਰਾਣੀਆਂ ਕਦਰਾਂ-ਕੀਮਤਾਂ ਦੇ ਮਾਇਨੇ ਬਦਲ ਗਏ ਹਨ। ਪਰਿਵਾਰ ਵਿੱਚ ਜਿੱਥੇ ਪਹਿਲਾ ਪਤਨੀ ਪਤੀ ਦੇ ਦੇਰ ਨਾਲ ਆਉਣ ਜਾਂ ਹੋਰ ਗੱਲਾਂ ਬਾਰੇ ਖਾਸਾ ਧਿਆਨ ਰੱਖਦੀ ਸੀ, ਉਹ ਹੁਣ ਆਪਣੇ 'ਪਲੇਅ ਵੇ ਸਕੂਲ' ਵਿੱਚ ਗਵਾਚ ਗਈ ਹੈ। ਉਸ ਦਾ ਧਿਆਨ ਇਨ੍ਹਾਂ ਗੱਲਾਂ ਵੱਲ ਰਿਹਾ ਹੀ ਨਹੀਂ। ਹੁਣ ਉਹ ਕਈ-ਕਈ ਦਿਨ ਉੱਪਰ ਆਪਣੇ ਕਮਰੇ ਵਿੱਚ ਪਤੀ ਕੋਲ ਜਾਂਦੀ ਹੀ ਨਹੀਂ। ਕਿਸੇ ਕੁੜੀ ਦੀ ਜਨਮਦਿਨ ਦੀ ਪਾਰਟੀ ਵੇਲੇ ਜਵਾਨ ਮੁੰਡਿਆਂ ਦਾ ਰਾਤ ਨੂੰ ਕੁੜੀਆਂ ਦੇ ਘਰੇ ਰਹਿ ਜਾਣਾ ਵੀ ਹੁਣ ਮਾਪਿਆਂ ਨੂੰ ਓਪਰਾ ਨਹੀਂ ਲੱਗਦਾ। ਕੀ ਗੱਲ, 'ਇਨਜੁਆਏ' ਹੀ ਕਰਨਗੇ। ਇਕੋ ਘਰ ਵਿੱਚ ਰਹਿੰਦਿਆਂ ਘਰ ਦੇ ਜੀਅ ਮੋਬਾਇਲਾਂ ਰਾਹੀਂ ਗੱਲ ਕਰਨ ਤੇ ਸੁਨੇਹੇ ਦੇਣ-ਲੈਣ ਲੱਗ ਪਏ ਹਨ। ਇਹ ਦੂਰੀ ਮਨਾਂ ਵਿੱਚ ਪੈ ਚੁੱਕੀ ਹੈ। ਇਹ ਸਮਾਂ ਤੇ ਸੋਚ 'ਤਿੰਨ ਤੀਏ ਸੱਤ' ਜਿਹੀ ਕਿਸੇ ਅਨਹੋਣੀ ਵੱਲ ਇਸ਼ਾਰਾ ਕਰਦੇ ਪ੍ਰਤੀਤ ਹੁੰਦੇ ਹਨ।

ਵਿਆਹ ਬਾਹਰੇ ਰਿਸ਼ਤਿਆਂ ਦਾ ਭੁੱਸ ਸਹੀ-ਗਲਤ ਦੀ ਪਛਾਣ ਵੀ ਭੁੱਲਾ ਦੇਂਦਾ ਹੈ। ਜਿੱਥੇ ਪੁਲਿਸ ਮਹਿਕਮੇ ਦੇ ਪਤੀ ਨੇ ਰੱਜ ਕੇ ਹਰ ਤਰ੍ਹਾਂ ਨਾਲ ਇਸ ਦਾ ਫਾਇਦਾ ਚੁੱਕਿਆ, ਉਥੇ ਛੋਟੀ-ਵੱਡੀ ਕੋਈ ਰਿਸ਼ਤੇਦਾਰੀ ਵੀ ਨਾ ਛੱਡੀ। ਇਕ ਵਾਰ ਕੋੜਮੇ ਦੀ ਤੀਵੀਂ ਨਾਲ ਰੰਗੇ ਹੱਥ ਫੜਿਆ ਗਿਆ ਤਾਂ ਉਸ ਨੂੰ ਲੱਗਾ ਕਿ ਕਲ੍ਹ ਨੂੰ ਵੱਡੇ ਹੋ ਰਹੇ ਉਸ ਦੇ ਬੱਚਿਆਂ ਸਾਹਮਣੇ ਇਹ ਗੱਲ ਆ ਗਈ ਤਾਂ ਉਹ ਕਿਸੇ ਨੂੰ ਮੂੰਹ ਦਿਖਾਉਣ ਦੇ ਕਾਬਿਲ ਨਹੀਂ ਰਹੇਗਾ। ਪੁਲਿਸੀਆ ਸਾਰਾ ਭੇਦ ਪਤਨੀ ਸਾਹਮਣੇ ਖੋਲ੍ਹ ਆਪਣੇ ਮਨ ਤੋਂ ਬੋਝ ਲਾਹ ਕੇ ਸੁਰਖਰੂ ਹੋ ਗਿਆ, ਜਿਸ ਦਾ ਕਾਫੀ ਕੁਝ ਪਤਾ ਉਸ ਦੀ ਬੀਵੀ ਨੂੰ ਪਹਿਲਾ ਵੀ ਸੀ। ਹੁਣ ਬੀਵੀ ਸੋਚ ਰਹੀ ਹੈ ਕਿ ਉਹ ਆਪਣੇ ਸੰਬੰਧਾਂ ਦੀ ਗੱਲ ਪਤੀ ਤੇ ਪ੍ਰੇਮੀ ਸਾਹਮਣੇ ਸਵੀਕਾਰ ਕਰ ਕੇ 'ਭਾਰ ਮੁਕਤ' ਕਿਵੇਂ ਹੋਵੇ ? ਇਕ ਦੀ ਦਲੇਰੀ ਨੇ ਦੂਜੇ ਅੰਦਰ ਸੱਚ ਦਾ ਇਹ ਖੌਰੂ ਪਾ ਛੱਡਿਆ ਹੈ ? ਅਨਜਾਣੇ ਹੀ ਲੱਗਦਾ ਹੈ ਕਿ ਸੱਚ ਦੀ ਪਹੁੰਚ ਉੱਚੀ ਹੁੰਦੀ ਹੈ, ਇਹ ਆਪਣੇ ਨਾਲ ਹੋਰਾਂ ਨੂੰ ਲੈ ਤੁਰਦੀ ਹੈ।

ਪਤੀ-ਪਤਨੀ ਦਾ ਰਿਸ਼ਤਾ ਵਿਸ਼ਵਾਸ ਦਾ ਹੈ, ਜਿਸ ਵਿੱਚ ਅੱਜਕਲ੍ਹ ਬਹੁਤ ਕਾਰਣਾਂ ਰਾਹੀਂ ਸੰਨ੍ਹ ਲੱਗਦੀ ਜਾ ਰਹੀ ਹੈ। ਕੋਈ ਛੋਟਾ ਜਿਹਾ ਕਾਰਣ ਵੀ ਇਨ੍ਹਾਂ ਵਿਚਾਲੇ ਆਪਸੀ ਭਰੋਸੇ ਤੇ ਵਿਸ਼ਵਾਸ ਨੂੰ ਡਗਮਗਾਉਣ ਲਈ ਕਾਫੀ ਹੈ। ਬੱਚਿਆਂ ਦਾ ਖ਼ੂਨ-ਗਰੁੱਪ ਮਾਪਿਆਂ ਦੇ ਬਰਾਬਰ ਹੀ ਹੋਣਾ ਚਾਹੀਦਾ ਹੈ, ਮੈਡੀਕਲੀ ਇਹ ਜ਼ਰੂਰੀ ਨਹੀਂ। ਪੁੱਤਰ ਦਾ 'ਏ-ਨੈਗੇਟਿਵ' ਗਰੁੱਪ ਮਾਪਿਆਂ ਦੇ ਏ.ਬੀ. ਪੌਜ਼ੀਟਿਵ ਖ਼ੂਨ ਗਰੁੱਪ ਸਾਹਵੇਂ ਬਾਪ ਅੰਦਰ ਸ਼ੱਕ ਪਾ ਗਿਆ। ਉਸ ਨੂੰ ਲੱਗਾ ਕਿ ਕਿੱਧਰੇ ਉਸ ਦੀ ਮਾਂ ਤੇ ਬੀਵੀ ਪੁੱਤਰ ਦੀ ਖਾਹਿਸ਼ ਕਾਰਣ ਕਿਸੇ ਬਾਬੇ ਕੋਲ ਤਾਂ ਨਹੀਂ ਜਾਂਦੀਆਂ ਰਹੀਆਂ। ਗੱਲ ਕੀ, ਪਤੀ ਦੇ ਮਨ ਵਿੱਚ ਝੱਟ ਪਤਨੀ ਲਈ ਸ਼ੱਕ ਪੈਦਾ ਹੋ ਗਿਆ ਜਦਕਿ ਪਤਨੀ ਇਕਦਮ ਅਡੋਲ ਸੀ, ਕਿਉਂਕਿ ਉਸ ਨੂੰ ਪਤਾ ਸੀ, ਉਹ ਸੱਚੀ ਹੈ। ਛੋਟੇ ਜਿਹੇ ਕਾਰਣ ਨੇ ਵਿਸ਼ਵਾਸ ਦੀ ਮਜ਼ਬੂਤ ਦੀਵਾਰ ਨੂੰ ਹਿੱਲਾ ਕੇ ਰੱਖ ਦਿੱਤਾ।

**'ਮੰਦਾਕਿਨੀ'** ਵਿਚਲੀ ਮੁੱਖ ਇਸਤਰੀ-ਪਾਤਰ ਜਿਸ ਨੂੰ ਵਿਆਹ ਵਿੱਚ ਯਕੀਨ ਨਹੀਂ ਪਰ ਉਹ ਆਪਣੀ ਖ਼ੂਬਸੂਰਤੀ ਸਦਕਾ ਅਨੇਕ ਮਰਦਾਂ ਨਾਲ ਰਿਸ਼ਤੇ ਬਣਾਉਂਦੀ ਹੈ। ਉਸ ਇਸਤਰੀ ਦਾ ਗੱਲ-ਗੱਲ ਉਤੇ ਰੋਣਾ ਤੇ ਖੁਦ ਨੂੰ ਕੁੰਵਾਰੀ ਦੱਸਣਾ, ਕਹਾਣੀ ਵਿੱਚ ਉਸ ਦੇ ਚਰਿਤਰ ਨੂੰ ਉਲਝਾਉਂਦਾ ਵਧੇਰੇ ਹੈ। 'ਮਹਾਨਾਇਕ' ਕਹਾਣੀ ਵਿੱਚ ਇਕ ਬੁਜ਼ਰਗ ਇਸ ਗੱਲੋਂ ਅਤਿਅੰਤ ਦੁਖੀ ਹੁੰਦਾ ਹੈ ਕਿ ਬਿਮਾਰੀ ਕਾਰਣ ਉਸ ਨੂੰ ਆਪਣੇ ਪਰਿਵਾਰ ਦੇ ਜੀਆਂ ਕੋਲੋਂ ਸੇਵਾ ਕਰਵਾਉਣੀ ਪੈ ਰਹੀ ਹੈ। ਜਦਕਿ ਸਾਰੀ ਉਮਰ ਉਹ ਆਪਣੇ ਆਪ ਉਤੇ ਨਿਰਭਰ ਰਿਹਾ ਹੈ। ਇਸ ਗੱਲੋਂ ਝੁਰਦਾ ਉਹ ਮਹਾਨਾਇਕ ਜਿਹੀ ਮੌਤ ਮਰਦਾ ਹੈ।

ਸੰਗ੍ਰਹਿ ਦੀ ਆਖ਼ਰੀ ਕਹਾਣੀ **'ਰੁਲਦਾ'** ਅਜੋਕੇਂ ਪੰਜਾਬ ਦਾ ਮੁਲਾਂਕਣ ਕਰਦੀ ਹੈ। 'ਰੁਲਦਾ' ਪੰਜਾਬ ਦਾ ਪ੍ਰਤੀਕ ਬਣ ਸਾਹਮਣੇ ਆਉਂਦਾ ਹੈ, ਜੋ ਦੇਖਣ ਵਿੱਚ ਠੀਕ ਠਾਕ ਹੈ, ਪਰ ਦੁਨੀਆ ਨੇ ਉਸ ਨੂੰ 'ਪਾਗਲ' ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਕੈਂਸਰ, ਪਾਣੀ ਦੀ ਕਮੀ, ਬਾਹਰਲੇ ਦੇਸ਼ਾਂ ਵੱਲ ਲਗਾਤਾਰ ਚਾਲੇ, ਬਿਹਾਰੀ ਭਈਆ ਦਾ ਪੰਜਾਬ ਉਤੇ ਕਬਜ਼ਾ ਤੇ ਕਰਜ਼ੇ ਹੇਠ ਦਬੇ ਕਿਸਾਨਾਂ ਦਾ ਖ਼ੁਦਕਸ਼ੀ ਕਰਦੇ ਜਾਣਾ ਆਦਿ ਮਸਲੇ ਪੰਜਾਬ ਦੀ ਹੋਣੀ ਬਣ ਚੁੱਕੇ ਹਨ। ਇਸ ਵਿੱਚ ਬਹੁਤਾ ਕਸੂਰ ਪੰਜਾਬ ਵਾਸੀਆਂ ਦਾ ਹੈ ਤੇ ਰਹਿੰਦਾ-ਖੂੰਹਦਾ ਸਰਕਾਰੇ ਦਰਬਾਰ ਦਾ। ਜਿਸ ਬੁਜ਼ਰਗ ਨੂੰ ਵਕਤਾ ਬਹੁਤ ਸਮਝਦਾਰ ਤੇ ਸੁਲਝਿਆ ਹੋਇਆ ਸਮਝ ਰਿਹਾ ਸੀ, ਉਹ ਕਰਜ਼ੇ ਨਾ ਚੁੱਕਾਉਣ ਦੀ ਇਵਜ਼ ਵਿੱਚ ਪੁਲਿਸ ਉਤੇ ਕਾਤਿਲਾਨਾ ਹਮਲਾ ਕਰਨ ਕਾਰਣ ਪਾਗਲ ਹੋਇਆ ਪਾਗਲ ਖਾਨੇ ਤੋਂ ਭੱਜਿਆ ਹੋਇਆ ਹੈ ਤੇ ਪੁਲਿਸ ਉਸ ਨੂੰ ਪਕੜਨ ਲਈ ਮੌਕੇ ਦੀ ਤਲਾਸ਼ ਵਿੱਚ ਹੈ। ਸੱਚਾਈ ਜਾਣ ਕੇ ਵਕਤਾ ਨੂੰ ਸਮਝ ਨਹੀਂ ਆਉਂਦਾ ਕਿ ਉਹ ਬੁਜ਼ਰਗ ਬਹੁਤਾ ਸਮਝਦਾਰ ਹੈ ਕਿ ਉਹ ਕੁਝ ਜ਼ਿਆਦਾ ਹੀ ਅਨਾੜੀ ਹੈ।

ਕਹਾਣੀਆਂ ਦੇ ਵਿਸ਼ੇ ਅੱਜ ਦੇ ਦੌਰ ਦੀਆਂ ਘਟਨਾਵਾਂ ਨੂੰ ਤਾਣੇ-ਬਾਣੇ ਵਿੱਚ ਬੁਣਦੀਆਂ ਹਨ। 'ਰੁਲਦਾ', 'ਸਾਈਕਲ' ਤੇ 'ਤਿੰਨ ਤੀਏ ਸੱਤ' ਜਿਹੀਆਂ ਕਹਾਣੀਆਂਜ਼ਿਆਦਾ ਧਿਆਨ ਖਿੱਚਦੀਆਂ ਹਨ। ਕਹਾਣੀਆਂ ਬਿਰਤਾਂਤਕ ਵਧੇਰੇ ਜਾਪਦੀਆਂ ਹਨ, ਇਨ੍ਹਾਂ ਵਿਚਲਾ ਲਮਕਾਓ ਘੱਟ ਹੋਣਾ ਚਾਹੀਦਾ ਹੈ।ਕਹਾਣੀ ਦੀ ਵਿਧੀ ਦੀ ਖ਼ਾਸੀਅਤ ਹੁੰਦੀ ਹੈ, ਜੇ ਉਹ ਸੰਖੇਪ ਹੋਵੇ ਤੇ ਗੱਲ ਨੂੰ ਜਲਦੀ ਸਮੇਟਣ ਵਾਲੀ ਹੋਵੇ। ਥੋੜੇ ਵਿੱਚ ਕਹੀ ਗੱਲ ਜ਼ਿਆਦਾ ਅਸਰ ਰੱਖਦੀ ਹੈ।

**ਪਤਾ-ਆਰ-142, ਪਹਿਲੀ ਮੰਜ਼ਿਲ, ਗ੍ਰੇਟਰ ਕੈਲਾਸ਼-1, ਨਵੀਂ ਦਿੱਲੀ-48**

**ਮੋ. 9868182835**




**ਸੰਵਾਦ-1**

# 'ਕਹਾਣੀਧਾਰਾ' ਦੀ ਦੁਆਦਸ਼ੀ

## ('ਸਮਕਾਲੀ ਕਹਾਣੀ ਅੰਕ ਦੇ ਸੰਦਰਭ ਵਿਚ)

**- ਡਾ. ਭੁਪਿੰਦਰ ਕੌਰ**




ਪੰਜਾਬੀ ਸਾਹਿਤ ਦੀਆਂ ਸਾਰੀਆਂ ਹੀ ਵਿਧਾਵਾਂ ਵਿਚੋਂ ਕਹਾਣੀ ਸਭ ਤੋਂ ਵਧ ਹਰਮਨ ਪਿਆਰੀ ਤੇ ਵੱਧ ਪੜ੍ਹੀ ਜਾਣ ਵਾਲੀ ਵਿਧਾ ਹੈ । ਜੇ ਕਰ ਅਸੀਂ ਕਹਾਣੀ ਦੇ ਹੁਣ ਤੱਕ ਦੇ ਸਫ਼ਰ ਤੇ ਝਾਤ ਮਾਰੀਏ ਤਾਂ ਦੇਖਦੇ ਹਾਂ ਕਿ ਸ਼ੁਰੂ ਤੋਂ ਹੁਣ ਤੱਕ ਕਹਾਣੀ ਨੇ ਜਿਥੇ ਵਿਸ਼ਿਆਂ ਪਖੋਂ ਵੰਨਸੁਵੰਨਤਾ ਹਾਸਿਲ ਕੀਤੀ ਹੈ ਇਹ ਕਲਾ ਪਖੋਂ ਵੀ ਪ੍ਰੌੜ ਹੋਈ ਹੈ ਸਮੇਂ ਅਨੁਸਾਰ ਉਨ੍ਹਾਂ ਦੀ ਸੋਚ ਸਮਝ ਵਿਚ ਵੀ ਤਬਦੀਲੀ ਆਈ ਹੈ ਜਿਥੇ ਪਹਿਲੀ ਪੀੜ੍ਹੀ ਦੀ ਕਹਾਣੀ ਆਦਰਸ਼ਵਾਦੀ ਸੁਧਾਰਵਾਦ ਦੇ ਸਾਪੇਖ ਆਦਰਸ਼ ਨਾਲ ਆਚਰਣਕ ਕੀਮਤਾਂ ਦੇ ਪ੍ਰਤਿਮਾਨਾਂ ਨੂੰ ਸਿਰਜਦੀ ਰਹੀ ਹੈ ਉਥੇ ਦੂਜੀ ਪੀੜ੍ਹੀ ਦੀ ਕਹਾਣੀ ਮਾਰਕਸਵਾਦ ਦੀਆਂ ਧਾਰਨਾਵਾਂ ਤੇ ਮਨੋਵਿਗਿਆਨਕ ਲੱਭਤਾਂ ਅਨੁਸਾਰ ਮਨੁੱਖ ਤੇ ਸਮਾਜ ਦੇ ਨਵੇਂ-ਨਵੇਂ ਸੰਕਲਪਾਂ ਨੂੰ ਪੇਸ਼ ਕਰਦੀ ਹੋਈ ਆਪਣੀ ਕਲਾਕਾਰੀ ਦੇ ਨਵੇਂ ਦਿਸਹੱਦੇ ਸਿਰਜਦੀ ਰਹੀ ਹੈ। ਪ੍ਰਗਤੀਵਾਦੀ ਕਹਾਣੀ ਮਨੋਵਿਗਿਆਨ ਤੋਂ ਪ੍ਰਭਾਵਿਤ ਹੋਈ ਤੇ ਉਸ ਦੀ ਸਾਹਿਤ ਸੰਵੇਦਨਾ ਵੀ ਅਜਿਹਾ ਸੰਤੁਲਨ ਭਾਲਦੀ ਰਹੀ ਹੈ ਤਾਂ ਕਿ ਮੈਕਰੋ ਤੇ ਮਾਈਕਰੋ ਪੱਧਰ ਤੇ ਗਲਪੀ ਬਿੰਬਾਂ ਰਾਹੀਂ ਮਨੋਵਿਗਿਆਨਕ ਸੂਤਰ ਸਿਰਜੇ ਜਾ ਸਕਣ। ਇਸ ਤੋਂ ਅਗਲੀ ਪੀੜ੍ਹੀ ਦੀ ਕਹਾਣੀ ਗੁਣਾਤਮਕ ਪਖੋਂ ਭਿੰਨ ਰਹੀ ਹੈ ਸਿਧਾਂਤ ਤੋਂ ਕਲਾ ਦਾ ਸਫ਼ਰ ਤੈਅ ਕਰਨ ਦੀ ਬਜਾਇ ਵਿਚਾਰਾਂ ਦੀ ਲੋਅ ਵਿਚ ਯਥਾਰਥ ਦੀਆਂ ਪਰਤਾਂ, ਸੰਭਾਵਨਾਵਾਂ ਨੂੰ ਪੇਸ਼ ਕਰਨ ਵੱਲ ਅਗਰਸਰ ਹੋਈ ਹੈ।

ਪਰ ਅਜੋਕੇ ਮਨੁੱਖ ਦੀ ਸ਼ਖ਼ਸੀਅਤ ਵਿੱਚ ਮੌਕਾਪ੍ਰਸਤੀ ਆ ਗਈ ਹੈ, ਰਿਸ਼ਤਿਆਂ ਵਿਚੋਂ ਨਿੱਘ ਮੁੱਕ ਗਿਆ ਹੈ। ਇਨ੍ਹਾਂ ਰਿਸ਼ਤਿਆਂ ਵਿਚਲੀਆਂ ਉਲਝਣਾਂ ਤੇ ਸਮਝੌਤੇ ਹੀ ਅੱਜ ਦੀ ਕਹਾਣੀ ਦੇ ਵਿਸ਼ੇ ਬਣ ਰਹੇ ਹਨ। ਅਜ ਮਨੁੱਖ ਯਥਾਰਥ ਦੀਆਂ ਪੇਚੀਦਗੀਆਂ ਨਾਲ ਘੋਲ ਕਰਦਾ ਕਈ ਪੱਧਰਾਂ ਤੇ ਵਿਚਰਦਾ ਹੈ ਤੇ ਸਾਹਿਤਕਾਰ ਮਨੋਵਿਗਿਆਨਕ ਜੁਗਤਾਂ, ਚੇਤਨਾ ਪ੍ਰਵਾਹ, ਸੁਪਨੇ, ਬੇਹੋਸ਼ੀ, ਯਾਦਾਂ, ਚਿੰਨ੍ਹਾਂ ਤੇ ਪ੍ਰਤੀਕਾਂ ਤੋਂ ਪ੍ਰਭਾਵਿਤ ਹੁੰਦਾ ਹੋਇਆ ਇਨ੍ਹਾਂ ਨੂੰ ਆਪਣੀਆਂ ਰਚਨਾਵਾਂ ਵਿਚ ਬਹੁਪਰਤੀ ਦ੍ਰਿਸ਼ਟੀਕੋਣ ਤੋਂ ਅਪਣਾਉਂਦਾ ਹੈ। ਉਹ ਨਵੀਆਂ ਕਥਾ ਜੁਗਤਾਂ ਰਾਹੀਂ ਮਨੁੱਖ ਨੂੰ ਫੋਕਸ ਕਰ ਕੇ ਉਸ ਦੇ ਮਸਲਿਆਂ ਨੂੰ ਪੇਸ਼ ਕਰਨ ਦੇ ਨਾਲ-ਨਾਲ ਕਥਾ ਵਸਤੂ ਨੂੰ ਤਰਕ, ਵਿਵੇਕ ਤੇ ਯਥਾਰਥ ਬੋਧ ਰਾਹੀਂ ਪੇਸ਼ ਕਰਦਾ ਹੈ। **'ਕਹਾਣੀ ਧਾਰਾ'** ਦੇ ਸਮਕਾਲੀ ਕਹਾਣੀ ਅੰਕ ਵਿਚ ਪੇਸ਼ 12 ਕਹਾਣੀਆਂ ਦਲਿਤ ਵਰਗ ਤੇ ਮੱਧਵਰਗੀ ਪਾਤਰਾਂ ਦੇ

ਨਾਲ-ਨਾਲ ਜਾਤ-ਪਾਤ ਦੇ ਸ਼ਿਕਾਰ ਪਾਤਰਾਂ ਦੀ ਮਾਨਵੀ ਸੰਵੇਦਨਾ ਦੀਆਂ ਕਹਾਣੀਆਂ ਹਨ। ਕਹਾਣੀਆਂ ਮਨੁੱਖ ਦੇ ਮਸਲਿਆਂ ਨੂੰ ਫੋਕਸ ਕਰਦੀਆਂ ਔਰਤ ਦੇ ਕਈ ਰੂਪਾਂ ਨੂੰ ਵੀ ਪੇਸ਼ ਕਰਦੀਆਂ ਹਨ, ਪਤਨੀ, ਇਕ ਵਿਧਵਾ, ਇਕ ਬੇਟੀ ਦੇ ਨਾਲ-ਨਾਲ ਬਜੁਰਗਾਂ ਦੀ ਇਕੱਲਤਾ ਨੂੰ ਵੀ ਪੇਸ਼ ਕਰਦੀਆਂ ਹਨ।

ਪਿਆਰਾ ਸਿੰਘ ਭੋਗਲ ਦੀ ਕਹਾਣੀ '**ਇਕ ਮਜ਼ਦੂਰ ਵਿਕਾਊ ਹੈ**' ਦਲਿਤ ਪਾਤਰਾਂ ਦੀ ਕਹਾਣੀ ਹੈ ।ਆਰਥਿਕ ਮੰਦਹਾਲੀ ਦਾ ਸ਼ਿਕਾਰ ਇਕ ਗਰੀਬ ਪਰਿਵਾਰ ਏਜੰਟ ਹੱਥੋਂ ਠੱਗੇ ਜਾਣ ਤੇ ਹੋਰ ਵੀ ਕੰਗਾਲ ਹੋ ਜਾਂਦਾ ਹੈ। ਬੇਰੋਜਗਾਰੀ ਕਾਰਨ ਨੌਜਵਾਨਾਂ ਨੂੰ ਨਾ ਪਿੰਡ ਵਿਚ ਕੰਮ ਮਿਲਦਾ ਹੈ ਨਾ ਸ਼ਹਿਰ ਵਿਚ। ਕਹਾਣੀ ਇਕ ਵਿਅੰਗ ਹੈ ਆਪਣੇ ਮੁਲਕ ਤੇ ਜਿਥੇ ਵਸਨੀਕਾਂ ਲਈ ਰੋਜਗਾਰ ਨਹੀਂ ਹੈ। ਇਹੀ ਕਾਰਣ ਹੈ ਕਿ ਕਹਾਣੀ ਵਿਚਲਾ ਰਾਮਲਾਲ ਜਦੋਂ ਦਿਹਾੜੀ ਲਾਉਣ ਜਾਂਦਾ ਹੈ ਤਾਂ ਦੇਖਦਾ ਹੈ ਕਿ ਦਿਹਾੜੀਦਾਰ ਤਾਂ ਪਹਿਲਾਂ ਹੀ ਬਹੁਤ ਖੜੇ ਹਨ,ਹਰ ਕਿਸੇ ਨੂੰ ਕੰਮ ਮਿਲਣਾ ਮੁਸ਼ਕਲ ਹੈ। ਫਿਰ ਹਾਲਤ ਇਹ ਹੈ ਕਿ ਮਜਦੂਰ ਮੰਡੀ ਵਿਚ ਕੋਈ ਅਪਣਾ ਨਹੀਂ ਕੋਈ ਪਰਾਇਆ ਨਹੀਂ। ਹਰ ਕਿਸੇ ਨੂੰ ਅਪਣੀ ਹੀ ਫਿਕਰ ਰਹਿੰਦੀ ਹੈ ! ਇਕ ਭਈਆ ਭਰਾ ਆਪਣੇ ਸੱਕੇ ਭਰਾ ਨੂੰ ਛੱਡ ਕੇ ਆਪ ਮਾਲਕ ਨਾਲ ਤੁਰ ਪੈਂਦਾ ਹੈ ! ਕਹਾਣੀ ਦਸਦੀ ਹੈ ਕਿ ਆਪਣਿਆਂ ਨੂੰ ਕੰਮ ਨਹੀਂ ਮਿਲਦਾ ਤੇ ਦੂਜੇ ਸੂਬਿਆਂ ਤੋਂ ਆਏ ਭਈਏ ਕੰਮ ਘੱਟ ਤੋਂ ਘੱਟ ਪੈਸੇ ਲੈ ਕੇ ਕੰਮ ਕਰ ਰਹੇ ਹਨ ! ਗਿਆਨ ਚੰਦ ਨੇ ਆਪਣੇ ਪਿਤਾ ਦੇ ਕਹਿਣ ਤੇ ਅਪਣੇ ਵੇਲੇ ਗੁਰਗਾਬੀ ਸਿਊਣੀ ਸਿਖ ਲਈ ਤੇ ਮਿਹਨਤ ਕਰ ਕੇ ਪਿਤਾ ਦੇ ਮਰਨ ਤੋਂ ਬਾਅਦ ਆਪਣੇ ਇਸੇ ਹੁਨਰ ਸਦਕਾ ਘਰ ਦਾ ਖਰਚਾ ਤੋਰੀ ਗਿਆ ! ਦੋਵੇਂ ਭੈਣਾਂ ਵੀ ਵਿਆਹੀਆਂ ਪਰ ਉਸ ਦੇ ਮੁੰਡੇ ਪੜਾਈ ਨਾ ਕਰ ਸਕੇ ਉਹ ਉਨ੍ਹਾਂ ਤੇ ਖਿਝਦਾ 'ਸਹੁਰੀ ਦਿਓ ! ਕਿਓ ਰਿਜਕ ਨੂੰ ਧੱਕੇ ਮਾਰਦੇ ਓ 'ਹੁਣ ਤਾਂ ਆਪਣੇ ਲੋਕਾਂ ਨੂੰ ਨੌਕਰੀਆਂ ਵੀ ਕੋਟੇ ਵਿਚੋਂ ਮਿਲਣੀਆਂ ਐ। ਘਟੋ ਘੱਟ ਦਸਵੀਂ ਜਮਾਤ ਤਾਂ ਪਾਸ ਕਰੋ। ਸਾਡੇ ਲੋਕਾਂ ਦੀ ਵੀ ਜੂਨ ਸੁਧਰੇ।' ਪਰ ਪੁੱਤਰ ਅੱਗੇ ਨਹੀਂ ਵੱਧ ਸਕੇ। ਇਸ ਪ੍ਰਕਾਰ ਇਹ ਕਹਾਣੀ ਦਲਿਤ ਪਰਿਵਾਰ ਦੀ ਗਰੀਬੀ, ਦਲਿਤ ਪਾਤਰਾਂ ਦੀ ਪੜ੍ਹਾਈ ਵਲੋਂ ਕੀਤੀ ਜਾ ਰਹੀ ਲਾਪਰਵਾਹੀ, ਦੂਜੇ ਸੂਬਿਆਂ ਤੋਂ ਆਏ ਭਈਆਂ ਦਾ ਪੰਜਾਬੀਆਂ ਦੇ ਕੰਮਾਂ ਨੂੰ ਸਾਂਭਣਾ ਸਰੋਕਾਰ ਸਿਰਜਦੀ ਹੈ। ਸਰਕਾਰ ਤੇ ਵੀ ਵਿਅੰਗ ਹੈ ਜੋ ਰੋਜ਼ਗਾਰ ਮੁਹੱਈਆ ਨਹੀਂ ਕਰਵਾ ਸਕਦੀ। ਆਰਥਿਕ ਤੰਗੀ ਕਾਰਣ ਦਲਿਤ ਕੁਝ ਵੀ ਕਰਨ ਲਈ ਤਿਆਰ ਹੋ ਜਾਂਦਾ ਹੈ ਜਿਵੇਂ ਕਹਾਣੀ ਦੇ ਅੰਤ ਵਿਚ ਰਾਮ ਲਾਲ ਕਹਿੰਦਾ ਹੈ ' ਲਾਲਾ ਜੀ ਬੰਦੇ ਨੂੰ ਕੰਮ ਚਾਹੀਦੈ। ਜੇ ਕੰਮ ਹੋਵੇ, ਤਾਂ ਬੰਦਾ ਆਊਗਾ ਕਿਉ ਨਹੀਂ।' ਤੁਸੀਂ ਕੱਲ ਦੀ ਦਿਹਾੜੀ ਦੀ ਗੱਲ ਕਰਦੇ ਓ, ਤੁਸੀਂ ਰੱਖਣ ਵਾਲੇ ਬਣੋ, ਮੈਂ ਤਾਂ ਪੱਕੇ ਤੌਰ ਤੇ ਨੌਕਰ ਬਣਨ ਲਈ ਤਿਆਰ ਹਾਂ। ਬੰਦਾ ਕੰਮ ਕਰਨ ਲਈ ਹੀ ਬਣਿਐ। ਪਰ ਸਾਡੇ ਮੁਲਕ ਦੀ ਚਾਲ ਹੀ ਪੁੱਠੀ ਐ। ਏਥੇ ਬੰਦਿਆਂ ਨੂੰ ਕੰਮ ਨਹੀਂ ਮਿਲਦਾ। ਬੰਦੇ ਤਾਂ ਕੰਮ ਲਈ ਵਿਕ ਜਾਣ ਲਈ ਤਿਆਰ ਹਨ।"

ਕਹਾਣੀ '**ਬਹੁਤ ਸਾਰੇ ਪਿਤਾ ਜੀ**' ਗੁਲ ਚੌਹਾਨ ਦੀ ਇਕ ਐਸੀ ਮਨੋਵਿਗਿਆਨਕ ਕਹਾਣੀ ਹੈ ਜਿਸ ਵਿਚ ਮੱਧਵਰਗੀ ਪਰਿਵਾਰ ਦੀਆਂ ਗੁੰਝਲਾਂ, ਤੰਗੀਆਂ ਦਾ ਜ਼ਿਕਰ ਮਿਲਦਾ ਹੈ। ਮੱਧਵਰਗੀ ਪਰਿਵਾਰ ਦੇ ਬਜੁਰਗਾਂ ਦੀ ਬੇਚੈਨੀ, ਉਨ੍ਹਾਂ ਦੇ ਅਤੀਤ ਦੀਆਂ ਗੱਲਾਂ ਕਰਦੇ ਰਹਿਣ ਦਾ ਸੁਭਾਅ, ਉਨ੍ਹਾਂ ਦੀਆਂ ਮਨੋਗੁੰਝਲਾਂ ਦੀ ਕਹਾਣੀ ਹੈ ਜੋ ਇਕੱਲਤਾ ਹੰਢਾਉਂਦੇ ਹਨ ਕਿਸੇ ਵੀ ਪੁੱਤਰ ਕੋਲ ਟਿਕ ਕੇ ਨਹੀਂ ਰਹਿ ਸਕਦੇ ।ਚਾਰ ਪੁੱਤਰਾਂ ਦੇ ਹੁੰਦਿਆਂ ਹੋਇਆਂ ਵੀ ਮਾਨਸਿਕ ਟਿਕਾਅ ਦੀ ਘਾਟ ਤੇ ਬੇਚੈਨੀ ਹੀ ਕਹਾਣੀ ਦਾ ਵਿਸ਼ਾ ਹੈ। ਬਿਰਤਾਂਤਕਾਰ ਕਹਾਣੀ ਰਾਹੀਂ ਦਸਦਾ ਹੈ ਕਿ ਬੱਚੇ ਆਪਣੀ ਜ਼ਿਦਗੀ ਦੇ ਫੈਸਲੇ ਆਪ ਕਰਨਾ ਚਾਹੁੰਦੇ ਹਨ ਉਹ ਕਿਸੇ ਦੀ ਦਖਲ਼ ਅੰਦਾਜ਼ੀ ਪਸੰਦ ਨਹੀਂ ਕਰਦੇ , ਜਦੋਂ ਬਜੁਰਗ ਬੱਚਿਆਂ ਕੋਲ ਰਹਿੰਦਿਆਂ ਕੋਈ ਸਲਾਹ ਦਿੰਦੇ ਹਨ ਜਾਂ ਜੋ ਮੂੰਹ 'ਚ ਆਇਆ ਬੋਲ ਦਿੰਦੇ ਹਨ ਤਾਂ ਬੱਚੇ ਉਡੀਕਦੇ ਹਨ ਕਿ ਇਹ ਕਦੋਂ ਜਾਣਗੇ। ਜਦੋਂ ਬਜੁਰਗਾਂ ਦਾ ਰੁੱਕਣਾ ਵੀ ਅਸਹਿ ਹੋ ਜਾਂਦਾ ਹੈ ਤਾਂ ਉਹ ਆਪਣਾ ਸਮਾਨ ਐਨਕਾਂ, ਦੰਦਾਂ ਦਾ ਬੀੜ, ਕਬਜ਼ ਦੀਆਂ ਗੋਲੀਆਂ, ਬੀਕਾਸੁਲ ਦੇ ਕੈਪਸੁਲ, ਕੱਛਾ ਬਨੈਣ, ਡਾਇਰੀ, ਅਖ਼ਬਾਰ ਬੈਗ



ਵਿਚ ਰੱਖਦੇ ਤੇ ਅਗੇ ਚੱਲ ਪੈਂਦੇ। ਪਿਤਾ ਜੀ ਦਾ ਇਹ ਸਫ਼ਰ ਸਿੱਧੀ ਰੇਖਾ ਵਿੱਚ ਨਾ ਹੋ ਕੇ ਗੋਲਾਈ ਵਿਚ ਸੀ। ਸਿੱਧੀ ਰੇਖਾ ਦੀ ਕਲਪਣਾ ਤੋਂ ਡਰਦੇ ਸਨ ! ਇਸ ਪ੍ਰਕਾਰ ਕਹਾਣੀ ਦਾ ਬਿਰਤਾਂਤ ਪਿਤਾ ਜੀ ਦੇ ਸੁਭਾਅ ਦੀ ਪੇਸ਼ਕਾਰੀ ਤੇ ਉਸ ਦੇ ਮਨ ਦੀ ਉਥਲ ਪੁਥਲ ਦੀ ਤਸਵੀਰਕਸ਼ੀ ਕਰਦਾ ਹੈ !

ਭੂਰਾ ਸਿੰਘ ਕਲੇਰ ਦੀ ਕਹਾਣੀ '**ਬਦਲਦੀਆਂ ਰੁੱਤਾਂ**' ਚੇਤਨਾ ਪ੍ਰਵਾਹ ਦੀ ਜੁਗਤ ਰਾਹੀਂ ਇਕ ਐਸੇ ਪਾਤਰ ਦੀ ਮਨੋਸਥਿਤੀ ਬਿਆਨ ਕਰਦੀ ਹੈ ਜੋ ਨਿਮਨ ਜਾਤ ਦਾ ਹੋਣ ਕਾਰਨ ਦੁੱਤਕਾਇਆ ਜਾਂਦਾ ਹੈ ਪਰ ਗੁਰਦੁਆਰੇ ਦੇ ਭਾਈ ਦੁਆਰਾ ਚਾਹ ਤੇ ਪਰਸ਼ਾਦਾ ਪੁਛੇ ਜਾਣ ਤੇ ਕਾਰਨ ਜਾਨਣ ਲਈ ਉਤਾਵਲਾ ਹੋ ਜਾਂਦਾ ਹੈ ਕਿ ਕਿਓ ਇਕ ਦੱਮ ਰੁੱਤਾਂ ਬਦਲ ਗਈਆਂ। ਕਾਰਨ ਸਿਰਫ ਸੁੱਚੇ ਦੀ ਬਰਾਦਰੀ ਦੇ ਬੰਦੇ ਵੱਲੋਂ ਧਾਰਮਿਕ ਸਥਾਨ ਦੀ ਬੇਅਦਬੀ ਦਾ ਬਦਲਾ ਪ੍ਰਧਾਨ ਮੰਤਰੀ ਨੂੰ ਮਾਰ ਕੇ ਲੈਣਾ ਸੀ। ਕਹਾਣੀ ਸੁੱਚੇ ਨਾਮੀ ਪਾਤਰ ਦੀ ਕਹਾਣੀ ਹੈ ਜੋ ਪਿੰਡ-ਪਿੰਡ ਜਾ ਕੇ ਚੰਮ ਦੀਆਂ ਚਰਮਖਾਂ ਵੇਚਦਾ ਤੇ ਆਪਣਾ ਗੁਜਾਰਾ ਕਰਦਾ ਸੀ। ਬੂਮਰੈਂਗ ਵਿਧੀ ਰਾਹੀਂ ਲਿਖੀ ਕਹਾਣੀ ਦੀ ਸ਼ੁਰੂਆਤ ਗੁਰਦੁਆਰੇ ਦੇ ਭਾਈ ਵੱਲੋਂ ਸੁੱਚੇ ਨੂੰ ਪਰਸ਼ਾਦਾ ਛੱਕ ਕੇ ਜਾਣ ਦੀ ਬੇਨਤੀ ਤੋਂ ਹੁੰਦੀ ਹੈ ।ਸੁੱਚਾ ਚੇਤਨਾ ਦੇ ਵਹਿਣ ਵਿਚ ਵਹਿੰਦਿਆਂ ਸੋਚਦਾ ਹੈ ਗੁਰਦੁਆਰੇ ਦਾ ਇਹੀ ਗਰੰਥੀ ਜਿਸ ਨੇ ਇਕ ਦਿਨ ਨੀਵੀਂ ਜਾਤ ਦੇ ਸੁੱਚੇ ਨੂੰ ਬਾਹਰ ਜਾਣ ਦਾ ਹੁਕਮ ਦਿਤਾ ਸੀ ਅੱਜ ਕਿਉ ਉਸ ਵਿਚ ਇਨ੍ਹਾ ਪਿਆਰ ਸਤਿਕਾਰ ਜਾਗਿਆ ਹੈ। ਕਹਾਣੀ ਦਾ ਅੰਤ ਸਤਿਕਾਰ ਦੇ ਕਾਰਨ ਵੱਲ ਸੰਕੇਤ ਕਰਦਾ ਹੈ ? ਓ ਭਾਈ ਉਹ ਬਹਾਦਰ ਸੂਰਮਾ ਥੋਡੀ ਬਰਾਦਰੀ ਵਿਚੋਂ ਸੀ ।ਥੋਡੇ ਰਵਿਦਾਸੀਆਂ ਦੇ ਭਾਈਚਾਰੇ ਵਿੱਚੋਂ !? ਅੰਤ ਸੁੱਚਾ ਸੋਚਦਾ ਹੀ ਰਹਿ ਜਾਂਦਾ ਹੈ ਕਿ ਇਹ ਰੁੱਤਾਂ ਕਿਵੇਂ ਬਦਲ ਜਾਂਦੀਆਂ ਹਨ ਅਤੇ ਰੁੱਤਾਂ ਨਾਲ ਮਨੁੱਖ ਵੀ ਕਿਵੇਂ ਬਦਲ ਜਾਂਦੇ ਹਨ।

'ਮੱਛੀ-ਇਕ' ਕਹਾਣੀਕਾਰ ਜਿੰਦਰ ਦੀ ਨਾਰੀਵਾਦੀ ਸੋਚ ਪ੍ਰਗਟਾਉਂਦੀ ਕਹਾਣੀ ਹੈ। ਜਿਸ ਵਿਚ ਦੋ ਔਰਤਾਂ ਵਾਰੀ-ਵਾਰੀ ਆਪਣੀ ਆਪ ਬੀਤੀ ਸੁਣਾਉਂਦੀਆਂ ਹਨ। ਮੱਛੀ ਇਕ ਐਸੀ ਹਾਲਾਤ ਦੀ ਸ਼ਿਕਾਰ ਔਰਤ ਦੀ ਕਹਾਣੀ ਹੈ ਜੋ ਪਤੀ ਦੀ ਮੌਤ ਤੋਂ ਬਾਅਦ ਅਪਣੀ ਸੱਸ ਦੀ ਸਹਿਮਤੀ ਨਾਲ ਸਤੀਸ਼ ਜੈਨ ਨਾਲ ਸੰਬੰਧ ਬਣਾਉਂਦੀ ਹੈ,ਕਾਰਨ ਆਰਥਿਕ ਮੰਦਹਾਲੀ ਹੀ ਹੁੰਦਾ ਹੈ। ਇਹ ਔਰਤ ਹਾਲਾਤ ਦੇ ਜਾਲ ਵਿਚ ਫਸੀ ਇਕ ਐਸੀ ਮੱਛੀ ਹੈ ਜੋ ਮਰਦੀ ਕੀ ਨਾ ਕਰਦੀ ਵਾਲੀ ਸਥਿਤੀ ਵਿਚ ਹੈ। ਨਸ਼ੇ ਦੀ ਹਾਲਤ ਵਿਚ ਇਹ ਆਪਣੀ ਸਹੇਲੀ ਨੂੰ ਆਪਣੀ ਸਾਰੀ ਕਹਾਣੀ ਦਸਦੀ ਹੈ। ਗਾਲ੍ਹਾਂ ਕੱਢ-ਕੱਢ ਕੇ ਬੋਲਣਾ, ਬਿਨ੍ਹਾਂ ਰੁਕੇ ਇਕ ਨਸ਼ਈ ਵਾਂਗ ਬੋਲੀ ਜਾਣਾ, ਪਹਿਲਾਂ ਤਾਂ ਪਾਠਕ ਨੂੰ ਸ਼ੱਕ ਹੁੰਦਾ ਹੈ ਪਰ ਬਾਅਦ ਵਿਚ ਇਹ ਸ਼ੱਕ ਯਕੀਨ ਵਿਚ ਬਦਲ ਜਾਂਦਾ ਹੈ ਜਦੋਂ ਅਖ਼ੀਰ ਵਿਚ ਸੱਸ ਕਹਿੰਦੀ ਹੈ ਕਿ ਫੋਨ ਤਾਂ ਡੈਡ ਪਿਆ ਹੈ ਤੇ ਸਵੇਰੇ ਸੈਕਟਰ ਪੰਤਾਲੀ ਕੋਠੀ ਨੰਬਰ ਸੱਠ ਵਿਚ ਜਾਣ ਕਈ ਕਹਿਣਾ ਸੱਸ ਦਾ ਇਸ ਧੰਦੇ ਵਿਚ ਉਸ ਨੂੰ ਪਾਉਣ ਵਿਚ ਹੱਥ ਦਾ ਸੰਕੇਤ ਦਿੰਦਾ ਹੈ। ਕਹਾਣੀ ਦਸਦੀ ਹੈ ਕਿ ਆਰਥਿਕ ਹਾਲਾਤ ਦੀ ਸ਼ਿਕਾਰ ਇਕ ਵਿਧਵਾ ਔਰਤ ਕਿਸ ਪ੍ਰਕਾਰ ਕੰਜਰੀ, ਕਾਲਗਰਲ, ਸੈਕਸ ਵਰਕਰ ਤੇ ਵੇਸਵਾ ਬਣਦੀ ਹੈ ਤੇ ਸਿਰਫ ਅਪਣੇ ਬੱਚਿਆਂ ਲਈ ਆਪਣੇ ਆਪ ਨੂੰ ਵੇਚਣ ਲਈ ਵੀ ਤਿਆਰ ਹੋ ਜਾਂਦੀ ਹੈ। ਇਸ ਸਭ ਵਿਚ ਸੱਸ ਦੀ ਸਹਿਮਤੀ ਸੱਸ ਦੁਆਰਾ ਜੁਗਿੰਦਰੀ ਦੀ ਕਹਾਣੀ ਸੁਣਾ ਕੇ ਪ੍ਰਗਟਾਈ ਗਈ ਹੈ। ਮੱਛੀ ਦੋ ਇੰਗਲੈਂਡ ਰਹਿ ਰਹੀ ਇਕ ਔਰਤ ਦੀ ਕਹਾਣੀ ਹੈ ਜੋ ਇਕ ਕਾਲਗਰਲ ਵਜੋਂ ਧੰਦਾ ਕਰਦੀ ਹੈ। ਉਸ ਕੋਲ ਪਾਕਿਸਤਾਨੀ, ਜਮੈਕੀਏ, ਗੋਰੇ, ਇਲ ਲੀਗਲ ਮੁੰਡੇ ਤੇ ਹਰ ਕਿਸਮ ਦੇ ਮਰਦ ਆਉਂਦੇ ਹਨ। ਕਹਾਣੀ ਵਿਚ ਜਾਤੀ ਸਿਸਟਮ ਦੀ ਝਲਕ ਵੀ ਮਿਲਦੀ ਹੈ ਲਤੀਫ ਨਾਂ ਦਾ ਮੁਸਲਿਮ ਗਾਹਕ ਉਸ ਉਪਰ ਪੈਸੇ ਲੁਟਾਉਂਦਾ ਹੈ ਤੇ ਸਾਥ ਮਾਣਦਾ ਹੈ ਕਿਉਕਿ ਉਹ ਇਕ ਸਿੱਖ ਔਰਤ ਹੈ। ਉਹ ਅਪਣੇ ਅਯਾਸ਼ ਦੋਸਤਾਂ ਨਾਲ ਰੱਲ ਕੇ ਇਸ ਨੂੰ ਘੜੇ ਦੀ ਮੱਛੀ ਬਣਾ ਲੈਂਦਾ ਹੈ ਤੇ ਇਹ ਮੱਛੀ ਅਪਣੀਆਂ ਕੁਝ ਮਜ਼ਬੂਰੀਆਂ ਕਾਰਣ ਆਪਣੀ ਦੇਹ ਦਾ ਸ਼ੋਸ਼ਣ ਕਰਾਉਂਦੀ ਹੈ। ਮੱਛੀ ਦੋ ਦੀ ਮੁਖ ਪਾਤਰ ਇੰਗਲੈਂਡ ਦੇ ਤੌਰ ਤਰੀਕੇ ਨਾ ਸਮਝਣ ਕਾਰਣ ਪਤੀ ਤੋਂ ਦੂਰ ਹੋ ਜਾਂਦੀ ਹੈ ਤੇ ਪਤੀ ਅਪਣੀਆਂ ਲੋੜਾਂ ਇਕ ਗੋਰੀ ਤੋਂ ਪੂਰੀਆਂ ਕਰਨ ਲਗਦਾ ਹੈ।

ਪਰ ਜਦੋਂ ਇਸ ਨਾਲ ਲਤੀਫ ਸਰੀਰਕ ਸੰਬੰਧ ਬਣਾਉਣ ਦੀ ਕੋਸ਼ਿਸ਼ ਕਰਦਾ ਹੈ ਤੇ ਇਹ ਗੁਰੇਜ਼ ਕਰਦੀ ਹੈ ਲਤੀਫ ਦੇ ਸ਼ਬਦ? ਤੇਰੀਆਂ ਇੰਨ੍ਹਾਂ ਆਦਤਾਂ ਕਰਕੇ ਸ਼ਾਇਦ ਤੇਰਾ ਹੱਸਬੈਂਡ ਤੈਨੂੰ ਪਸੰਦ ਨਹੀਂ ਕਰਦਾ? ਉਸ ਨੂੰ ਚੁਭਦੇ ਹਨ ਤੇ ਉਹ ਹੌਲੀ ਹੌਲੀ ਬਿਨ੍ਹਾਂ ਵਿਰੋਧ ਕੀਤਿਆਂ ਲਤੀਫ਼ ਵੱਲ ਉਲਾਰ ਹੋ ਜਾਂਦੀ ਹੈ ਤੇ ਇਥੋਂ ਹੀ ਉਹ ਕਾਲਗਰਲ ਬਣਦੀ ਹੈ। ਜਿਥੇ ਕਈ ਕਹਾਣੀਆਂ ਵਿਚ ਚਿੱਠੀ ਪੱਤਰ ਵਿਧੀ ਦੀ ਵਰਤੋਂ ਹੁੰਦੀ ਰਹੀ ਹੈ ਇਸ ਕਹਾਣੀ ਵਿਚ ਟੈਲੀਫੋਨ ਤੇ ਕੀਤੀਆਂ ਗੱਲਾਂ ਤੋਂ ਹੀ ਸਾਰੀ ਕਹਾਣੀ ਸਪਸ਼ਟ ਹੁੰਦੀ ਹੈ। ਪੂਰੀ ਕਹਾਣੀ ਦਾ ਬਿਰਤਾਂਤ ਟੈਲ਼ੀਫੋਨ ਤੇ ਕੀਤੀਆਂ ਗੱਲ੍ਹਾਂ ਨਾਲ ਹੀ ਸਿਰਜਿਆ ਗਿਆ ਹੈ ਭਾਵੇਂ ਉਹ ਮੱਛੀ ਇਕ ਦੀ ਕਹਾਣੀ ਸੀ ਭਾਵੇਂ ਜਾਂ ਫਿਰ ਮੱਛੀ ਦੋ ਦੀ। ਕਹਾਣੀ ਵਿਚ ਘਟਨਾਵਾਂ ਦਾ ਮੂਲ ਧੁਰਾ ਆਰਥਿਕਤਾ ਹੀ ਰਹੀ ਹੈ। ਦੋਵੇਂ ਔਰਤਾਂ ਆਰਥਿਕ ਮਜਬੂਰੀ ਵੱਸ ਆਪਣੇ ਸਰੀਰ ਨੂੰ ਇਕ ਵਸਤੂ ਵਜੋਂ ਵਰਤਦੀਆਂ ਹਨ ਤੇ ਪੈਸਾ ਕਮਾਉਂਦੀਆਂ ਹਨ। ਫਰਕ ਸਿਰਫ ਇਨ੍ਹਾਂ ਹੈ ਕਿ ਮੱਛੀ ਇਕ ਆਪਣੇ ਪਰਿਵਾਰ ਦੀ ਪਾਲਣਾ ਲਈ ਪੈਸਾ ਕਮਾਉਂਦੀ ਹੈ ਤੇ ਮੱਛੀ ਦੋ ਇਕ ਪਰਿਵਾਰ, ਪਤੀ ਤੇ ਬੱਚੇ ਦੀ ਚਾਹਤ ਵਿਚ ਇਕ ਐਸੇ ਧੰਦੇ ਵਿਚ ਪੈ ਜਾਂਦੀ ਹੈ ਜਿਸ ਵਿਚੋਂ ਨਿਕਲਣਾ ਬਹੁਤ ਹੀ ਮੁਸ਼ਕਲ ਹੁੰਦਾ ਹੈ।

**'ਪ੍ਰੇਤ ਛਾਇਆ'** ਐਡਹਾਕ ਕਾਲਜ ਅਧਿਆਪਕ ਦੀ ਮਾਨਸਿਕ ਅਵਸਥਾ ਦਸਦੀ ਬਲਬੀਰ ਪਰਵਾਨਾ ਦੀ ਕਹਾਣੀ ਹੈ।ਹਰ ਕੋਈ ਉਸ ਨੂੰ ਇਕ ਲੱਖ ਦਾ ਅਧਿਆਪਕ ਸਮਝਦਾ ਹੈ ਪਰ ਇਹ ਸਿਰਫ ਉਸ ਨੂੰ ਹੀ ਪਤਾ ਹੈ ਕਿ ਉਹ 12000 ਦਾ ਐਡਹਾਕ ਪ੍ਰੋਫੈਸਰ ਹੈ। ਇਨ੍ਹਾ ਪੜ੍ਹ ਕੇ ਵੀ ਉਹ ਰੈਗੂਲਰ ਨੌਕਰੀ ਪ੍ਰਾਪਤ ਨਹੀਂ ਕਰ ਸਕਿਆ। ਕਹਾਣੀ ਇਕ ਵਿਅੰਗ ਸਿਰਜਦੀ ਹੈ ਸਾਡੇ ਵਿਦਿਅਕ ਢਾਂਚੇ ਤੇ ਮੌਜੂਦਾ ਸਰਕਾਰਾਂ ਤੇ ਜੋ ਪੜੇ ਲਿਖੇ ਨੂੰ ਨੌਕਰੀ ਵੀ ਮੁਹੱਈਆ ਕਰਾ ਸਕਦੀ। ਅਜਿਹੇ ਪਾਤਰ ਮਨ ਦੀ ਭੜਾਸ ਤੇ ਗੁੱਸਾ ਸੰਵਾਦ ਮੰਚ ਰਾਹੀਂ ਭੱਖਦਿਆਂ ਮਸਲਿਆਂ ਤੇ ਬਹਿਸ ਕਰ ਕੇ ਦਾਰੂ ਮਹਿਫਲਾਂ ਸਜਾ ਕੇ ਕੱਢਦੇ ਹਨ। ਕਹਾਣੀ ਵਿਚ ਮਹਾਂਭਾਰਤ ਦੇ ਖਾਂਡਵ ਦਾਹ ਦੀ ਘਟਨਾ ਨੂੰ ਅੱਜ ਦੇ ਸੰਦਰਭ ਨਾਲ ਜੋੜ ਕੇ ਕਹਾਣੀਕਾਰ ਦਸਦਾ ਹੈ ਕਿ ਜੇ ਕਰ ਉਸ ਸਮੇਂ ਦੇ ਖਾਂਡਵ ਦਾਹ ਦੇ ਰੱਚਣਹਾਰੇ ਕ੍ਰਿਸ਼ਨ ਤੇ ਅਰਜੁਨ ਸਨ ਅੱਜ ਦੇ ਸਮੇਂ ਅਵਾਰਾ ਪੂੰਜੀ ਤੇ ਇਸ ਦੇ ਪ੍ਰਤਿਪਾਲਕ ਕਾਰਪੋਰੇਟ ਸੈਕਟਰ ਹੈ। ਕਹਾਣੀਕਾਰ ਕਾਰਪੋਰੇਟ ਸੈਕਟਰ ਨੂੰ ਕਟਹਿਰੇ ਵਿਚ ਖੜਾ ਕਰ ਕੇ ਆਪ ਸ਼ੋਸ਼ਿਤ ਵਰਗ ਦੇ ਨਾਲ ਖੜਦਾ ਹੈ। ਮੋਨਿਕਾ ਵਰਗੇ ਪਾਤਰਾਂ ਰਾਹੀਂ ਕਹਾਣੀ ਦਸਦੀ ਹੈ ਕਿ ਅੱਜ ਦੇ ਸਮੇਂ ਹਰ ਕੋਈ ਆਪਣੇ ਨਿੱਜੀ ਸਵਾਰਥ ਲਈ ਕਿਸੇ ਨਾਲ ਸੰਬੰਧ ਬਣਾਉਂਦਾ ਹੈ। ਐਸੀ ਡਾਵਾਂਡੋਲ ਸਥਿਤੀ ਵਿਚ ਇਕ ਸੰਵੇਦਨਸ਼ੀਲ ਵਿਅਕਤੀ ਦਾ ਚਿੰਤਨ ਰੂਪੀ ਪ੍ਰੇਤ ਦੇ ਵੱਸ ਪੈਣਾ ਕੁਦਰਤੀ ਗੱਲ ਹੈ ਬਿਰਤਾਂਤਕਾਰ ਸੋਚਦਾ ਹੈ ? ਉਹ ਵਰਤਮਾਨ ਵਿਚ ਨਹੀਂ ਜੀ ਪਾ ਰਿਹਾ, ਅਤੀਤ ਪਿੱਛੇ ਛੁੱਟ ਗਿਆ ਤੇ ਭਵਿਖ ਤੇ ਸਵਾਲੀਆ ਨਿਸ਼ਾਨ ਹੈ ਜੋ ਸਪਸ਼ਟ ਨਹੀਂ ਹੈ।"

**'ਚਾਂਦੀ ਦੇ ਕੜੇ ਵਾਲੀ ਬਾਂਹ'** ਜਸਪਾਲ ਮਾਨਖੇੜਾ ਦੀ ਬੂਮਰੈਂਗ ਤੇ ਚੇਤਨਾ ਪ੍ਰਵਾਹ ਦੀ ਜੁਗਤ ਨਾਲ ਉਣੀ ਹੋਈ ਅਜਿਹੀ ਕਹਾਣੀ ਹੈ ਜਿਸ ਦਾ ਮੁੱਖ ਪਾਤਰ ਸ਼ਰਾਬ ਪੀਂਦਿਆਂ ਹੋਇਆਂ ਚੇਤਨਾ ਦੇ ਐਸੇ ਵਹਿਣ ਵਿਚ ਵਹਿ ਜਾਂਦਾ ਹੈ ਜਿਸ ਚੇਤਨਾ ਵਿਚੋਂ ਹੀ ਅਸੀਂ ਸਾਰੀ ਕਹਾਣੀ ਤੋਂ ਵਾਕਿਫ ਹੁੰਦੇ ਹਾਂ ਤੇ ਕਹਾਣੀ ਦਾ ਅੰਤ ਵੀ ਉਸੇ ਥਾਂ ਤੇ ਹੀ ਹੁੰਦਾ ਹੈ। ਉਸ ਦੀ ਸੋਚਾਂ ਦੀ ਲੜੀ ਉਸ ਸਮੇਂ ਟੁੱਟਦੀ ਹੈ ਜਦੋਂ ਗੁਆਂਢ ਵਿਚ ਰੌਲਾ ਪੈ ਰਿਹਾ ਹੁੰਦਾ ਹੈ ਤੇ ਇਹ ਰੌਲ਼ਾ ਉਸ ਦੀ ਭਰਜਾਈ ਵੱਲੋਂ ਗੱਗੀ ਨਾਲ ਕੀਤੀ ਜਾ ਰਹੀ ਮਾਰ-ਕੁਟ ਰਾਹੀਂ ਉਸ ਦੀ ਸਹਿਮਤੀ ਦਾ ਪ੍ਰਤੀਕ ਹੁੰਦਾ ਹੈ।ਕਹਾਣੀ ਦੱਸਦੀ ਹੈ ਕਿ ਪਿੰਡਾਂ ਵਿਚ ਸ਼ਰਾਬ ਦੇ ਨਸ਼ੇ ਨੇ ਕਈ ਪਰਿਵਾਰਾਂ ਦੀ ਆਰਥਿਕ ਹਾਲਤ ਮਾੜੀ ਕਰ ਦਿੱਤੀ ਹੈ ਇਹੀ ਕਾਰਨ ਹੈ ਕਿ ਪ੍ਰਵਾਸੀ ਪਾਤਰ ਆਪਣੀ ਛੋਟੀ ਭਰਜਾਈ ਨੂੰ ਭੋਗਣ ਦੀ ਰੀਝ ਉਸ ਸਮੇਂ ਪੂਰੀ ਕਰਦਾ ਹੈ ਜਦੋਂ ਉਹ ਆਰਥਿਕ ਮੰਦਹਾਲੀ ਦੀ ਸ਼ਿਕਾਰ ਹੁੰਦੀ ਹੈ ਤੇ ਪੁੱਤਰ ਨੂੰ ਬਾਹਰ ਭੇਜਣ ਲਈ ਪ੍ਰਵਾਸੀ ਜੇਠ ਲਈ ਕੁਝ ਵੀ ਕਰਨ ਲਈ ਤਿਆਰ ਹੋ ਜਾਂਦੀ ਹੈ। ਕਹਾਣੀ ਇਸ ਸਭ ਦੇ ਪਿੱਛੇ ਕਾਰਨ ਆਰਥਿਕਤਾ ਹੀ ਦੱਸਦੀ ਹੈ।ਜਦੋਂ ਘਰ ਦੇ ਹਾਲਾਤ ਠੀਕ ਸਨ ਤਾਂ ਇਸੇ ਭਰਜਾਈ ਕੋਲ ਜਦੋਂ ਇਹੀ ਜੇਠ ਕਿਸੇ ਆਸ ਨਾਲ ਜਾਂਦਾ ਹੈ ਤਾਂ



ਭਰਜਾਈ ਦਾ ਜੁਆਬ ਸੀ 'ਮੈਥੋਂ ਕੀ ਤੂੰ ਆਲੂ ਬੁਖਾਰੇ ਲੈਣੇ ਨੇ???..।' ਪਰ ਹੁਣ ਇਹੀ ਭਰਜਾਈ ਸਿਰਫ ਆਪਣੇ ਨਿੱਜੀ ਹਿੱਤਾਂ ਲਈ ਪ੍ਰਵਾਸੀ ਪਾਤਰ ਦੇ ਸਾਥ ਦੀ ਹਾਮੀ ਭਰ ਦਿੰਦੀ ਹੈ ਪਰ ਕੰਮ ਹੋਣ ਤੋਂ ਪਹਿਲਾਂ ਹੀ ਮੁੰਡੇ ਗੱਗੀ ਦਾ ਆਉਣਾ ਭਰਜਾਈ ਦੇ ਹੋਣ ਵਾਲੇ ਕੰਮ ਵਿਚ ਰੁਕਾਵਟ ਬਣਦਾ ਹੈ ਜਿਸ ਕਰ ਕੇ ਉਹ ਗੱਗੀ ਨੂੰ ਕੁੱਟਦੀ ਹੈ।ਕਹਾਣੀਕਾਰ ਕੁਝ ਨਾ ਕਹਿ ਕੇ ਵੀ ਬਹੁਤ ਕੁਝ ਕਹਿ ਜਾਂਦਾ ਹੈ। ਕਹਾਣੀ ਦਾ ਬਿਰਤਾਂਤ ਸ਼ਰਾਬ ਦੇ ਨਸ਼ੇ ਕਾਰਨ ਘਰਾਂ ਦੀ ਵਿਗੜਦੀ ਹਾਲਤ, ਪਰਵਾਸੀਆਂ ਦਾ ਪੈਸੇ ਦੇ ਜੋਰ ਨਾਲ ਪੁਰਾਣੀਆਂ ਖੁਵਾਇਸ਼ਾਂ ਪੂਰੀਆਂ ਕਰਨੀਆਂ ਤੇ ਇਕ ਔਰਤ ਦਾ ਆਪਣੇ ਪਰਿਵਾਰ ਲਈ ਆਪਣੀ ਦੇਹ ਦੀ ਵਰਤੋਂ ਕਰਨਾ ਇਨ੍ਹਾਂ ਪਾਸਾਰਾਂ ਵਿਚ ਹੀ ਫੈਲਿਆ ਹੋਇਆ ਹੈ।

**'ਡਾਂਸ ਫਲੋਰ'** ਦੀਪਤੀ ਬਬੂਟਾ ਦੀ ਕਹਾਣੀ ਹੈ ਜੋ ਇਸ ਅੰਕ ਦੀਆਂ ਸਾਰੀਆਂ ਹੀ ਕਹਾਣੀਆਂ ਵਿਚੋਂ ਵਿਸ਼ੇਸ਼ ਧਿਆਨ ਖਿਚਦੀ ਹੈ। ਇਸਤਰੀ ਕਹਾਣੀਕਾਰਾਂ ਵਿਚੋਂ ਦੀਪਤੀ ਬਬੂਟਾ ਨੇ ਪਿਛਲੇ ਕੁਝ ਸਮੇਂ ਤੋਂ ਇਕ ਵਿਸ਼ੇਸ਼ ਪਛਾਣ ਬਣਾਈ ਹੈ। 42 ਪੰਨਿਆਂ ਦੀ ਇਸ ਲੰਮੀ ਕਹਾਣੀ ਤੋਂ ਨਾਵਲਿਟ ਦੀ ਝਲਕ ਪੈਂਦੀ ਹੈ। ਕਹਾਣੀਕਾਰਾ ਨੇ ਕਹਾਣੀ ਨੂੰ ਵੱਖ-ਵੱਖ ਹਿੱਸਿਆਂ ਵਿਚ ਵੰਡ ਕੇ ਆਰਕੈਸਟਰਾ ਵਿਚ ਨੱਚਦੀਆਂ ਕੁੜੀਆਂ ਬਾਰੇ ਇਕ ਲੰਮਾ ਬਿਰਤਾਂਤ ਸਿਰਜਿਆ ਹੈ। ਕਹਾਣੀ ਦਸਦੀ ਹੈ ਕਿ ਅਸ਼ੋਕ ਵਰਗੇ ਆਰਕੈਸਟਰਾ ਦੇ ਮਾਲਕ ਕਿਸ ਪ੍ਰਕਾਰ ਨੱਚਣ ਵਾਲੀਆਂ ਕੁੜੀਆਂ ਤੇ ਆਪਣੇ ਪਰਿਵਾਰ ਵਿਚ ਇਕ ਸਪੇਸ ਰੱਖ ਕੇ ਸਭ ਨੂੰ ਕਾਬੂ ਵਿਚ ਰੱਖਦੇ ਹਨ। ਦੂਜਾ ਹਿੱਸਾ ਬਿਜਲੀ ਮਕੈਨਿਕ ਸ਼ੌਕੀ ਤੋਂ ਅਸ਼ੋਕ ਬਾਊ ਬਣਨ ਦੀ ਕਹਾਣੀ ਦਾ ਬਿਰਤਾਂਤ ਹੈ। ਅਗਲਾ ਹਿੱਸਾ ਅਸ਼ੋਕ ਦੀ ਪਤਨੀ ਤੇ ਉਸ ਦੇ ਨੱਚਣ ਵਾਲੀਆਂ ਕੁੜੀਆਂ ਪ੍ਰਤੀ ਵਤੀਰੇ ਬਾਰੇ,ਇਨ੍ਹਾਂ ਕੁੜੀਆਂ ਦੀ ਜ਼ਿਦਗੀ ਤੇ ਇਸ ਪੇਸ਼ੇ ਨਾਲ ਜੁੜਨ ਦੀਆਂ ਮਜ਼ਬੂਰੀਆਂ ਦਾ ਬਿਰਤਾਂਤ ਹੈ। ਇਸ ਹਿੱਸੇ ਵਿਚ ਸਾਰੀਆਂ ਕੁੜੀਆਂ ਵਿਚੋਂ ਰੋਸ਼ਨੀ ਦੀ ਜ਼ਿੰਦਗੀ ਬਾਰੇ ਜਿਆਦਾ ਵਿਸਤਾਰ ਮਿਲਦਾ ਹੈ।ਰੋਸ਼ਨੀ ਬੇਸ਼ਕ ਆਰਥਿਕ ਮਜ਼ਬੂਰੀਆਂ ਕਾਰਨ ਇਸ ਪੇਸ਼ੇ ਵਿਚ ਪੈਂਦੀ ਹੈ ਪਰ ਵਿਆਹ ਕਰਵਾ ਕੇ ਇਕ ਪਰਿਵਾਰਕ ਜੀਵਨ ਜਿਉਣ ਦੀ ਰੀਝ ਵੀ ਰੱਖਦੀ ਹੈ ਪਰ ਸਮਾਜ ਉਸ ਨੂੰ ਸਵੀਕਾਰ ਨਹੀਂ ਕਰਦਾ,ਉਸ ਦੀ ਧੀ ਨੂੰ ਕੰਜਰੀ ਦੀ ਧੀ ਕਹਿ ਕੇ ਦੁਰਕਾਰਿਆ ਜਾਂਦਾ ਹੈ।ਕਹਾਣੀ ਦਸਦੀ ਹੈ ਕਿ ਇਸ ਪੇਸ਼ੇ ਵਿਚ ਪੈਣ ਵਾਲੀਆਂ ਕੁੜੀਆਂ ਨੂੰ ਸਮਾਜ ਨੱਚਦਿਆਂ ਦੇਖਣਾ ਤਾਂ ਸਵੀਕਾਰ ਕਰਦਾ ਹੈ ਪਰ ਪਰਿਵਾਰਕ ਜੀਵਨ ਜਿਉਂਦਿਆ ਕਦੇ ਵੀ ਸਵੀਕਾਰ ਨਹੀਂ ਕਰਦਾ। ਜਦੋਂ ਜਦੋਂ ਵੀ ਰੋਸ਼ਨੀ ਵਰਗੀ ਪਾਤਰ ਇਕ ਆਸ ਨਾਲ ਸਮਾਜ ਵੱਲ ਤੱਕਦੀ ਹੈ ਹਰ ਵਾਰ ਉਸ ਦੇ ਨਾਲ ਨਾਲ ਉਸ ਦੀ ਬਾਲੜੀ ਧੀ ਤੇ ਵੀ ਮਾੜੀ ਨਿਗਾਹ ਹੀ ਰਖੀ ਗਈ। ਦੀਪਤੀ ਬਬੂਟਾ ਕਹਾਣੀ ਰਾਹੀਂ ਦਸਦੀ ਹੈ ਕਿ ਰੋਸ਼ਨੀ ਵਰਗੀਆਂ ਕੁੜੀਆਂ ਲਈ ਅਖ਼ੀਰ ਵਿਚ ਆਪਣੀ ਔਲਾਦ ਨੂੰ ਛੋਟੇ ਬਾਉ ਦੇ ਹਵਾਲੇ ਕਰਨ ਤੋਂ ਇਲਾਵਾ ਕੋਈ ਚਾਰਾ ਹੀ ਨਹੀਂ ਹੁੰਦਾ ਕਿਉਕਿ ਉਹ ਮਹਿਸੂਸ ਕਰਦੀ ਹੈ ਕਿ ਉਸ ਦੀ ਧੀ ਸਮਾਜ ਵਿਚ ਸੁਰੱਖਿਅਤ ਨਹੀਂ ਹੈ, ਆਰਕੈਸਟਰਾ ਗਰੁਪ ਵਿਚ ਘਟੋ-ਘੱਟ ਉਥੇ ਨਾਲੋਂ ਤਾਂ ਸੁਰੱਖਿਅਤ ਹੈ। ਕਹਾਣੀ ਦੇ ਵਿਭਿੰਨ ਪਾਸਾਰਾਂ ਵਿਚ ਜਿਥੇ ਇਸ ਗਰੁਪ ਵਿਚ ਨੱਚਣ ਵਾਲੀਆਂ ਕੁੜੀਆਂ ਦੀ ਦੁੱਖ ਭਰੀ ਦਾਸਤਾਂ ਦੱਸੀ ਹੈ ਉਥੇ ਆਰਕੈਸਟਰਾ ਦੇ ਮਾਲਕ ਦੇ ਕਿਰਦਾਰ ਬਾਰੇ ਵੀ ਦਸਿਆ ਗਿਆ ਹੈ ਕਿ ਉਸ ਨੇ ਔਰਤ ਨੂੰ ਇਕ ਭੋਗ ਦੀ ਵਸਤੂ ਹੀ ਸਮਝਿਆ ਹੋਇਆ ਹੈ ਤੇ ਉਨ੍ਹਾਂ ਦੀ ਬਦੌਲਤ ਹੀ ਉਹ ਕਮਾਈ ਕਰਦਾ ਹੈ। ਉਸ ਦੇ ਬੱਚੇ ਵੀ ਅੱਗੇ ਇਸ ਕੰਮ ਨੂੰ ਅੱਗੇ ਤੋਰਦੇ ਹਨ। ਕਹਾਣੀ ਰਾਹੀਂ ਕੁਝ ਵਰ੍ਹੇ ਪਹਿਲਾਂ ਸਟੇਜ ਡਾਂਸਰ ਦੀ ਨੱਚਦਿਆਂ ਦੀ ਗੋਲੀ ਨਾਲ ਮਰਨ ਦੀ ਘਟਨਾ ਦੀ ਧੁੰਦਲੀ ਯਾਦ ਨੂੰ ਤਾਜ਼ਾ ਕੀਤਾ ਗਿਆ ਹੈ, ਨੌਜਵਾਨਾਂ ਦੇ ਚਿੱਟੇ ਵਰਗੇ ਨਸ਼ੇ ਨਾਲ ਮਰਨ ਦਾ ਸੰਕੇਤ ਵੀ ਮਿਲਦਾ ਹੈ। ਕਹਾਣੀਕਾਰਾ ਕਹਾਣੀ ਵਿਚ ਐਸੀ ਪਰਸਥਿਤੀਆਂ ਸਿਰਜਦੀ ਹੈ ਜਿਸ ਵਿਚੋਂ ਘਟਨਾਵਾਂ ਨਿਕਲਦੀਆਂ ਹਨ ਤੇ ਪਾਠਕ ਵਰਗ ਨੱਚਣ ਵਾਲੀਆਂ ਕੁੜੀਆਂ ਦੇ ਜੀਵਨ ਤੋਂ ਜਾਣੂ ਹੁੰਦਾ ਹੈ। ਇਹ ਆਪਣੇ ਹੀ ਕਿਸਮ ਦੀ ਨਿਵੇਕਲੀ ਕਹਾਣੀ ਹੈ, ਸ਼ਾਇਦ ਆਰਕੈਸਟਰਾ ਵਿਚ ਨੱਚਦੀਆ ਕੁੜੀਆਂ ਦੇ ਜੀਵਨ ਬਾਰੇ ਇਕ ਸੱਚਾਈ ਨੂੰ ਪੇਸ਼ ਕਰਦੀ ਪਹਿਲੀ ਕਹਾਣੀ ਹੈ,

**'ਮੇਰੀ ਹਾਰ ਮੇਰੀ ਜਿਤ'** ਸੁਰਜੀਤ ਦੀ ਪ੍ਰਵਾਸੀ ਕਹਾਣੀ ਹੈ ਜੋ ਟੋਰਾਂਟੋ ਦੀ ਵਸਨੀਕ ਹੈ। ਪ੍ਰਵਾਸ ਦੌਰਾਨ ਪ੍ਰਵਾਸੀ ਭੂ ਹੇਰਵਾ,ਉਦਰੇਵਾਂ ਤੇ ਸਭਿਆਚਾਰਕ ਸੰਕਟ ਵਰਗੀਆਂ ਸਮਸਿਆਵਾਂ ਨਾਲ-ਨਾਲ ਪੀੜ੍ਹੀ ਪਾੜੇ ਦੀ ਸਮੱਸਿਆ ਨਾਲ ਵੀ ਜੂਝ ਰਿਹਾ ਹੈ। ਉਥੇ ਦੀ ਜੰਮੀ ਪਲੀ ਨਵੀਂ ਪੀੜ੍ਹੀ ਉਥੇ ਦੇ ਸਭਿਆਚਾਰ ਵਿਚ ਇਸ ਤਰ੍ਹਾਂ ਰੱਲਗੱਡ ਹੋ ਗਈ ਹੈ ਕਿ ਉਨ੍ਹਾਂ ਦੇ ਜੀਵਨ ਵਿਚ ਭਾਵਨਾਵਾਂ ਲਈ ਕੋਈ ਥਾਂ ਨਹੀਂ ਹੈ। ਇਹ ਕਹਾਣੀ ਸਿਰਫ ਸਿਮੋਨ ਵਰਗੀਆਂ ਬਜੁਰਗ ਔਰਤਾਂ ਦੀ ਸਮੱਸਿਆ ਨਹੀਂ ਹੈ ਬਲਕਿ ਇਕੱਲਤਾ ਹੰਢਾ ਰਹੇ ਹਰ ਬਜ਼ੁਰਗ ਦੀ ਸਮੱਸਿਆ ਹੈ ਜੋ ਬੱਚਿਆਂ ਤੋਂ ਇਕ ਪਿਆਰ ਦੀ ਆਸ ਰਖਦੇ ਹਨ। ਜਿਥੇ ਕਹਾਣੀ ਪੀੜ੍ਹੀ ਪਾੜੇ ਦੀ ਗੰਭੀਰ ਸਮਸਿਆ ਨੂੰ ਪਾਠਕਾਂ ਦੇ ਰੂ ਬ ਰੂ ਕਰਦੀ ਹੈ ਉਥੇ ਇਕ ਹੱਲ ਵੀ ਸੁਝਾਉਂਦੀ ਹੈ। ਕਹਾਣੀਕਾਰਾ ਨੇ ਬ੍ਰਹਮ ਕੁਮਾਰੀਆਂ ਦੇ ਪ੍ਰਵਚਨਾਂ ਨੂੰ ਆਧਾਰ ਬਣਾ ਕੇ ਸਿਮੋਨ ਦੇ ਅੰਦਰ ਇਕ ਉਤਸ਼ਾਹ ਪੈਦਾ ਕੀਤਾ ਹੈ ਜਿਸ ਦੀ ਬਦੌਲਤ ਸਿਮੋਨ ਪਾਰਕਿਨਸਨ ਵਰਗੀ ਬੀਮਾਰੀ ਤੇ ਜਿੱਤ ਪ੍ਰਾਪਤ ਕਰਨ ਲਈ ਮਾਨਸਿਕ ਤੋਰ ਤੇ ਤਿਆਰ ਹੋ ਜਾਂਦੀ ਹੈ ਤੇ ਆਪਣੇ ਆਪ ਨੂੰ ਮਸ਼ਰੂਫ ਕਰਨ ਦਾ ਹੱਲ ਕਰਦੀ ਹੋਈ ਕਿੰਡਰ ਕੇਅਰ ਸਕੂਲ ਵਿਚ ਆਪਣੀਆਂ ਸੇਵਾਵਾਂ ਦੇਣ ਦਾ ਫੈਸਲਾ ਕਰ ਲੈਂਦੀ ਹੈ। ਇਸ ਪ੍ਰਕਾਰ ਉਸ ਦੀ ਹਾਰ ਜਿੱਤ ਵਿਚ ਤਬਦੀਲ ਹੋ ਜਾਂਦੀ ਹੈ। ਸਿਮੋਨ ਵਰਗੀਆਂ ਇਕੱਲਤਾ ਹੰਢਾ ਰਹੀਆਂ ਔਰਤਾਂ ਦੀ ਮਾਨਸਿਕ ਹਾਲਤ ਨੂੰ ਕਹਾਣੀ ਵਿਚ ਬਾਖ਼ੂਬੀ ਪੇਸ਼ ਕੀਤਾ ਹੈ। ਪਿੱਛਲ ਝਾਤ ਤੇ ਚੇਤਨਾ ਪ੍ਰਵਾਹ ਵਿਧੀ ਦੀ ਵਰਤੋਂ ਕਰਦਿਆਂ,ਚਾਂਦੀ ਦੇ ਗਿਲਾਸ ਵਿਚ ਪਾਣੀ ਪੀਂਦਿਆਂ,ਪਤੀ ਦੀ ਅਲਮਾਰੀ ਨਾਲ ਜੁੜੀਆਂ ਯਾਦਾਂ ਤੇ ਪੁੱਤਰ ਦੇ ਕਹੇ ਸ਼ਬਦ-'ਮਾਮ ਇਹ ਫਜ਼ੂਲ਼ ਦੀ ਭਾਵੁਕਤਾ ਵਿਚ ਕੀ ਰੱਖਿਐ' ਰਾਹੀਂ ਬੜੀ ਹੀ ਖ਼ੂਬਸੂਰਤੀ ਨਾਲ ਬਿਰਤਾਂਤ ਸਿਰਜ ਕੇ ਕਹਾਣੀ ਨੂੰ ਭਾਵੁਕ ਬਣਾ ਦਿਤਾ ਹੈ।

**'ਇਹ ਤਾਂ ਡਰਾਮਾ ਹੀ ਸੀ'** ਹਰਜਿੰਦਰ ਸਿੰਘ ਸੂਰੇਵਾਲੀਆ ਦੀ ਕਹਾਣੀ ਇਕ ਐਸੇ ਅਧਿਆਪਕ ਦੀ ਕਹਾਣੀ ਹੈ ਜੋ ਬੜੀ ਹੀ ਇਮਾਨਦਾਰੀ ਨਾਲ ਅਧਿਆਪਨ ਕਾਰਜ ਤਾਂ ਕਰਦਾ ਹੈ ਪਰ ਉਹ ਆਪਣੇ ਆਪ ਤੋਂ ਸੰਤੁਸ਼ਟ ਨਹੀਂ ਹੈ। ਕਾਰਨ ਉਸ ਦਾ ਦੋਸਤ ਬਲਵਿੰਦਰ ਸਿੰਘ ਹੈ, ਜਿਸ ਨੂੰ ਉਹ ਆਪ ਪੜਾਉਂਦਾ ਰਿਹਾ ਹੈ ਤੇ ਅੱਜ ਉਹ ਉਸ ਤੋਂ ਅੱਗੇ ਨਿਕਲ ਕੇ ਜਿਆਦਾ ਪੈਸੇ ਵਾਲਾ ਬਣ ਗਿਆ ਹੈ। ਕਹਾਣੀ ਦਸਦੀ ਹੈ ਕਿ ਕਿਸ ਪ੍ਰਕਾਰ ਅੱਜ ਕਲ ਬੇਈਮਾਨੀ, ਭ੍ਰਿਸਟਾਚਾਰ ਦਾ ਸਹਾਰਾ ਲੈ ਕੇ ਜਦੋਂ ਕੁਝ ਲੋਕ ਅੱਗੇ ਨਿਕਲ ਜਾਂਦੇ ਹਨ ਇਕ ਇਮਾਨਦਾਰ ਵਿਅਕਤੀ ਪਿੱਛੇ ਰਹਿ ਜਾਣ ਕਾਰਨ ਝੂਰਦਾ ਰਹਿੰਦਾ ਹੈ। ਸਾਰੀ ਕਹਾਣੀ ਦਾ ਬਿਰਤਾਂਤ ਇਕ ਵਿਆਹ ਦੌਰਾਨ ਹੀ ਸਿਰਜਿਆ ਗਿਆ ਹੈ ਮੰਦਰ ਸਿੰਘ ਬਲਵਿੰਦਰ ਸਿੰਘ ਦੇ ਬੇਟੇ ਦੇ ਵਿਆਹ ਤੇ ਉਸ ਦੀ ਅਮੀਰੀ ਤੇ ਆਪਣੀ ਗਰੀਬੀ ਕਾਰਨ ਹੀਣ ਭਾਵਨਾ ਦਾ ਸ਼ਿਕਾਰ ਬਣਿਆ ਰਹਿੰਦਾ ਹੈ। ਕਹਾਣੀ ਦਾ ਪਾਸਾਰ ਵੱਡੇ-ਵੱਡੇ ਅਮੀਰਾਂ ਦਾ ਆਪਣੇ ਨਲਾਇਕ ਬੇਟੇ ਨੂੰ ਇਕ ਪਰਵਾਸੀ ਲੜਕੀ ਨਾਲ ਵਿਆਹ ਦੇ ਡਰਾਮੇ ਨੂੰ ਸਿਰਜਣ ਵਿਚ ਫੈਲਿਆ ਹੋਇਆ ਹੈ। ਕਹਾਣੀ ਵਿਚਲਾ ਵਿਆਹ ਅਸਲ ਵਿਚ ਇਕ ਡਰਾਮਾ ਹੈ ਜੋ ਪੈਸੇ ਦੇ ਜ਼ੋਰ ਤੇ ਬੇਟੇ ਨੂੰ ਬਾਹਰ ਭੇਜਣ ਦੇ ਮਕਸਦ ਨਾਲ ਕੀਤਾ ਜਾ ਇਹਾ ਹੈ। ਕਹਾਣੀ ਦੇ ਅੰਤ ਤੱਕ ਮੰਦਰ ਸਿੰਘ ਝੂਰਦਾ ਹੀ ਰਹਿੰਦਾ ਹੈ ਪਰ ਉਸ ਨੂੰ ਮਾਨਸਿਕ ਸੰਤੁਸ਼ਟੀ ਉਸ ਸਮੇ ਮਿਲਦੀ ਹੈ ਜਦੋਂ ਉਸ ਨੂੰ ਪਤਾ ਲਗਦਾ ਹੈ ਕਿ ਇਹ ਵਿਆਹ ਅਸਲ ਵਿਚ ਇਕ ਆਡੰਬਰ ਹੀ ਸੀ ਤੇ ਇਸ ਆਡੰਬਰ ਦੀ ਹੀਰੋਈਨ ਫੜੀ ਗਈ ਹੈ,ਉਸ ਸਮੇ ਉਸ ਨੂੰ ਅਪਣੀ ਸਾਧਾਰਨ ਜ਼ਿੰਦਗੀ ਜ਼ਿਆਦਾ ਸੰਤੋਖ ਜਨਕ ਲੱਗਦੀ ਹੈ। ਕਹਾਣੀ ਦੱਸਦੀ ਹੈ ਕਿ ਭ੍ਰਿਸ਼ਟ ਤੰਤਰ ਰਾਹੀਂ ਪ੍ਰਾਪਤ ਕੀਤੀ ਸ਼ਾਹੀ ਅਮੀਰੀ ਦਿਮਾਗੀ ਖ਼ੁਸ਼ੀ ਨਹੀਂ ਦੇ ਸਕਦੀ, ਜੋ ਦਿਮਾਗੀ ਖੁਸ਼ੀ ਤੇ ਸੰਤੋਖ਼ ਇਕ ਇਮਾਨਦਾਰ ਅਧਿਆਪਕ ਵਿਚ ਹੁੰਦੀ ਹੈ।

'ਹੱਦਬਸਤ ਨੰਬਰ 211' ਜਗਜੀਤ ਗਿੱਲ ਦੀ ਨਿਮਨ ਕਿਰਸਾਨੀ ਦੇ ਦੁਖ਼ਾਂਤ ਦੀ ਕਹਾਣੀ ਹੈ। ਕਹਾਣੀ ਦਾ ਸਰੋਕਾਰ ਜਾਤ-ਪਾਤ, ਅੱਤਵਾਦ, ਸਟੇਟ ਦਾ ਜਬਰ, ਖਾੜਕੂ ਲਹਿਰ ਦਾ ਘਾਣ, ਔਰਤਾਂ



ਦਾ ਡੇਰਿਆਂ ਵੱਲ ਵੱਧਦਾ ਰੁਝਾਨ ਤੇ ਠੇਕੇ ਤੇ ਲਈ ਜ਼ਮੀਨ ਨਾਲ ਜੁੜੀਆਂ ਸਮੱਸਿਆਵਾਂ ਹਨ। ਕਸ਼ਮੀਰਾ ਪ੍ਰਤੀਕ ਹੈ ਨਿਮਨ ਕਿਰਸਾਨੀ ਦਾ ਜੋ ਆਪਣੇ ਹੀ ਭਰਾਵਾਂ ਤੋਂ ਜ਼ਮੀਨ ਠੇਕੇ ਤੇ ਲੈਂਦਾ ਹੈ, ਭਰਾ ਤਾਂ ਸਮੇਂ ਸਿਰ ਠੇਕਾ ਲੈ ਜਾਂਦੇ ਹਨ ਪਰ ਕਸ਼ਮੀਰੇ ਦਾ ਗੁਜਾਰਾ ਨਹੀਂ ਹੁੰਦਾ, ਘਰਵਾਲੀ ਬੰਸੀ ਬਾਬਿਆਂ ਦੇ ਮਗਰ ਲੱਗੀ ਰਹਿੰਦੀ ਹੈ,ਢਿਲੋਂ ਤੇ ਧੰਨਵੰਤੇ ਸ਼ਾਹ ਦਾ ਕਰਜਾ ਮੁੱਕਣ ਤੇ ਨਹੀਂ ਆਉਂਦਾ। ਵਿਚਾਰਾ ਕਸ਼ਮੀਰਾ ਨਾ ਘਰ ਦੇ ਬੂਹੇ ਹੀ ਲਵਾ ਸਕਿਆ ਤੇ ਨਾ ਹੀ ਉਸ ਤੋਂ ਬੰਸੀ ਲਈ ਇਕ ਸ਼ਾਲ ਲੈ ਹੋਇਆ। ਬੰਸੀ ਡੇਰਿਆਂ ਤੇ ਜਾਂਦੀ ਹੈ ਪਰ ਕਸ਼ਮੀਰਾ ਇਸ ਦਾ ਵਿਰੋਧੀ ਹੈ ਉਹ ਤਾਂ ਬਾਬਿਆਂ ਨੂੰ ਗਾਲ੍ਹਾਂ ਕੱਢਦਾ ਹੈ 'ਸਾਲੇ ਵਿਹਲੜ ਜਿਹੜਾ ਭੁੱਖ ਨੰਗ ਦਾ ਭੰਨਿਆ ਸਾਲਾ ਸਾਧ ਹੋ ਜਾਂਦਾ ਜੀਹਨੂੰ ਕੁੱਤੇ ਨਾ ਜਹਿਣ ਉਹ ਮੰਡਿਆਂ ਤੇ ਬਹਿਣ।' ਕਹਾਣੀ ਦਸਦੀ ਹੈ ਕਿ ਮਾੜੇ ਹਾਲਾਤ ਨੇ ਕਈਆਂ ਨੂੰ ਅੱਤਵਾਦ ਦੇ ਰਾਹੇ ਪਾ ਦਿਤਾ ਜਿਵੇਂ ਕਸ਼ਮੀਰੇ ਦਾ ਮਾਸੀ ਦਾ ਪੁਤੱਰ ਭਰਾ ਅੱਤਵਾਦੀ ਬਣ ਜਾਂਦਾ ਹੈ। ਕਸ਼ਮੀਰਾ ਵੀ ਪਹਿਲਾਂ ਤਾਂ ਨਿਮਨ ਕਿਰਸਾਨੀ ਦੇ ਸੰਕਟਾਂ ਨਾਲ ਦੋ ਚਾਰ ਹੁੰਦਾ ਰਹਿੰਦਾ ਹੈ ਪਰ ਜਦੋਂ ਹੱਦ ਹੋ ਜਾਂਦੀ ਹੈ, ਮਿਹਨਤ ਕਰਨ ਦੇ ਬਾਵਜੂਦ ਕੁਝ ਪੱਲੇ ਨਹੀਂ ਪੈਂਦਾ, ਜ਼ਮੀਨ ਵੀ ਹੱਥੋਂ ਨਿਕਲ ਜਾਂਦੀ ਹੈ ਤਾਂ ਉਹ ਵੀ ਨੰਦ ਸਿੰਘ ਬਣ ਜਾਂਦਾ ਹੈ, ਕਈਆਂ ਨੂੰ ਸ਼ਬਦ ਗਾਉਂਦਾ ਦਿਸਦਾ ਹੈ। ਕਸ਼ਮੀਰਾ ਹਰ ਪਾਸੋਂ ਹਾਰਿਆ ਅਖ਼ੀਰ ਹਿੰਦੇ ਦੇ ਰਸਤੇ ਤੁਰ ਪੈਂਦਾ ਹੈ ਉਸ ਨੂੰ ਹਿੰਦੇ ਦੇ ਬੋਲਾਂ ਵਿਚ ਸੱਚਾਈ ਲਗਦੀ ਹੈ ਜਦੋਂ ਉਹ ਕਹਿੰਦਾ 'ਤੇਰੀ ਪੈਲੀ ਐਸ ਵੇਲੇ ਲੱਖਾਂ ਦੀ ਆ ਪਰ ਸਿਰਫ ਤੂੰ ਸੁੱਤਾ ਹੈ ਇਸ ਲਈ, ਜਿੱਦਣ ਤੂੰ ਜਾਗੇਂਗਾ ਤੇਰੇ ਹੱਥ ਕਹੀ ਨਹੀਂ ਸੰਤਾਲੀ ਹੋਉਗੀ ਸੰਤਾਲੀ। ਪਰ ਅਜੇ ਤੈਨੂੰ ਸੱਟ ਨਹੀਂ ਲੱਗੀ, ਐਵੇਂ ਨਹੀਂ ਆਂਹਦੇ 'ਜਬੈ ਬਾਣ ਲਾਗਿਓ ਤਬੈ ਰੋਸ ਜਾਗਿਓ' ਤੇ ਜਿਉਣ ਲਈ ਜੱਟਾ ਇਹ ਬਾਣ ਖਾਣਾ ਬੜਾ ਜ਼ਰੂਰੀ ਊ।' ਕਈ ਕਿਸਮ ਦੇ ਸਰੋਕਾਰਾਂ ਨੂੰ ਕਹਾਣੀ ਵਿਚ ਸਿਰਜਦਾ ਜਗਜੀਤ ਗਿੱਲ ਨਿਮਨ ਕਿਰਸਾਨੀ ਦੇ ਸੰਕਟਾਂ ਨੂੰ ਬੜੀ ਹੀ ਬਾਰੀਕੀ ਨਾਲ ਚਿੱਤਰਦਾ ਹੈ। ਮੁਹਾਵਰੇ ਤੇ ਅਖਾਣਾਂ ਦੀ ਵਰਤੋਂ ਕਰਦਿਆਂ ਇਸ ਲੰਮੀ ਕਹਾਣੀ ਵਿਚ ਅੱਤਵਾਦ ਦੇ ਸਮੇਂ ਦੀ ਕਿਰਸਾਨੀ ਦੀ ਤਸਵੀਰਕਸ਼ੀ ਕਰਦਾ ਹੋਇਆ ਇਕ ਥਾਂ ਪਾਤਰ ਦੇ ਮੂੰਹੋਂ ਅਖਵਾਉਂਦਾ ਹੈ, 'ਕਰਜ਼ਾ ਤਾਂ ਮੈਂ ਜ਼ਿੰਦਗੀ ਭਰ ਨਹੀਂ ਲਾ ਸਕਿਆ ਪਰ ਮਨ ਦੀ ਭੜਾਸ ਉਨ੍ਹਾਂ ਨੂੰ ਮਾਰ ਕੇ ਕੱਢ ਲੈਂਦਾ ਹਾਂ।' ਆਂਚਲਿਕਤਾ ਦੇ ਰੰਗ ਵਿਚ ਰੰਗੀ ਇਹ ਕਹਾਣੀ ਕਹਾਣੀਕਾਰ ਦੀ ਕੁਸ਼ਲਤਾ ਦਾ ਪ੍ਰਮਾਣ ਹੈ।

**'ਕੰਧ ਤੇ ਲੱਗੀ ਬਿੰਦੀ'** ਇੰਦਰਪਾਲ ਕੌਰ ਦੀ ਲਿਖੀ ਹੋਈ ਇਕ ਬੀਮਾਰੀ ਨਾਲ ਪੀੜ੍ਹਤ ਪਰਵਾਸੀ ਮਜਦੂਰ ਦੀ ਗਾਥਾ ਹੈ। ਬੀਮਾਰ ਦਾ ਇਲਾਜ ਆਰਥਿਕ ਸਥਿਤੀ ਤੇ ਨਿਰਭਰ ਕਰਦਾ ਹੈ। ਬੇਸ਼ਕ ਪਰਵਾਸੀ ਬੀਮਾਰ ਪਾਤਰ ਹਸਪਤਾਲ ਪਹੁੰਚਾ ਦਿਤਾ ਜਾਂਦਾ ਹੈ ਪਰ ਮਜ਼ਦੂਰ ਤਾਂ ਮਜ਼ਦੂਰ ਹੀ ਹੈ, ਇਲਾਜ਼ ਖੁਣੋਂ ਮਰ ਜਾਂਦਾ ਹੈ ਕਾਰਨ ਇਲਾਜ਼ ਲਈ ਪੈਸਾ ਨਾ ਹੋਣਾ ਹੀ ਸੀ। ਡਾਕਟਰਾਂ ਵੱਲੋਂ ਕੀਤੇ ਗਏ ਵਿਤਕਰੇ ਦੀ ਤਸਵੀਰ ਵੀ ਕਹਾਣੀ ਪੇਸ਼ ਕਰਦੀ ਹੈ। ਦੂਜੇ ਪਾਸੇ ਇਕ ਵਿਧਾਇਕ ਦਾ ਬੇਟਾ ਵੀ ਇਸੇ ਬੀਮਾਰੀ ਨਾਲ ਪੀੜ੍ਹਤ ਹੈ ਪਰ ਪੈਸੇ ਦੀ ਬਦੌਲਤ ਉਸ ਨੂੰ ਵਿਸ਼ੇਸ਼ ਧਿਆਨ ਦੇ ਕੇ ਬਚਾ ਲਿਆ ਜਾਂਦਾ ਹੈ ।ਕਹਾਣੀ ਆਰਥਿਕਤਾ ਦੀ ਚੂਲ ਤੇ ਉਸਾਰੀ ਗਈ ਹੈ।

**'ਲਾਲ ਸਵੈਟਰ'** ਗੁਰਮੇਲ ਬੀਰੋਕੇ ਦੁਆਰਾ ਰਚਿਤ ਇਕ ਪ੍ਰੀਤ ਕਹਾਣੀ ਹੈ। ਕਹਾਣੀ ਵਿਚ ਦੋ ਪ੍ਰੇਮੀਆਂ ਦਾ ਪਿਆਰ ਅੱਤਵਾਦ ਦੀ ਭੇਂਟ ਚੱੜ ਜਾਂਦਾ ਹੈ। ਗੁਰਜੰਟ ਵਰਗੇ ਪਾਤਰ ? **'ਹੱਦਬਸਤ ਨੰਬਰ 211'** ਦੇ ਕਸ਼ਮੀਰੇ ਵਾਂਗ ਅੱਤਵਾਦ ਦੇ ਰਾਹ ਤੁਰਨ ਲਈ ਤਿਆਰ ਹੋ ਜਾਂਦੇ ਹਨ। ਜਿਥੇ ਕਸ਼ਮੀਰਾ ਤੁਰ ਹੀ ਪੈਂਦਾ ਹੈ ਉਥੇ ਗੁਰਜੰਟ ਨੂੰ ਸ਼ਰਮਾ ਵਰਗੇ ਪਾਤਰ ਉਸ ਰਾਹ ਜਾਣੋਂ ਰੋਕ ਲੈਂਦੇ ਹਨ। ਬੇਸ਼ਕ ਗੁਰਜੰਟ ਤੇ ਕੁਲਵਿੰਦਰ ਦਾ ਪਿਆਰ ਪ੍ਰਵਾਨ ਨਹੀਂ ਚੜਦਾ, ਅੱਤਵਾਦ ਦੀ ਭੇਂਟ ਚੱੜ੍ਹ ਜਾਂਦਾ ਹੈ ਪਰ ਉਨ੍ਹਾਂ ਦਾ ਇਹ ਸੁਪਨਾ ਗੁਰਜੰਟ ਦਾ ਕੁਲਵਿੰਦਰ ਦੀ ਭਤੀਜੀ ਨੂੰ ਆਪਣੇ ਘਰ ਨੂੰਹ ਦੇ ਰੂਪ ਵਿਚ ਲਿਆ ਕੇ ਪੂਰਾ ਕਰਦਾ

ਹੈ। ਇਥੇ ਪ੍ਰੇਮ ਦਾ ਪਹਿਲਾ ਰੂਪ ਦੁਖਾਂਤ ਬਣਦਾ ਹੈ ਪਰ ਕੁਲਵਿੰਦਰ ਦੀ ਭਤੀਜੀ ਦਾ ਉਸੇ ਰੂਪ ਵਿਚ ਇਸ ਘਰ ਵਿਚ ਪ੍ਰਵੇਸ਼ ਸੁਖਾਂਤ ਬਣਦਾ ਹੈ। 'ਲਾਲ ਸਵੈਟਰ' ਪ੍ਰਤੀਕ ਹੈ ਕੁਲਵਿੰਦਰ ਤੇ ਗੁਰਜੰਟ ਦੇ ਦਿਲਾਂ ਵਿਚ ਸਦਾ ਲਈ ਸਾਂਭ ਕੇ ਰੱਖੇ ਗਏ ਪਿਆਰ ਦੀ,ਉਹ ਪਿਆਰ ਦੀ ਯਾਦ ਜੋ 11ਵੀਂ ਜਮਾਤ ਤੋਂ ਸਵੈਟਰ ਦੇ ਰੂਪ ਵਿਚ ਸਾਂਭ ਕੇ ਰੱਖੀ ਗਈ। ਹੁਣ ਤੱਕ ਹਰ ਖ਼ਾਸ ਮੌਕੇ ਤੇ ਲਾਲ ਸਵੈਟਰ ਪਾਉਣਾ ਉਨ੍ਹਾਂ ਦੇ ਪਿਆਰ ਦਾ ਲਖਾਇਕ ਹੈ।

ਭਗਵੰਤ ਰਸੂਲਪੁਰੀ ਦੇ **'ਕਹਾਣੀ ਧਾਰਾ'** ਦੇ ਸਮਕਾਲੀ ਕਹਾਣੀ ਅੰਕ ਲਈ ਚੁਣੀਆਂ ਗਈਆਂ ਇਹ ਕਹਾਣੀਆਂ ਕੁਲਵੰਤ ਸਿੰਘ ਵਿਰਕ ਦੀ ਦੁਆਦਸ਼ੀ ਦੀ ਤਰ੍ਹਾਂ ਪ੍ਰਤੀਤ ਹੁੰਦੀ ਹੈ ਦੁਆ+ਦਸ਼ੀ=ਦੁਆਦਸ਼ੀ ਭਾਵ 12 ਕਹਾਣੀਆਂ, ਇਹ ਕਹਾਣੀਆਂ ਮਨੁੱਖ ਦੇ ਸਮਾਜਿਕ ਯਥਾਰਥ ਆਰਥਿਕ ਸੰਕਟ ਤੇ ਮਜਬੂਰੀ ਦੀਆਂ ਕਹਾਣੀਆਂ ਹਨ । ਉਹ ਮਜਬੂਰੀਆਂ ਜਿਸ ਕਾਰਣ ਜੇ ਕਰ ਕੁਝ ਪਾਤਰ ਏਜੰਟਾਂ ਹੱਥੋਂ ਠੱਗੇ ਗਏ ਤੇ ਕੁਝ ਆਪਣੇ ਨਲਾਇਕ ਬੱਚਿਆਂ ਨੂੰ ਸੈਟ ਕਰਨ ਕਈ ਬਾਹਰੋਂ ਆਈ ਕੁੜੀ ਹੱਥੋਂ ਠੱਗੇ ਗਏ। ਇਹ ਦੁਆਦਸ਼ੀ ਹੈ ਔਰਤ ਪਾਤਰਾਂ ਦੀ ਜੋ ਪੈਸੇ ਲਈ ਜਾਂ ਆਪਣੇ ਪਰਿਵਾਰ ਲਈ ਵਿਆਹਾਂ ਸ਼ਾਦੀਆਂ ਤੇ ਨੱਚਣ ਦੇ ਪੇਸ਼ੇ ਵਿਚ ਪੈ ਗਈਆਂ ਤੇ ਨਾ ਚਾਹੁੰਦਿਆਂ ਹੋਇਆਂ ਵੀ ਆਪਣਾ ਸਰੀਰ ਵੇਚਣ ਲਈ ਮਜਬੂਰ ਹੋ ਗਈਆਂ। ਇਸ ਕਿਸਮ ਦੀ ਹਰ ਕਹਾਣੀ ਦੀ ਚੂਲ ਪੈਸਾ ਹੀ ਰਹੀ ਹੈ ਭਾਵੇਂ ਉਹ **'ਡਾਂਸ ਫਲੋਰ'** ਦੀਆਂ ਔਰਤ ਪਾਤਰ ਸਨ ਤੇ ਭਾਵੇਂ **'ਮੱਛੀ ਇਕ'** ਦੀਆਂ ਔਰਤ ਪਾਤਰ ਤੇ ਜਾਂ **'ਚਾਂਦੀ ਦੇ ਕੜੇ ਵਾਲੀ ਬਾਂਹ'** ਦੀ ਭਰਜਾਈ ਜੋ ਅਪਣੇ ਪੁੱਤਰ ਨੂੰ ਬਾਹਰ ਭੇਜਣ ਦੀ ਮਜਬੂਰੀ ਵਿੱਚ ਜੇਠ ਦੀ ਰੀਝ ਪੂਰੀ ਕਰਨ ਦੀ ਹਾਮੀ ਭਰਦੀ ਹੈ। ਇਹ ਦੁਆਦਸ਼ੀ ਹੈ ਮੱਧਵਰਗੀ ਬਜੁਰਗ ਪਾਤਰਾਂ ਦੇ ਮਾਨਸਿਕ ਦਵੰਦਾਂ ਦੀ ਜੋ ਬੱਚਿਆਂ ਤੋਂ ਇਕ ਮੋਹ ਤੇ ਸਾਥ ਦੀ ਆਸ ਵਿਚ ਅਪਣੀ ਜ਼ਿੰਦਗੀ ਨੂੰ ਆਪ ਹੀ ਹਿੰਮਤ ਕਰ ਕੇ ਤੋਰਦੇ ਰਹੇ। ਇਹ ਦੁਆਦਸ਼ੀ ਹੈ ਨਾ ਪਰਵਾਨ ਚੜਣ ਵਾਲੀ ਪ੍ਰੀਤ ਦੀ ਭਾਵੇਂ ਉਹ ਲਾਲ ਸਵੈਟਰ ਦੇ ਗੁਰਜੰਟ ਦੀ ਕਹਾਣੀ ਸੀ ਤੇ ਭਾਵੇਂ **'ਪ੍ਰੇਤ ਛਾਇਆ'** ਦੇ ਬਿਰਤਾਂਤਕਾਰ ਦੀ, ਚਿੰਤਨ ਰੂਪੀ ਪ੍ਰੇਤ ਦੇ ਵੱਸ ਪਏ ਪਾਤਰਾਂ ਦੀ ਜੋ ਮਾਨਸਿਕ ਤੇ ਆਰਥਿਕ ਸੰਕਟ ਦੇ ਸ਼ਿਕਾਰ ਰਹੇ ਹਨ। ਇਹ ਦੁਆਦਸ਼ੀ ਹੈ ਨਿਮਨ ਕਿਰਸਾਨੀ ਨਾਲ ਜੂਝ ਰਹੇ ਪਾਤਰਾਂ ਦੀ ਜੋ ਆਰਥਿਕ ਮਜਬੂਰੀਆਂ ਕਾਰਨ ਅੱਤਵਾਦੀ ਬਣੇ ਜਾਂ ਫਿਰ ਉਨ੍ਹਾਂ ਨੀਵੀਂ ਜਾਤ ਦੇ ਪਾਤਰਾਂ ਦੀ ਜਿੰਨ੍ਹਾਂ ਦੀ ਪੁੱਛ-ਗਿੱਛ ਸਿਰਫ ਤਾਂ ਹੀ ਹੋਈ ਜਦੋਂ ਉਨ੍ਹਾਂ ਦੀ ਬਰਾਦਰੀ ਵਿਚੋਂ ਕਿਸੇ ਨੇ ਧਾਰਮਿਕ ਸਥਾਨਾਂ ਦੀ ਬੇਅਦਬੀ ਦਾ ਬਦਲਾ ਲਿਆ ਜਾਂ ਉਸ ਮਜਦੂਰ ਦੀ ਜੋ ਸਹੀ ਇਲਾਜ ਨਾ ਮਿਲਣ ਕਾਰਨ ਦੁਨੀਆ ਛੱਡ ਗਿਆ। ਸੋ ਅੰਤ ਵਿਚ ਮੈਂ ਸਿਰਫ ਇਨ੍ਹਾਂ ਹੀ ਕਹਾਂਗੀ ਕਿ ਸਮਕਾਲੀ ਕਹਾਣੀ ਅੰਕ ਦੀਆਂ ਸਾਰੀਆਂ ਹੀ ਕਹਾਣੀਆਂ 21ਵੀਂ ਸਦੀ ਦੇ ਮਸਲਿਆਂ ਨਾਲ ਜੁੜੀਆਂ ਕਹਾਣੀਆਂ ਹਨ ਤੇ ਇਕ ਸੰਗ੍ਰਹਿ ਦਾ ਦਰਜਾ ਰਖਦੀਆਂ ਹਨ।

ਸਹਾਇਕ ਪ੍ਰੋਫੈਸਰ, ਮੁਖੀ, ਪੰਜਾਬੀ ਵਿਭਾਗ
ਹਿੰਦੂ ਕੰਨਿਆ ਕਾਲਜ, ਕਪੂਰਥਲਾ

**ਸੰਵਾਦ-2**

## 'ਬਦਲੀਆਂ ਰੁੱਤਾਂ' ਧਰਮਾਂ ਵਿਚ ਦਲਿਤ ਬੰਦੇ ਦੀ ਪਛਾਣ ਦੇ ਸੰਕਟ ਨੂੰ ਉਭਾਰਦੀ

**'ਕਹਾਣੀ ਧਾਰਾ'** ਦੇ ਸਮਕਾਲੀ ਕਹਾਣੀ ਅੰਕ ਵਿਚ 12 ਕਹਾਣੀਆਂ ਛਪਦੀਆਂ ਹਨ। ਸੰਪਾਦਕ ਮੁਤਾਬਕ ਇਹ ਕਹਾਣੀ ਸਮਕਾਲ/ਨਵੀਨਤਾ ਦੀ ਪ੍ਰਤਿਨਿਧਤਾ ਕਰਦੀਆਂ ਹਨ। ਇਸ ਵਿਚਲੀ ਪਹਿਲੀ



ਕਹਾਣੀ **'ਇਕ ਮਜ਼ਦੂਰ ਵਿਕਾਊ ਹੈ'** ਪਿਆਰਾ ਸਿੰਘ ਭੋਗਲ ਦੀ ਲਿਖੀ ਹੋਈ ਹੈ। ਇਹ ਕਹਾਣੀ ਦਿਹਾੜੀਦਾਰ ਕਾਮੇ ਦੀ ਜ਼ਿੰਦਗੀ 'ਤੇ ਕੇਂਦਰਿਤ ਹੈ। ਰਾਮ ਲਾਲ ਨੂੰ ਆਪਣੀ ਗਰੀਬੀ ਦੀ ਜ਼ਿੰਦਗੀ ਸੁਧਾਰਨ ਦਾ ਇੱਕੋ ਇੱਕ ਤਰੀਕਾ ਵਿਦੇਸ਼ ਜਾਣ ਵਿਚ ਲੱਭਦਾ ਹੈ। ਪਰ ਉਹ ਆਪਣੀ ਹੀ ਜਾਤ ਦੇ ਏਜੰਟ ਦੇ ਧੋਖੇ ਵਿਚ ਆ ਕੇ ਕਰਜੇ 'ਤੇ ਲੈ ਕੇ ਦਿੱਤਾ ਤਿੰਨ ਲੱਖ ਰੁਪਈਆ ਗੁਆ ਬਹਿੰਦਾ ਹੈ। ਜਿਸ ਕਰਕੇ ਰਾਮ ਲਾਲ ਅਤੇ ਉਸਦੇ ਪਰਿਵਾਰ ਦੀ ਅਗਲੀ ਜ਼ਿੰਦਗੀ ਵਿਚ ਕਰਜਾ ਉਤਾਰਨ ਦੀ ਤਲਵਾਰ ਲਟਕ ਜਾਂਦੀ ਹੈ। ਕਹਾਣੀ ਦਾ ਆਖ਼ਰੀ ਵਾਕ ("ਪਰ ਸਾਡੇ ਮੁਲਕ ਦੀ ਚਾਲ ਪੁੱਠੀ ਐ। ਏਥੇ ਬੰਦਿਆਂ ਨੂੰ ਕੰਮ ਨਹੀਂ ਮਿਲਦਾ। ਬੰਦੇ ਕੰਮ ਦੀ ਖਾਤਰ ਵਿਕ ਜਾਣ ਲਈ ਤਿਆਰ ਹਨ।") ਪਰਵਾਸ ਜਾਣ ਦੇ ਇੱਕ ਕਾਰਨ ਵੱਲ ਸੰਕੇਤ ਕਰਦਾ ਹੈ। ਇਸ ਕਹਾਣੀ ਦੀ ਬਿਰਤਾਂਤਕ ਬਣਤਰ ਦੀਆਂ ਕੁੱਝ ਸਮੱਸਿਆਵਾਂ ਵੀ ਹਨ, ਜਿਵੇਂ ਕਿ ਇਸ ਦਾ ਕਥਾ ਕਾਲ ਬਹੁਤ ਲੰਮਾ ਹੈ। ਬਿਰਤਾਂਤਕਾਰ ਪਿਛਲਝਾਤ ਦੀ ਤਕਨੀਕ ਰਾਹੀਂ ਮੁੱਖ-ਪਾਤਰ ਦੇ ਬਾਪ-ਦਾਦੇ ਦੀ ਜ਼ਿੰਦਗੀ ਅਤੇ ਵੱਖ-ਵੱਖ ਕਿੱਤਿਆਂ ਬਾਰੇ ਜਾਣਕਾਰੀ ਦੇਣ ਲੱਗ ਪੈਂਦਾ ਹੈ। ਉਸਦੇ ਅਜਿਹਾ ਕਰਨ ਦਾ ਇੱਕ ਕਾਰਨ ਇਹ ਹੈ ਕਿ ਉਹ ਕਹਾਣੀ ਦੇ ਪ੍ਰਭਾਵ ਨੂੰ ਹੋਰ ਤੀਖ਼ਣ ਕਰਨਾ ਚਾਹੁੰਦਾ ਹੈ, ਪਰ ਇਸ ਤਰ੍ਹਾਂ ਕਰਦੇ ਉਹ ਕਹਾਣੀ ਵਿਚਲੀ ਇੱਕ-ਸੁਰਤਾ ਨੂੰ ਗੁਆ ਬੈਠਦਾ ਹੈ।

ਗੁਲ ਚੌਹਾਨ ਦੀ ਕਹਾਣੀ **'ਬਹੁਤ ਸਾਰੇ ਪਿਤਾ ਜੀ'** ਵਿਚ ਇੱਕ ਰਿਟਾਇਰ ਪੁਲਿਸ ਅਫ਼ਸਰ ਦੀ ਜ਼ਿੰਦਗੀ ਦਾ ਬਿਰਤਾਂਤ ਉਸਦਾ ਪੁੱਤਰ ਸੁਣਾਉਂਦਾ ਹੈ। ਬਿਰਤਾਂਤਕਾਰ ਦਾ ਫ਼ੋਕਸ ਮੁੱਖ ਪਾਤਰ ਦੇ ਪਿਤਾ ਵਾਲੇ ਰੋਲ 'ਤੇ ਰਹਿੰਦਾ ਹੈ। ਮੁੱਖ ਪਾਤਰ ਰਿਟਾਇਰ ਹੋਣ ਤੋਂ ਬਾਅਦ ਆਪਣੀ ਕੋਠੀ ਵਿਚ ਇੱਕਲਾ ਰਹਿੰਦਾ ਹੈ। ਉਹ ਇੱਛਾ ਮੁਤਾਬਕ ਆਪਣੇ ਪੁੱਤਰਾਂ ਦੇ ਘਰ ਥੋੜੇ ਦਿਨਾਂ ਲਈ ਰਹਿਣ ਜਾਂਦਾ ਹੈ ਅਤੇ ਉਨ੍ਹਾਂ ਦੀ ਥੋੜੀ-ਬਹੁਤ ਆਰਥਿਕ ਮਦਦ ਵੀ ਕਰਦਾ ਹੈ। ਕਹਾਣੀ ਇਸ ਗੱਲ ਨੂੰ ਕੇਂਦਰ ਵਿਚ ਰੱਖਦੀ ਹੈ ਕਿ ਪਿਤਾ ਜੀ ਦਾ ਟੋਕਣ ਦਾ ਸੁਭਾਅ ਉਸਦੇ ਪੁੱਤਰਾਂ ਤੇ ਨੂੰਹਾਂ ਨੂੰ ਬਹੁਤ ਪ੍ਰੇਸ਼ਾਨ ਕਰਦਾ ਹੈ। ਉਸਦੇ ਪੁੱਤਰਾਂ ਦੀ ਇੱਛਾ ਹੈ ਕਿ ਉਹ ਜਿਉਂਦੇ ਜੀਅ ਆਪਦੀ ਸਾਰੀ ਜਾਇਦਾਦ ਉਨ੍ਹਾਂ ਵਿਚਕਾਰ ਵੰਡ ਦੇਵੇ। ਕਹਾਣੀ ਵਿਚ ਪਿਤਾ ਜੀ ਦੀ ਜਵਾਨੀ, ਨੌਕਰੀ, ਘਰ-ਬਾਰ ਬਣਾਉਣ, ਆਪਣੀ ਪਤਨੀ ਤੇ ਪੁੱਤਰਾਂ ਅਤੇ ਇਸ ਤੋਂ ਵੀ ਅੱਗੇ ਪੋਤੇ-ਪੋਤੀਆਂ ਨਾਲ ਸੰਬੰਧ ਨੂੰ ਚਿਤਰਿਆ ਗਿਆ ਹੈ। ਅਜਿਹਾ ਕਰਨ ਨਾਲ ਕਹਾਣੀ ਵਿਚ ਵੇਰਵਿਆਂ ਦਾ ਘੜਮਸ ਪੈ ਜਾਂਦਾ ਹੈ। ਕਹਾਣੀਕਾਰ ਆਪਣੇ ਸਿਰਲੇਖ **'ਬਹੁਤ ਸਾਰੇ ਪਿਤਾ ਜੀ'** ਮੁਤਾਬਕ ਮੁੱਖ ਪਾਤਰ ਦੀ ਸ਼ਖ਼ਸੀਅਤ ਦੇ ਵਿਭਿੰਨ ਪਾਸਾਰ ਸਿਰਜਣਾ ਚਾਹੁੰਦਾ ਹੈ, ਪਰ ਵੇਰਵਿਆਂ ਦੀ ਬਹੁਤਾਤ ਬਿਰਤਾਂਤ ਨੂੰ ਅਕਾਊ ਬਣਾ ਦਿੰਦੀ ਹੈ। ਇਸ ਤੋਂ ਇਲਾਵਾ ਬਿਰਤਾਂਤਕਾਰ ਦਾ ਅੰਤਰਮੁਖੀ ਨਜ਼ਰੀਆ ਵੀ ਕਹਾਣੀ ਦੀ ਵੱਡੀ ਖ਼ਾਮੀ ਹੈ। ਬਿਰਤਾਂਤ ਦੀ ਭਾਸ਼ਾ ਦੱਸਦੀ ਹੈ ਕਿ ਬਿਰਤਾਂਤਕਾਰ ਵੀ ਆਪਣੇ ਪਿਤਾ ਤੋਂ ਤੰਗ ਹੈ, ਪਰ ਬਿਰਤਾਂਤਕਾਰ ਦੀ ਭਾਸ਼ਾ ਵਿਚ ਉਹ, ਉਸਦਾ ਪੁੱਤਰ ਅਤੇ ਪਤਨੀ ਹੀ ਪਿਤਾ ਜੀ ਦੀ ਥੋੜ੍ਹੀ ਬਹੁਤ ਪਰਵਾਹ ਕਰਦੇ ਦਿਖਾਈ ਦਿੰਦੇ ਹਨ।

ਭੂਰਾ ਸਿੰਘ ਕਲੇਰ ਦੁਆਰਾ ਰਚਿਤ ਕਹਾਣੀ **'ਬਦਲੀਆਂ ਰੁੱਤਾਂ'** ਮੁੱਖ-ਧਾਰਾ ਦੇ ਧਰਮਾਂ ਵਿਚ ਦਲਿਤ ਬੰਦੇ ਦੀ ਪਛਾਣ ਦੇ ਸੰਕਟ ਨੂੰ ਉਭਾਰਦੀ ਹੈ। ਕਹਾਣੀ ਦਾ ਆਰੰਭ ਇਸ ਘਟਨਾ ਤੋਂ ਹੁੰਦਾ ਹੈ ਕਿ ਗੁਰਦੁਆਰੇ ਦਾ ਪਾਠੀ ਸੁੱਚੇ ਨੂੰ ਪ੍ਰਸ਼ਾਦਾ ਛਕਣ ਲਈ ਆਵਾਜ਼ਾਂ ਮਾਰ ਰਿਹਾ ਹੁੰਦਾ ਹੈ ਅਤੇ ਸੁੱਚਾ ਇਹ ਸੋਚ ਕੇ ਹੈਰਾਨ ਹੁੰਦਾ ਹੈ ਕਿ ਇਸੇ ਬਾਬੇ ਨੇ ਉਸਨੂੰ ਨੀਵੀਂ ਜਾਤ ਹੋਣ ਕਰਕੇ ਚਾਹ ਪਿਲਾਉਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਗੱਲ ਦੀ ਘੁੰਡੀ ਅੰਤ ਵਿਚ ਖੁੱਲਦੀ ਹੈ ਕਿ ਸੁੱਚੇ ਦੀ ਬਰਾਦਰੀ ਦੇ ਬੰਦੇ ਦੁਆਰਾ ਹਰਮਿੰਦਰ ਸਾਹਬ 'ਤੇ ਹਮਲਾ ਕਰਵਾਉਣ ਵਾਲੀ ਇੰਦਰਾ ਨੂੰ ਕਤਲ ਕਰ ਦਿੱਤਾ ਸੀ, ਜਿਸ ਕਰਕੇ ਪਾਠੀ ਦਾ ਵਿਵਹਾਰ ਸੁੱਚੇ ਪ੍ਰਤਿ ਬਦਲ ਜਾਂਦਾ ਹੈ। ਇਸ ਕਹਾਣੀ ਦੀ ਬਿਰਤਾਂਤਕ ਬਣਤਰ ਦੀ ਇੱਕ ਸਮੱਸਿਆ ਹੈ ਕਿ

ਇਹ ਆਪਣੇ ਸਮਾਪਨ (ਛਲੋਸੁਰਏ) ਨੂੰ ਤੈਅ ਕਰਕੇ ਚਲਦੀ ਹੈ, ਕਹਾਣੀ ਦਾ ਬਿਰਤਾਂਤ ਇੱਕ ਗੁੰਝਲ ਲੈ ਕੇ ਚਲਦਾ ਹੈ ਅੰਤ ਵਿਚ ਉਹ ਗੁੰਝਲ ਖੁੱਲ ਜਾਂਦੀ ਹੈ। ਇਹ ਤੈਅਸ਼ੁਦਾ ਬਣਤਰ ਕਹਾਣੀ ਦੇ ਬਿਰਤਾਂਤ ਅਤੇ ਪਾਤਰਾਂ ਦੇ ਵਿਵਹਾਰ ਨੂੰ ਸਥਿਰ ਕਰ ਦਿੰਦੀ ਹੈ।

ਜਿੰਦਰ ਦੀ ਕਹਾਣੀ **'ਮੱਛੀ-ਇਕ'** ਤੇ **'ਮੱਛੀ-ਦੋ'** ਨੂੰ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ। ਪਹਿਲੇ ਭਾਗ ਵਿਚ ਭਾਰਤ ਵਿਚ ਰਹਿੰਦੀ ਮੁੱਖ-ਪਾਤਰ ਅਤੇ ਦੂਜੇ ਭਾਗ ਵਿਚ ਇੰਗਲੈਂਡ ਰਹਿੰਦੀ ਮੁੱਖ-ਪਾਤਰ ਆਪਣਾ ਬਿਰਤਾਂਤ ਸੁਣਾਉਂਦੀਆਂ ਹਨ। ਦੋਨਾਂ ਵਿਚ ਇਕ ਗੱਲ ਸਾਂਝੀ ਹੈ ਕਿ ਉਹ ਵੇਸ਼ਵਾ ਦੇ ਕਿੱਤੇ ਨਾਲ ਸੰਬੰਧ ਰੱਖਦੀਆਂ ਹਨ। ਇਸ ਕਹਾਣੀ ਵਿਚ ਵੇਸ਼ਵਾ ਦੇ ਕਿੱਤੇ ਬਾਰੇ ਬਹੁਤ ਸਾਰੇ ਵੇਰਵਿਆਂ ਨੂੰ ਬੇਬਾਕ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ। ਇੰਨੇ ਨਿੱਜੀ ਵੇਰਵਿਆਂ ਨੂੰ ਪੇਸ਼ ਕਰਨ ਲਈ ਕਹਾਣੀਕਾਰ ਮੋਨੋਲਾਗ ਦੀ ਤਕਨੀਕ ਵਰਤਦਾ ਹੈ। 'ਮੱਛੀ-ਇਕ' ਵਿਚ ਬਿਰਤਾਂਤਕਾਰ/ਮੁੱਖ-ਪਾਤਰ ਆਪਣੇ ਜੀਵਨ ਨਿੱਜੀ ਵੇਰਵੇ ਆਪਣੀ ਦੋਸਤ ਨੂੰ ਟੈਲੀਫੋਨ 'ਤੇ ਸੁਣਾ ਰਹੀ ਹੈ, ਪਰ ਜਿਸ ਫੋਨ ਰਾਹੀਂ ਉਹ ਗੱਲ ਕਰ ਰਹੀ ਹੈ ਉਹ ਸਵੇਰ ਦਾ ਡੈੱਡ ਪਿਆ ਹੈ। 'ਮੱਛੀ-ਦੋ' ਵਿਚ ਵੀ ਬਿਰਤਾਂਤਕਾਰ ਆਪਣੇ ਨਿੱਜੀ ਜੀਵਨ ਦੇ ਵੇਰਵੇ ਆਪਣੀ ਦੋਸਤ ਨੂੰ ਸੁਣਾਉਣ ਲਈ ਵੋਆਇਸ ਕਾਲ ਰਿਕਾਰਡ ਕਰ ਰਹੀ ਹੈ। ਇਸ ਤਕਨੀਕ ਤੋਂ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕਹਾਣੀ ਵਿਚ ਅਜਿਹੇ ਵੇਰਵੇ ਸ਼ਾਮਿਲ ਹਨ ਜਿਹੜੇ ਮੁੱਖ-ਪਾਤਰ ਸਿੱਧੇ ਤੌਰ 'ਤੇ ਕਿਸੇ ਨੂੰ ਸੁਣਾ ਨਹੀਂ ਸਕਦਾ ਹੈ। ਭਾਵੇਂ ਇਹ ਕਹਾਣੀ ਵਿਚ ਤਕਨੀਕ ਪੱਖੋਂ ਵਧੀਆ ਤਜ਼ਰਬਾ ਕੀਤਾ ਗਿਆ ਹੈ ਪਰ ਇਸਦੀ ਥੀਮਕ ਬਣਤਰ ਪਰੰਪਰਕ ਹੈ, ਜਿਵੇਂ ਕਿ ਕਹਾਣੀ ਦੀਆਂ ਦੋਨੋਂ ਨਾਇਕਾਵਾਂ ਪਹਿਲਾਂ ਸੰਕਟ ਵਿਚ ਫਸਦੀਆਂ ਹਨ ਅਤੇ ਫੇਰ ਸੰਕਟ 'ਚੋਂ ਨਿਕਲਦੀਆਂ ਹੋਈਆਂ ਵੇਸਵਾ ਦੇ ਕਿੱਤੇ ਨੂੰ ਅਪਣਾਉਂਦੀ ਹੈ। ਭਾਰਤ ਵਿਚ ਰਹਿਣ ਵਾਲੀ ਪਹਿਲੇ ਹਿੱਸੇ ਦੀ ਮੁੱਖ ਪਾਤਰ ਦਾ ਪਤੀ ਮਰ ਚੁੱਕਿਆ ਹੈ ਅਤੇ ਉਸਦੇ ਕਮਾਈ ਦੇ ਸਾਧਨ ਘੱਟ ਹਨ, ਜਿਸ ਕਰਕੇ ਉਹ ਆਪਣੀ ਸੱਸ ਦੇ ਕਹਿਣ 'ਤੇ ਵੇਸ਼ਵਾ ਦੇ ਕਿੱਤੇ ਵਿਚ ਪੈ ਜਾਂਦੀ ਹੈ। ਇੰਗਲੈਂਡ ਵਿਚ ਰਹਿਣ ਵਾਲੀ ਦੂਜੇ ਹਿੱਸੇ ਦੀ ਮੁੱਖ ਪਾਤਰ ਦਾ ਪਤੀ ਕਿਸੇ ਹੋਰ ਔਰਤ ਨਾਲ ਸੰਬੰਧ ਬਣਾਉਂਦਾ ਹੈ ਅਤੇ ਆਪਣੀ ਪਤਨੀ ਵੱਲ ਕੋਈ ਧਿਆਨ ਨਹੀਂ ਕਰਦਾ ਹੈ; ਜਿਸ ਕਰਕੇ ਉਹ ਵੀ ਦੂਜੇ ਬੰਦਿਆਂ ਨਾਲ ਸੰਬੰਧ ਸਥਾਪਿਤ ਕਰਨ ਲਈ ਮਜ਼ਬੂਰ ਹੋ ਜਾਂਦੀ ਹੈ।

**- ਪਰਮਜੀਤ ਸਿੰਘ,** **ਡਾ. ਰਵੀ ਖੋਜ ਸਕੂਲ**

**ਮੋ.9463112208**

**ਸੰਵਾਦ**-3

## 'ਹਦਬਸਤ ਨੰਬਰ 211' ਬਹੁਤ ਸਾਰੇ ਸਵਾਲਾਂ ਨੂੰ ਮੁਖ਼ਾਤਿਬ ਹੁੰਦੀ ਹੈ।

**'ਕਹਾਣੀ ਧਾਰਾ'** ਦੇ ਸਮਕਾਲੀ ਕਹਾਣੀ ਅੰਕ ਦੀ ਕੁੱਝ ਕਹਾਣੀਆਂ ਤੇ ਆਪਣਾ ਪ੍ਰਤੀਕਰਮ ਦੇਣਾ ਚਾਹੁੰਦੀ ਹਾਂ। **'ਇਹ ਤਾਂ ਡਰਾਮਾ ਹੀ ਸੀ'** ਕਹਾਣੀ ਵਿਚਲਾ ਘਟਨਾ-ਕ੍ਰਮ ਡਰਾਮੇ (ਨਾਟਕ) ਦੀ ਤਰ੍ਹਾਂ ਚੱਲਦਾ ਹੈ। ਇਹ ਕਹਾਣੀ ਪਦਾਰਥਕ ਸੁੱਖ-ਸਹੂਲਤਾਂ ਉੱਪਰ ਕੇਂਦਰਿਤ ਹੋ ਚੁੱਕੇ ਅਸੰਵੇਦਨਸ਼ੀਲ ਮਨੁੱਖੀ ਜੀਵਨ ਉੱਪਰ ਬਹੁਤ ਟੇਢੇ ਢੰਗ ਨਾਲ ਵਿਅੰਗ ਕਰਦੀ ਹੈ। ਇਹ ਕਹਾਣੀ ਦਰਸਾਉਂਦੀ ਹੈ ਕਿ ਸੰਵੇਦਨਸ਼ੀਲ ਤੇ ਅਸੰਵੇਦਨਸ਼ੀਲ ਵਿਚ ਫ਼ਰਕ ਕਰਨਾ ਹਮੇਸ਼ਾ ਆਸਾਨ ਨਹੀਂ ਹੁੰਦਾ। ਇਸੇ ਉਦੇਸ਼ ਅਧੀਨ ਕਹਾਣੀ ਦਾ ਮੁੱਖ ਪਾਤਰ ਸ਼ੁਰੂਆਤ ਤੋਂ ਲੈ ਕੇ ਕਹਾਣੀ ਦੇ ਆਖ਼ਰੀ ਦੋ ਵਾਰਤਾਲਾਪਾਂ ਤੋਂ ਪਹਿਲਾਂ ਤੱਕ ਇਮਾਨਦਾਰ, ਮਿਹਨਤੀ ਤੇ ਮਨੁੱਖੀ ਭਾਵਨਾਵਾਂ ਦੀ ਅਹਿਮੀਅਤ ਸਮਝਣ ਵਾਲੀ ਧਿਰ ਵਜੋਂ ਪੇਸ਼ ਹੁੰਦਾ ਹੈ। ਲੇਕਿਨ



ਕਹਾਣੀ ਦੇ ਆਖ਼ਿਰ ਵਿਚ ਉਸਦੀ ਪਤਨੀ ਦਾ ਕੇਵਲ ਇਕ ਸਵਾਲ ਕਿ ਉਹ ਲੜਕੀ ਦੇ ਫੜੇ ਜਾਣ ਉੱਪਰ ਖੁਸ਼ ਕਿਉਂ ਹੈ? ਕਹਾਣੀ ਨੂੰ ਬਿਲਕੁਲ ਨਵੇਂ ਅਰਥ ਤੇ ਦਿਸ਼ਾ ਪ੍ਰਦਾਨ ਕਰ ਦਿੰਦਾ ਹੈ। ਇਸ ਕਹਾਣੀ ਦੀ ਖ਼ਾਸੀਅਤ ਹੈ ਕਿ ਇਸ ਵਿਚ ਸੁੱਖ-ਸਹੂਲਤਾਂ ਜਾਂ ਦਿਖਾਵੇ ਦੀ ਜ਼ਿੰਦਗੀ ਜੀਣ ਲਈ ਮਨੁੱਖੀ ਕਦਰਾਂ ਤੇ ਅਹਿਸਾਸਾਂ ਦਾ ਗਲਾ ਘੋਟ ਚੁੱਕੇ ਪਾਤਰਾਂ ਨੂੰ ਕੇਂਦਰ ਵਿਚ ਨਹੀਂ ਰੱਖਿਆ ਗਿਆ। ਅਜਿਹਾ ਕਰਨ ਦੀ ਬਜਾਇ ਕਹਾਣੀਕਾਰ ਨੇ ਉਨ੍ਹਾਂ ਪਾਤਰਾਂ ਨੂੰ ਕੇਂਦਰ ਵਿਚ ਰੱਖਿਆ ਹੈ ਜਿਹੜੇ ਦਿੱਖ ਦੀ ਪੱਧਰ ਉੱਪਰ ਅਜਿਹਾ ਨਹੀਂ ਕਰਦੇ ਪਰ ਸਾਰ ਰੂਪ ਵਿਚ ਜਿਨ੍ਹਾਂ ਦੇ ਦਿਲ ਅਜਿਹੀ ਲਾਲਸਾ ਨਾਲ ਅਚੇਤ ਰੂਪ ਵਿਚ ਗ੍ਰਸੇ ਰਹਿੰਦੇ ਹਨ। ਵਰਤਮਾਨ ਸਮੇਂ ਸਥਿਤੀ ਦਾ ਵਿਅੰਗ ਹੈ ਕਿ ਮਨੁੱਖ ਆਪਣੀ ਮਾਨਵੀ ਹੋਂਦ ਦੇ ਪ੍ਰਸੰਗ ਵਿਚ ਪਦਾਰਥਕ ਸਹੂਲਤਾਂ ਨੂੰ ਅਹਿਮੀਅਤ ਦੇਣ ਦੀ ਬਜਾਇ ਪਦਾਰਥਕ ਸਹੂਲਤਾਂ ਦੇ ਪ੍ਰਸੰਗ ਵਿਚ ਮਾਨਵੀ ਹੋਂਦ ਨੂੰ ਚਿਤਰਨ ਲੱਗਾ ਹੈ। ਇਸੇ ਲਈ ਅੱਜ ਮਨੁੱਖੀ ਹੋਂਦ ਮਨੁੱਖੀ ਗੁਣਾਂ ਤੇ ਕਦਰਾਂ ਨਾਲੋਂ ਵਧੇਰੇ ਪਦਾਰਥਕ ਪ੍ਰਾਪਤੀਆਂ ਰਾਹੀਂ ਨਿਰਧਾਰਿਤ ਹੋਣ ਲੱਗੀ ਹੈ। ਸੰਖੇਪ ਵਿਚ ਇਹ ਕਹਾਣੀ ਅੱਜ ਦੇ ਸਮਾਜ ਵਿਚ ਮਨੁੱਖੀ ਰਿਸ਼ਤਿਆਂ ਵਿਚਲੀ ਭਾਵਨਾਤਮਕ ਸਾਂਝ ਨਾਲੋਂ ਸਹੂਲਤਾਂ ਅਤੇ ਬਾਹਰੀ ਦਿਖਾਵੇ ਦੇ ਭਾਰੂ ਹੋਣ ਵੱਲ ਇਸ਼ਾਰਾ ਕਰਦੀ ਹੈ ਜਿਸਤੋਂ ਬੌਧਿਕ ਖੇਤਰ ਨਾਲ ਜੁੜੇ ਵਿਅਕਤੀ ਵੀ ਪ੍ਰਭਾਵਿਤ ਹੋਣ ਤੋਂ ਨਹੀਂ ਬਚ ਸਕੇ।

**'ਹਦਬਸਤ ਨੰਬਰ 211'** ਕਹਾਣੀ ਦਾ ਵਿਸ਼ਾ ਜਗਤ ਕਾਫ਼ੀ ਵਿਸਤ੍ਰਿਤ ਹੈ। ਇਹ ਕਹਾਣੀ ਪੰਜਾਬ ਸੰਕਟ, ਖੇਤੀ ਸੰਕਟ, ਬੇਰੁਜ਼ਗਾਰੀ, ਸ਼ੋਸ਼ਣ, ਘਟੀਆ ਤੇ ਮੌਕਾਪ੍ਰਸਤ ਰਾਜਨੀਤੀ ਆਦਿ ਬਹੁਤ ਸਾਰੇ ਸਵਾਲਾਂ ਨੂੰ ਮੁਖ਼ਾਤਿਬ ਹੁੰਦੀ ਹੈ। ਲੇਕਿਨ ਇਨ੍ਹਾਂ ਸਾਰੇ ਸਵਾਲਾਂ ਦੇ ਦਰਮਿਆਨ ਇਕ ਵੱਡਾ ਪ੍ਰਸ਼ਨ ਸਾਰੀ ਕਹਾਣੀ ਦੇ ਆਰ-ਪਾਰ ਫੈਲਿਆ ਹੋਇਆ ਹੈ। ਇਹ ਪ੍ਰਸ਼ਨ ਮਨੁੱਖ ਦੀ ਹੋਂਦ ਦੁਆਲੇ ਫੈਲੇ ਸੰਕਟਾਂ ਅਤੇ ਜੀਣ ਦੇ ਸੰਘਰਸ਼ ਨਾਲ ਜੁੜਿਆ ਹੋਇਆ ਹੈ। ਇਹ ਕਹਾਣੀ ਦੱਸਦੀ ਹੈ ਕਿ ਜੀਣਾ ਮਨੁੱਖ ਦੀ ਫਿਤਰਤ ਹੈ ਲੇਕਿਨ ਇਹ ਇਸ ਵਿਚਾਰ ਉੱਪਰ ਰੁਕ ਨਹੀਂ ਜਾਂਦੀ। ਇਸ ਕਹਾਣੀ ਦਾ ਕੇਂਦਰੀ ਵਿਚਾਰ ਹੈ ਕਿ ਮਨੁੱਖ ਲਈ ਮਸਲਾ ਕੇਵਲ ਜੀਣ ਤੱਕ ਸੀਮਤ ਨਹੀਂ ਹੈ ਸਗੋਂ ਉਹ ਜੀਵਨ ਨੂੰ ਨਿਰੰਤਰ ਬਿਹਤਰ ਤੇ ਵਧੇਰੇ ਜੀਣਯੋਗ ਬਣਾਉਣ ਨੂੰ ਯਤਨਸ਼ੀਲ ਹੈ। ਕਹਾਣੀ ਦਾ ਮੁੱਖ ਪਾਤਰ ਜ਼ਿੰਦਗੀ ਦੇ ਹਰ ਖੇਤਰ ਵਿਚ ਤਕਰੀਬਨ ਹਾਰ ਜਾਣ ਦੇ ਬਾਵਜੂਦ ਵੀ ਹਾਰ ਨਹੀਂ ਮੰਨਦਾ। ਉਹ ਹਰ ਦਮ ਬਦ ਤੋਂ ਬਦਤਰ ਹੋ ਰਹੀ ਜ਼ਿੰਦਗੀ ਨੂੰ ਜੀਣਯੋਗ ਬਣਾਉਣ ਲਈ ਰਸਤੇ ਲੱਭਣ ਦੀ ਕੋਸ਼ਿਸ਼ ਕਰਦਾ ਨਜ਼ਰ ਆਉਂਦਾ ਹੈ। ਇਸ ਕਹਾਣੀ ਦੀ ਖ਼ੂਬਸੂਰਤੀ ਹੈ ਕਿ ਪਹਿਲਾਂ ਉਹ ਇਸ ਸੰਘਰਸ਼ ਨੂੰ ਕੇਵਲ ਨਿੱਜ ਤੱਕ ਸੀਮਤ ਰੱਖਦਾ ਹੈ ਲੇਕਿਨ ਅੰਤ ਤੱਕ ਜਾਂਦੇ-ਜਾਂਦੇ ਨਿੱਜ ਤੇ ਪਰ ਦਾ ਸੰਤੁਲਿਤ ਰਿਸ਼ਤਾ ਬਣਾ ਲੈਂਦਾ ਹੈ। ਇਸੇ ਲਈ ਕਹਾਣੀ ਦੇ ਅੰਤ ਵਿਚ ਉਹ ਸ਼ੋਸ਼ਣ ਦੇ ਪ੍ਰਤੀਕ/ਕਾਰਨ ਸ਼ਾਹੂਕਾਰ ਤੇ ਢਿੱਲੋਂ ਨੂੰ ਮਾਰ ਕੇ ਕਹਾਣੀ ਨੂੰ ਸੁਖਾਂਤਕ ਅੰਤ ਪ੍ਰਦਾਨ ਕਰ ਦਿੰਦਾ ਹੈ। ਲੇਕਿਨ ਦੇਖਣ ਵਾਲੀ ਗੱਲ ਹੈ ਕਿ ਉਸ ਦੁਆਰਾ ਇਹ ਕਦਮ ਚੁੱਕਣ ਦਾ ਆਧਾਰ ਖਾੜਕੂਆਂ ਦੀ ਵਿਚਾਰਧਾਰਾ ਵਿਚ ਪਿਆ ਹੈ। ਇਸੇ ਤੋਂ ਸੇਧ ਲੈ ਕੇ ਉਹ ਜ਼ੁਲਮ ਨਾਲ ਕਾਨੂੰਨੀ ਜਾਂ ਸਮਾਜਿਕ ਲੜਾਈ ਲੜਨ ਦੀ ਬਜਾਇ ਬਦਲਾ ਲਊ ਢੰਗ ਅਪਣਾਉਂਦਾ ਹੈ। ਇਸ ਲਈ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਉਸਦਾ ਮੁਕਤੀ ਦਾ ਸੰਕਲਪ ਚੁਪ-ਚੁਪੀਤੇ ਸ਼ਾਹ ਤੇ ਢਿੱਲੋਂ ਨੂੰ ਮਾਰਨ ਨਾਲ ਪੂਰਾ ਹੋ ਜਾਂਦਾ ਹੈ। ਇਸ ਤਰ੍ਹਾਂ ਕਹਾਣੀ ਜਿਹੜਾ ਰਸਤਾ ਸੁਝਾਉਂਦੀ ਹੈ, ਉਹ ਅਰਾਜਕਤਾ ਵੱਲ ਜਾਂਦਾ ਹੈ।

**'ਕੰਧ 'ਤੇ ਲੱਗੀ ਬਿੰਦੀ'** ਬਿਆਨੀਆ ਸ਼ੈਲੀ ਵਾਲੀ ਕਹਾਣੀ ਹੈ। ਇਹ ਕਹਾਣੀ ਸਪਾਟ ਢੰਗ ਨਾਲ ਅਮੀਰ/ਗਰੀਬ, ਦੇਸੀ/ਪ੍ਰਦੇਸੀ, ਪ੍ਰਭਾਵਸ਼ਾਲੀ/ਅਪ੍ਰਭਾਵਸ਼ਾਲੀ ਵਿਰੋਧੀ ਜੁੱਟਾਂ ਦੇ ਰਾਹੀਂ ਆਪਣੇ ਅਰਥ ਸਿਰਜਦੀ ਹੈ। ਕਹਾਣੀ ਦਾ ਵਿਸ਼ਾ ਬਹੁਤ ਪ੍ਰਭਾਵਸ਼ਾਲੀ ਹੈ। ਇਸ ਲਈ ਇਹ ਵਿਸ਼ਾ ਪ੍ਰਧਾਨ ਕਹਾਣੀ ਹੈ ਜਿਸ ਵਿਚ ਵਿਸ਼ੇ ਦੀ ਕਲਾਤਮਕ ਪੇਸ਼ਕਾਰੀ ਦਾ ਅਭਾਵ ਮਹਿਸੂਸ ਹੁੰਦਾ ਹੈ। ਇੰਨਾ ਹੀ ਨਹੀਂ ਕਹਾਣੀਕਾਰ

ਨੇ ਘਟਨਾ-ਕ੍ਰਮ ਦੀਆਂ ਬਰੀਕੀਆਂ ਵਿਚ ਜਾ ਕੇ ਬਿਰਤਾਂਤ ਸਿਰਜਣ ਦੀ ਬਜਾਇ ਵਿਸ਼ੇ ਨੂੰ ਇਕ ਪਰਤੀ ਢੰਗ ਨਾਲ ਪੇਸ਼ ਕੀਤਾ ਹੈ। ਉਦਾਹਰਨ ਕਹਾਣੀ ਵਿਚ ਕਿਤੇ ਵੀ ਕਾਮੇ ਬੁੱਧਵਾ ਦੇ ਉਸਦੇ ਮਾਲਕਾਂ ਨਾਲ ਇੰਨੀ ਗੂੜ੍ਹੀ ਭਾਵਨਾਤਮਕ ਸਾਂਝ ਦੇ ਕਾਰਨਾਂ ਵੱਲ ਵਿਸ਼ੇਸ਼ ਧਿਆਨ ਨਹੀਂ ਦਿਵਾਇਆ ਗਿਆ ਜਦੋਂਕਿ ਪੰਜਾਬ ਵਿਚ ਇਹ ਆਮ ਵਰਤਾਰਾ ਨਹੀਂ ਹੈ। ਇਸ ਦੇ ਨਾਲ ਹੀ ਬੁੱਧਵਾ ਦੇ ਬਿਮਾਰ ਹੋਣ ਦੇ ਕਾਰਨਾਂ ਉੱਪਰ ਕੋਈ ਚਾਨਣਾ ਨਹੀਂ ਪਾਇਆ ਗਿਆ ਕਿਉਂਕਿ ਇਸਤੋਂ ਪਹਿਲਾਂ ਉਸਨੂੰ ਸਿਹਤ ਪੱਖੋਂ ਤੰਦਰੁਸਤ ਤੇ ਦਰਸ਼ਨੀ ਜਵਾਨ ਦਰਸਾਇਆ ਗਿਆ ਹੈ। ਕਹਾਣੀ ਵਿਚ ਜੀ.ਬੀ.ਸਿੰਡਰੋਮ ਬਿਮਾਰੀ ਦੇ ਪੂਰਵ ਲੱਛਣਾਂ ਜਾਂ ਵਿਸ਼ੇਸ਼ ਲੱਛਣਾਂ ਬਾਰੇ ਵੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਇਸੇ ਤਰ੍ਹਾਂ ਕੀ ਬੁੱਧਵਾ ਦਾ ਇਲਾਜ਼ ਨਾ ਹੋਣ ਦਾ ਕਾਰਨ ਕੇਵਲ ਅਮੀਰੀ/ਗ਼ਰੀਬੀ ਸੀ ਜਾਂ ਇਸ ਵਿਚ ਅਣਗਹਿਲੀ ਤੇ ਬੇਸਮਝੀ ਦਾ ਵੀ ਯੋਗਦਾਨ ਸੀ? ਇਸ ਬਾਰੇ ਵੀ ਕਹਾਣੀ ਸਪੱਸ਼ਟ ਰੂਪ ਵਿਚ ਕੁਝ ਨਹੀਂ ਸੁਝਾਉਂਦੀ। ਹਸਪਤਾਲ ਵਿਚ ਵੀ ਮੌਤ ਦੇ ਘਟਨਾ-ਕ੍ਰਮ ਸਮੇਂ ਡਾਕਟਰ ਦਾ ਅਸਤੀਫਾ ਇਕ ਰਮਜ ਜ਼ਰੂਰ ਦਿੰਦਾ ਹੈ ਲੇਕਿਨ ਬਿਰਤਾਂਤਕ ਪੱਖ ਤੋਂ ਕੁਝ ਸਪੱਸ਼ਟ ਸਮਝ ਨਹੀਂ ਆਉਂਦਾ। ਸੰਖੇਪ ਵਿਚ ਵਿਸ਼ੇ ਦੇ ਪੱਖ ਤੋਂ ਕਹਾਣੀ ਵਿਚ ਨਵਾਂਪਣ ਜ਼ਰੂਰ ਹੈ ਲੇਕਿਨ ਫਿਰ ਕਿਹਾ ਜਾ ਸਕਦਾ ਹੈ ਕਿ ਕਹਾਣੀ ਵਿਚ ਬਿਰਤਾਂਤਕ ਖੱਪੇ ਵੱਡੀ ਪੱਧਰ 'ਤੇ ਮੌਜੂਦ ਹਨ।

ਮਨੁੱਖੀ ਰਿਸ਼ਤਿਆਂ ਦੇ ਸੰਦਰਭ ਵਿਚ **'ਲਾਲ ਸਵੈਟਰ'** ਕਹਾਣੀ ਕਾਫ਼ੀ ਭਾਵੁਕ ਤੇ ਆਦਰਸ਼ਮਈ ਕਹਾਣੀ ਹੈ। ਇਸ ਕਹਾਣੀ ਦੇ ਸਾਰੇ ਹੀ ਪਾਤਰ ਕਾਫ਼ੀ ਆਦਰਸ਼ਕ ਵਿਹਾਰ ਕਰਦੇ ਹਨ। ਉਹ ਮਨੁੱਖ ਦੀਆਂ ਸਾਰੀਆਂ ਨਿੱਜੀ ਬੁਰਾਈਆਂ ਤੋਂ ਉੱਪਰ ਉੱਠੇ ਪਾਤਰ ਹਨ। ਇਹ ਕਹਾਣੀ ਨੂੰ ਮੁੱਖ ਰੂਪ ਵਿਚ ਅਜਿਹੀ ਪਿਆਰ ਕਹਾਣੀ ਕਿਹਾ ਜਾ ਸਕਦਾ ਹੈ ਜਿਸ ਵਿਚ ਸਮਾਜਿਕ ਪਰਿਸਥਿਤੀਆਂ ਤੋਂ ਬਿਨਾਂ ਕੋਈ ਵੀ ਖਲਨਾਇਕ ਨਹੀਂ ਹੈ। ਇਹ ਕਹਾਣੀ ਲੋਕਾਂ ਦੀਆਂ ਚੰਗਿਆਈਆਂ ਵਿਚ ਵਿਸ਼ਵਾਸ਼ ਕਰਨਾ ਸਿਖਾਉਂਦੀ ਹੈ ਲੇਕਿਨ ਅਜਿਹਾ ਕੇਵਲ ਸਮਾਜਿਕ ਸੰਦਰਭ ਨਾਲੋਂ ਤੋੜ ਕੇ ਹੀ ਮੁਮਕਿਨ ਹੈ। ਇਸ ਲਈ ਪਾਤਰਾਂ ਦੇ ਚਲਨ ਉੱਪਰ ਕਿਸੇ ਪ੍ਰਕਾਰ ਦੀ ਸਮਾਜਕ ਪ੍ਰਤੀਕਿਰਿਆ ਕਹਾਣੀ ਦਾ ਹਿੱਸਾ ਨਹੀਂ ਬਣਦੀ। ਉਦਾਹਰਨ ਲਈ ਗੁਰਜੰਟ ਤੇ ਅਮਰ ਦਾ ਕੁਲਵਿੰਦਰ ਘਰੇ ਜਾਣਾ, ਇੰਨਾ ਸਮਾਂ ਗੁਰਜੰਟ ਦੁਆਰਾ ਕੁਲਵਿੰਦਰ ਦੀ ਕੋਈ ਖ਼ਬਰ ਨਾ ਲੈਣਾ, ਗੁਰਜੰਟ ਦੀ ਘਰਵਾਲੀ ਹਰਮੀਤ ਨੂੰ ਸਭ ਪਤਾ ਹੋਣ ਦੇ ਬਾਵਜੂਦ ਪਹਿਲਾ ਗੁਰਜੰਟ ਨਾਲ ਖ਼ੁਦ ਵਿਆਹ ਕਰਵਾਉਣਾ ਤੇ ਫਿਰ ਕੁਲਵਿੰਦਰ ਦੇ ਘਰ ਆਪਣੇ ਬੇਟੇ ਦੇ ਵਿਆਹ ਲਈ ਰਾਜ਼ੀ ਹੋਣਾ ਆਦਿ ਘਟਨਾਵਾਂ ਸਮਾਜਿਕ ਯਥਾਰਥ ਨਾਲੋਂ ਟੁੱਟੀਆਂ ਹੋਈਆਂ ਘਟਨਾਵਾਂ ਹਨ। ਸਮਾਜਿਕ ਯਥਾਰਥ ਤੋਂ ਟੁੱਟੇ ਹੋਣ ਕਾਰਨ ਹੀ ਜਾਤ ਦਾ ਸਵਾਲ ਪੈਦਾ ਹੋਣ ਦੇ ਬਾਵਜੂਦ ਵੀ ਕਹਾਣੀ ਇਸਦਾ ਆਦਰਸ਼ਕ ਲੱਭਦੀ ਹੈ। ਇਸ ਤਰ੍ਹਾਂ ਇਹ ਸਮਾਜਿਕ ਯਥਾਰਥ ਨਾਲੋਂ ਟੁੱਟੀ ਆਦਰਸ਼ਕ ਪ੍ਰੀਤ ਕਹਾਣੀ ਹੈ।

**- ਸਰਬਜੀਤ**, ਡਾ. ਰਵੀ ਖੋਜ ਸਕੂਲ

ਮੋ. 9478742476

**ਸੰਵਾਦ-4**

## ਸਮਕਾਲੀ ਪਰਸਥਿਤੀਆਂ ਦੀ ਪੇਸ਼ਕਾਰੀ ਕਰਦੀਆਂ ਕਹਾਣੀਆਂ

ਜਿਹੜੇ ਸਮਿਆਂ ਵਿਚ ਅਸੀਂ ਰਹਿ ਰਹੇ ਹਾਂ ਉਹ ਸਮਾਂ ਹਰ ਵੇਲੇ ਸਾਡੇ ਸਾਹਮਣੇ ਨਵੀਂ ਚੁਣੌਤੀ ਪੇਸ਼ ਕਰ ਰਿਹਾ ਹੈ। ਇਹ ਚੁਣੌਤੀਆਂ ਸਮਾਜ ਲਈ ਚਿੰਤਾ ਅਤੇ ਚਿੰਤਨ ਦੀ ਸਥਿਤੀ ਪੇਸ਼ ਕਰਦੀਆਂ ਹਨ। ਇਨ੍ਹਾਂ ਚੁਣੋਤੀਆਂ ਦਾ ਧੁਰਾ ਭਾਵੇਂ ਆਰਥਿਕਤਾ ਨਾਲ ਜੁੜਿਆ ਹੋਇਆ ਹੋਵੇ ਪਰ ਇਨ੍ਹਾਂ ਦਾ ਅਸਰ



ਸਾਡੇ ਰਾਜਨੀਤਕ, ਸਮਾਜਿਕ, ਮਾਨਸਿਕ ਅਤੇ ਧਾਰਮਿਕ ਮੁਆਮਲਿਆਂ ਉਤੇ ਵੀ ਪੈਂਦਾ ਹੈ। ਉੱਤਰ-ਆਧੁਨਿਕਤਾ ਦੇ ਇਸ ਦੌਰ ਵਿਚ ਜਦੋਂ ਮਨੁੱਖ ਨੂੰ ਬਜ਼ਾਰੂ ਚਕਾਚੌਂਧ ਰਾਹੀਂ ਭਰਮਾ ਅਤੇ ਭਟਕਾ ਕੇ ਰੱਖਣ ਦੇ ਸਾਧਨ ਦਿਨੋ ਦਿਨ ਵੱਧ ਰਹੇ ਹਨ ਤਾਂ ਅਜਿਹੇ ਵਕਤ ਵਿਚ ਸਾਹਿਤਕਾਰਾਂ ਦੀ ਭੂਮਿਕਾ ਬਹੁਤ ਅਹਿਮ ਪ੍ਰਤੀਤ ਹੋਣ ਲੱਗਦੀ ਹੈ। ਸਮਕਾਲੀ ਕਹਾਣੀ ਇਨ੍ਹਾਂ ਦਰਪੇਸ਼ ਮਸਲਿਆਂ ਨੂੰ ਕਿਸ ਤਰ੍ਹਾਂ ਨਜਿੱਠਦੀ ਹੈ? ਸਮਕਾਲ ਦੀਆਂ ਜਟਿਲ ਪਰਸਥਿਤੀਆਂ ਦੇ ਨਾਲ ਪੰਜਾਬੀ ਕਹਾਣੀ ਲੇਖਕ ਸਾਂਝ ਪਾਉਂਦਾ ਹੈ ਜਾਂ ਨਹੀਂ? ਇਨ੍ਹਾਂ ਕੁਝ ਸਵਾਲਾਂ ਨੂੰ ਪਿਛੋਕੜ ਵਿਚ ਰੱਖ ਕੇ ਮੈਂ **'ਪ੍ਰੇਤ-ਛਾਇਆ'**, **'ਚਾਂਦੀ ਦੇ ਕੜੇ ਵਾਲੀ ਬਾਂਹ'**, **'ਡਾਂਸ ਫਲੋਰ'** ਅਤੇ **'ਮੇਰੀ ਹਾਰ ਮੇਰੀ ਜਿੱਤ'** ਕਹਾਣੀਆਂ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ।

ਬਲਬੀਰ ਪਰਵਾਨਾ ਦੀ ਕਹਾਣੀ **'ਪ੍ਰੇਤ-ਛਾਇਆ'** ਪੰਜਾਬ ਸੂਬੇ ਵਿਚ ਆਈ ਖੜੋਤ ਦੀ ਪੇਸ਼ਕਾਰੀ ਕਰਦੀ ਹੈ। ਵਿਦਿਅਕ ਅਦਾਰਿਆਂ ਵਿਚ ਕੰਮ ਕਰਨ ਵਾਲੇ ਅਧਿਆਪਕ ਅਤੇ ਪ੍ਰੋਫੈਸਰ ਪੱਕਾ ਰੁਜ਼ਗਾਰ ਨਾ ਮਿਲਣ ਕਾਰਨ ਸੰਕਟ ਦੀ ਸਥਿਤੀ ਵਿਚ ਹਨ। ਇਹ ਕਹਾਣੀ ਉੱਚ-ਸਿੱਖਿਆ ਪ੍ਰਾਪਤ ਨੌਜਵਾਨਾਂ ਨੂੰ ਕੇਂਦਰ ਵਿਚ ਰੱਖ ਕੇ ਸਾਡੀ ਪੀੜ੍ਹੀ ਦੀ ਤ੍ਰਾਸਦੀ ਨੂੰ ਪੇਸ਼ ਕਰਦੀ ਹੈ। ਇਸਦਾ ਅਰਥ ਇਹ ਨਹੀ ਕਿ ਬਾਕੀ ਲੋਕਾਂ ਦੇ ਕੋਲ ਰੁਜ਼ਗਾਰ ਹੈ। ਮਸਲਾ ਇਹ ਹੈ ਕਿ ਉਚ-ਸਿਖਿਆ ਪ੍ਰਾਪਤ ਨੌਜਵਾਨਾਂ ਨੂੰ ਜੇਕਰ ਨੌਕਰੀ ਨਹੀਂ ਮਿਲ ਰਹੀ ਤਾਂ ਘੱਟ ਪੜ੍ਹੇ ਲਿਖੇ ਲੋਕਾਂ ਦੀ ਕੀ ਸਥਿਤੀ ਹੋਵੇਗੀ? ਸਹੀ ਵਕਤ ਦੇ ਉਤੇ ਰੁਜ਼ਗਾਰ ਨਾ ਮਿਲਣ ਦਾ ਅਸਰ ਵਿਅਕਤੀ ਦੀ ਆਰਥਿਕ ਸਥਿਤੀ ਦੇ ਨਾਲ-ਨਾਲ ਸਮਾਜਿਕ ਅਤੇ ਮਾਨਸਿਕ ਸਥਿਤੀ ਉਤੇ ਵੀ ਪੈਂਦਾ ਹੈ। 'ਪ੍ਰੇਤ-ਛਾਇਆ' ਕਹਾਣੀ ਦਾ ਮੁੱਖ ਪਾਤਰ ਪ੍ਰਸ਼ਾਂਤ ਇਸੇ ਸੰਕਟਮਈ ਹਾਲਤ ਦਾ ਸ਼ਿਕਾਰ ਹੈ।

ਸ਼ਿਲਪ ਦੀ ਦ੍ਰਿਸ਼ਟੀ ਤੋਂ **'ਪ੍ਰੇਤ-ਛਾਇਆ'** ਅਨਯ-ਪੁਰਖੀ ਬਿਰਤਾਂਤ ਸ਼ੈਲੀ ਵਿਚ ਰਚੀ ਗਈ ਕਹਾਣੀ ਹੈ। ਇਸ ਕਹਾਣੀ ਦਾ ਸਿਰਲੇਖ ਪ੍ਰੇਤ-ਛਾਇਆ ਕਿਉਂ ਹੈ? ਭਾਰਤੀ ਸੰਸਕ੍ਰਿਤੀ ਵਿਚ ਮਾਨਤਾ ਹੈ ਕਿ ਮੌਤ ਵੇਲੇ ਵਿਅਕਤੀ ਜੇਕਰ ਆਪਣੀ ਕਿਸੇ ਅਧੂਰੀ ਇੱਛਾ ਬਾਰੇ ਸੋਚਦਾ ਹੈ ਤਾਂ ਉਸਦੀ ਆਤਮਾ ਭਟਕਦੀ ਰਹਿੰਦੀ ਹੈ ਅਤੇ ਉਹ ਪ੍ਰੇਤ ਯੋਨੀ ਵਿਚ ਚਲਾ ਜਾਂਦਾ ਹੈ। ਇਥੇ ਕਹਾਣੀ ਦੀ ਅੜਾਉਣੀ ਹੈ। ਪ੍ਰੇਤ ਦਾ ਕਹਾਣੀ ਦੇ ਜਿਉਂਦੇ ਪਾਤਰਾਂ ਨਾਲ ਕੀ ਸੰਬੰਧ ਬਣਦਾ ਹੈ? ਇਥੋਂ ਹੀ ਕਥਾ ਵਿਚ ਜਗਿਆਸਾ ਉਪਜਦੀ ਹੈ। ਕਹਾਣੀ ਦੀ ਸ਼ੁਰੂਆਤ ਸਾਨੂੰ ਇਨ੍ਹਾਂ ਪ੍ਰੇਤਾਂ ਦੀ ਅਗਾਊਂ ਸੂਚਨਾ ਦੇਣ ਲੱਗਦੀ ਹੈ। ਸਕੂਟਰ ਦੇ ਟਾਇਰ ਦਾ ਪੈਂਚਰ ਹੋਣ ਤੇ ਮਕੈਨਿਕ ਨੂੰ ਘਰ ਨਾ ਸੱਦਣਾ, ਗੁਆਂਢੀ ਦਾ ਪ੍ਰੋਫੈਸਰ ਕਹਿ ਕੇ ਸੰਬੋਧਨ ਕਰਨਾ, ਕਹਾਣੀਕਾਰ ਦੁਆਰਾ ਪਾਠਕ ਨੂੰ ਸੂਚਿਤ ਕਰਨਾ ਕਿ ਉਹ ਸਵਾ ਲੱਖ ਵਾਲਾ ਨਹੀਂ ਦਸ-ਬਾਰਾਂ ਹਜ਼ਾਰ ਦੇ ਗੇੜ ਵਾਲਾ ਪ੍ਰੋਫੈਸਰ ਹੈ' ਆਦਿ ਸੂਚਨਾਵਾਂ ਅਪੂਰਤ ਕਾਮਨਾਵਾਂ ਵਾਲੇ ਪ੍ਰੇਤ ਹਨ। ਇਹ ਪ੍ਰੇਤ ਆਪਣੇ ਤੱਤ-ਗੁਣ ਵਾਂਗ ਬੰਦੇ ਨੂੰ ਭਟਕਾਉਂਦੇ ਰਹਿੰਦੇ ਹਨ। ਇਸ ਕਹਾਣੀ ਦੇ ਪਾਤਰ ਕਈ ਤਰ੍ਹਾਂ ਦੇ ਪ੍ਰੇਤਾਂ ਦੀ ਛਾਇਆ ਵਿਚ ਵਿਚਰਦੇ ਹਨ। ਇਹ ਪ੍ਰੇਤ ਸਾਡੇ ਸਮਾਜ ਦੀਆਂ ਥੁੜ੍ਹਾਂ ਹਨ। ਜਿਨ੍ਹਾਂ ਵਿਚ ਬੇਰੁਜ਼ਗਾਰੀ ਦੇ ਨਾਲ ਪੈਦਾ ਹੋਇਆ ਆਰਥਿਕਤਾ ਦਾ ਸੰਕਟ ਹੈ। ਇਹ ਪ੍ਰੇਤ ਆਪਣੇ ਨਾਲ ਕਈ ਤਰ੍ਹਾਂ ਦੀਆਂ ਅਲਾਮਤਾਂ ਲੈ ਕੇ ਆਉਂਦਾ ਹੈ। ਸੰਕਟਮਈ ਆਰਥਿਕ ਸਥਿਤੀ ਵਿਚ ਵਿਅਕਤੀ ਦੀ ਸਮਾਜਿਕ ਅਤੇ ਮਾਨਸਿਕ ਸਥਿਤੀ ਵੀ ਸੰਕਟ ਦਾ ਸ਼ਿਕਾਰ ਹੋ ਕੇ ਰਹਿ ਜਾਵੇਗੀ। ਜਿਵੇਂ ਇਸ ਕਹਾਣੀ ਵਿਚ ਇਹ ਪ੍ਰੇਤ-ਛਾਇਆ ਇਸਦੇ ਪਾਤਰਾਂ ਦੇ ਉਤੇ ਮੰਡਰਾਉਂਦੀ ਰਹਿੰਦੀ ਹੈ। ਪਿਤਰਕੀ ਸਮਾਜ ਦੇ ਵਿਚ ਮਰਦ ਔਰਤ ਨਾਲ ਧੱਕਾ ਕਰਦਾ ਆਇਆ ਹੈ ਪਰ ਆਧੁਨਿਕ ਸਮੇਂ ਵਿਚ ਇਹ ਸਥਿਤੀ ਉਲਟ ਹੋ ਜਾਂਦੀ ਹੈ। ਇਸ ਕਹਾਣੀ ਵਿਚ ਔਰਤ ਆਪਣੀ ਸੁਵਿਧਾ ਲਈ ਮਰਦ ਨੂੰ ਭੋਗਦੀ ਨਜ਼ਰ ਆਉਂਦੀ ਹੈ। ਕਹਾਣੀ ਵਿਚ ਇਹ ਬਿਰਤਾਂਤ ਪ੍ਰਸ਼ਾਂਤ ਅਤੇ ਮੋਨਿਕਾ ਦੇ ਰਿਸ਼ਤੇ ਰਾਹੀਂ ਪੇਸ਼ ਹੋਇਆ ਹੈ। ਮਰਦ ਔਰਤ ਦੀ ਆਪਸੀ ਖਿੱਚ ਅਤੇ ਉਸ ਉਤੇ ਪੂਰਨ

ਅਧਿਕਾਰ ਜਾਂ ਕਬਜ਼ੇ ਦੇ ਬਿੰਬ ਦੀ ਪੇਸ਼ਕਾਰੀ ਕਰਦਾ ਹੈ। ਪ੍ਰਸ਼ਾਂਤ ਅਤੇ ਮੋਨਿਕਾ ਦਾ ਰਿਸ਼ਤਾ ਅਜਿਹੀ ਹੀ ਭਟਕਣਾ ਵਿਚੋਂ ਬਿਨਸਦਾ ਅਤੇ ਵਿਗਸਦਾ ਹੈ। ਇਸ ਭਟਕਣਾ ਦੇ ਅਜ਼ਾਬ ਤੋਂ ਖਹਿੜਾ ਛੁਡਾਉਣ ਲਈ 'ਸੰਵਾਦ' ਸ਼ੁਰੂ ਹੁੰਦਾ ਹੈ। ਜਿੱਥੇ ਉਹ ਆਪਣੀ ਬੌਧਿਕ ਸਮਰੱਥਾ ਨੂੰ ਖਾਂਡਵ-ਦਾਹ ਅਤੇ ਮਾਓਵਾਦ ਵਰਗੇ ਵਰਤਾਰਿਆਂ ਨੂੰ ਸਮਝਦੇ ਹੋਣ ਦਾ ਅਹਿਸਾਸ ਕਰਵਾ ਕੇ ਯਥਾਰਥਕ ਸਮਸਿਆਵਾਂ ਤੋਂ ਖਹਿੜਾ ਛੁਡਾਉਣਾ ਚਾਹੁੰਦੇ ਹਨ। ਛੋਟੇ-ਛੋਟੇ ਪ੍ਰੇਤਾਂ ਤੋਂ ਬਚਾਅ ਦੇ ਚੱਕਰ ਵਿਚ ਉਹ ਚਿੰਤਨ ਦੇ ਵੱਡੇ ਪ੍ਰੇਤ ਨੂੰ ਪਿੱਛੇ ਲਾ ਲੈਂਦੇ ਹਨ। ਇਨ੍ਹਾਂ ਪ੍ਰੇਤਾਂ ਦੀ ਛਾਇਆ ਵਿਚੋਂ ਸਬੂਤੇ ਨਿਕਲਣ ਦਾ ਰਾਹ ਭਵਿੱਖ ਦੇ ਵਾਂਗ ਹੀ ਅਣਜਾਣਿਆ ਪਿਆ ਹੈ।

ਜਸਪਾਲ ਮਾਨਖੇੜਾ ਦੀ **'ਚਾਂਦੀ ਦੇ ਕੜੇ ਵਾਲੀ ਬਾਂਹ'** ਉਤਮ-ਪੁਰਖੀ ਸ਼ੈਲੀ ਵਿਚ ਲਿਖੀ ਗਈ ਹੈ। ਬਿਰਤਾਂਤਕਾਰ ਆਪਣੀ ਕਹਾਣੀ ਸਕਰੀਨ ਉਤੇ ਚਲਦੇ ਚਲ-ਚਿਤ੍ਰਾਂ ਵਾਂਗ ਬਿਆਨ ਕਰ ਰਿਹਾ ਹੈ। ਇਕ ਤੋਂ ਬਾਅਦ ਇਕ ਘਟਨਾਵਾਂ ਅੱਖਾਂ ਸਾਹਮਣੇ ਆਈ ਜਾਂਦੀਆਂ ਹਨ। ਬਿਰਤਾਂਤਕਾਰ ਇੰਨਾ ਕਾਹਲਾ ਕਿਉਂ ਹੈ? ਉਹ ਕੀ ਚਾਹੁੰਦਾ ਹੈ? ਉਸਦੇ ਸਾਰੇ ਕਾਰਜ ਤਾਂ ਪੂਰੇ ਹੋ ਚੁੱਕੇ ਹਨ। ਪਰ ਨਹੀਂ ਇਕ ਗੁੰਝਲ ਹੈ ਜੋ ਫਿਲਹਾਲ ਖੁੱਲ੍ਹਣੀ ਬਾਕੀ ਹੈ। ਇਹ ਗੁੰਝਲ ਹੀ ਕਹਾਣੀ ਨੂੰ ਕਹਾਣੀ ਬਣਾਉਂਦੀ ਹੈ। ਬਿਰਤਾਂਤਕਾਰ ਕਹਿੰਦਾ ਹੈ ਕਿ ਚਾਅ ਤਾਂ ਉਸਨੂੰ ਮਨਜੀਤ ਭਾਬੀ ਵਲੋਂ ਭਰੇ ਗਏ ਹਾਂ-ਪੱਖੀ ਹੁੰਘਾਰੇ ਦਾ ਹੈ। ਭਾਬੀ ਮਨਜੀਤ ਵਲੋਂ ਕੀਤੀ ਗਈ ਹਾਂ ਦਾ ਭੇਦ ਕਹਾਣੀ ਵਿਚ ਖੁੱਲ੍ਹਣਾ ਬਾਕੀ ਹੈ। ਜਦੋਂ ਕਹਾਣੀ ਅੱਗੇ ਤੁਰਦੀ ਹੈ ਤਾਂ ਪਤਾ ਚੱਲਦਾ ਹੈ ਕਿ ਬਿਰਤਾਂਤਕਾਰ ਤੇਜ ਸਿੰਘ ਦੀ ਇਹ ਮਨੋ-ਗੁੰਝਲ ਵੀਹ ਸਾਲ ਪੁਰਾਣੀ ਹੈ। ਵੀਹ ਸਾਲ ਪਹਿਲਾਂ ਜਦੋਂ ਮਨਜੀਤ ਵਿਆਹ ਕੇ ਉਨ੍ਹਾਂ ਦੇ ਗੁਆਂਢ ਵਿਚ ਆਈ ਸੀ। ਰਿਸ਼ਤੇ ਵਿਚ ਉਹ ਤੇਜ ਸਿੰਘ ਦੀ ਭਰਜਾਈ ਹੈ। ਹਿੰਦੂ ਮਿਥਿਹਾਸ ਵਿਚ ਦਿਉਰ-ਭਰਜਾਈ ਦੇ ਰਿਸ਼ਤੇ ਨੂੰ ਮਾਂ-ਪੁੱਤ (ਸੀਤਾ-ਲਛਮਣ) ਦੇ ਰੂਪ ਵਿਚ ਵਡਿਆਇਆ ਗਿਆ ਹੈ। ਪੰਜਾਬੀ ਸਭਿਆਚਾਰ ਵਿਚ ਪਤੀ ਦੀ ਮੌਤ ਹੋ ਜਾਣ ਪਿੱਛੋਂ ਉਸਦੇ ਛੋਟੇ ਭਰਾ ਨਾਲ ਪ੍ਰਣਾਏ ਜਾਣ ਦੇ ਵੇਰਵੇ ਵੀ ਪ੍ਰਾਪਤ ਹੁੰਦੇ ਹਨ। ਸਾਡੇ ਸਾਹਮਣੇ ਪ੍ਰਸਨ ਖੜਾ ਹੁੰਦਾ ਹੈ ਕਿ ਚਾਂਦੀ ਦੇ ਕੜੇ ਵਾਲੀ ਬਾਂਹ ਵਿਚ ਰਿਸ਼ਤਾ ਕੀ ਮੋੜ ਲਵੇਗਾ? ਕੀ ਕਹਾਣੀ ਵਿਚ ਪ੍ਰਕ੍ਰਿਤੀ ਅਤੇ ਸੰਸਕ੍ਰਿਤੀ ਦਾ ਦਵੰਦ ਪੈਦਾ ਹੋਵੇਗਾ? ਪ੍ਰਕ੍ਰਿਤਕ ਇੱਛਾ ਦਾ ਧੱਕਿਆ ਤੇਜ ਸਿੰਘ ਵੀਹ ਵਰ੍ਹੇ ਪਹਿਲਾਂ ਵੀ ਭਾਬੀ ਮਨਜੀਤ ਦੇ ਦਰ ਉਤੇ ਪਹੁੰਚ ਗਿਆ ਸੀ। ਉਸ ਸਮੇਂ ਮਨਜੀਤ ਦੀ ਚਾਂਦੀ ਦੇ ਕੜੇ ਅਤੇ ਚੂੜੇ ਵਾਲੀ ਬਾਂਹ ਦੀ ਹਰਕਤ ਨਜ਼ਰ ਆਉਂਦੀ ਹੈ ਅਤੇ ਉਸਦੇ ਨਾਲ ਹੀ ਉਸੇ ਚਿਹਰੇ ਦੀ ਲਾਲੀ ਵੀ ਦਿਸਦੀ ਹੈ। ਬਿਰਤਾਂਤਕਾਰ ਆਖਦਾ ਹੈ 'ਭਾਬੀ ਦੇ ਮੂੰਹ ਦੀ ਲਾਲੀ ਦੀ ਮੈਨੂੰ ਸਮਝ ਨਾ ਆਈ ਸੀ...ਇਹ ਮੈਨੂੰ ਸਾੜੇਗੀ ਜਾਂ ਨਿੱਘ ਦੇਵੇਗੀ...।' ਰੋਸ਼ਨੀ ਸਹੀ ਹੱਥਾਂ ਵਿਚ ਹੋਵੇ ਤਾਂ ਨਿਆਮਤ ਹੁੰਦੀ ਹੈ ਨਹੀਂ ਤਾਂ ਉਹੀ ਲੋਅ ਅੱਗ ਬਣਕੇ ਸਾੜ ਵੀ ਸਕਦੀ ਹੈ। ਇਸ ਬਿੰਦੂ ਉਤੇ ਕਹਾਣੀ ਦੀ ਜਟਿਲਤਾ ਹੈ। ਇਥੇ ਔਰਤ ਦੀ ਹੋਣੀ ਹੈ। ਇਥੇ ਪ੍ਰਕ੍ਰਿਤੀ ਅਤੇ ਸੰਸਕ੍ਰਿਤੀ ਦਾ ਦਵੰਦ ਹੈ। ਪ੍ਰਕ੍ਰਿਤਕ ਚਾਹਤ ਦੇ ਵੱਸ ਤੇਜ ਸਿੰਘ ਮਨਜੀਤ ਕੋਲ ਪਹੁੰਚ ਕੇ ਇੱਛਾ ਜ਼ਾਹਿਰ ਕਰ ਦਿੰਦਾ ਹੈ।

ਮਨਜੀਤ ਘਰ ਦੀ ਚੌਖਟ ਅੰਦਰ ਹੈ। ਘਰ ਸੰਸਕ੍ਰਿਤਕ ਵਰਤਾਰਾ ਹੈ। ਚਾਂਦੀ ਦਾ ਕੜਾ, ਚੂੜਾ ਅਤੇ ਸੋਨੇ ਦਾ ਕਲਿੱਪ ਸੰਸਕ੍ਰਿਤਕ ਮਰਿਆਦਾ ਅੰਦਰ ਔਰਤ ਧਰਮ ਦਾ ਚਿੰਨ੍ਹ ਬਣ ਕੇ ਪੇਸ਼ ਹੁੰਦੇ ਹਨ। ਮਨਜੀਤ ਉਨ੍ਹਾਂ ਦੀ ਰੱਖਿਆ ਕਰਦੀ ਪ੍ਰਕ੍ਰਿਤਕ ਵੇਗ ਨੂੰ ਬੰਨ੍ਹ ਮਾਰ ਦਿੰਦੀ ਹੈ। ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਦੇ ਦਰਪੇਸ਼ ਮਨਜੀਤ ਭਾਬੀ ਗ੍ਰਹਿਸਥ ਜੀਵਨ ਨੂੰ ਤੋਰੀ ਰੱਖਦੀ ਹੈ। ਨਸ਼ੇ ਅਤੇ ਬੇਰੁਜ਼ਗਾਰੀ ਦੀ ਮਾਰ ਹੇਠ ਇਹ ਕਹਾਣੀ ਪੰਜਾਬੀ ਨੌਜਵਾਨਾਂ ਵਿਚ ਵਿਦੇਸ਼ ਜਾਣ ਦੀ ਲੱਗੀ ਦੌੜ ਵੱਲ ਵੀ ਇਸ਼ਾਰਾ ਕਰਦੀ ਹੈ। ਤੇਜ ਸਿੰਘ ਦੇ ਬਾਹਰ ਚਲੇ ਜਾਣ ਅਤੇ ਫਿਰ ਪੰਜਾਬ ਵਿਚੋਂ ਜ਼ਮੀਨ ਵੇਚ-ਵੱਟ ਕੇ ਬਾਹਰ ਜਾ ਵੱਸਣ ਕਾਰਨ



ਉਸਦਾ ਰੁਤਬਾ ਪਿੰਡ ਦੇ ਲੋਕਾਂ ਵਿਚ ਚੰਗਾ ਸੀ। ਮਨਜੀਤ ਆਪਣੇ ਪਰਿਵਾਰ ਦੀ ਆਰਥਿਕ ਸਥਿਤੀ ਹੱਥੋਂ ਮਜ਼ਬੂਰ ਬਿਰਤਾਂਤਕਾਰ ਨੂੰ ਮਦਦ ਦੀ ਗੁਹਾਰ ਲਾਉਂਦੀ ਹੈ। ਤੇਜ ਸਿੰਘ ਦੀ ਵੀਹ ਸਾਲ ਪੁਰਾਣੀ ਇੱਛਾ ਮੁੜ ਜਾਗਦੀ ਹੈ। ਉਹ ਮਨਜੀਤ ਭਾਬੀ ਦਾ ਕੰਮ ਕਰਵਾਉਣ ਬਦਲੇ ਉਹੀ ਇੱਛਾ ਜ਼ਾਹਿਰ ਕਰਦਾ ਹੈ। ਭਾਬੀ ਮਨਜੀਤ ਦੇ ਚਿਹਰੇ ਦੀ ਲਾਲੀ ਨੂੰ ਉਹ ਹਾਂ ਪੱਖੀ ਹੁੰਘਾਰਾ ਸਮਝਦਾ ਹੋਇਆ ਖੁਸ਼ੀ ਵਿਚ ਖੀਵਾ ਹੁੰਦਾ ਹੈ। ਕਹਾਣੀ ਦੇ ਇਸ ਮੋੜ 'ਤੇ ਮਨਜੀਤ ਦੇ ਮੂੰਹ ਦੀ ਲਾਲੀ ਨਾਲ 'ਮਿੱਟੀ' ਦਾ ਬਿੰਬ ਵੀ ਜੁੜ ਗਿਆ ਹੈ। ਮਨਜੀਤ ਮਿੱਟੀ ਹੋਈ ਬੈਠੀ ਸੀ। ਮਿੱਟੀ ਕੀ ਹੈ? ਮਿੱਟੀ ਅਣਘੜਤ ਪਦਾਰਥ ਹੈ। ਜਿਸ ਨੂੰ ਕਿਸੇ ਵੀ ਸਾਂਚੇ ਵਿਚ ਢਾਲਿਆ ਜਾ ਸਕਦਾ ਹੈ। ਅਸੀਂ ਇਹ ਦੇਖਣਾ ਹੈ ਕਿ ਮਨਜੀਤ ਨਾਂ ਦੀ ਮਿੱਟੀ ਪ੍ਰਕ੍ਰਿਤਕ ਜਾਂ ਸੰਸਕ੍ਰਿਤਕ ਕਿਹੜੇ ਢਾਂਚੇ ਵਿਚ ਢਲੇਗੀ? ਇਸਦੇ ਲਈ ਪਾਠਕ ਨੂੰ ਬਹੁਤਾ ਇੰਤਜ਼ਾਰ ਨਹੀਂ ਕਰਨਾ ਪੈਂਦਾ। ਤੇਜ ਸਿੰਘ, ਮਨਜੀਤ ਦੇ ਚਿਹਰੇ ਦੀ ਲਾਲੀ ਦੀ ਤਪਸ਼ ਨੂੰ ਗੱਗੀ ਨੂੰ ਪੈਂਦੀ ਮਾਰ ਰਾਹੀਂ ਮਹਿਸੂਸ ਕਰਦਾ ਹੈ। ਜਦੋਂ ਸੰਸਕ੍ਰਿਤਕ ਦਰਾਂ ਵਿਚ ਖੜੀ ਮਨਜੀਤ ਆਪਣੀ ਹੋਂਦ ਦੀ ਰੱਖਿਆ ਕਰਦੀ ਹੋਈ ਚਾਂਦੀ ਦੇ ਕੜੇ ਵਾਲੀ ਮਜ਼ਬੂਤ ਬਾਂਹ ਨਾਲ ਮਰਦ ਦੀ ਪ੍ਰਕ੍ਰਿਤੀ ਨੂੰ ਜਵਾਬ ਦਿੰਦੀ ਹੈ।

ਦੀਪਤੀ ਬਬੂਟਾ ਦੀ ਕਹਾਣੀ **'ਡਾਂਸ ਫਲੋਰ'** ਵਿਆਹਾਂ ਵਿਚ ਨੱਚ ਕੇ ਲੋਕਾਂ ਦਾ ਮੰਨੋਰੰਜਨ ਕਰਨ ਵਾਲੀਆਂ ਕੁੜੀਆਂ ਦੇ ਜੀਵਨ ਦੀ ਤ੍ਰਾਸਦਿਕ ਸਥਿਤੀਆਂ ਨੂੰ ਪੇਸ਼ ਕਰਦੀ ਹੈ। ਇਹ ਕਹਾਣੀ ਰੁਜ਼ਗਾਰ ਦੀ ਖਾਤਿਰ ਹੁੰਦੇ ਸ਼ੋਸ਼ਣ ਦੀ ਬਾਤ ਪਾਉਂਦੀ ਹੈ। ਇਸ ਕਹਾਣੀ ਦੀਆਂ ਪਾਤਰ ਨੱਚਣ ਵਾਲੀਆਂ ਔਰਤਾਂ ਵੱਖ-ਵੱਖ ਪਿਛੋਕੜ ਨਾਲ ਸੰਬੰਧਿਤ ਹਨ। ਇਸ ਵਿਚ ਪੇਸ਼ ਹੋਏ ਹਰ ਪਾਤਰ ਦੀ ਆਪਣੀ ਕਹਾਣੀ ਹੈ। ਕੁਝ ਆਪਣੀ ਪਰਿਵਾਰਕ ਮਜ਼ਬੂਰੀ ਕਾਰਨ ਅਤੇ ਕੁਝ ਸ਼ੌਕ ਦੀ ਪੂਰਤੀ ਲਈ ਇਹ ਕੰਮ ਕਰਨ ਲਈ ਮਜ਼ਬੂਰ ਹਨ। ਹਰ ਵਿਅਕਤੀ ਮੁਸੀਬਤਾਂ ਦਾ ਝੰਬਿਆ ਰੋਜ਼ੀ-ਰੋਟੀ ਦੇ ਜੰਜਾਲ ਵਿਚ ਪਿਆ ਹੈ। ਇਸ ਕਹਾਣੀ ਦੇ ਨਾਂ ਅਨੁਸਾਰ ਜ਼ਿੰਦਗੀ ਵੀ ਇਕ ਡਾਂਸ ਫਲੋਰ ਹੈ। ਜਿਸ ਉਤੇ ਹਰੇਕ ਵਿਅਕਤੀ ਆਪਣੇ ਹਿੱਸੇ ਦਾ ਨਾਚ ਕਰ ਜਾਂ ਕਰਵਾ ਰਿਹਾ ਹੈ। ਜ਼ਿੰਦਗੀ ਦੇ ਡਾਂਸ ਫਲੋਰ ਵਾਂਗ ਇਹ ਡਾਂਸ ਫਲੋਰ ਵੀ ਸਭ ਲਈ ਇਕੋ ਜਿਹਾ ਨਹੀਂ ਹੈ। ਡਾਂਸ ਦੀਆਂ ਵੀ ਕਿਸਮਾਂ ਹਨ। ਸਭਿਅਕ ਅਤੇ ਅਸਭਿਅਕ। ਸਭਿਅਕ ਅਤੇ ਅਸੱਭਿਅਕ ਦਾ ਪਾੜਾ ਹੀ ਵਿਆਹਾਂ ਵਿਚ ਨੱਚਣ ਵਾਲੀਆਂ ਔਰਤਾਂ ਨੂੰ ਅਸਭਿਅਕ ਅਤੇ ਅਸ਼ਲੀਲ ਬਣਾ ਦਿੰਦਾ ਹੈ। ਨਾਚ ਨਚਾਉਣ ਵਾਲਾ ਮਰਦ ਸੰਸਕ੍ਰਿਤੀ ਅਤੇ ਸੱਭਿਆਚਾਰ ਦੀਆਂ ਸਫਾਂ ਵਿਚ ਸਭਿਅਕ ਹੈ ਪਰ ਨੱਚਣ ਵਾਲੀਆਂ ਔਰਤਾਂ ਅਸੱਭਿਅਕ ਹਨ। ਵਿਆਹਾਂ ਵਿਚ ਨੱਚ ਕੇ ਲੋਕਾਂ ਦਾ ਮੰਨੋਰੰਜਨ ਕਰਕੇ ਰੋਟੀ ਕਮਾਉਣ ਵਾਲੀਆਂ ਔਰਤਾਂ ਅਸੱਭਿਅਕ ਹਨ ਪਰ ਡਾਂਸ ਦੇ ਮੁਕਾਬਲੇ ਵਿਚ ਡਾਂਸ ਸਿੱਖਣ/ਸਿਖਾਉਣ ਵਾਲੇ ਲੋਕ ਸੱਭਿਅਕ ਹਨ। ਇਹ ਕਹਾਣੀ ਪਰਤ ਦਰ ਪਰਤ ਇਸ ਸ਼ੋਸ਼ਣ ਨੂੰ ਉਘਾੜਦੀ ਹੈ। ਇਸਦਾ ਇਕ ਪੱਖ ਹੋਰ ਵੀ ਹੈ ਕਿਉਂਕਿ ਇਸ ਫ਼ਰਕ ਸਿਰਫ ਮਰਦ ਹੀ ਨਹੀਂ ਔਰਤ ਵੀ ਪਾਉਂਦੀ ਹੈ। ਇਸਨੂੰ ਅਸੀਂ ਬਾਊ ਅਸ਼ੋਕ ਦੀ ਪਤਨੀ ਸੀਮਾ ਦੇ ਵਿਹਾਰ ਰਾਹੀਂ ਦੇਖ ਸਕਦੇ ਹਾਂ :

ਬਜਾਏ ਉਸ ਦੇ ਦਿਲ 'ਤੇ ਮਰ੍ਹਮ ਲਗਾਉਣ ਦੇ ਸੀਮਾ ਆਪਣਾ ਰਾਗ ਅਲਾਪਣ ਲੱਗ ਪਈ, "ਸਵੇਰ ਨਾਲ ਹੋ ਗਿਆ ਸ਼ੁਰੂ ਕੰਜਰਖਾਨਾ। ਆਹ ਲੱਛਣ ਘਰ 'ਚ ਨਹੀਂ ਚੱਲਣ ਦੇਣੇ ਮੈਂ, ਭਾਵੇਂ ਕੁਝ ਵੀ ਹੋ ਜੇ। ਮੈਂ ਕਿਹਾ ਸੁਣਿਆ ਜੇ, ਆਹ ਵੇਖ ਲੋ ਹੁਣ ਜਿਹੜਾ ਕਾਰਾ ਹੋਇਐ। ਲੈ ਜੋ ਇਹਨੂੰ ਵੀ ਉੱਧਰ, ਤੇ ਛੱਤ ਦਿਉ ਗਡਾਊਨ 'ਚ ਇਕ ਹੋਰ ਕੋਠਾ।" ਸੀਮਾ ਨੂੰ ਬੋਲਦੀ ਵੇਖ ਸੁਨੀਲ ਚੱਲਦਾ ਬਣਿਆ।

ਇਸ ਤੋਂ ਬਾਅਦ ਇਹ ਅੰਤਰ ਤਿੱਖੇ ਰੂਪ ਵਿਚ ਉਸ ਵੇਲੇ ਉਭਰਦਾ ਹੈ ਜਦੋਂ ਰੋਸ਼ਨੀ ਦੇ ਘਰ ਵਸਾਉਣ ਦੇ ਸੁਪਨੇ ਨੂੰ ਸੱਸ ਅਤੇ ਸਹੁਰੇ ਪਰਿਵਾਰ ਵਲੋਂ ਤੋੜਿਆ ਜਾਂਦਾ ਹੈ। ਸਾਡਾ ਸਮਾਜ ਇਨ੍ਹਾਂ ਔਰਤਾਂ ਲਈ

ਜੀਵਨ ਦੁਸ਼ਵਾਰ ਕਰ ਦਿੰਦਾ ਹੈ ਅਤੇ ਇਨ੍ਹਾਂ ਦੇ ਮੁੜ ਵਸੇਬੇ ਦੇ ਕੋਈ ਯਤਨ ਨਹੀਂ ਕੀਤੇ ਜਾਂਦੇ। ਇਹ ਡਾਂਸ ਫਲੋਰ ਕਦੇ ਖਾਲੀ ਨਹੀਂ ਹੁੰਦਾ। ਰੋਸ਼ਨੀ ਇਸਦੇ ਹਨੇਰੇ ਤੋਂ ਬਚਣ ਦੀ ਕੋਸ਼ਿਸ਼ ਕਰਦੀ ਹੈ ਪਰ ਉਸਦੀ ਬੇਟੀ ਡਾਂਸ ਫਲੋਰ ਦੀ ਨਵੀਂ ਰੋਸ਼ਨੀ ਬਣਨ ਲਈ ਤਿਆਰ ਖੜੀ ਹੈ।

**'ਮੇਰੀ ਹਾਰ ਮੇਰੀ ਜਿੱਤ'** ਔਰਤ ਅਸਤਿਤਵ ਦੇ ਮਸਲੇ ਦੀ ਕਹਾਣੀ ਹੈ। ਇਹ ਕਥਾ ਔਰਤ ਦੀ ਹੋਂਦ ਨਾਲ ਜੁੜੇ ਕਈ ਪ੍ਰਸ਼ਨ ਸਾਡੇ ਸਾਹਮਣੇ ਉਘਾੜਦੀ ਹੈ। ਇਹ ਕਹਾਣੀ ਅਨਯ-ਪੁਰਖੀ ਬਿਰਤਾਂਤ ਸ਼ੈਲੀ ਵਿਚ ਲਿਖੀ ਗਈ ਹੈ। ਸਿਮੋਨ ਬੁਵਾ ਦੇ ਪ੍ਰਸਿੱਧ ਕਥਨ ਅਨੁਸਾਰ ਔਰਤ 'ਬਣਾਈ' ਜਾਂਦੀ ਹੈ। ਇਸ ਬਣਤਰ ਦੀ ਪ੍ਰਕ੍ਰਿਆ ਵਿਚ ਔਰਤ ਨੂੰ ਨਿਮਰ, ਸੁਘੜ, ਸਾਊ, ਪਤੀਵ੍ਰਤਾ ਅਤੇ ਮਮਤਾ ਦੀ ਮੂਰਤ ਗਰਦਾਨ ਦਿੱਤਾ ਜਾਂਦਾ ਹੈ। ਇਹ ਬਣਤਰ ਉਸ ਵਿਚੋਂ ਆਪਣੇ ਹੋਣੇ ਨੂੰ ਮਨਫੀ ਕਰ ਦਿੰਦੀ ਹੈ। ਇਸ ਵਿਚ ਉਸਦੀਆਂ ਆਪਣੀਆਂ ਇੱਛਾਵਾਂ ਦੀ ਕੋਈ ਹੋਂਦ ਨਹੀਂ ਰਹਿ ਜਾਂਦੀ। ਸਾਰੀਆਂ ਖੁਸ਼ੀਆਂ ਵਾਇਆ ਪਤੀ ਅਤੇ ਪਰਿਵਾਰ ਹੀ ਉਸ ਤੱਕ ਆਉਂਦੀਆਂ ਹਨ। **'ਮੇਰੀ ਹਾਰ ਮੇਰੀ ਜਿੱਤ'** ਦੀ ਮੁੱਖ ਪਾਤਰ ਸਿਮੋਨ ਵਾਂਗ ਸਾਡੇ ਸਮਾਜ ਦੀਆਂ ਔਰਤਾਂ ਆਪਣਾ ਸਾਰਾ ਕੁਝ ਦੂਜਿਆਂ ਦੀ ਖੁਸ਼ੀ ਲਈ ਹੀ ਕੁਰਬਾਨ ਕਰ ਦਿੰਦੀਆਂ ਹਨ। ਜਦੋਂ ਵਾਰੀ ਉਨਾਂ ਦੀ ਸੇਵਾ ਦੀ ਆਉਂਦੀ ਹੈ ਤਾਂ ਸਭ ਆਪੋ ਆਪਣੇ ਕੰਮਾਂ ਵਿਚ ਰੁਝੇ ਹੁੰਦੇ ਹਨ। ਸਿਮੋਨ ਆਪਣੀ ਨੂੰਹ ਨੂੰ ਘਰ ਜਲਦੀ ਆਉਣ ਲਈ ਆਖਦੀ ਹੈ ਤਾਂ ਉਹ ਉਸਨੂੰ ਜਵਾਬ ਦਿੰਦੀ ਹੈ, "ਨੋ, ਤੁਸੀਂ ਮੇਰੀ ਮਾਂ ਥੋੜਾ ਨਾ ਹੋ, ਕਰਨ ਦੀ ਮਾਂ ਹੋ। ਉਸਨੂੰ ਖਿਆਲ ਰੱਖਣਾ ਚਾਹੀਦਾ ਤੁਹਾਡਾ।" ਦੀ ਨੂੰਹ ਕਹਾਣੀ ਦੇ ਸ਼ੁਰੂਆਤੀ ਬਿੰਬ ਬਿਮਾਰੀ ਅਤੇ ਹਸਪਤਾਲ ਸਿਮੋਨ ਦੀ ਜ਼ਿੰਦਗੀ ਵਿਚ ਪਸਰੀ ਨਕਾਰਾਤਮਕਤਾ ਨੂੰ ਅਗਾਊਂ ਹੀ ਬਿਆਨ ਕਰ ਦਿੰਦੇ ਹਨ। ਸਿਮੋਨ ਨੇ ਆਪਣਾ ਸਾਰਾ ਕੁਝ ਕੁਰਬਾਨ ਕੀਤਾ ਆਪਣੀ ਬਿਮਾਰੀ ਵੇਲੇ ਵੀ ਉਹ ਇਕੱਲੀ ਹੀ ਲੜ ਰਹੀ ਹੈ। ਉਸ ਸਮੇਂ ਉਸ ਦੇ ਅਸਤਿਤਵ ਵਿਚ ਗੁੰਝਲ ਪੈਦਾ ਹੁੰਦੀ ਹੈ। ਜਿਹੜੀ ਕਹਾਣੀ ਦੀ ਗੁੰਝਲ ਵੀ ਸਾਬਿਤ ਹੁੰਦੀ ਹੈ। ਇਸ ਮੋੜ ਉਤੇ ਖੜ ਕੇ ਸਿਮੋਨ ਨੂੰ ਆਪਣਾ ਭਵਿੱਖ ਧੁੰਦਲਾ ਨਜ਼ਰ ਆਉਂਦਾ ਹੈ। ਪਿੱਛੇ ਮੁੜਨ ਦਾ ਹੁਣ ਸਮਾਂ ਨਹੀਂ ਹੈ। ਪਾਠਕ ਸੋਚਣ ਲਈ ਮਜ਼ਬੂਰ ਹੁੰਦਾ ਹੈ ਕਿ ਹੁਣ ਕੀ ਹੋਵੇਗਾ? ਬੰਦੇ ਦਾ ਜੀਵਨ ਇਸ ਮੋੜ ਉਤੇ ਆ ਕੇ ਠਹਿਰ ਜਾਂਦਾ ਹੈ। ਇਸ ਪੜਾਅ ਉਤੇ ਕੋਈ ਫੈਸਲਾ ਲੈਣਾ ਜ਼ਰੂਰੀ ਹੋ ਜਾਂਦਾ ਹੈ। ਸਿਮੋਨ ਆਪਣੀ ਜ਼ਿੰਦਗੀ ਨੂੰ ਆਪਣੀ ਖੁਸ਼ੀ ਲਈ ਮੁੜ ਜਿਊਣ ਦੇ ਵਸੀਲੇ ਦੇ ਲੜ ਲੱਗਦੀ ਹੈ। ਆਪਣੀ ਹੋਂਦ ਨੂੰ ਬਚਾਉਣ ਦੇ ਲਈ ਉਸਨੂੰ ਖੁਦ ਲਈ ਸੋਚਣ ਬਾਰੇ ਮਜਬੂਰ ਹੋਣਾ ਪੈਂਦਾ ਹੈ। ਇਸ ਮੋੜ ਉਤੇ ਉਹ ਖੁਦ ਬਾਰੇ ਸੋਚਦੀ ਹੈ। ਅਜਿਹੇ ਵੇਲੇ ਹੀ ਉਸ ਨੂੰ ਖਿੜਕੀ ਵਿਚੋਂ ਕਿਰਨਾਂ ਨਜ਼ਰ ਆਉਂਦੀਆਂ ਹਨ। ਉਸਨੂੰ ਆਪਣੀ ਬਿਮਾਰੀ ਦਾ ਅਹਿਸਾਸ ਵੀ ਨਹੀਂ ਰਹਿੰਦਾ। ਉਸ ਵੇਲੇ ਉਸਨੂੰ ਅਹਿਸਾਸ ਹੁੰਦਾ ਹੈ ਕਿ ਜਿੱਤ ਵੀ ਮੇਰੀ ਹੀ ਹੈ ਅਤੇ ਹਾਰ ਵੀ ਮੇਰੀ ਹੀ ਹੈ।

ਇਹ ਕਹਾਣੀਆਂ ਸਮਕਾਲ ਦੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਕਲਤਾਮਕ ਅਤੇ ਰੋਮਾਂਚਕ ਤਰੀਕੇ ਨਾਲ ਕਰਦੀਆਂ ਹਨ। ਰੁਜ਼ਗਾਰ ਤੋਂ ਲੈ ਕੇ ਮਨੁੱਖ ਦੇ ਖੰਡਿਤ ਹੋ ਰਹੇ ਅਸਤਿਤਵ ਦੇ ਮਸਲੇ ਇਨ੍ਹਾਂ ਕਹਾਣੀਆਂ ਦਾ ਹਿੱਸਾ ਬਣਦੇ ਹਨ। ਘੋਰ ਨਿਰਾਸ਼ਾ ਦੇ ਸਮਿਆਂ ਵਿਚ ਵੀ ਇਹ ਸਾਨੂੰ ਜੀਣ ਦੀ ਆਸ਼ਾ ਪ੍ਰਦਾਨ ਕਰਦੀਆਂ ਹਨ। ਇਨ੍ਹਾਂ ਦੇ ਰਾਹੀਂ ਅਸੀਂ ਸਾਡੇ ਸਮਿਆਂ ਦੇ ਪਾਤਰਾਂ ਨੂੰ ਸਮਝਣ ਦੇ ਸਮਰੱਥ ਹੋ ਸਕਦੇ ਹਾਂ।

**- ਸੋਹਜ ਦੀਪ**, ਡਾ. ਰਵੀ ਖੋਜ ਸਕੂਲ
98724-27960




# ਮੇਰਾ ਸਟੱਡੀ ਟੇਬਲ/ -ਭਗਵੰਤ ਰਸੂਲਪੁਰੀ

## ਨਿਰੁਪਮਾ ਦੱਤ ਨੇ ਪਾਈ 'ਬੰਤ ਸਿੰਘ ਦੀ ਬਾਤ'




ਨਿਰੁਪਮਾ ਅੰਗਰੇਜ਼ੀ ਵਿਚ ਲਿਖਣ ਵਾਲੀ ਬੜੀ ਸੁਲਝੀ ਹੋਈ ਲੇਖਕਾਂ ਏ। ਉਸ ਨੇ ਆਪਣੇ ਸਮੇਂ ਵਿਚ ਕਵਿਤਾ ਵੀ ਬਹੁਤ ਪਤੈ ਦੀ ਲਿਖੀ ਏ। ਉਹ ਦਲਿਤ ਲੇਖਕਾਂ ਤੇ ਐਕਟਵਿਸਟ ਨੂੰ ਬਹੁਤ ਮੁਹੱਬਤ ਕਰਦੀ ਏ। ਚਾਹੇ ਲਾਲ ਸਿੰਘ ਦਿਲ ਹੋਵੇ ਜਾਂ ਜ਼ੁਲਮ ਵਿਰੁੱਧ ਆਵਾਜ਼ ਉਠਾਉਣ ਵਾਲਾ ਬੰਤ ਸਿੰਘ। ਉਸ ਨੇ ਪੰਜਾਬੀ ਕਹਾਣੀਆਂ ਨੂੰ ਅੰਗਰੇਜ਼ੀ ਵਿਚ ਅਨੁਵਾਦ ਕਰਕੇ ਕਿਤਾਬੀ ਰੂਪ ਵੀ ਦਿੱਤਾ ਅਤੇ ਲਾਲ ਸਿੰਘ ਦਿਲ ਤੇ ਇਕ ਕਿਤਾਬ ਵੀ ਅੰਗਰੇਜ਼ੀ ਪਾਠਕਾਂ ਨੂੰ ਤਿਆਰ ਕਰਕੇ ਦਿੱਤੀ। ਹੱਥਲੀ ਪੁਸਤਕ ਬੰਤ ਸਿੰਘ ਦੀ ਜੀਵਨੀ ਉਸ ਨੇ ਅੰਗਰੇਜ਼ੀ ਵਿਚ ਲਿਖੀ। ਬੰਤ ਸਿੰਘ ਉਹ ਇਨਸਾਨ ਹੈ ਜਿਸ ਨੇ ਜ਼ੁਲਮ ਵਿਰੁੱਧ ਅਵਾਜ਼ ਉਠਾਉਂਦਿਆਂ ਆਪਣੇ ਹੱਥ-ਪੈਰ ਗੁਵਾ ਲਏ ਪਰ ਉਹ ਜ਼ਾਲਮਾਂ ਵਿਰੁੱਧ ਡਟਿਆ ਰਿਹਾ। ਨਿਰੁਪਮਾ ਨੇ ਉਸੇ ਬੰਤ ਸਿੰਘ ਦੀ ਬਾਤ ਪਾਈ ਹੈ ਇਸ ਪੁਸਤਕ ਵਿਚ। ਪੰਜਾਬ ਦਾ ਉਹ ਦਲੇਰ ਬੰਦਾ ਜਿਹੜਾ ਆਪਣੀ ਧੀ ਦੇ ਸਮੂਹਿਕ ਬਲਾਤਕਾਰ ਵਿਰੁੱਧ ਜਦੋਂ ਖੜਾ ਹੋਇਆ ਤਾਂ ਜੱਟਾਂ ਦੇ ਮੁੰਡਿਆ ਨੇ ਉਹਦੀਆਂ ਲੱਤਾਂ ਤੋੜ ਦਿੱਤੀਆਂ। ਜਦੋਂ ਬੰਤ ਦੇ ਹੱਥ ਜ਼ਾਲਮਾਂ ਦੀ ਧੌਣ ਨੂੰ ਪਏ ਤਾਂ ਉਨ੍ਹਾਂ ਉਹਦੇ ਹੱਥ ਤੋੜ ਦਿੱਤੇ। ਪਰ ਉਹ ਅਜੇ ਤੱਕ ਲੜ ਰਿਹਾ ਹੈ। ਇਸੇ ਲੂ ਕੰਡੇ ਖੜੇ ਕਰ ਦੇਣ ਵਾਲੀ ਬਾਤ ਨੂੰ ਪਾਇਆ ਹੈ ਨਿਰੁਪਮਾ ਨੇ। ਅਤੇ ਇਸ ਨੂੰ ਪੰਜਾਬੀ ਵਿਚ ਅਨੁਵਾਦ ਕੀਤਾ ਹੈ ਮੰਗਤ ਰਾਮ। ਮੰਗਤ ਰਾਮ ਸਾਹਿਤ ਦਾ ਗੰਭੀਰ ਪਾਠਕ ਹੈ। ਉਹ ਚੰਗੇ ਸਾਹਿਤ ਦਾ ਅਨੁਵਾਦ ਗਾਹੇ ਬਗਾਹੇ ਕਰਦਾ ਰਹਿੰਦਾ ਹੈ। ਇਹ ਭਲੇ ਵਾਲਾ ਕਾਰਜ ਮੰਗਤ ਰਾਮ ਨੇ ਪੰਜਾਬੀ ਪਾਠਕਾਂ ਲਈ ਕੀਤਾ ਹੈ। ਨਿਰੁਪਮਾ ਤੇ ਮੰਗਤ ਰਾਮ ਨੂੰ ਲਾਲ ਸਲਾਮ ਕਹਿਣਾ ਤਾਂ ਬਣਦਾ ਈ ਏ।

## ਬਾਬੂ ਮੰਗੂ ਰਾਮ ਦੀ ਗ਼ਦਰੀ ਯੋਧੇ ਵਜੋਂ ਪਹਿਚਾਣ




ਬਾਬੂ ਮੰਗੂ ਰਾਮ ਮੁਗੋਵਾਲੀਆ ਨੇ ਦਲਿਤਾਂ ਲੋਕਾਂ ਵਿਚ ਸਮਾਜਿਕ, ਆਰਥਿਕ ਅਤੇ ਧਾਰਮਿਕ ਚੇਤਨਾ ਪੈਦਾ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਏ। ਬਾਬੂ ਮੰਗੂ ਰਾਮ ਦੀ ਦੇਣ ਨੂੰ ਕਦੇ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਉਹ ਦਲਿਤ ਵਰਗ ਵਿਚੋਂ ਉੱਠਿਆ ਅਜਿਹਾ ਸਮਾਜ ਸੁਧਾਰਕ ਏ ਜਿਸ ਨੇ ਵੱਖਰੀ ਪਹਿਚਾਣ ਲਈ ਲੰਮੀ ਲੜਾਈ ਲੜੀ ਅਤੇ ਦਲਿਤਾਂ ਵਿਚ ਚੇਤਨਾ ਪੈਦਾ ਕਰਨ ਲਈ ਆਦੀ ਡੰਕਾ ਅਖਬਾਰ ਪ੍ਰਕਾਸ਼ਤ ਕੀਤੀ ਅਤੇ ਪੁਸਤਕਾਂ ਵੀ ਪ੍ਰਕਾਸ਼ਤਕ ਕੀਤੀਆਂ। ਪਹਿਲਾਂ ਬਲਬੀਰ ਮਾਧੋਪੁਰੀ


ਨੇ 2010 ਕੁਝ ਦਸਤਾਵੇਜ਼ਾ ਅਤੇ ਉਸ ਵੇਲੇ ਦੇ ਲਹਿਰ ਵਿਚ ਕੰਮ ਕਰਨ ਵਾਲੇ ਸਮਾਜ ਸੁਧਾਰਕਾਂ ਨਾਲ ਮੁਲਾਕਾਤ ਕਰਕੇ ਕੁਝ ਮੁਢਲੇ ਸਰੋਤ ਇਕੱਠੇ ਕੀਤੀ ਤੇ ਆਦਿ ਧਰਮ ਲਹਿਰ ਪ੍ਰਤੀ ਅਤੇ ਬਾਬੂ ਮੰਗੂ ਰਾਮ ਦੇ ਕਾਰਜ ਦਾ ਅਧਿਐਨ ਕੀਤਾ। ਉਸ ਤੋਂ ਉਪਰੰਤ ਨੌਜਵਾਨ ਚਿੰਤਕ ਅਤੇ ਸਾਹਿਤਕਾਰ ਡਾ. ਜਸਵੰਤ ਰਾਏ ਨੇ ਬਾਬੂ ਮੰਗੂ ਰਾਮ ਤੇ 350 ਪੰਨਿਆਂ ਦੀ ਕਿਤਾਬ ਤਿਆਰ ਕੀਤੀ ਹੈ। ਉਸ ਨੇ ਆਪਣੇ ਯਤਨਾ ਨਾਲ ਕੁਝ ਨਵੇਂ ਸਰੋਤ ਤੇ ਹਵਾਲੇ ਲੱਭੇ ਹਨ। ਇਹ ਬਹੁਤ ਚੰਗਾ ਕਾਰਜ ਹੈ। ਬਾਬੂ ਮੰਗੂ ਰਾਮ ਦਾ ਦਲਿਤਾਂ ਦੇ ਸਮਾਜਿਕ ਪ੍ਰਵਰਤਨ ਲਈ ਜੋ ਕਾਰਜ ਹੈ ਉਹ ਬਹੁਤ ਅਹਿਮ ਹੈ। ਕਿਤਾਬ ਤਿਆਰ ਕਰਨ ਲਈ ਜਸਵੰਤ ਰਾਏ ਨੇ ਕਾਫੀ ਮਿਹਨਤ ਕੀਤੀ ਹੈ। ਮੰਗੂ ਰਾਮ ਨੂੰ ਸਮਝਣ ਲਈ ਇਹ ਵੀ ਇਕ ਅਹਿਮ ਕਿਤਾਬ ਹੈ। ਇਸ ਨੂੰ ਜੀ ਆਇਆ ਕਹਿਣਾ ਤਾਂ ਬਣਦਾ ਈ ਏ।

## ਐੱਸ. ਸੀ. ਕਮਿਸ਼ਨ ਤੇ ਰਾਜੇਸ਼ ਬਾਘਾ ਦੀ ਕਿਤਾਬ




ਰਾਜੇਸ਼ ਬਾਘਾ ਭਾਵੇਂ ਸੱਜੇ ਪੱਖੀ ਪਾਰਟੀ ਰਾਹੀਂ ਰਾਜਨੀਤੀ ਵਿਚ ਆਇਆ ਏ ਪਰ ਉਹ ਸਾਡਾ ਸ਼ੁਰੂ ਤੋਂ ਮਿੱਤਰ ਰਿਹਾ ਹੈ। ਸਾਹਿਤਕਾਰਾਂ ਦੀ ਅਤੇ ਸਿਆਣੇ ਬੰਦਿਆਂ ਦੀ ਕਦਰ ਉਹ ਹਮੇਸ਼ਾ ਕਰਦਾ ਆ ਰਿਹਾ ਏ। ਇਹ ਸਭ ਨੂੰ ਪਤਾ ਈ ਏ ਕਿ ਰਾਜੇਸ਼ ਬਾਘਾ ਪੰਜਾਬ ਦੇ ਐੱਸ. ਸੀ. ਕਮਿਸ਼ਨ ਦਾ ਚੇਅਰਮੈਨ ਰਿਹਾ ਹੈ। ਇਨ੍ਹਾਂ ਛੇ ਸਾਲਾਂ ਦੇ ਅਨੁਭਵ ਉਸ ਨੇ ਆਪਣੀ ਕਿਤਾਬ 'ਐੱਸ. ਸੀ. ਕਮਿਸ਼ਨ 'ਮੇਰੇ 6 ਸਾਲ' ਵਿਚ ਸਾਂਭ ਲਏ ਹਨ। ਉਹ ਕਹਿੰਦਾ ਏ ਕਿ ਐੱਸ. ਸੀ. ਕਮਿਸ਼ਨ 'ਚ ਮੇਰੇ ਛੇ ਸਾਲ ਮੇਰੀ ਜ਼ਿੰਦਗੀ ਦਾ ਬਹੁਤ ਅਹਿਮ ਪੜਾਅ ਹੈ। ਇਹਦੇ ਵਿੱਚ ਮੈਂ ਪੰਜਾਬ ਨੂੰ, ਖਾਸ ਕਰਕੇ ਦਲਿਤ ਸਮਾਜ ਨੂੰ ਪਲੱਰਦੇ ਪੱਸਰਦੇ ਦੇਖਿਆ ਹੈ। ਇਹਨਾਂ ਦੇ ਦੁੱਖ ਦੇਖੇ ਨੇ ਤੇ ਦਾਅਪੇਚ ਵੀ। ਮੇਰੇ ਕੋਲ ਅਨੇਕ ਅਨੁਭਵ ਨੇ ਇਸ ਪੀਰੀਅਡ ਦੇ। ਉਹਨਾਂ ਵਿੱਚੋਂ ਕੁੱਝ ਕੁ ਅਹਿਮ ਸਵਾਲ ਤੁਹਾਡੇ ਨਜ਼ਰ ਕਰ ਰਿਹਾ ਹਾਂ।' ਇਹ ਕਿਤਾਬ ਉਸ ਸਮੇਂ ਦਾ ਇਕ ਦਸਤਾਵੇਜ਼ ਵੀ ਕਿਹਾ ਜਾ ਸਕਦਾ ਹੈ। ਇਹ ਕਿਤਾਬ ਸਮਾਜ ਵਿਗਿਆਨ ਵਿਚ ਰੁਚੀ ਰੱਖਣ ਵਾਲੇ ਪਾਠਕਾਂ ਨੂੰ ਤਾਂ ਪਸੰਦ ਆਵੇਗੀ ਹੀ ਨਾਲ ਨਾਲ ਮੈਂ ਸਾਹਿਤ ਦੇ ਪਾਠਕਾਂ ਨੂੰ ਪੜ੍ਹਨ ਦੀ ਅਪੀਲ ਕਰਦਾ ਹਾਂ।

## ਅਜੇ ਕੁਮਾਰ ਦੀ 'ਪੰਜਾਬ ਦੀ ਰਾਜਨੀਤੀ'





ਅਜੇ ਕੁਮਾਰ ਦਲਿਤਾਂ ਦੀ ਰਾਜਨੀਤੀ ਨੂੰ ਸਮਝਣ ਵਾਲਾ ਅਤੇ ਉਨ੍ਹਾਂ ਨੂੰ ਚੇਤਨ ਕਰਨ ਵਾਲਾ ਤੇਜ਼ ਤਰਾਰ ਬੰਦਾ ਏ। ਉਹ ਹੁਣ ਵੀ ਦਲਿਤ ਰਾਜਨੀਤੀ ਵਿਚ ਸਰਗਰਮ ਰਹਿੰਦਾ ਏ। ਅਤੇ ਇਕ 'ਆਪਣੀ ਮਿੱਟੀ' ਨਾਂ ਹੇਠ ਅਖਬਾਰ ਵੀ ਪ੍ਰਕਾਸ਼ਤ ਕਰਦਾ ਏ। ਉਸ ਦੀ ਪੰਜਾਬ ਦੀ ਰਾਜਨੀਤੀ ਨੂੰ ਸਮਝਣ ਦੀ ਆਪਣੀ ਸਮਝ



ਏ। ਇਸ ਪੁਸਤਕ ਵਿਚ ਉਸ ਨੇ ਪੰਜਾਬ ਦੀ ਰਾਜਨੀਤੀ ਨਾਲ ਸੰਵਾਦ ਰਚਾਉਣ ਦਾ ਉਪਰਾਲਾ ਕੀਤਾ ਏ। ਪੰਜਾਬ ਦੀ ਰਾਜਨੀਤੀ ਦੀਆਂ ਅੰਦਰਲੀਆਂ ਪਰਤਾਂ ਨੂੰ ਅਜੇ ਨੇ ਇਸ ਕਿਤਾਬ ਵਿਚ ਉਘਾੜਿਆ ਏ। ਮਿਲਣ ਤੇ ਉਹ ਇਕ ਵਿਅੰਗ ਕਰ ਲੱਗਦਾ ਹੈ ਜਿਹੜਾ ਹਮੇਸ਼ਾ ਹੀ ਲੋਕਾਂ ਤੇ ਅਤੇ ਰਾਜਨੀਤੀ ਤੇ ਵਿਅੰਗ ਕੱਸਦਾ ਰਹਿੰਦਾ ਏ। ਪਰ ਲਿਖਤ ਵਿਚ ਉਹ ਗੰਭੀਰ ਕਿਸਮ ਦਾ ਰਾਜਨੀਤਿਕ ਪੱਤਰਕਾਰ ਏ। ਤੁਸੀਂ ਵੀ ਇਸ ਕਿਤਾਬ ਤੋਂ ਇਹ ਅਹਿਸਾਸ ਕਰ ਸਕਦੇ ਹੋ।

## ਹਰਭਜਨ ਸਿੰਘ ਦੇ 'ਰੂਹ 'ਤੇ ਉਕਰੇ ਚਿੱਤਰ'




ਪ੍ਰੋ. ਹਰਭਜਨ ਸਿੰਘ ਅਮਰੀਕਾ ਵਿਚ ਰਹਿ ਰਿਹਾ ਨਕਸਲੀ ਵਿਚਾਰਧਾਰਾ ਦਾ ਲੇਖਕ ਹੈ। ਉਹ ਜਿਨਾ ਨਾਵਲਕਾਰ ਦੇ ਤੌਰ ਤੇ ਚਰਚਾ ਵਿਚ ਰਹਿੰਦਾ ਏ ਓਨਾ ਹੀ ਕਹਾਣੀਕਾਰ ਦੇ ਤੌਰ ਤੇ ਵੀ ਹਮੇਸ਼ਾ ਚਰਚਾ ਵਿਚ ਰਹਿੰਦਾ ਹੈ। ਉਸ ਦੇ ਹੁਣ ਤੱਕ ਚਾਰ ਕਹਾਣੀ ਸੰਗ੍ਰਹਿ ਛਪ ਚੁੱਕੇ ਹਨ। ਇਹ ਪੁਸਤਕ ਉਸ ਦੀਆਂ ਚੋਣਵੀਆਂ ਕਹਾਣੀਆਂ ਦਾ ਸੰਗ੍ਰਹਿ ਹੈ ਜਿਸ ਵਿਚ ਉਸ ਨੇ ਆਪਣੀਆਂ 15 ਪ੍ਰਤੀਨਿੱਧ ਕਹਾਣੀਆਂ ਪ੍ਰਕਾਸ਼ਤਕ ਕੀਤੀਆਂ ਹਨ। ਹਰਭਜਨ ਸਿੰਘ ਪਰਵਾਸੀਆਂ ਦੇ ਰਵਾਇਤੀ ਕਿਸਮ ਦੇ ਵਿਸ਼ੇ ਨਹੀਂ ਲੈਂਦਾ। ਨਾਂ ਹੀ ਭੁਹੇਰਵੇ ਦੇ ਕੀਰਨੇ ਪਾਉਂਦਾ ਹੈ। ਉਹਦੀ ਯਾਤਰਾ ਪਾਤਰਾਂ ਦੇ ਮਨਾਂ ਦੀ ਅੰਤਰਯਾਤਰਾ ਏ। ਉਨ੍ਹਾਂ ਦਾ ਸੰਤਾਪ ਏ। ਉਸ ਦੇ ਇਨ੍ਹਾਂ ਕਹਾਣੀਆਂ ਦੇ ਪਾਤਰ ਦਲੇਰੀ ਵਾਲੇ ਤੇ ਸਾਹਸੀ ਕਿਸਮ ਦੇ ਹਨ ਜਿਹੜੇ ਉੱਚੇ ਤੇ ਸੁੱਚੇ ਕਿਸਮ ਦੇ ਹਨ। ਉਹ ਆਪਣੀਆਂ ਕਹਾਣੀਆਂ ਵਿਚ ਅਜਿਹੇ ਮੁੱਖ ਪਾਤਰ ਸਿਰਜਦਾ ਹੈ ਜੋ ਦਲੇਰ ਕਿਸਮ ਨੇ ਤੇ ਹਰ ਮੁਸ਼ਕਲ ਦਾ ਟਾਕਰਾ ਕਰਦੇ ਹਨ। ਇਹ ਕਿਤਾਬ ਬਹੁਤ ਖੂਬਸੂਰਤੀ ਨਾਲ ਛਾਪੀ ਗਈ ਏ।

## ਜਤਿੰਦਰ ਹਾਂਸ ਦਾ 'ਜਿਉਣਾ ਸੱਚ ਬਾਕੀ ਝੂਠ'




ਜਤਿੰਦਰ ਹਾਂਸ ਪੰਜਾਬੀ ਕਹਾਣੀ ਦਾ ਚਰਚਿਤ ਕਹਾਣੀਕਾਰ ਏ। ਇਕ ਸਮਾਂ ਸੀ ਜਦੋਂ ਪੰਜਾਬੀ ਕਹਾਣੀ ਵਿਚ ਚੌਥੀ ਪੀੜ੍ਹੀ ਦੀ ਕਨਸੋ ਮਿਲਣੀ ਆਰੰਭ ਹੋਈ। ਸਾਡੇ ਮਗਰੇ ਮਗਰ ਜਤਿੰਦਰ ਹਾਂਸ ਤੇ ਹੋਰ ਕਹਾਣੀਕਾਰ ਪੈਦਾ ਹੋਣ ਲੱਗੇ। ਹਾਂਸ ਦਾ ਇਹ ਤੀਜਾ ਕਹਾਣੀ ਸੰਗ੍ਰਹਿ ਹੈ। ਹਾਂਸ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਉਸ ਨੇ ਜੱਟ ਕਿਸਾਨੀ ਦੀ ਪੀੜਾ ਨੂੰ ਫੋਕ ਲੋਰ, ਲੋਕ ਮਿੱਥਾਂ ਦੇ ਚਿਹਨਾਂ ਨਾਲ ਉਭਾਰਿਆ ਹੈ। ਪੇਂਡੂ ਬੰਦੇ ਦੀ ਮਾਨਸਿਕਤਾ ਉਹ ਸਹਿਜੇ ਹੀ ਫੜ ਲੈਂਦਾ ਹੈ। ਉਹਦੇ ਪਾਤਰ ਸਧਾਰਨ ਨੇ, ਸਾਹਿਜ ਨੇ ਅਤੇ ਅਜਿਹੀ ਮਾਨਸਿਕਤਾ ਵਾਲੇ ਨੇ ਜਿਹੜੀ ਮਾਨਸਿਕਤਾ ਉਹਦਾ ਪਰਿਵਾਰ ਤੇ ਉਹਦਾ ਆਲਾ ਦੁਆਲਾ ਬਣਾਉਂਦਾ ਹੈ। ਇਸ ਨੂੰ ਹੀ ਉਹ ਸੱਚ ਕਹਿੰਦਾ ਹੈ।

## ਪਵਿੱਤਰ ! ! 'ਸ਼ਾਹ ਰਗ ਤੋਂ ਵੀ ਨੇੜੇ'




ਪਵਿੱਤਰ ਕੌਰ ਮਾਟੀ ਨੇ ਜਦੋਂ 'ਕਹਾਣੀ ਧਾਰਾ' ਲਈ ਕਹਾਣੀ ਭੇਜੀ ਕਹਾਣੀ ਮੈਂ ਪੜ੍ਹੀ ਤਾਂ ਲੱਗਾ ਕਿ ਇਸ ਔਰਤ ਕੋਲ ਨਾਰੀ ਸਾਇਕੀ ਦੀਆਂ ਬਰੀਕ ਤੰਤਾਂ ਫੜਨ ਦੀ ਕਮਾਲ ਦੀ ਕਲਾ ਏ। ਫਿਰ ਪਤਾ ਲੱਗਾ ਕਿ ਉਸ ਦੀ ਪਹਿਲਾਂ ਵੀ ਇਕ ਕਹਾਣੀਆਂ ਦੀ ਕਿਤਾਬ ਛਪੀ ਏ। ਪਰ ਮੈਂ ਉਹ ਦੀ ਪਹਿਲੀ ਕਹਾਣੀ ਪੜ੍ਹ ਰਿਹਾ ਸਾਂ। ਉਸ ਦੀ ਕਹਾਣੀ ਨੂੰ ਅਨੇਕਾਂ ਪਾਠਕਾਂ ਨੇ ਸਲਾਹਿਆ। ਫਿਰ ਉਹ ਹੋਰ ਵੱਡੇ ਪਰਚਿਆਂ ਵਿਚ ਛਪਣ ਲੱਗ ਪਈ। ਉਹਦੀ ਕਹਾਣੀ ਚਰਚਾ ਦਾ ਕੇਂਦਰ ਬਣ ਗਿਆ। ਇਕ ਵਾਰ ਤਾਂ ਲੱਗਾ ਕਿ ਪਵਿੱਤਰ ਕਾਫੀ ਤੇਜ਼ ਗਤੀ ਨਾਲ ਕਹਾਣੀਆਂ ਲਿਖ ਰਹੀ ਹੈ। ਪਰ ਇਸਤਰੀ ਕਹਾਣੀ ਵਿਚ ਉਸ ਨੇ ਆਪਣੀ ਸਮਰੱਥਾ ਨਾਲ ਸਪੇਸ ਬਣਾ ਲਈ ਤੇ 'ਸ਼ਾਹ ਰਗ ਤੋਂ ਵੀ ਨੇੜੇ' ਕਿਤਾਬਾਂ ਵਿਚ ਆਪਣੀਆਂ ਕੁਝ ਚੰਗੀਆਂ ਕਹਾਣੀਆਂ ਸ਼ਾਮਿਲ ਕਰ ਲਈਆਂ। ਪਵਿੱਤਰ ਕੌਰ ਦੀ ਨਾਰੀ ਨਵੇਂ ਜਾਵੀਏ ਤੋਂ ਕਹਾਣੀ ਵਿਚ ਆਈ ਏ। ਉਸ ਦੀ ਨਾਰੀ ਭਾਵੇਂ ਕਿ ਪਰੰਪਰਾ ਵਿਚੋਂ ਨਿਕਲੀ ਏ ਪਰ ਉਸ ਨੇ ਦਲੇਰੀ ਨਾਲ ਪਾਤਰਾਂ ਦੀ ਮਾਨਸਿਕਤਾ ਨੂੰ ਪੇਸ਼ ਕੀਤਾ ਏ। ਮੈਨੂੰ ਚੰਗਾ ਲੱਗਾ ਕਿ ਵਿਸ਼ਵਜੋਤੀ ਧੀਰ, ਤ੍ਰਿਪਤਾ ਕੇ. ਸਿੰਘ, ਦੀਪਤੀ ਬਬੂਟਾ ਦੀ ਕਤਾਰ ਵਿਚ ਇਕ ਹੋਰ ਨਾਂ ਜੁੜ ਗਿਆ ਏ ਉਹ ਏ ਪਵਿੱਤਰ ਕੌਰ ਮਾਟੀ।

## ਬਲਬੀਰ ਮਾਧੋਪੁਰੀ ਵੱਲੋਂ ਅਨੁਵਾਦ ਲੂ ਸੂਨ ਦੀਆਂ ਕਹਾਣੀਆਂ

ਪ੍ਰਸਿੱਧ ਲੇਖਕ ਬਲਬੀਰ ਮਾਧੋਪੁਰੀ ਚੰਗਾ ਕਵੀ ਤੇ ਸਵੈ ਜੀਵਨੀ 'ਛਾਂਗਿਆ ਰੁੱਖ' ਲਿਖਣ ਵਾਲਾ ਲੇਖਕ ਹੈ ਉੱਥੇ ਚੰਗਾ ਅਨੁਵਾਦਕ ਵੀ ਹੈ। ਉਹ ਸਮੇਂ ਸਮੇਂ ਵਿਸ਼ਵ ਪ੍ਰਸਿੱਧ ਰਚਨਾਵਾਂ ਦਾ ਅਨੁਵਾਦ ਕਰਦਾ ਰਹਿੰਦਾ ਹੈ। ਭਾਰਤੀ ਸਾਹਿਤ ਅਕੈਡਮੀ ਦਾ ਉਸ ਨੂੰ ਅਨੁਵਾਦ ਪੁਰਸਕਾਰ ਵੀ ਪ੍ਰਾਪਤ ਹੋ ਚੁੱਕਾ ਹੈ। ਉਸ ਵੱਲੋਂ ਕੀਤਾ ਲੂ ਸੂਨ ਦੀਆਂ ਕਹਾਣੀਆਂ ਦਾ ਅਨੁਵਾਦ ਬਹੁਤ ਚੰਗਾ ਉਪਰਾਲਾ ਹੈ। ਲੂ ਸੂਨ ਚੀਨੀ ਕਲਚਰ ਨੂੰ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਨ ਵਾਲਾ ਪ੍ਰਸਿੱਧ ਕਹਾਣੀਕਾਰ ਹੈ। ਉਹ ਆਪਣੀਆਂ ਕਹਾਣੀਆਂ ਵਿਚ ਚੀਨੀ ਕਲਚਰ ਦੀਆਂ ਡੂੰਘੀਆਂ ਜੜ੍ਹਾਂ ਨੂੰ ਪਾਤਰਾਂ ਰਾਹੀਂ ਪੇਸ਼ ਕਰਦਾ ਹੈ। ਮਨੋਵਿਗਿਆਨਕ ਕਹਾਣੀ ਰਾਹੀਂ ਉਹ ਮਨੁੱਖੀ ਮਨ ਦੀਆਂ ਮਾਨਸਿਕ ਗੁੰਝਲਾਂ ਉਹ ਪਾਤਰ ਦੇ ਵਿਹਾਰ ਵਿਚੋਂ ਉਭਾਰਦਾ ਹੈ। 'ਪਾਗਲ ਦੀ ਡਾਇਰੀ' ਉਸ ਦੀ ਬੜੀ ਚਰਚਿਤ ਕਹਾਣੀ ਹੈ ਜਿਸ ਵਿਚ ਮਾਨਸਿਕ ਤੌਰ ਤੇ ਉਖੜੇ ਪਾਤਰ ਦੇ ਵਿਹਾਰ ਨੂੰ ਬੜੀ ਬਰੀਕੀ ਨਾਲ ਪੇਸ਼ ਕੀਤਾ ਗਿਆ ਹੈ। ਕਹਾਣੀ ਦੇ ਪਾਤਰ ਦੀ ਸਮਾਜ ਨੂੰ ਵੇਖਣ ਦੀ ਦ੍ਰਿਸ਼ਟੀ ਸਹੀ ਹੈ ਪਰ ਲੋਕਾਂ ਨੂੰ ਉਹ ਪਾਗਲ ਲੱਗਦਾ ਹੈ। 'ਖਿੰਵ ਈ-ਚੀ' ਕਹਾਣੀ ਵਿਚ







ਬੰਦਾ ਜਦੋਂ ਅਤਿ ਦਾ ਪਿਆਕੜੀ ਹੋ ਜਾਂਦਾ ਹੈ ਤੇ ਉਹ ਮਾਨਸਿਕ ਤੌਰ ਤੇ ਕਿਵੇਂ ਵਿਹਾਰ ਕਰਦਾ ਹੈ। ਕਹਾਣੀ 'ਚ ਬਹੁਤ ਬਰੀਕ ਵੇਰਵੇ ਹਨ। 'ਮੇਰਾ ਪੁਰਾਣਾ ਘਰ' ਪਿੰਡ 'ਚ ਰਹਿ ਗਏ ਘਰ ਦੇ ਹੇਰਵੇ ਦੀ ਕਹਾਣੀ ਹੈ। 'ਦਵਾਈ' ਕਹਾਣੀ ਵਿਚ ਉਹ ਬੁੱਢੇ ਬੰਦੇ ਦੀ ਮਨੋਚੇਤਨਾ ਨੂੰ ਪੇਸ਼ ਕਰਦਾ ਹੈ। 'ਆਹ ਕਿਊ ਦੀ ਅਸਲੀ ਕਹਾਣੀ' ਲੰਮੇ ਬਿਰਤਾਂਤ ਨੂੰ ਸਿਰਜਦੀ ਕਹਾਣੀ ਹੈ ਜਿਸ ਦੇ ਕੇਂਦਰ ਵਿਚ ਆਹ ਕਿਊ' ਨਾਂ ਦਾ ਪਾਤਰ ਕੇਂਦਰ ਵਿਚ ਹੈ। ਇਹ ਰਚਨਾ ਨੋਬਲ ਇਨਾਮ ਲਈ ਨਾਮਜ਼ਦ ਹੋਈ ਸੀ। ਮਨੋਵਿਗਿਆਨ ਛੋਹਾਂ ਕਹਾਣੀ ਨੂੰ ਬਹੁ ਅਰਥੀ ਬਣਾ ਦਿੰਦੀਆਂ ਹਨ। ਇਸੇ ਤਰ੍ਹਾਂ ਲੋਕ ਵਿਰੋਧੀ, ਤਲਾਕ ਤੇ ਅਨੋਖੀ ਤਲਵਾਰ ਆਦਿ ਕਹਾਣੀਆਂ ਵਿਚ ਪੰਜਾਬੀ ਪਾਠਕ ਨੂੰ ਚੀਨ ਦੀ ਇਤਿਹਾਸਕਾਰੀ, ਸਮਾਜਿਕ ਸਥਿਤੀ ਅਤੇ ਲੋਕ ਸੰਘਰਸ਼ ਤੇ ਨਾਰੀ ਦੀ ਸਥਿਤੀ ਦਾ ਪਤਾ ਲੱਗਦਾ ਹੈ।

## 'ਸਮਕਾਲੀ ਸਾਹਿਤ' ਤੇ ਬਲਬੀਰ ਮਾਧੋਪੁਰੀ ਦੀ ਸੰਪਾਦਨਾ


'ਸਮਕਾਲੀ ਸਾਹਿਤ' ਦਾ ਮੈਂ ਮੁੱਢ ਤੋਂ ਪਾਠਕ ਰਿਹਾਂ ਹਾਂ। ਜਦੋਂ ਇਸ ਵਿਚ ਕੇਵਲ ਅਨੁਵਾਦ ਸਾਹਿਤ ਪ੍ਰਕਾਸ਼ਤ ਹੁੰਦਾ ਸੀ। ਉਨ੍ਹਾਂ ਅੰਕਾਂ ਵਿਚ ਮੈਂ ਕਈ ਲੇਖ ਤੇ ਕਹਾਣੀਆਂ ਐਸੀਆਂ ਪੜ੍ਹੀਆਂ ਜਿਹੜੀਆਂ ਮੈਂ ਅਜੇ ਤੱਕ ਵੀ ਸਾਂਭੀਆਂ ਹੋਈਆਂ ਹਨ। ਹੁਣ ਪਰਚਾ 100 ਵੇਂ ਅੰਕ ਤੱਕ ਪਹੁੰਚਣ ਵਾਲਾ ਹੈ। ਜਦੋਂ ਦਾ ਬਲਬੀਰ ਮਾਧੋਪੁਰੀ ਸਮਕਾਲੀ ਸਾਹਿਤ ਦਾ ਸੰਪਾਦਕ ਬਣਿਆ ਹੈ, ਇਹਦੇ ਵਿਚ ਮੈਟਰ ਪੱਖੋਂ ਕਾਫੀ ਨਿਖਾਰ ਆਇਆ ਹੈ। ਬਲਬੀਰ ਕਈ ਸਾਲ 'ਯੋਜਨਾ' ਦਾ ਸੰਪਾਦਕ ਰਿਹਾ ਤੇ ਉਹਨੂੰ ਸਾਹਿਤਕ ਪੱਤਰਕਾਰੀ ਦਾ ਕਾਫੀ ਤਜ਼ਰਬਾ ਹੈ। ਆਪਣੇ ਇਸੇ ਤਜ਼ਰਬੇ ਕਾਰਨ ਉਸ ਨੇ ਸਮਕਾਲੀ ਸਾਹਿਤ ਦੇ ਮਿਆਰ ਨੂੰ ਹੋਰ ਉੱਚਾ ਕੀਤਾ ਹੈ। ਪਰਚੇ ਦੇ 92-93 ਅੰਕ ਮੇਰੇ ਸਟੱਡੀ ਟੇਬਲ ਤੇ ਪਏ ਹਨ। ਇਨ੍ਹਾਂ ਅੰਕਾਂ ਵਿਚ ਕਹਾਣੀਆਂ ਮੇਰੀ ਪਹਿਲੀ ਪਸੰਦ ਨੇ ਖਾਸ ਕਰਕੇ ਮਕਸੂਦ ਸਾਕਿਬ, ਖ਼ਾਲਿਦ, ਵਿਜੇਦਾਨ ਦੇਥਾ, ਤਾਈਬ ਸਲੀਹ। ਪਰਲ ਬਕ ਦੀ 'ਚਾਂਦੀ ਦੀ ਤਿਤਲੀ' ਜਲਾਲ ਆਲੇ ਦੀ 'ਸਿਤਾਰ' ਬਹੁਤ ਚੰਗੀਆਂ ਰਚਨਾਵਾਂ ਨੇ। ਜੰਗ ਬਹਾਦਰ ਦੀ ਲੇਖ ਵੀ ਚੰਗੇ ਲੱਗੇ। ਸਮਕਾਲੀ ਸਾਹਿਤ ਦਾ ਹਰ ਅੰਕ ਮੈਂ ਸਾਂਭ ਲੈਂਦਾ ਹੈ। ਸਮਕਾਲੀ ਸਾਹਿਤ ਦੇ ਅੰਕ-92 ਵਿਚ **ਅਜੇ ਤਨਵੀਰ** ਦੀ ਪੰਜ ਗ਼ਜ਼ਲਾਂ ਅੰਕ ਦਾ ਹਾਸ਼ਲ ਹਨ। ਉਹ ਆਪਣੀ ਲੇਖਣੀ ਵਿਚ ਰਵਾਇਤੀ ਗ਼ਜ਼ਲ ਨੂੰ ਵੱਢ ਮਾਰਦਾ ਹੋਇਆ ਮਿੱਥ ਨੂੰ ਨਵੇਂ ਅਰਥ ਪ੍ਰਦਾਨ ਕਰਦਾ ਹੈ। ਉਸ ਦੀ ਇਕ ਗ਼ਜ਼ਲ ਦਾ ਪੁਨਰ ਪ੍ਰਕਾਸ਼ਨ ਕਰਨ ਦੀ ਖ਼ੁਸ਼ੀ ਲੈ ਰਿਹਾ ਹਾਂ, ਆਸ ਏ ਤਨਵੀਰ ਬੁਰਾ ਨਹੀਂ ਮੰਨਾਏਗਾ-




*ਭਲਾ ਸਰਬੱਤ ਦਾ ਮੰਗਣ ਉਹ ਜਾਂਦੇ ਮਸਜਿਦਾਂ ਮੰਦਰ,*
*ਦੁਆ ਕਰਦੇ ਸਮੇਂ ਵੀ ਰੱਖਦੇ ਜੋ ਹੱਥ ਵਿੱਚ ਖੰਜਰ।*

*ਰਹੇ ਉਹ ਬੀਜਦੇ ਨਫ਼ਰਤ ਪਿਆ ਨਾ ਫ਼ਰਕ ਮਿੱਟੀ ਨੂੰ,*
*ਅਜੇ ਵੀ ਖੇਤ ਸਾਡੇ ਵੇਖ ਲੈ ਹੋਏ ਨਹੀਂ ਬੰਜਰ।*
*ਅਸੀਂ ਸੁਣ ਕੇ ਤੇਰਾ ਫ਼ਤਵਾ ਕਦੇ ਵੀ ਲਿਫ਼ ਨਹੀਂ ਸਕਦੇ,*
*ਰਿਸ਼ੀ ਸ਼ੰਭੂਕ ਵਸਦਾ ਹੈ ਅਜੇ ਸਾਡੇ ਦਿਲਾਂ ਅੰਦਰ।*
*ਬੜਾ ਹੀ ਡਰਨ ਅੱਜ ਕੱਲ ਨਾਗ ਚੰਦਨ ਦੇ ਦਰਖ਼ਤਾਂ ਤੋਂ,*
*ਖ਼ੁਦਾ ਦੇ ਵਾਸਤੇ ਐਸੇ ਕਦੇ ਵੀ ਦਿਸਣ ਨਾ ਮੰਜ਼ਰ।*
*ਲਗਾ ਕੇ ਬੰਦਸ਼ਾਂ ਕਿੰਨਾ ਕੁ ਚਿਰ ਖ਼ਾਮੋਸ਼ ਰੱਖੋਗੇ,*
*ਅਸਾਂ ਦੇ ਬੋਲ ਗੂੰਜੇ ਜਦ ਹਿਲਾ ਦੇਣਾ ਇਹਨਾਂ ਅੰਬਰ।*
*ਸਮੇਂ ਦੇ ਸੇਕ ਨੇ ਸਭ ਕੁਝ ਝੁਲਸ ਕੇ ਰਾਖ ਕਰ ਦਿੱਤਾ,*
*ਬਚੀ ਹੈ ਰੌਸ਼ਨੀ ਫਿਰ ਵੀ ਧੁਆਂਖੇ ਚਿਹਰਿਆਂ ਅੰਦਰ।*
*ਮਸੂਮਾਂ ਦਾ ਲਹੂ ਡੁੱਲ੍ਹਾ ਜਿਹਨਾਂ ਨੀਹਾਂ 'ਚ ਵੇਖੀਂ ਤੂੰ,*
*ਕਦੇ ਉਹ ਵਕਤ ਆਵੇਗਾ ਕਿਲੇ ਜਦ ਬਣਨਗੇ ਖੰਡਰ।*-***ਅਜੇ ਤਨਵੀਰ***

## 'ਲਕੀਰ' ਦਾ ਪੰਜਾਬੀ ਚਿੰਤਨ ਤੇ ਤਸਕੀਨ ਦਾ ਜ਼ਿਕਰਯੋਗ ਲੇਖ




ਦੇਸ ਰਾਜ ਕਾਲੀ 'ਲਕੀਰ' ਨੂੰ ਆਪਣੀ ਤਰਤੀਬ ਅਨੁਸਾਰ ਛਾਪਦਾ ਏ। ਹੱਥਲਾ ਅੰਕ ਉਸ ਦਾ ਪੰਜਾਬੀ ਚਿੰਤਨ ਵਿਸ਼ੇਸ਼ ਅੰਕ ਵਜੋਂ ਪ੍ਰਕਾਸ਼ਤ ਹੋਇਆ ਏ। ਇਸ ਅੰਕ ਵਿਚ ਜੋ ਅਹਿਮ ਤੇ ਪੜ੍ਹਨਯੋਗ ਲੇਖ ਏ ਉਹ ਤਸਕੀਨ ਦਾ ਲੇਖ ਏ। 'ਪੰਜਾਬੀ ਲੋਕ ਸੰਗੀਤ-ਪੌਪ, ਪੋਰਨ ਤੇ ਪਾਪੂਲਰ ਦੀ ਖਪਤ' ਤਸਕੀਨ ਪਹਿਲਾਂ ਵੀ ਵਿਚਾਰ ਉਤੇਜਤ ਤੇ ਠੋਸ ਵਿਚਾਰਾਂ ਨਾਲ ਆਪਣੇ ਗੱਲ ਕਹਿੰਦਾ ਆ ਰਿਹਾ ਹੈ। ਉਹਦੇ ਚਿੰਤਨ ਦੀ ਭਾਸ਼ਾ ਬਿਲਕੁੱਲ ਆਪਣੀ ਕਿਸਮ ਦੀ ਏ। ਇਹ ਲੇਖ ਇਸ ਲਈ ਅਹਿਮ ਹੈ ਕਿ ਉਸ ਨੇ ਪੰਜਾਬੀ ਗਾਇਕੀ ਤੇ ਲੋਕ ਗਾਇਕੀ ਨੂੰ ਬਿਲਕੁਲ ਵੱਖਰੇ ਐਂਗਲ ਤੋਂ ਸਮਝਣ ਦਾ ਯਤਨ ਕੀਤਾ ਏ। ਉਸ ਨੇ ਪੰਜਾਬੀ ਸੰਗੀਤ ਪ੍ਰਤੀ ਆਪਣੀ ਧਾਰਨਾ ਬਣਾਉਣ ਲਈ ਲੰਮਾ ਸਮਾਂ ਕੰਮ ਕੀਤਾ ਏ। ਪੌਰਨ ਦੀਆਂ ਸਿਧਾਂਤਕ ਕਿਤਾਬਾਂ ਉਹਦੇ ਮੂੰਹੋਂ ਅਸੀਂ ਕਈ ਮਹੀਨੇ ਸੁਣਦੇ ਰਹੇ। ਇਸ ਲੇਖ ਦੀ ਸਿਧਾਂਤਕੀ ਬਣਾਉਣ ਲਈ ਉਸ ਨੇ ਉਹ ਕਿਤਾਬਾਂ ਵੀ ਪੈਦਾ ਕੀਤੀਆਂ ਜੋ ਭਾਰਤ 'ਚ ਮਿਲਣੀਆਂ ਅਸੰਭਵ ਹਨ। ਕਿਸੇ ਵਿਸ਼ੇ ਤੇ ਐਨਾ ਨਿੱਠ ਕੇ ਕੰਮ ਕਰਨਾ ਕੇਵਲ ਉਹਦੇ ਹਿੱਸੇ ਆਇਆ ਏ। ਅਮਰ ਸਿੰਘ ਚਮਕੀਲਾ ਤੇ ਹਨੀ ਸਿੰਘ ਦੀ ਗਾਇਕੀ ਦਾ ਤੁਲਨਾਤਮਿਕ ਅਧਿਐਨ ਕਰਦਾ ਉਹ ਹਨੀ ਸਿੰਘ ਨੂੰ ਸਿਧਾਂਤਕ ਪਹੁੰਚ ਨਾਲ ਉਡਾਉਂਦਾ ਏ। ਹਰ ਪੰਜਾਬੀ ਪਾਠਕ ਨੂੰ ਇਹ ਲੇਖ ਪੜ੍ਹਨ ਦੀ ਮੈਂ ਅਪੀਲ ਕਰਦਾ ਹਾਂ। ਇਸ ਦੇ ਨਾਲ ਲਕੀਰ ਵਿਚ ਕਾਲੀ ਨੇ ਗੁਰਚਰਨ ਸਿੰਘ ਸਹਿੰਸਰਾ ਦੀ ਤ੍ਰੈ ਲੜੀ ਨਾਨਕ ਧਾਰਾ, ਗੋਬਿੰਦਧਾਰਾ ਤੇ ਫਰੀਦਧਾਰਾ ਲੇਖ ਪੁਨਰ ਪ੍ਰਕਾਸ਼ਤ ਕਰਕੇ ਵਿਚਾਰ ਚਰਚਾ ਦਾ ਮੁੱਢ ਬੰਨ੍ਹਿਆ ਏ।




## ਜਿੰਦਰ ਦੀ 'ਸ਼ਬਦ' ਪ੍ਰਤੀ ਪ੍ਰਤੀਬੱਧਤਾ



ਜਿੰਦਰ ਪੰਜਾਬੀ ਦਾ ਸਿਰਕੱਢ ਕਹਾਣੀਕਾਰ ਹੈ। ਉਹ 'ਸ਼ਬਦ' ਨੂੰ ਆਪਣੇ ਅੰਦਾਜ਼ ਵਿਚ ਲਗਾਤਾਰ ਸੰਪਾਦਤ ਕਰ ਰਿਹਾ ਏ। ਉਸ ਦੇ ਪਰਚੇ ਵਿਚ ਫਿਕਸਨ ਅਹਿਮ ਕੜੀ ਹੁੰਦੀ ਏ। ਖਾਸ ਕਰਕੇ ਉਹ ਹਰ ਅੰਕ ਵਿਚ ਹਿੰਦੀ ਵਿਚੋਂ ਇਕ ਨਾਵਲ ਅਨੁਵਾਦ ਕਰਾ ਕੇ ਪ੍ਰਕਾਸ਼ਤ ਕਰਦਾ ਏ। ਉਹ ਦੇ ਨਾਲ ਨਾਲ ਉਹ ਚੰਗੇ ਕਹਾਣੀਕਾਰਾਂ ਕੋਲੋਂ ਕਹਾਣੀਆਂ ਵੀ ਮੰਗਵਾ ਲੈਂਦਾ ਏ। ਜਿਹਨਾਂ ਨੂੰ ਪਾਠਕ ਪੜ੍ਹਨਾ ਪਸੰਦ ਕਰਦੇ ਨੇ। ਅੰਕ 83 ਵਿਚ ਵਿਭੂਤੀ ਨਾਰਾਇਣ ਰਾਏ ਦਾ ਨਾਵਲ 'ਆਸੁਰਾਂ ਦੀ ਬਸਤੀ' ਤੇ ਅੰਕ 84 ਵਿਚ ਸ਼ਿਵ ਮੂਰਤੀ ਦਾ ਨਾਵਲ 'ਆਖ਼ਿਰੀ ਛਾਲ' ਪੜ੍ਹਨਯੋਗ ਤੇ ਪ੍ਰਸਿੱਧ ਨਾਲ ਨੇ। ਅੰਕ 83 ਵਿਚ ਕੇਸਰ ਸਿੰਘ ਵਾਲਾ ਵਿਚ ਗੋਸ਼ਟੀ ਹੋਈ ਸੀ। ਇਸ ਗੋਸ਼ਟੀ ਵਿਚ ਪੜ੍ਹੀਆਂ ਗਈਆਂ ਕਹਾਣੀਆਂ ਨੂੰ ਇਸ ਅੰਕ ਵਿਚ ਬਹਿਸ ਸਮੇਤ ਪ੍ਰਕਾਸ਼ਤ ਕੀਤਾ ਗਿਆ ਏ। 'ਸ਼ਬਦ' ਦੀ ਤੋਰ ਆਪਣੀ ਏ ਤੇ ਮੜਕ ਵੀ ਆਪਣੀ ਏ।

## 'ਕਾਵਿ ਸ਼ਾਸਤਰ' ਦਾ ਪੰਜਾਬਅਤ ਪ੍ਰਤੀ ਮੋਹ




'ਕਾਵਿ ਸ਼ਾਸਤਰ' ਨੇ ਥੋੜ੍ਹੇ ਜਿਹੇ ਸਮੇਂ ਵਿਚ ਆਪਣੀ ਪਛਾਣ ਪੱਕੇ ਪੈਰੀਂ ਕਰ ਲਈ ਹੈ। ਪੰਜਾਬੀ ਵਿਚ ਮਹਿੰਗੇ ਮੁੱਲ ਦੇ ਪਰਚੇ ਛਪਣ ਲੱਗ ਪਏ ਹਨ। ਇਹ ਪੰਜਾਬੀ ਪਾਠਕ ਲਈ ਚੰਗਾ ਉਪਰਾਲਾ ਹੈ ਭਾਵੇਂ ਕਿ ਪਰਚੇ ਦੇ ਪ੍ਰਬੰਧਕਾਂ ਲਈ ਆਰਥਿਕ ਤੌਰ ਤੇ ਘਾਟੇ ਦਾ ਵਣਜ ਏ। 'ਕਾਵਿ ਸ਼ਾਸਤਰ' ਦੀ ਸੁਰ ਸਿਧਾਂਤਕ ਰਹੀ ਹੈ। ਇਹ ਚਿੰਤਨ ਦਾ ਪਰਚਾ ਏ। ਇਸ ਦਾ ਹੱਥਲਾ ਅੰਕ 'ਪੰਜਾਬੀਅਤ ਪੁਨਰ-ਸੰਵਾਦ' ਵਜੋਂ ਪ੍ਰਕਾਸ਼ਤ ਹੋਇਆ ਏ। ਜਿਸ ਵਿਚ ਉਨ੍ਹਾਂ ਪੰਜਾਬੀਅਤ ਨੂੰ ਲੈ ਕੇ ਸੰਵਾਦ ਤੋਰਨ ਦਾ ਗੰਭੀਰ ਯਤਨ ਕੀਤਾ ਗਿਆ ਏ। ਭਾਵੇਂ ਕੁਝ ਲੇਖ ਪੁਨਰ ਪ੍ਰਕਾਸ਼ਤ ਹੋਏ ਹਨ ਪਰ ਇਕ ਥਾਂ ਨਵੇਂ ਪਾਠਕਾਂ ਨੂੰ ਸਮੱਗਰੀ ਦੇਣੀ ਤੇ ਚਿੰਤਨ ਮੰਥਨ ਕਰਨਾ ਸਲਹੁਣਯੋਗ ਏ। ਇਹ ਦੇ ਸਲਾਹਕਾਰਾਂ, ਸੰਪਾਦਕੀ ਬੋਰਡ, ਸਹਾਇਕਾਂ ਦੀ ਲੰਮੀ ਫੌਜ ਏ। ਇਹ ਜ਼ਰੂਰੀ ਵੀ ਏ। ਇਨ੍ਹਾਂ ਵਿਦਵਾਨਾਂ ਤੋਂ ਬਿਨਾਂ ਇਸ ਕਿਸਮ ਦਾ ਪਰਚਾ ਚਲਾਉਣਾ ਕਠਿਨ ਕਾਰਜ ਏ। ਸਾਡੇ ਵਾਂਗ ਇਕੱਲਿਆ ਹੀ ਘੋੜਾ ਨਹੀਂ ਭਜਾਈ ਜਾਂਦੇ। ਅਮਰਜੀਤ ਤੇ ਉਹਦੇ ਬਾਕੀ ਸਾਥੀ ਹਿੰਮਤੀ ਲੋਕ ਨੇ ਜੋ ਭਾਰੇ ਬਜਟ ਦਾ ਪਰਚਾ ਪੰਜਾਬੀ ਪਾਠਕਾਂ ਨੂੰ ਦੇ ਰਹੇ ਹਨ। ਪੰਜਾਬ, ਪੰਜਾਬੀ, ਪੰਜਾਬੀਅਤ ਤੇ ਸਾਹਿਤ ਨੂੰ ਪਿਆਰ ਕਰਨ ਵਾਲੇ ਸਾਹਿਤਕ ਪਰਚਿਆਂ ਤੇ ਜੋ ਪੂੰਜੀ ਲਗਾ ਰਹੇ ਹਨ ਮੈਂ ਸਮਝਦਾ ਹਾਂ ਇਹ ਤਰੀਫ਼ ਕਰਨਯੋਗ ਉਪਰਾਲਾ ਏ ਨਹੀਂ ਤਾਂ ਐਸੇ ਵੀ ਲੋਕ ਨੇ ਜੋ ਪੂੰਜੀ ਡੇਰਿਆਂ ਤੇ ਧਾਰਮਿਕ ਸਥਾਨਾਂ ਤੇ ਅੱਖਾਂ ਮੀਟ ਕੇ ਲਗਾਈ ਜਾ ਰਹੇ ਨੇ।

ਮੇਰੇ ਟੇਬਲ ਤੇ ਹੋਰ ਬਹੁਤ ਸਾਰੀਆਂ ਪੁਸਤਕਾਂ ਪੜ੍ਹਨ ਵਾਲੀਆਂ ਪਈਆਂ ਹਨ। ਜਿਨ੍ਹਾਂ ਦੀ ਚਰਚਾ ਅਗਲੀ ਵਾਰ ਕਰਾਗਾਂ। ਨਾਲੇ ਹੁਣ ਪਰਚੇ ਦੇ ਪੰਨੇ ਵੀ ਖਤਮ ਹੋ ਗਈ ਨੇ। ਚੰਗਾ ਫਿਰ ਸਹੀ।